Reo-Bankowned Properties
From San Jose to Sacramento
JASSI GILL Broker/Owner
510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

Hardeep S.Rai
ਇੰਮੇਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Eleventh Year in Publication
ਕੈਲੇਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 39, September 25, 2010
20451 N Plum Grove Rd. Palatine, IL 60074
Ph:847-359-0746, Fax:847-705-9388

## ਅਯੁਧਿਆ ਬਾਰੇ ਸੰਭਾਵਤ ਫੈਸਲਾ ਬਣਿਆ ਕੇਂਦਰ ਦੀ ਮੁੱਖ ਚਿੰਤਾ

**ਬਿੰਦਰ ਬਸਰਾ**

ਇਲਾਹਾਬਾਦ ਹਾਈਕੋਰਟ ਦੇ ਤਿੰਨ ਮੈਂਬਰੀ ਲਖਨਊ ਬੈਂਚ ਵਲੋਂ ਰਾਮ ਜਨਮ ਭੂਮੀ-ਬਾਬਰੀ ਮਸਜਿਦ ਮਾਮਲੇ ਬਾਰੇ ਫੈਸਲੇ ਨੂੰ ਟਾਲਣ ਦੀ ਬੇਨਤੀ ਰੱਦ ਕੀਤੇ ਜਾਣ ਪਿੱਛੋਂ ਇਹ ਤੈਅ ਹੋ ਗਿਆ ਹੈ ਕਿ ਇਸ ਮਾਮਲੇ ਦਾ ਫੈਸਲਾ 24 ਸਤੰਬਰ ਨੂੰ ਹੀ ਸੁਣਾਇਆ ਜਾਵੇਗਾ।

ਇਸ ਮਸਲੇ ਨਾਲ ਜੁੜੀਆਂ ਦੋਵੇਂ ਧਿਰਾਂ ਦਾ ਧਿਆਨ ਇਸ ਸਮੇਂ ਜਿਥੇ ਹੋਣ ਵਾਲੇ ਫੈਸਲੇ ਅਤੇ ਉਸ ਪਿੱਛੋਂ ਅਪਣਾਈ ਜਾਣ ਵਾਲੀ ਰਾਜਨੀਤੀ 'ਤੇ ਕੇਂਦਰਤ ਹੈ, ਉਥੇ ਯੂ.ਪੀ. ਅਤੇ ਕੇਂਦਰ ਸਰਕਾਰ ਅਮਨ ਅਤੇ ਕਾਨੂੰਨ ਦੀ ਵਿਵਸਥਾ ਬਣਾਈ ਰੱਖਣ ਲਈ ਫਿਕਰਮੰਦ ਹਨ ਅਤੇ ਉਹ ਇਸ ਸੰਬਧੀ ਲੋੜੀਂਦੇ ਕਦਮ ਚੁੱਕ ਰਹੀਆਂ ਹਨ। ਆਰ.ਐਸ.ਐਸ. ਅਤੇ ਭਾਜਪਾ ਵਲੋਂ ਅਯੁੱਧਿਆ ਕੇਸ ਦੇ ਫੈਸਲੇ 'ਤੇ ਕੋਈ ਵੀ ਪ੍ਰਤੀਕਰਮ ਕਾਨੂੰਨ ਦੇ ਦਾਇਰੇ 'ਚ ਰਹਿ ਕੇ ਕਰਨ ਦਾ ਐਲਾਨ ਕੀਤਾ ਗਿਆ ਹੈ। ਦਿਉਬੰਦ ਦੀ ਧਾਰਮਿਕ ਸੰਸਥਾ ਦਾਰੂਲ ਉਲੂਮ ਵਲੋਂ ਵੀ ਫੈਸਲੇ ਦਾ ਆਦਰ ਕਰਨ ਅਤੇ ਅਮਨ ਬਣਾਏ ਰੱਖਣ ਦੀ ਅਪੀਲ ਤੋਂ ਜਾਪਦਾ ਹੈ ਕਿ ਸੰਬੰਧਿਤ ਧਿਰਾਂ ਫਿਰਕੂ ਸਦਭਾਵਨਾ ਬਣਾਈ ਰੱਖਣ ਲਈ ਸਰਕਾਰ ਨੂੰ ਸਹਿਯੋਗ ਦੇਣਗੀਆਂ। ਫੈਸਲੇ ਪਿੱਛੋਂ ਦੋਵੇਂ ਧਿਰਾਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਕਿਸ ਰੁਖ 'ਚ ਮੋੜਦੀਆਂ ਹਨ? ਇਹ ਉਨ੍ਹਾਂ ਦੀ ਸਿਆਸੀ ਇੱਛਾ ਸ਼ਕਤੀ 'ਤੇ ਨਿਰਭਰ ਕਰਦਾ ਹੈ।

ਅਯੁੱਧਿਆ ਸਥਿਤ ਬਾਬਰੀ ਮਸਜਿਦ/ਰਾਮ ਜਨਮ ਭੂਮੀ ਦੀ ਮਾਲਕੀ ਦੇ ਦਾਅਵੇ ਬਾਰੇ ਵਿਵਾਦ ਪਿਛਲੇ ਛੇ ਦਹਾਕਿਆਂ ਤੋਂ ਚੱਲਦਾ ਆ ਰਿਹਾ ਹੈ। ਮੁਸਲਿਮ ਭਾਈਚਾਰੇ ਦਾ ਦਾਅਵਾ ਹੈ ਕਿ ਇਹ ਵਕਫ ਬੋਰਡ ਦੀ ਜਾਇਦਾਦ ਹੈ, ਜਦਕਿ ਹਿੰਦੂ ਮਹਾਂਸਭਾ ਦਾ ਮੰਨਣਾ ਹੈ ਕਿ ਇਸ ਥਾਂ 'ਤੇ 12ਵੀਂ ਸਦੀ 'ਚ ਰਾਮ ਮੰਦਰ ਦਾ ਨਿਰਮਾਣ ਕੀਤਾ ਗਿਆ ਸੀ, ਜਿਸ ਨੂੰ ਢਾਹ ਕੇ ਮੁਗਲ ਸੈਨਾਪਤੀ ਮੀਰ ਬਾਕੀ ਨੇ 1520 'ਚ ਇਥੇ ਬਾਬਰੀ ਮਸਜਿਦ ਦੀ ਉਸਾਰੀ ਕਰਵਾਈ। ਇਸ ਵਿਵਾਦਗ੍ਰਸਤ ਭੂਮੀ ਦੀ ਮਾਲਕੀ ਬਾਰੇ ਸਮੇਂ-ਸਮੇਂ ਜਿਹੜੇ ਦਾਅਵੇ ਕੀਤੇ ਗਏ ਸਨ, ਉਨ੍ਹਾਂ ਦੀ ਸੁਣਵਾਈ ਸਾਲ 1989 ਵਿਚ ਹਾਈਕੋਰਟ ਦੇ ਫੈਜ਼ਾਬਾਦ ਬੈਂਚ ਵਲੋਂ ਸ਼ੁਰੂ ਕੀਤੀ ਗਈ ਸੀ। ਇਸ ਸਾਰੇ ਮਾਮਲੇ ਦੀ ਘੋਖ ਪਿੱਛੋਂ ਫੈਸਲਾ 24 ਸਤੰਬਰ ਨੂੰ ਹਾਈਕੋਰਟ ਦੇ ਲਖਨਊ ਬੈਂਚ ਵਲੋਂ ਸੁਣਾਇਆ ਜਾਣਾ ਹੈ। ਇਹ ਬੈਂਚ ਤਿੰਨ ਜੱਜਾਂ ਸ੍ਰੀ ਐਸ.ਯੂ. ਖਾਨ, ਸ੍ਰੀ ਡੀ.ਵੀ. ਸ਼ਰਮਾ ਤੇ ਸੁਧੀਰ ਅਗਰਵਾਲ 'ਤੇ ਆਧਾਰਿਤ ਹੈ। ਇਸ ਤਿੰਨ ਮੈਂਬਰੀ ਬੈਂਚ ਨੇ ਇਕ ਸੇਵਾ-ਮੁਕਤ ਸਰਕਾਰੀ ਮੁਲਾਜ਼ਮ ਰਮੇਸ਼ ਚੰਦਰ ਤ੍ਰਿਪਾਠੀ ਦੀ ਫੈਸਲੇ ਦੀ ਤਰੀਕ ਟਾਲਣ ਬਾਰੇ ਪਾਈ ਪਟੀਸ਼ਨ ਖਾਰਜ ਕਰਦਿਆਂ 24 ਸਤੰਬਰ ਨੂੰ ਹੀ ਫੈਸਲਾ ਸੁਣਾਇਆ ਜਾਣਾ ਨਿਸ਼ਚਿਤ ਕੀਤਾ ਹੈ ਅਤੇ ਪਟੀਸ਼ਨਕਰਤਾ ਨੂੰ 10 ਲੱਖ ਰੁਪਏ ਜੁਰਮਾਨਾ ਵੀ ਠੋਕਿਆ ਹੈ।

ਕੇਸ ਦੇ ਮੁਦੱਈ ਰਮੇਸ਼ ਚੰਦਰ ਤ੍ਰਿਪਾਠੀ ਨੇ

(ਬਾਕੀ ਸਫਾ 6 'ਤੇ)



*ਜਾਮਾ ਮਸਜਿਦ ਨੇੜੇ ਐਤਵਾਰ ਨੂੰ ਸੈਲਾਨੀ ਬੱਸ 'ਤੇ ਹੋਏ ਹਮਲੇ ਪਿੱਛੋਂ ਅੱਗ ਦੀਆਂ ਲਪਟਾਂ ਵਿਚ ਘਿਰੀ ਹੋਈ ਇਕ ਕਾਰ। ਰਾਸ਼ਟਰਮੰਡਲ ਖੇਡਾਂ ਅਤੇ ਬਾਬਰੀ ਮਸਜ਼ਿਦ ਬਾਰੇ ਫੈਸਲੇ ਦੀ ਰੌਸ਼ਨੀ ਵਿਚ ਹਿੰਸਾ ਦਾ ਮੰਡਰਾ ਰਿਹਾ ਖਤਰਾ*

## ਰਿਆਤ ਝੂਠੀ ਗਵਾਹੀ ਦੇਣ ਸਬੰਧੀ ਦੋਸ਼ੀ ਕਰਾਰ

**ਸਰੀ (ਕੈਨੇਡਾ):** ਏਅਰ ਇੰਡੀਆ ਦੇ ਕਨਿਸ਼ਕ ਹਵਾਈ ਜਹਾਜ਼ ਨੂੰ ਬੰਬ ਧਮਾਕੇ ਰਾਹੀਂ ਉਡਾ ਦੇਣ ਦੇ ਕੇਸ ਵਿਚ ਦੋਸ਼ੀ ਕਰਾਰ ਦਿੱਤੇ ਗਏ ਇਕੋ-ਇਕ ਵਿਅਕਤੀ ਇੰਦਰਜੀਤ ਸਿੰਘ ਰਿਆਤ ਨੂੰ ਹੁਣ ਕੈਨੇਡਾ ਦੀ ਇਕ ਅਦਾਲਤ ਨੇ ਝੂਠੀ ਗਵਾਹੀ



*ਇੰਦਰਜੀਤ ਸਿੰਘ ਰਿਆਤ*

ਦੇਣ ਦਾ ਦੋਸ਼ੀ ਠਹਿਰਾਇਆ ਹੈ। ਜ਼ਿਕਰਯੋਗ ਹੈ ਕਿ 1985 'ਚ ਅੱਧ ਅਸਮਾਨੇ ਹੋਏ ਇਸ ਬੰਬ ਧਮਾਕੇ ਨਾਲ 329 ਵਿਅਕਤੀ ਮਾਰੇ ਗਏ ਸਨ।

ਰਿਆਤ (58) ਨੇ ਇਸ ਤੋਂ ਪਹਿਲਾਂ ਏਅਰ ਇੰਡੀਆ ਦੀ ਇਸ 182 ਨੰਬਰ ਉਡਾਣ ਨੂੰ ਉਡਾ ਦੇਣ ਲਈ ਵਰਤੇ ਗਏ ਬੰਬ ਨੂੰ ਬਣਾਉਣ ਵਿਚ ਮਦਦ ਕਰਨ ਦੇ ਜੁਰਮ ਦਾ ਇਕਬਾਲ ਕੀਤਾ ਸੀ। ਜਦੋਂ ਲੰਘੇ ਸਨਿੱਚਰਵਾਰ ਵੈਨਕੂਵਰ ਦੀ ਅਦਾਲਤ ਵਿਚ 20 ਘੰਟੇ ਦੀ ਬਹਿਸ ਪਿੱਛੋਂ ਜੱਜਾਂ ਨੇ ਫੈਸਲਾ ਸੁਣਾਇਆ ਤਾਂ ਰਿਆਤ ਸ਼ਾਂਤ ਸੀ। ਉਸ ਉਤੇ ਇਸ ਸਬੰਧੀ ਦੋਸ਼ 2006 ਵਿਚ ਲਾਏ ਗਏ ਸਨ ਅਤੇ ਇਹ ਫੈਸਲਾ ਸੁਣਾਏ ਜਾਣ ਪਿੱਛੋਂ ਉਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਨੇ ਉਸ ਨੂੰ ਕਨਿਸ਼ਕ ਬੰਬ ਕਾਂਡ ਵਿਚ ਆਪਣੇ ਸਾਥੀ ਸਾਜ਼ਿਸ਼ਕਾਰਾਂ ਅਜਾਇਬ ਸਿੰਘ ਬਾਗੜੀ ਅਤੇ ਰਿਪੁਦਮਨ ਸਿੰਘ ਮਲਿਕ ਖ਼ਿਲਾਫ਼ ਮੁਕੱਦਮੇ ਵਿਚ ਹਲਫ਼ ਲੈ ਕੇ ਝੂਠ ਬੋਲਣ (ਝੂਠੀ ਗਵਾਹੀ ਦੇਣ)

(ਬਾਕੀ ਸਫਾ 6 'ਤੇ)

## ਐਨ ਆਰ ਆਈ ਸਭਾ ਦੀ ਅਮਰੀਕਾ ਯੂਨਿਟ ਦਾ ਗਠਨ

**ਬੇਕਰਜ਼ਫੀਲਡ:** ਪੰਜਾਬ ਦੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਸ. ਸੇਵਾ ਸਿੰਘ ਸੇਖਵਾਂ ਦੇ ਆਦੇਸ਼ਾਂ 'ਤੇ ਐਨ ਆਰ ਆਈ ਸਭਾ ਪੰਜਾਬ ਦੇ ਪ੍ਰਧਾਨ ਸ. ਕਮਲਜੀਤ ਸਿੰਘ ਹੇਅਰ ਨੇ ਸ.



*ਜੋਬਨਜੀਤ ਸਿੰਘ ਬੌਬੀ*

ਜੋਬਨਜੀਤ ਸਿੰਘ ਬੌਬੀ ਨੂੰ ਚੇਅਰਮੈਨ ਅਤੇ ਸ. ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਨੂੰ ਸਭਾ ਦੀ ਅਮਰੀਕਾ ਇਕਾਈ ਦਾ ਪ੍ਰਧਾਨ ਬਣਾਇਆ ਹੈ। ਇਹ ਨਿਯੁਕਤੀਆਂ ਦੋ ਸਾਲਾਂ ਲਈ ਕੀਤੀਆਂ ਗਈਆਂ ਹਨ। ਸਭਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਹ ਕਦਮ ਅਮਰੀਕਾ ਵਿਚ ਰਹਿੰਦੇ ਪਰਵਾਸੀਆਂ ਨੂੰ ਪੰਜਾਬ ਵਿਚ ਦਰਪੇਸ਼ ਮੁਸ਼ਕਲਾਂ ਦਾ ਹੱਲ ਲੱਭਣ ਲਈ ਚੁੱਕਿਆ ਗਿਆ ਹੈ।

ਸ. ਜੋਬਨਜੀਤ ਸਿੰਘ ਅਤੇ ਸ. ਜਸਪ੍ਰੀਤ

(ਬਾਕੀ ਸਫਾ 4 'ਤੇ)

ਇੰਡੀਆ ਕਾਲ ਕਰੋ
$100
125 ਘੰਟੇ
ਬਿਨਾ ਪਿਨ ਤੋਂ ਕਾਲ ਕਰੋ। ਵਧੀਆ ਸਾਫ ਆਵਾਜ਼
Great Rates for
UK, Canada & other Countries
ਰੇਟ ਲੋਕਲ ਨੰਬਰ 'ਤੇ ਆਧਾਰਤ ਹਨ
ਹੋਰ ਜਾਣਕਾਰੀ ਲਈ ਕਾਲ ਕਰੋ।
1-800-914-1013
WWW.1EZPIN.COM

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja™ SWEETS & CATERING®
Follow us on:
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
Manpreet S. Gahra
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

ੴ ਸਤਿਗੁਰ ਪ੍ਰਸਾਦਿ॥

# ਗੁਰਦੁਆਰਾ ਸਾਹਿਬ ਐਲ ਸਬਰਾਂਟੇ

# ਕੀਰਤਨ ਦੀਵਾਨ

## ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ

ਗੁਰੂ ਪਿਆਰੀ ਸਾਧ ਸੰਗਤ ਜੀ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਸਮੂਹ ਸੰਗਤਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਪੰਥ ਦੇ ਮਹਾਨ ਪ੍ਰਚਾਰਕ ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ ਇਨ੍ਹੀਂ ਦਿਨੀ ਗੁਰਮਤਿ ਪ੍ਰਚਾਰ ਲਈ ਕੈਲੀਫੋਰਨੀਆ ਪਹੁੰਚੇ ਹੋਏ ਹਨ। ਉਹ 24 ਸਤੰਬਰ ਤੋਂ 26 ਸਤੰਬਰ ਤੱਕ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਗੁਰਦੁਆਰਾ ਐਲ ਸਬਰਾਂਟੇ ਵਿਖੇ ਕੀਰਤਨ ਦੀਵਾਨ ਸਜਾਉਣਗੇ। ਆਪ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਮੌਕੇ ਹਾਜ਼ਰੀਆਂ ਭਰ ਕੇ ਗੁਰਬਾਣੀ ਕੀਰਤਨ ਦਾ ਲਾਹਾ ਲਓ ਜੀ ਅਤੇ ਜੀਵਨ ਸਫਲੇ ਕਰੋ ਜੀ।





### ਪ੍ਰੋਗਰਾਮ ਦਾ ਵੇਰਵਾ

**ਸ਼ੁੱਕਰਵਾਰ 24 ਸਤੰਬਰ, 2010**
(ਸ਼ਾਮ 6:30 ਤੋਂ 8:30 ਵਜੇ ਤੱਕ)

**ਸਨਿਚਰਵਾਰ 25 ਸਤੰਬਰ, 2010**
(ਸ਼ਾਮ 6:30 ਤੋਂ 8:30 ਵਜੇ ਤੱਕ)

**ਐਤਵਾਰ 26 ਸਤੰਬਰ, 2010**
(ਸਵੇਰੇ 11:00 ਤੋਂ 1:00 ਵਜੇ ਤੱਕ)

ਹੋਰ ਜਾਣਕਾਰੀ ਲਈ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਮੱਖਣ ਸਿੰਘ ਨਾਲ ਫੋਨ 510-375-3247 ਅਤੇ ਗੁਰੂ ਘਰ ਦੇ ਫੋਨ ਨੰਬਰ 510-223-1102 ਜਾਂ 510-223-9987 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਬੇਨਤੀਕਰਤਾ: ਸਮੂਹ ਸੰਗਤ ਤੇ ਗੁਰਦੁਆਰਾ ਪ੍ਰਬੰਧ ਕਮੇਟੀ**

ਸੰਗਤਾਂ ਦੇ ਦਾਸ

ਪ੍ਰਧਾਨ-ਗੁਰਬਚਨ ਸਿੰਘ
510-334-3225

ਮੀਤ ਪ੍ਰਧਾਨ-ਝਿਰਮਲ ਸਿੰਘ ਅਜਨਾਲਾ
510-910-3966

ਸਕੱਤਰ-ਗੁਰਮੇਲ ਸਿੰਘ ਸੈਣੀ
510-672-1605

ਮੀਤ ਸਕੱਤਰ-ਰਵਿੰਦਰ ਸਿੰਘ ਬਾਠ
925-323-8626

ਕਸ਼ਮੀਰ ਸਿੰਘ ਹੇਅਰ
510-222-6837

ਸਰਗਣ ਸਿੰਘ ਸ਼ੇਰਗਿੱਲ
510-375-5866

ਕੁਲਵੰਤ ਕੌਰ ਮੱਲ੍ਹੀ
510-517-7819

# ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਮਰੀਜ਼ ਸਾਵਧਾਨ!




## ਭਲਾ ਸੋਚੋ! ਤੁਹਾਡੀ ਕਮਰ ਅਤੇ ਡਿਸਕ ਦੇ ਦਰਦ ਬਾਰੇ ਤੁਹਾਨੂੰ ਜੋ ਕੁਝ ਵੀ ਹੁਣ ਤੱਕ ਦੱਸਿਆ ਗਿਆ ਹੈ, ਉਹ ਗਲਤ ਸਾਬਤ ਹੋਵੇ?

**ਸਟਾਕਟਨ, ਕੈਲੀਫੋਰਨੀਆ:** ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਵਿਚ ਕਮਰ ਦਰਦ ਅਤੇ ਡਿਸਕ ਦੀ ਦਰਦ ਤੋਂ ਪੀੜਤ ਲੋਕ ਕਿੰਨੇ ਹੀ ਸਾਲਾਂ ਤੋਂ ਪ੍ਰੇਸ਼ਾਨੀ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਬਹੁਤੇ ਲੋਕਾਂ ਲਈ ਇਹ ਪ੍ਰੇਸ਼ਾਨੀ ਸਾਰੀ ਉਮਰ ਨਾਲ ਹੀ ਨਿਭਦੀ ਹੈ। ਜੇ ਇਹ ਖਿਆਲ ਕਰੀਏ ਕਿ ਹੋਰ ਮਰਜਾਂ ਲਈ ਤਕਨਾਲੋਜੀ ਅਤੇ ਇਲਾਜ ਵਿਚ ਕਿੰਨੀ ਤਰੱਕੀ ਹੋ ਚੁਕੀ ਹੈ ਤਾਂ ਇਸ ਤਕਲਿਫ ਬਾਰੇ ਸੋਚ ਕੇ ਹੋਰ ਵੀ ਪ੍ਰੇਸ਼ਾਨੀ ਹੁੰਦੀ ਹੈ। ਕੈਂਸਰ, ਸ਼ੂਗਰ ਅਤੇ ਹੋਰ ਕਿੰਨੇ ਹੀ ਰੋਗਾਂ ਲਈ ਨਵੇਂ ਤੋਂ ਨਵੇਂ ਇਲਾਜ ਨਿਕਲ ਆਏ ਹਨ ਪਰ ਡਿਸਕ ਅਤੇ ਕਮਰ ਦੇ ਦਰਦ ਦੇ ਮਰੀਜ਼ ਅਜੇ ਵੀ ਅਸਹਿ ਪੀੜ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਪ੍ਰੰਤੂ ਇਸ ਗੱਲ ਦਾ ਜੁਆਬ ਹੁਣ ਸਪਸ਼ਟ ਹੋ ਰਿਹਾ ਹੈ ਕਿ ਕੀ ਕਾਰਨ ਹੈ ਕਿ ਇੰਨੇ ਲੋਕ ਇਲਾਜ ਦੀ ਕਿਸੇ ਆਸ ਤੋਂ ਬਿਨਾ ਤਕਲਿਫ ਸਹਿ ਰਹੇ ਹਨ? ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਸਭ ਤੋਂ ਵੱਡੇ ਮੁਦਈ **ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦੇ ਡਾਕਟਰ ਜਗਜੀਤ ਸਿੰਘ ਸਿਹੋਤਾ ਡੀ ਸੀ ਦਾ ਕਹਿਣਾ ਹੈ ਕਿ ਕਮਰ ਦਰਦ, ਡਿਸਕ ਦੀ ਦਰਦ, ਸਿਆਟਿਕਾ, ਸਕੋਲਿਓਸਿਸ, ਗੁੱਝੀ ਕਮਰ ਦਰਦ, ਲੱਤ ਦੀ ਦਰਦ ਜਾਂ ਚੂਲ੍ਹੇ ਦੀ ਦਰਦ, ਸਲਿਪ ਡਿਸਕ ਬਾਰੇ ਜੋ ਅਕਸਰ ਲੋਕ ਸੋਚਦੇ ਹਨ **ਮੂਲੋਂ ਹੀ ਗਲਤ** ਹੋ ਸਕਦਾ ਹੈ। ਜਦੋਂਕਿ ਉਨ੍ਹਾਂ ਦੀ ਰਾਏ ਨਾਲ ਕਮਰ ਦਰਦ ਅਤੇ ਡਿਸਕ ਦੇ ਦਰਦ ਦੇ ਮਾਮਲੇ ਵਿਚ ਹਰ ਕੋਈ ਸਹਿਮਤ ਨਹੀਂ ਹੈ...ਫਿਰ ਵੀ ਇਸ ਡਾਕਟਰ ਦਾ ਨਜ਼ਰੀਆ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਅਤੇ ਉਸ ਦੇ ਇਸ ਨਜ਼ਰੀਏ ਦੀ ਪ੍ਰੋੜਤਾ ਕਰਨ ਵਾਲੇ ਮੁਸਕਰਾਉਂਦੇ ਖੁਸ਼ ਲੋਕਾਂ (ਕਮਰ ਅਤੇ ਡਿਸਕ ਦੇ ਸਾਬਕਾ ਮਰੀਜ਼) ਦੀ ਇਕ ਪੂਰੀ ਫੌਜ ਉਸ ਦੀ ਅਤੇ ਉਸ ਦੀ ਕਲੀਨਿਕ ਦੀ ਗਵਾਹੀ ਦੇਣ ਨੂੰ ਤਿਆਰ ਹੈ। ਜੇ ਤੁਸੀਂ ਵਾਕਿਆ ਹੀ ਜਾਣਨਾ ਚਾਹੁੰਦੇ ਹੋ ਕਿ ਜੋ ਕੁਝ ਤੁਹਾਨੂੰ ਹੁਣ ਤੱਕ ਕਮਰ ਦਰਦ ਬਾਰੇ ਦੱਸਿਆ ਗਿਆ ਹੈ ਉਹ ਗਲਤ ਹੈ ਤਾਂ ਆਪਣੇ ਆਪ ਤੋਂ ਇਹ ਸਵਾਲ ਪੁੱਛੋ...ਕੀ ਤੁਸੀਂ ਇਹ ਚੀਜ਼ਾਂ ਅਜ਼ਮਾ ਚੁਕੇ ਹੋ ਅਤੇ ਕੋਈ ਫਰਕ ਨਹੀਂ ਪਿਆ: *ਐਂਟੀ-ਇਨਫਲੇਮੇਟਰੀ (ਸੋਜਿਸ਼ ਹਟਾਉਣ ਵਾਲੀਆਂ) ਮਲ੍ਹਮਾਂ *ਕਾਇਰੋਪ੍ਰੈਕਟਿਕ *ਯੋਗਾ *ਕਸਰਤ *ਸਟਰੈਚਿੰਗ *ਫਿਜ਼ੀਕਲ ਥੈਰਪੀ *ਦਵਾਈਆਂ *ਸਰਜਰੀ *ਲੱਕ ਦੀਆਂ ਪੇਟੀਆਂ *ਨੈਚੂਰਲ ਸਪਲੀਮੈਂਟ *ਪਾਈਲੇਟਸ *ਕਿਤਾਬਾਂ *ਸਵੈ-ਇਲਾਜ ਦੇ ਪ੍ਰੋਗਰਾਮ *ਦੇਸੀ ਦਵਾਈਆਂ *ਸੇਕ *ਰੀੜ ਦੀ ਹੱਡੀ 'ਚ ਇੰਜੈਕਸ਼ਨ *ਬਰਫ *ਹਾਟ ਲਿਨੀਮੈਂਟ *ਕੋਲਡ ਲਿਨੀਮੈਂਟ *ਮਸਾਜ (ਮਾਲਿਸ਼) *ਟਰੈਕਸ਼ਨ ਆਦਿ ਆਦਿ।

ਜੇ ਤੁਹਾਡਾ ਜੁਆਬ ਹਾਂ ਵਿਚ ਹੈ ਤਾਂ ਇਹ ਪ੍ਰਗਤੀਸ਼ੀਲ ਡਾਕਟਰ ਤੁਹਾਨੂੰ ਸਲਾਹ ਦੇਵੇਗਾ ਕਿ ਲਾਜ਼ਮੀ ਤੌਰ 'ਤੇ ਤੁਹਾਡੀ ਕਮਰ ਅਤੇ ਡਿਸਕ ਦਰਦ ਵਾਸਤੇ ਜੋ ਕੁਝ ਦੱਸਿਆ ਗਿਆ ਹੈ ਉਸ ਵਿਚ ਕੁਝ **ਗਲਤ** ਹੈ।

ਅਸਲੀਅਤ ਤਾਂ ਇਹ ਹੈ ਕਿ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਨੇ ਸਟਾਕਟਨ ਅਤੇ ਆਲੇ ਦੁਆਲੇ ਦੇ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਜਿੰਨੇ ਮਰੀਜ਼ਾਂ ਦਾ ਇਲਾਜ ਇਸ ਬਹੁਤ ਹੀ ਨਿਵੇਕਲੀ ਅਤੇ ਬਿਨਾ ਚੀਰ-ਫਾੜ ਵਾਲੀ ਇਲਾਜ-ਪ੍ਰਣਾਲੀ ਨਾਲ ਕੀਤਾ ਹੈ ਅਤੇ ਉਹ ਦਰਦ ਅਤੇ ਪ੍ਰੇਸ਼ਾਨੀ ਤੋਂ ਛੁਟਕਾਰਾ ਪਾ ਸਕੇ ਹਨ, ਉਸ ਦੇ ਆਧਾਰ ਉਤੇ ਬੜੇ ਦਾਅਵੇ ਨਾਲ ਉਹ ਕੁਝ ਕਹਿ ਸਕਣ ਦੇ ਸਮਰਥ ਹਨ। ਉਹ ਕੈਲੀਫੋਰਨੀਆ ਵਿਚ ਕਮਰ ਅਤੇ ਡਿਸਕ ਦਰਦ ਦੀ ਨਵੀਨਤਮ ਤਕਨਾਲੋਜੀ ਇਸਤੇਮਾਲ ਕਰਦੇ ਹਨ। ਇੰਨਾ ਹੀ ਨਹੀਂ ਉਨ੍ਹਾਂ ਇਕ ਬਹੁਤ ਹੀ ਨਿਵੇਕਲੀ ਸਕਰੀਨਿੰਗ ਵਿਧੀ ਇਜਾਦ ਕੀਤੀ ਹੈ ਜਿਸ ਨਾਲ ਇਹ ਪਤਾ ਲਗਦਾ ਹੈ ਕਿ ਇਹ ਇਲਾਜ ਕਿਹੜੇ ਮਰੀਜ਼ਾਂ ਲਈ ਸਹੀ ਹੈ (ਮਤਲਬ ਕਿ ਉਨ੍ਹਾਂ ਨੂੰ ਵੱਧ ਫਾਇਦਾ ਹੋਵੇਗਾ) ਅਤੇ ਕਿਹੜੇ ਮਰੀਜ਼ਾਂ ਲਈ (ਮਤਲਬ ਕਿ ਉਨ੍ਹਾਂ ਨੂੰ ਫਾਇਦਾ ਉਨਾ ਨਹੀਂ ਹੋਵੇਗਾ) ਜਿਸ ਕਰਕੇ ਉਨ੍ਹਾਂ ਨੂੰ ਜਿੰਨੀ ਕਾਮਯਾਬੀ ਮਿਲਦੀ ਹੈ ਉਸ ਦਾ ਸ਼ਾਇਦ ਤੁਹਾਨੂੰ ਅੰਦਾਜ਼ਾ ਨਹੀਂ ਹੋਵੇਗਾ ਖਾਸ ਕਰਕੇ ਉਨ੍ਹਾਂ ਮਰੀਜ਼ਾਂ ਨੂੰ ਜੋ ਇਲਾਜ ਦੀਆਂ ਆਮ ਪ੍ਰਣਾਲੀਆਂ ਅਜ਼ਮਾ ਚੁਕੇ ਹਨ। ਜੇ ਦਰਦ ਅਤੇ ਤਕਲਿਫ ਕਰਕੇ: ***ਜਿੰਨਾ ਕੰਮ ਕਰਨ ਦੀ ਲੋੜ ਹੈ ਜਾਂ ਜਿੰਨਾ ਤੁਸੀਂ ਕਰਨਾ ਚਾਹੁੰਦੇ ਹੋ, ਨਹੀਂ ਕਰ ਸਕਦੇ *ਪਰਿਵਾਰ ਨਾਲ ਚੰਗਾ ਸਮਾਂ ਨਹੀਂ ਬਿਤਾ ਸਕਦੇ *ਬੱਚਿਆਂ ਨੂੰ ਚੁੱਕਣ ਅਤੇ ਗੋਦੀ ਲੈਣ 'ਚ ਤਕਲਿਫ ਹੈ *ਘਰ ਬਗੀਚੀ ਜਾਂ ਘਰ ਦੇ ਹੋਰ ਕੰਮ ਕਰਨਾ ਮੁਸ਼ਕਿਲ ਹੈ *ਲਾਈਨ ਵਿਚ ਖੜ੍ਹੇ ਹੋਣਾ ਜਾਂ ਕਾਊਂਟਰ ਉਤੇ ਖਾਣਾ ਤਿਆਰ ਕਰਨਾ ਮੁਸ਼ਕਿਲ ਹੈ *ਸ਼ੁਗਲ ਲਈ ਜਾਂ ਸਿਹਤ ਬਣਾਉਣ ਲਈ ਕਸਰਤ ਨਹੀਂ ਕਰ ਸਕਦੇ *ਵਜ਼ਨ ਘਟਾਉਣ ਵਿਚ ਤਕਲਿਫ ਹੈ *ਦੋਸਤਾਂ ਨਾਲ ਟਾਈਮ ਬਿਤਾਉਣ ਵਿਚ ਔਖ ਹੈ ਅਤੇ ਵਧ ਤੋਂ ਵੱਧ ਯਤਨ ਕਰਨ ਦੇ ਬਾਵਜੂਦ ਪ੍ਰੇਸ਼ਾਨੀ ਰਹਿੰਦੀ ਹੈ *ਇੱਕਲ ਮਹਿਸੂਸ ਕਰਦੇ ਹੋ *ਕੰਮ ਵਿਚ ਪਰਿਵਾਰ ਜਾਂ ਦੋਸਤਾਂ ਨਾਲ ਹੱਥ ਵਟਾਉਣ ਲਈ ਬਹਾਨੇ ਬਣਾ ਬਣਾ ਤੰਗ ਆ ਚੁਕੇ ਹੋ? *ਸਭ ਬੇਕਾਰ ਮਹਿਸੂਸ ਹੁੰਦਾ ਹੈ *ਭਵਿੱਖ ਦਾ ਡਰ ਸਤਾਉਂਦਾ ਹੈ*** ...ਤਾਂ ਫਿਰ ਇਕ ਬਹੁਤ ਹੀ ਸਿਆਣਾ ਡਾਕਟਰ ਤੁਹਾਡੀ ਉਡੀਕ ਕਰ ਰਿਹਾ ਹੈ। ਤੁਹਾਨੂੰ ਇਹ ਦੱਸਣ ਲਈ ਕਿ ਕਸੂਰ ਤੁਹਾਡਾ ਨਹੀਂ... ਇਹ ਉਸ ਦੀ ਅਤਿ-ਆਧੁਨਿਕ ਤਕਨਾਲੋਜੀ ਅਤੇ ਹਮਦਰਦਾਨਾ ਪਹੁੰਚ ਹੈ ਜਿਸ ਕਰਕੇ ਅਤਿ ਦੀ ਪੀੜ ਅਤੇ ਤਕਲਿਫ ਦੂਰ ਕਰਨ ਲਈ ਉਸ ਦੀ ਇਲਾਜ-ਪ੍ਰਣਾਲੀ ਸਟਾਕਟਨ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਮਰੀਜ਼ਾਂ ਵਿਚ ਇੰਨੀ ਹਰਮਨਪਿਆਰੀ ਹੋ ਚੁਕੀ ਹੈ।

ਸਤਿ ਸ੍ਰੀ ਅਕਾਲ ਜੀ,



ਪਿਛਲੇ ਛੇ ਮਹੀਨਿਆਂ ਤੋਂ ਮੈਨੂੰ ਹੇਠਲੀ ਕਮਰ ਅਤੇ ਡਿਸਕ ਦੀ ਦਰਦ ਰਹਿਣ ਲੱਗ ਪਈ ਸੀ। ਮੈਂ ਖੇਡਾਂ ਵਿਚ ਅਤੇ ਕੰਮ ਵਿਚ ਬੜਾ ਚੁਸਤ-ਫੁਰਤ ਰਿਹਾਂ। ਫਿਰ ਸਵੇਰੇ ਜਦੋਂ ਮੈਂ ਉਠਣਾ ਤਾਂ ਮੇਰੇ ਤਿੱਖੀ ਦਰਦ ਹੋਣੀ ਜਿਹੜੀ ਹੇਠਾਂ ਲੱਤਾਂ ਵੱਲ ਨੂੰ ਜਾਣੀ। ਬੱਸ ਅਜਿਹੀ ਹਾਲਤ ਵਿਚ ਕਿਸੇ ਵੀ ਹੋਰ ਵਾਂਗ ਮੈਂ ਵੀ ਘਾਬਰ ਗਿਆ। ਫਿਰ ਖੁਸ਼ਕਿਸਮਤੀ ਨਾਲ ਮੈਨੂੰ ਕਮਰ ਦਰਦ ਦੇ ਇਲਾਜ ਬਾਰੇ ਡਾ. ਸਿਹੋਤਾ ਦੀ ਕਲੀਨਿਕ ਦਾ ਪਤਾ ਲੱਗਾ।

ਮੈਂ ਸਲਾਹ-ਮਸ਼ਵਰੇ ਲਈ ਕਲੀਨਿਕ ਗਿਆ ਅਤੇ ਸਟਾਫ ਦੇ ਮਿਲਾਪੜੇ ਸੁਭਾਅ ਅਤੇ ਉਨ੍ਹਾਂ ਦੀ ਪੇਸ਼ੇਵਰ ਪਹੁੰਚ ਤੋਂ ਬਹੁਤ ਪ੍ਰਭਾਵਿਤ ਹੋਇਆ। ਜਦੋਂ ਮੈਂ ਇਹ ਪ੍ਰੋਗਰਾਮ ਸ਼ੁਰੂ ਕੀਤਾ ਤਾਂ ਮੇਰੀ ਦਰਦ ਦਸ ਦੇ ਸਕੇਲ ਵਿਚ ਦਸ ਸੀ। ਤਿੰਨ ਹਫਤੇ ਦੇ ਇਲਾਜ ਵਿਚ ਇਹ ਦਰਦ ਘਟ ਕੇ ਦਸ ਦੇ ਸਕੇਲ ਵਿਚ ਇਕ ਰਹਿ ਗਈ। ਮੇਰੀ ਸਰੀਰ ਨੂੰ ਹਿਲਾਉਣ ਜੁਲਾਉਣ ਦੀ ਰੇਂਜ ਵਧ ਕੇ 90% ਹੋ ਗਈ। ਮੈਂ ਬਹੁਤ ਖੁਸ਼ ਹਾਂ ਅਤੇ ਜਿਸ ਕਿਸੇ ਨੂੰ ਵੀ ਕਮਰ ਦੀ ਦਰਦ ਹੈ ਮੈਂ ਇਸ ਪ੍ਰੋਗਰਾਮ ਦੀ ਸਿਫਾਰਸ਼ ਕਰਾਂਗਾ। ਡਾ. ਸਿਹੋਤਾ ਦੀ ਮਿਹਰਬਾਨੀ ਨਾਲ ਮੈਂ ਹੁਣ ਆਮ ਜ਼ਿੰਦਗੀ ਜਿਉਂ ਰਿਹਾ ਹਾਂ ਅਤੇ ਆਮ ਵਾਂਗ ਕੰਮ ਕਰ ਰਿਹਾ ਹਾਂ।

*-ਦੇਵ ਅਟਵਾਲ, ਮੈਨੇਜਰ (ਉਮਰ 36 ਸਾਲ)*

---



ਜਦੋਂ ਮੈਂ ਡਾ. ਸਿਹੋਤਾ ਦਾ ਪ੍ਰੋਗਰਾਮ ਸ਼ੁਰੂ ਕੀਤਾ ਤਾਂ ਮੈਂ ਇਸ ਬਾਰੇ ਬਹੁਤ ਸਨਕੀ ਸਾਂ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਡਾ. ਸਿਹੋਤਾ ਦੇ ਇਸ ਪ੍ਰੋਗਰਾਮ ਦਾ ਮੈਨੂੰ ਫਾਇਦਾ ਕਿਵੇਂ ਹੋ ਸਕਦਾ ਹੈ? ਆਪਣੀਆਂ ਬਾਹਾਂ ਸੁੰਨ ਰਹਿਣ, ਇਨ੍ਹਾਂ ਵਿਚ ਦਰਦ ਦੀਆਂ ਚੀਸਾਂ ਉਠਣ ਅਤੇ ਇਹ ਦਰਦ ਮੋਢਿਆਂ ਤੋਂ ਹੇਠਾਂ ਵੱਲ ਜਾਣ ਦੀਆਂ ਅਲਾਮਤਾਂ ਕਰਕੇ ਮੈਂ ਕਈ ਡਾਕਟਰਾਂ ਕੋਲ ਜਾ ਚੁਕਾ ਸਾਂ। ਕਈ ਡਾਕਟਰਾਂ ਨੇ ਦੱਸਿਆ ਕਿ ਇਹ ਦਰਦ ਮੇਰੀ ਕੂਹਣੀ ਹੇਠ ਕਿਸੇ ਨਾੜ ਦੇ ਦਬ ਜਾਣ ਕਰਕੇ ਹੈ, ਜਦੋਂਕਿ ਕੁਝ ਹੋਰਨਾਂ ਦਾ ਕਹਿਣਾ ਸੀ ਕਿ ਇਸ ਬਾਰੇ ਕੁਝ ਵੀ ਨਹੀਂ ਕੀਤਾ ਜਾ ਸਕਦਾ। ਮੈਂ ਦਿਲ ਛੱਡੀ ਬੈਠਾ ਸਾਂ।

ਫਿਰ ਮੈਂ ਡਾ. ਸਿਹੋਤਾ ਦੇ ਪ੍ਰੋਗਰਾਮ ਬਾਰੇ ਪੜ੍ਹਿਆ ਅਤੇ ਉਨ੍ਹਾਂ ਕੋਲੋਂ ਮਸ਼ਵਰਾ ਲੈਣ ਦਾ ਫੈਸਲਾ ਕੀਤਾ। ਡਾ. ਸਿਹੋਤਾ ਦੀ ਪੇਸ਼ੇਵਰ ਪਹੁੰਚ ਅਤੇ ਉਨ੍ਹਾਂ ਦੇ ਹਮਦਰਦਾਨਾ ਵਿਹਾਰ ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ। ਉਨ੍ਹਾਂ ਦੇ ਸਟਾਫ ਨੇ ਮੇਰੇ ਨਾਲ ਇਕ ਇਨਸਾਨ ਵਾਂਗ ਵਿਹਾਰ ਕੀਤਾ ਨਾ ਕਿ ਦਰ ਲੰਘ ਆਏ ਕਿਸੇ ਮਰੀਜ਼ ਵਾਂਗ। ਜਦੋਂ ਡਾ. ਸਿਹੋਤਾ ਨੇ ਦੱਸਿਆ ਕਿ ਇਹ ਇਲਾਜ ਮੇਰੇ ਲਈ ਬਹੁਤ ਢੁਕਵਾਂ ਹੈ ਤਾਂ ਮੈਂ ਝੱਟਪੱਟ ਇਹ ਇਲਾਜ ਸ਼ੁਰੂ ਕਰ ਦਿਤਾ।

ਹੁਣ ਮੈਂ ਇਹੋ ਕਹਿ ਸਕਦਾ ਹਾਂ ਕਿ ਮੈਨੂੰ ਮੇਰੀ ਮਰਜ ਦਾ ਸਹੀ ਡਾਕਟਰ ਮਿਲ ਗਿਆ। ਆਪਣੇ ਇਲਾਜ ਦਾ ਹਿੱਸਾ ਪੂਰਾ ਕਰਨ ਉਪਰੰਤ ਮੈਂ 95% ਤੱਕ ਠੀਕ ਹਾਂ। ਮੇਰੀ ਗਰਦਨ ਦੀ ਦਰਦ ਬਿਲਕੁਲ ਜਾਂਦੀ ਰਹੀ ਹੈ ਅਤੇ ਮੇਰੀ ਹਿੱਲਜੁਲ 98% ਤੱਕ ਸੁਧਰ ਗਈ ਹੈ। ਹੁਣ ਮੇਰੀਆਂ ਬਾਹਾਂ ਵਿਚ ਚੀਸਾਂ ਨਹੀਂ ਉਠਦੀਆਂ ਅਤੇ ਨਾ ਹੀ ਮੇਰੀਆਂ ਬਾਹਾਂ ਸੁੰਨ ਹੁੰਦੀਆਂ ਹਨ। ਮੈਂ ਬਹੁਤ ਖੁਸ਼ ਅਤੇ ਸੰਤੁਸ਼ਟ ਹਾਂ। ਮੈਂ ਲੋਕਾਂ ਨੂੰ ਇਹੋ ਕਹਿਣਾ ਚਾਹਾਂਗਾ ਕਿ ਆਸ ਦੀ ਕਿਰਨ ਬਾਕੀ ਹੈ। ਜੇ ਤੁਹਾਨੂੰ ਅਜਿਹੀ ਤਕਲਿਫ ਹੈ ਜਿਸ ਬਾਰੇ ਬਾਕੀ ਡਾਕਟਰ ਕਹਿੰਦੇ ਹਨ ਕਿ ਕੁਝ ਨਹੀਂ ਹੋ ਸਕਦਾ ਤਾਂ ਡਾ. ਸਿਹੋਤਾ ਨੂੰ ਇਕ ਵਾਰ ਜ਼ਰੂਰ ਮਿਲੋ, ਤੁਹਾਨੂੰ ਪਛਤਾਵਾ ਨਹੀਂ ਹੋਵੇਗਾ।

*-ਬਲਜੀਤ ਸਿੰਘ, ਟਰੱਕ ਡਰਾਈਵਰ (ਉਮਰ 47 ਸਾਲ)*

---



ਸੱਚ ਜਾਣਿਓ ਕਮਰ ਦਰਦ ਨਾਲ ਮੇਰੀ ਜਾਨ ਨਿਕਲੀ ਜਾਂਦੀ ਸੀ। ਨਾ ਬਹਿ ਹੁੰਦਾ ਸੀ, ਨਾ ਖੜ੍ਹੇ ਹੋ ਹੁੰਦਾ ਸੀ, ਨਾ ਤੁਰ ਹੁੰਦਾ ਸੀ, ਨਾ ਝੁਕ ਹੁੰਦਾ ਸੀ ਅਤੇ ਨਾ ਹੀ ਕੋਈ ਚੀਜ਼ ਚੁੱਕ ਹੁੰਦੀ ਸੀ। ਚਾਰ ਮਹੀਨੇ ਮੈਂ ਕੋਈ ਕੰਮ ਨਾ ਕਰ ਸਕਿਆ। ਆਸ ਦੀ ਕਿਰਨ ਹੱਥੋਂ ਨਿਕਲਦੀ ਜਾ ਰਹੀ ਸੀ ਤੇ ਮੈਨੂੰ ਲੱਗਣ ਲੱਗਿਆ ਕਿ ਹੁਣ ਬਾਕੀ ਦੀ ਜ਼ਿੰਦਗੀ ਇਸੇ ਤਰ੍ਹਾਂ ਨਿਕਲੇਗੀ। ਗੁਰਦੁਆਰੇ ਮੱਥਾ ਟੇਕਣ ਜਾਣਾ ਮੇਰੀ ਜ਼ਿੰਦਗੀ ਦਾ ਨੇਮ ਹੈ ਅਤੇ ਗੁਰੂ ਮਹਾਰਾਜ ਅੱਗੇ ਮੱਥਾ ਟੇਕਣ ਵੇਲੇ ਵੀ ਕਮਰ ਵਿਚ ਬੜੀ ਦਰਦ ਹੁੰਦੀ। ਇਸੇ ਸਮੇਂ ਮੈਂ ਡਾ. ਸਿਹੋਤਾ ਦੇ ਕਮਰ ਅਤੇ ਡਿਸਕ ਦਰਦ ਦੇ ਇਲਾਜ ਪ੍ਰੋਗਰਾਮ ਬਾਰੇ ਪੜ੍ਹਿਆ ਅਤੇ ਮੁਫਤ ਸਲਾਹ-ਮਸ਼ਵਰੇ ਲਈ ਜਾਣ ਦਾ ਫੈਸਲਾ ਕੀਤਾ। ਮੈਂ ਡਾ. ਸਿਹੋਤਾ ਦੇ ਗਿਆਨ ਅਤੇ ਜਿਸ ਤਰ੍ਹਾਂ ਉਨ੍ਹਾਂ ਮੈਨੂੰ ਦੱਸਿਆ ਕਿ ਕਿਹੜੀ ਗੱਲ ਕਰਕੇ ਮੇਰੇ ਲੱਕ ਵਿਚ ਇੰਨੀ ਦਰਦ ਹੋ ਰਹੀ ਹੈ, ਉਸ ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ। ਸਰਜਰੀ, ਦਵਾਈਆਂ ਅਤੇ ਇੰਜੈਕਸ਼ਨਾਂ ਦੇ ਖਤਰਿਆਂ ਬਾਰੇ ਮੈਂ ਪਹਿਲਾਂ ਹੀ ਸੁਣਿਆ/ਪੜ੍ਹਿਆ ਹੋਇਆ ਸੀ। ਰੱਬ ਦਾ ਸ਼ੁਕਰ ਹੈ ਮੈਂ ਉਸ ਰਸਤੇ ਨਹੀਂ ਗਿਆ।

ਜਦੋਂ ਮੈਂ ਇਹ ਪ੍ਰੋਗਰਾਮ ਸ਼ੁਰੂ ਕੀਤਾ ਤਾਂ ਦਰਦ ਦੇ ਪੈਮਾਨੇ ਉਤੇ ਮੇਰੀ ਦਰਦ 10/10 ਸੀ ਅਤੇ ਹਿੱਲਜੁਲ 90 ਫੀਸਦੀ ਤੱਕ ਘਟ ਚੁਕੀ ਸੀ। ਹੁਣ ਪ੍ਰੋਗਰਾਮ ਦੇ ਅਖੀਰ 'ਤੇ ਦਰਦ ਦੇ ਪੈਮਾਨੇ ਉਤੇ ਮੇਰੀ ਦਰਦ ਘਟ ਕੇ 10 ਵਿਚੋਂ 1 ਰਹਿ ਗਈ ਹੈ ਅਤੇ ਮੇਰੀ ਹਿੱਲਜੁਲ 95 ਫੀਸਦੀ ਤੱਕ ਬਹਾਲ ਹੋ ਚੁਕੀ ਹੈ। ਮੈਂ ਡਾ. ਸਿਹੋਤਾ ਅਤੇ ਉਨ੍ਹਾਂ ਦੇ ਸਟਾਫ ਤੋਂ ਬਹੁਤ ਖੁਸ਼ ਹਾਂ। ਜੇ ਤੁਹਾਡੇ ਵਿਚੋਂ ਕਿਸੇ ਨੂੰ ਕਮਰ ਦੀ ਤਕਲਿਫ ਹੈ ਤਾਂ ਇਲਾਜ ਕਰਵਾਓ, ਤਕਲਿਫ ਵਿਚ ਰਹਿਣ ਦੀ ਲੋੜ ਨਹੀਂ। ਡਾ. ਸਿਹੋਤਾ ਨਾਲ ਅਪੁਆਇੰਟਮੈਂਟ ਬਣਾਓ ਅਤੇ ਪਤਾ ਲਾਓ ਕਿ ਇਹ ਪ੍ਰੋਗਰਾਮ ਤੁਹਾਡੇ ਲਈ ਢੁਕਵਾਂ ਹੈ ਜਾਂ ਨਹੀਂ।

*-ਮਨਜੀਤ ਸਿੰਘ, ਟਰੱਕ ਡਰਾਈਵਰ (ਉਮਰ 37 ਸਾਲ)*

## ਇਹ ਇਲਾਜ ਸਾਰੇ ਹੀ ਮਰੀਜ਼ਾਂ ਲਈ ਢੁਕਵਾਂ ਨਹੀਂ ਹੈ।

ਜਦੋਂਕਿ ਇਹ ਗੱਲ ਮਾੜੀ ਖਬਰ ਜਾਪੇਗੀ ਪਰ ਅਸਲ ਵਿਚ ਇਹ ਇਕ ਖੁਸ਼ਖਬਰੀ ਹੈ ਅਤੇ ਕਾਰਨ ਇਹ ਹੈ ਕਿ...**ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦਾ ਸਟਾਫ ਅਤੇ ਡਾਕਟਰ ਭੇਦ ਦੀ ਜਿਹੜੀ ਗੱਲ ਮੰਨਦੇ ਹਨ ਉਹ ਇਹ ਹੈ ਕਿ ਇਸ ਇਲਾਜ ਲਈ ਸਹੀ ਮਰੀਜ਼ਾਂ ਦੀ ਬੜੇ ਧਿਆਨ ਨਾਲ ਚੋਣ। ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਲੋਕ ਵਰ੍ਹਿਆਂਬੱਧੀ ਅੰਤਾਂ ਦੀ ਕਮਰ ਦਰਦ ਸਹਿਣ ਪਿਛੋਂ ਜਾਣਦੇ ਹਨ ਕਿ ਇਕ ਪਿਛੋਂ ਇਕ ਇਲਾਜ ਕਰਵਾਉਣ ਤੋਂ ਬਾਅਦ ਵੀ ਕੋਈ ਆਰਾਮ ਨਾ ਆਉਣ 'ਤੇ ਕਿੰਨੀ ਨਿਰਾਸ਼ਾ, ਡਰ ਅਤੇ ਚਿੰਤਾ ਹੁੰਦੀ ਹੈ। ਇਸੇ ਕਰਕੇ ਇਸ ਕਲੀਨਿਕ ਦੇ ਸਟਾਫ ਅਤੇ ਡਾਕਟਰ ਦਾ ਪਹਿਲਾ ਟੀਚਾ ਇਹ ਨਿਸ਼ਚਿਤ ਕਰਨ ਦਾ ਹੁੰਦਾ ਹੈ ਕਿ ਕਿਹੜਾ ਮਰੀਜ਼ ਇਸ ਪ੍ਰੋਗਰਾਮ ਲਈ ਦਾਖਿਲ ਕੀਤਾ ਜਾਵੇ ਅਤੇ ਕਿਹੜਾ ਨਹੀਂ। ਉਨ੍ਹਾਂ ਦੀ ਕੋਸ਼ਿਸ ਇਹੋ ਹੁੰਦੀ ਹੈ ਕਿ ਇਸ ਇਲਾਜ ਲਈ ਉਹੀ ਮਰੀਜ਼ ਚੁਣੇ ਜਾਣ ਜਿਨ੍ਹਾਂ ਨੂੰ ਆਰਾਮ ਆਉਣ ਵਿਚ ਕਾਮਯਾਬੀ ਦੀ ਸਭ ਤੋਂ ਵੱਧ ਸੰਭਾਵਨਾ ਹੈ। **ਕਾਮਯਾਬੀ ਦਾ ਮਤਲਬ ਹੈ ਆਰਾਮ ਆਉਣਾ।**

ਉਨ੍ਹਾਂ ਦੀ ਨਿਮਰ, ਯਥਾਰਥਕ, ਸਿੱਧੀ ਸਿੱਧੀ ਬਿਨਾ ਕਿਸੇ ਲੁਕ-ਲੁਕਾ ਅਤੇ ਤਿਕੜਮਬਾਜ਼ੀ ਦੀ ਪਹੁੰਚ ਅਤੇ ਦੇਸ਼ ਭਰ ਵਿਚ ਉਪਲਬਧ ਸਭ ਤੋਂ ਵਧੀਆ ਤੇ ਆਧੁਨਿਕ ਤਕਨਾਲੋਜੀ ਦੀ ਵਰਤੋਂ ਨਾਲ ਇਕ ਅਜਿਹੀ ਇਲਾਜ-ਪ੍ਰਣਾਲੀ ਵਿਕਸਿਤ ਹੋਈ ਹੈ ਜਿਸ ਦਾ ਉਨ੍ਹਾਂ ਮਰੀਜ਼ਾਂ ਨੂੰ ਵੀ ਫਾਇਦਾ ਹੋਇਆ ਹੈ ਜਿਹੜੇ ਕਿਸੇ ਤਰ੍ਹਾਂ ਦੀ ਆਸ ਉਕਾ ਹੀ ਲਾਹ ਚੁੱਕੇ ਸਨ।

ਅਸਚਰਜ ਦੀ ਗੱਲ ਤਾਂ ਇਹ ਹੈ ਕਿ ਇਹ ਇਕ ਅਜਿਹਾ ਖੇਤਰ ਹੈ ਜਿਥੇ ਇਲਾਜ ਅਕਸਰ ਇਨ੍ਹਾਂ ਸ਼ਬਦਾਂ ਤੇ ਆ ਮੁਕਦਾ ਹੈ, "ਬੜੀ ਮਾੜੀ ਗੱਲ ਹੈ, ਬੜਾ ਅਫਸੋਸ ਹੈ"... **ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦੇ ਡਾ. ਸਿਹੋਤਾ ਜਿਹੜੇ ਕੇਸ ਲੈਂਦੇ ਹਨ, ਉਨ੍ਹਾਂ ਦੀ ਸਫਲਤਾ ਪ੍ਰਤੀ ਇੰਨੇ ਪ੍ਰਤੀਬੱਧ ਹਨ ਕਿ ਉਹ ਆਪਣੇ ਮਰੀਜ਼ਾਂ ਨੂੰ "ਤਸੱਲੀ ਦੀ ਗਾਰੰਟੀ"* ਦਿੰਦੇ ਹਨ।

**ਜੇ ਤੁਹਾਡਾ ਅਸਹਿ/ਅਸਾਧ ਦਰਦ:** (1) ਕਮਰ ਦੇ ਹੇਠਲੇ ਪਾਸੇ (1, 3, 4 ਜਾਂ 5) ਹੈ, (2) ਤੁਹਾਡੇ ਚੂਲ੍ਹੇ ਵਿਚ ਹੈ (3) ਤੁਹਾਡੀ ਢੂੰਗੀ ਵਿਚ ਹੈ (4) ਲੱਤ ਦੇ ਹੇਠਾਂ ਪਿੰਨੀਆਂ ਵਿਚ ਹੈ (5) ਤੁਹਾਡੀ ਗਰਦਨ ਵਿਚ (ਸੀ 3, 4, 5 ਜਾਂ 7) ਹੈ (6) ਤੁਹਾਡੀ ਬਾਂਹ ਤੋਂ ਹੇਠਾਂ ਵਲ ਹੈ (7) ਚੀਸਾਂ ਉਠਦੀਆਂ ਹਨ, ਛੁਰੀਆਂ ਚਲਦੀਆਂ ਹਨ ਜਾਂ ਸਾੜ ਪੈਂਦਾ ਹੈ (8) ਦਾੜ੍ਹ ਦੇ ਦਰਦ ਵਾਂਗ ਉਠਦੀ ਹੈ (9) ਹਰਨੀਆ ਦੀ ਡਿਸਕ ਪੀੜ ਵਰਗੀ ਹੈ (10) ਸਲਿਪ ਡਿਸਕ ਤੋਂ ਹੈ (11) ਤਰੇੜੀ ਹੋਈ ਡਿਸਕ ਤੋਂ ਹੈ (12) ਸੁਕੜੇਵੇਂ ਤੋਂ ਹੈ (13) ਜੋੜਾਂ ਦੇ ਦਰਦ ਤੋਂ ਹੈ (14) ਅਜੇ ਪੀੜ ਦੇ ਕਾਰਨ ਦਾ ਪਤਾ ਨਹੀਂ ਲਗਿਆ...

ਤਾਂ ਤੁਸੀਂ ਚੀਰ-ਫਾੜ ਅਤੇ ਦਵਾ ਰਹਿਤ ਕਮਰ ਦਰਦ ਨਿਵਾਰਨ ਸਿਸਟਮ ਦੇ ਲਈ ਸਹੀ ਉਮੀਦਵਾਰ ਹੋ। ਇਹ ਪਤਾ ਲਾਉਣ ਲਈ ਕਿ ਤੁਸੀਂ ਆਪਣੀ ਕਮਰ ਦਰਦ ਦੀ ਇਸ ਬਿਪਤਾ ਤੋਂ ਹਮੇਸ਼ਾਂ ਹਮੇਸ਼ਾਂ ਲਈ ਛੁਟਕਾਰਾ ਪਾ ਸਕਦੇ ਹੋ ਤੇ ਉਹ ਇਲਾਜ ਹਾਸਲ ਕਰਨਾ ਚਾਹੁੰਦੇ ਜਿਸ ਦੀ ਤੁਹਾਨੂੰ ਚਿਰਾਂ ਤੋਂ ਤਾਂਘ ਸੀ ਤਾਂ

## ਅਜ ਹੀ ਫੋਨ 209-464-7738 'ਤੇ ਕਾਲ ਕਰੋ।

ਇਹ ਲੇਖ ਪੜ੍ਹ ਕੇ ਕਾਲ ਕਰਨ ਵਾਲੇ ਮਰੀਜ਼ਾਂ ਪ੍ਰਤੀ ਵਿਸ਼ੇਸ਼ ਲਿਹਾਜ ਵਜੋਂ **ਐਕਸੀਡੈਂਟ ਐਂਡ ਇੰਜਰੀ ਕਲੀਨਿਕ** ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਅਗਲੇ ਦਸਾਂ ਦਿਨਾਂ ਵਿਚ 11 ਮਰੀਜ਼ਾਂ ਨੂੰ ਮੁਫਤ ਨਿਜੀ ਯੋਗਤਾ ਮੁਆਇਨਾ/ਸਲਾਹ-ਮਸ਼ਵਰਾ ਦੇਣਗੇ ਤਾਂ ਜੋ ਪਾਠਕ ਇਹ ਫੈਸਲਾ ਕਰ ਸਕਣ ਕਿ ਵਾਕਿਆ ਹੀ ਆਪਣੀ ਬਰਦਾਸ਼ਤ ਬਾਹਰੀ/ਸਖਤ ਕਮਰ ਦਰਦ ਤੋਂ ਛੁਟਕਾਰਾ ਹਮੇਸ਼ਾਂ-ਹਮੇਸ਼ਾਂ ਲਈ ਪਾਇਆ ਜਾ ਸਕਦਾ ਹੈ। ਇਸ ਯੋਗਤਾ ਮੁਆਇਨੇ/ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ। ਇਹ ਪੇਸ਼ਕਸ਼ ਇਸ ਗੱਲ ਦਾ ਖਿਆਲ ਕਰਦਿਆਂ ਵਾਕਿਆ ਹੀ ਖੁਲ੍ਹਦਿਲੀ ਹੈ ਕਿ ਅਕਸਰ ਕਮਰ ਦਰਦ ਦੇ ਮਰੀਜ਼ਾਂ ਨੂੰ ਹਜ਼ਾਰਾਂ ਡਾਲਰ ਖਰਚ ਕੇ ਵੀ ਬਹੁਤ ਮਾਮੂਲੀ ਫਾਇਦਾ ਹੁੰਦਾ ਹੈ ਜਾਂ ਬਿਲਕੁਲ ਹੀ ਨਹੀਂ ਹੁੰਦਾ। ਇਸ ਮਾਮਲੇ ਵਿਚ ਘਟੋ-ਘੱਟ ਇਹ ਤਾਂ ਹੈ ਨਾ ਇਲਾਜ ਉਤੇ ਸਮਾਂ ਅਤੇ ਪੈਸਾ ਬਰਬਾਦ ਕਰਨ ਤੋਂ ਪਹਿਲਾਂ ਇਕ ਨਵੀਨ ਮੁਲਾਂਕਣ ਪ੍ਰਕ੍ਰਿਆ ਦੇ ਆਧਾਰ ਉਤੇ ਸਿੱਧਾ ਅਤੇ ਸਪਸ਼ਟ ਦਸ ਦਿਤਾ ਜਾਂਦਾ ਹੈ ਕਿ ਤੁਸੀਂ ਇਸ ਨਿਵੇਕਲੇ ਕਮਰ ਦਰਦ ਨਿਵਾਰਨ ਸਿਸਟਮ ਵਾਸਤੇ ਸਹੀ ਉਮੀਦਵਾਰ ਹੋ ਜਾਂ ਨਹੀਂ।

**ਸੋ, ਜੇ ਤੁਸੀਂ ਸਮਝਦੇ ਹੋ ਕਿ ਤੁਹਾਡੇ ਲਈ ਸਾਰੇ ਹੀਲੇ-ਵਸੀਲੇ ਮੁਕ ਗਏ ਹਨ ਜਾਂ ਤੁਹਾਨੂੰ ਹੋਰ ਬਹੁਤ ਸਾਰੇ ਲੋਕਾਂ ਵਾਂਗ ਸਾਰੇ ਹੀਲੇ-ਵਸੀਲੇ ਮੁਕ ਜਾਣ ਦਾ ਡਰ ਹੈ...ਜੇ ਤੁਸੀਂ ਸਰਜਰੀ ਤੋਂ ਬਚਣ ਲਈ ਹਰ ਹੀਲਾ ਵਰਤ ਰਹੇ ਹੋ ਜਾਂ ਦਵਾਈਆਂ ਅਤੇ ਟੀਕਿਆਂ ਦੀ ਥਾਂ ਕਮਰ ਦਰਦ ਦਾ ਕੋਈ ਪੱਕਾ ਇਲਾਜ ਲੱਭਣਾ ਚਾਹੁੰਦੇ ਹੋ ਤਾਂ ਸਾਨੂੰ ਕਾਲ ਕਰਨ ਤੋਂ ਹਿਚਕਿਚਾਓ ਨਹੀਂ।**

**ਕਲੀਨਿਕ** **2531 N. California Street (North California St. & Ellis St.)** ਵਿਖੇ ਸਥਿਤ ਹੈ। ਇਹ ਹਾਰਡਿੰਗ ਵੇਅ ਅਤੇ ਅਲਪਾਈਨ ਐਵਨਿਊ ਦੇ ਵਿਚਕਾਰ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ ਹੈ। ਬਿਨਾ ਕਿਸੇ ਫੀਸ ਤੋਂ ਆਪਣੇ ਮੁਲਾਂਕਣ ਅਤੇ ਸਲਾਹ-ਮਸ਼ਵਰੇ ਲਈ **ਫੋਨ ਕਰੋ: 209-464-7738**

**ਨੋਟ (1):** ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟੇ ਵਿਚ ਅਪੁਆਇੰਟਮੈਂਟ ਮਿਲ ਜਾਏਗੀ। ਅਸੀਂ "ਕੋਈ ਇੰਤਜ਼ਾਰ ਨਹੀਂ" ਦੀ ਪਾਲਸੀ 'ਤੇ ਚਲਦੇ ਹਾਂ। **ਨੋਟ (2):** ਜੇ ਤੁਸੀਂ ਅਪੁਆਇੰਟਮੈਂਟ 25 ਸਤੰਬਰ ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਇਸ ਲਈ ਕੋਈ ਫੀਸ ਨਹੀਂ ਦੇਣੀ ਪਵੇਗੀ (247 ਡਾਲਰ ਦੇ ਬਰਾਬਰ)। *ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਸੰਭਾਲ ਕਰਨ ਵਾਲਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।

Copyright 2009 CMC, LLC

# ਐਨ ਆਰ ਆਈ ਸਭਾ ਅਮਰੀਕਾ ਦਾ ਗਠਨ

ਸਿੰਘ ਨੇ ਦੱਸਿਆ ਕਿ ਅਮਰੀਕਾ ਵਿਚ ਰਹਿੰਦੇ ਪੰਜਾਬੀਆਂ ਨੂੰ ਪੰਜਾਬ ਵਿਚ ਦਰਪੇਸ਼ ਆ ਰਹੀਆਂ



ਅਟਾਰਨੀ ਜਸਪ੍ਰੀਤ ਸਿੰਘ

ਮੁਸ਼ਕਿਲਾਂ ਨੂੰ ਹੱਲ ਕਰਵਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਜਲਦ ਹੀ ਐਨ ਆਰ ਆਈ ਸਭਾ ਅਮਰੀਕਾ ਦੇ ਦਫਤਰ ਖੋਲ੍ਹੇ ਜਾਣਗੇ ਅਤੇ ਵੈਬਸਾਈਟ ਵੀ ਲਾਂਚ ਕੀਤੀ ਜਾਵੇਗੀ। ਉਨ੍ਹਾਂ ਸ. ਸੇਵਾ ਸਿੰਘ ਸੇਖਵਾਂ, ਸ. ਸੁਰਜੀਤ ਸਿੰਘ ਰੱਖੜਾ, ਸ. ਕਮਲਜੀਤ ਸਿੰਘ ਹੇਅਰ ਅਤੇ ਸਮੂਹ ਐਨ ਆਰ ਆਈ ਵੀਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਇਸ ਅਹੁਦੇ ਭਾਰ ਤਨਦੇਹੀ ਨਾਲ ਨਿਭਾਉਣਗੇ।

ਇਸੇ ਦੌਰਾਨ ਜੋਬਨਜੀਤ ਸਿੰਘ ਬੌਬੀ ਨੇ ਅਮਰੀਕਾ ਦੇ ਬਾਕੀ ਅਹੁਦੇਦਾਰ ਚੁਣਨ ਦੇ ਦਿਤੇ ਗਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜਥੇਦਾਰ ਸੇਖਵਾਂ ਦੀ ਪ੍ਰਵਾਨਗੀ ਨਾਲ ਇਕ ਸੁਪਰੀਮ ਕਮੇਟੀ ਦਾ ਐਲਾਨ ਕੀਤਾ ਹੈ ਜਿਸ ਵਿਚ ਨਾਜਰ ਸਿੰਘ ਕੂਨਰ ਵਾਈਸ ਚੇਅਰਮੈਨ, ਤੇਜਪਾਲ ਸਿੰਘ ਨਿਕਸਨ ਸਕੱਤਰ ਜਨਰਲ, ਗੁਰਨਾਮ ਸਿੰਘ ਪੰਮਾ ਅਤੇ ਜਰਨੈਲ ਸਿੰਘ ਗਿਲਜੀਆਂ ਸੀਨੀਅਰ ਮੀਤ ਪ੍ਰਧਾਨ, ਰੌਣਕ ਸਿੰਘ ਅਤੇ ਪ੍ਰੀਤਮ ਸਿੰਘ ਗਰੇਵਾਲ ਮੀਤ ਪ੍ਰਧਾਨ, ਭੁਪਿੰਦਰ ਸਿੰਘ ਬੋਪਾਰਾਏ ਜਨਰਲ ਸਕੱਤਰ, ਇਕਬਾਲ ਸਿੰਘ ਸਮਰਾ ਸਕੱਤਰ, ਡਾ ਗੁਰਦੀਪ ਸਿੰਘ ਸੰਧੂ ਮੀਤ ਸਕੱਤਰ, ਰਘਬੀਰ ਸਿੰਘ ਘੋੜੇਵਾ ਖਜਾਨਚੀ, ਨਰਿੰਦਰਪਾਲ ਸਿੰਘ ਹੁੰਦਲ ਸਪੋਕਸਮੈਨ ਅਤੇ ਪੱਤਰਕਾਰ ਮਨਦੀਪ ਸਿੰਘ ਨੂੰ ਮੀਡੀਆ ਕੋ-ਆਰਡੀਨੇਟਰ ਅਤੇ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ।

ਇਸੇ ਦੌਰਾਨ ਜਥੇਦਾਰ ਸੇਵਾ ਸਿੰਘ ਸੇਖਵਾਂ ਨੇ ਪੰਜਾਬ ਟਾਈਮਜ਼ ਨਾਲ ਗੱਲ ਕਰਦਿਆਂ ਇਸ ਕਮੇਟੀ ਦੇ ਗਠਨ ਦੀ ਪੁਸ਼ਟੀ ਕੀਤੀ।

ਇਸੇ ਸਮੇਂ ਸ੍ਰੀ ਜੋਬਨਜੀਤ ਸਿੰਘ ਨੇ ਆਪਣੀ ਨਿਯੁਕਤੀ ਲਈ ਪੰਜਾਬ ਦੇ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਜੋ ਕਿ ਐਨ ਆਰ ਆਈ ਸਭਾ ਦੇ ਚੀਫ ਪੈਟਰਨ ਵੀ ਹਨ, ਜਥੇਦਾਰ ਸੇਖਵਾਂ ਅਤੇ ਸਭਾ ਦੇ ਪ੍ਰਧਾਨ ਸ੍ਰੀ ਕਮਲਜੀਤ ਸਿੰਘ ਹੇਅਰ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਜਲਦੀ ਹੀ ਅਮਰੀਕਾ ਦੀਆਂ ਸਾਰੀਆਂ ਸਟੇਟਾਂ ਦੇ ਪ੍ਰਧਾਨਾਂ ਅਤੇ ਹੋਰ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਕੀਤੀਆਂ ਜਾਣਗੀਆਂ।

# ਬੇਕਰਜ਼ਫੀਲਡ 'ਚ ਨਗਰ ਕੀਰਤਨ 24 ਅਕਤੂਬਰ ਨੂੰ

**ਬੇਕਜ਼ਫੀਲਡ (ਮਨਦੀਪ ਮਾਨ):** ਸਥਾਨਕ ਗੁਰਦੁਆਰਾ ਵਿਲਸਨ ਰੋਡ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਨਗਰ ਕੀਰਤਨ ਆਉਂਦੀ 24 ਅਕਤੂਬਰ ਨੂੰ ਕੀਤਾ ਜਾ ਰਿਹਾ ਹੈ ਅਤੇ ਇਸ ਸਬੰਧੀ ਤਿਆਰੀ ਪੂਰੇ ਜ਼ੋਰ ਨਾਲ ਚੱਲ ਰਹੀ ਹੈ।

ਇਹ ਜਾਣਕਾਰੀ ਦਿੰਦਿਆਂ ਗੁਰੂ ਘਰ ਦੇ ਸੇਵਾਦਾਰ ਸ੍ਰੀ ਰਜਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਨਗਰ ਕੀਰਤਨ 24 ਅਕਤੂਬਰ ਐਤਵਾਰ ਨੂੰ ਠੀਕ 12 ਵਜੇ ਗੁਰੂ ਘਰ ਤੋਂ ਅਰੰਭ ਹੋਵੇਗਾ ਅਤੇ ਵਿਸ਼ੇਸ਼ ਰੂਟ ਤੋਂ ਹੁੰਦਾ ਹੋਇਆ ਕਰੀਬ 3 ਵਜੇ ਵਾਪਸ ਪਰਤੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਮੌਕੇ ਧਾਰਮਿਕ ਪੁਸਤਕਾਂ, ਸੀਡੀਆਂ, ਕਪੜੇ ਅਤੇ ਖਿਡੌਣਿਆਂ ਵਗੈਰਾ ਦੇ ਵੱਖ ਵੱਖ ਸਟਾਲ ਲਾਏ ਜਾਣਗੇ। ਹੋਰ ਜਾਣਕਾਰੀ ਉਨ੍ਹਾਂ ਪਾਸੋਂ ਫੋਨ 661-703-6832 ਜਾਂ ਸਕੱਤਰ ਮਨਜੀਤ ਸਿੰਘ ਫੋਨ 661-817-5988 ਤੋਂ ਹਾਸਲ ਕੀਤੀ ਜਾ ਸਕਦੀ ਹੈ।



# ਪਰਵਾਸੀ ਪੰਜਾਬ ਦੇ ਪਿੰਡਾਂ ਦੀ ਤਰੱਕੀ 'ਚ ਭਾਈਵਾਲ ਬਣਨ:ਬਰਾੜ

**ਬੇਕਰਜ਼ਫੀਲਡ (ਮਨਦੀਪ ਮਾਨ):** ਅਕਾਲੀ ਦਲ (ਬਾਦਲ) ਦੇ ਜ਼ਿਲਾ ਫਰੀਦਕੋਟ ਪ੍ਰਧਾਨ ਅਤੇ ਪੰਜਾਬ ਵਿਧਾਨ ਸਭਾ ਦੇ ਸਾਬਕਾ ਮੈਂਬਰ ਸ. ਮਨਤਾਰ ਸਿੰਘ ਬਰਾੜ ਨੇ ਇਥੇ ਪੰਜਾਬੀਆਂ ਦੇ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਪਰਵਾਸੀ ਪੰਜਾਬੀਆਂ ਨੂੰ ਆਪੋ ਆਪਣੇ ਪਿੰਡਾਂ ਦੀ ਤਰੱਕੀ ਵਿਚ ਯੋਗਦਾਨ ਪਾਉਣ ਦਾ ਸੱਦਾ ਦਿਤਾ। ਉਨ੍ਹਾਂ ਕਿਹਾ ਕਿ ਇਕੱਲੀ ਸਰਕਾਰ ਪਿੰਡਾਂ ਦੀ ਤਰੱਕੀ ਨਹੀਂ ਕਰ ਸਕਦੀ। ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਪੰਜਾਬ ਸਰਕਾਰ ਪੰਜਾਬ ਨੂੰ ਤਰੱਕੀ ਦੀਆਂ ਨਵੀਆਂ ਮੰਜ਼ਿਲਾਂ 'ਤੇ ਪਹੁੰਚਾਉਣ ਲਈ ਯਤਨਸ਼ੀਲ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਉਚੇਚਾ ਯਤਨ ਕਰ ਰਹੀ ਹੈ।

ਸ੍ਰੀ ਬਰਾੜ ਇਨ੍ਹੀਂ ਦਿਨੀਂ ਅਮਰੀਕਾ ਦੇ ਨਿਜੀ ਦੌਰੇ 'ਤੇ ਹਨ ਅਤੇ ਇਸ ਦੌਰੇ ਦੌਰਾਨ ਉਹ ਇਥੇ ਆਪਣੇ ਪੁਰਾਣੇ ਮਿੱਤਰ ਹਰਦਮ ਸਿੰਘ ਔਲਖ ਦੇ ਘਰ ਕੀਤੇ ਗਏ ਇਕ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਦੱਸਿਆ ਕਿ ਉਹ ਪਹਿਲੀ ਵਾਰ 1997 ਵਿਚ ਆਜ਼ਾਦ ਉਮੀਦਵਾਰ ਦੇ ਤੌਰ 'ਤੇ 16 ਹਜ਼ਾਰ ਵੋਟਾਂ ਦੇ ਫਰਕ ਨਾਲ ਜਿੱਤ ਕੇ ਵਿਧਾਇਕ ਬਣੇ ਸਨ ਅਤੇ ਉਸ ਪਿਛੋਂ 2002 ਵਿਚ ਉਹ ਦੂਜੀ ਵਾਰ ਵਿਧਾਇਕ ਬਣੇ।

ਇਸ ਮੌਕੇ ਸ. ਬਰਾੜ ਦਾ ਇਕ ਯਾਦਗਾਰੀ ਚਿੰਨ੍ਹ ਦੇ ਕੇ ਉਨ੍ਹਾਂ ਦੇ ਮਿੱਤਰਾਂ-ਦੋਸਤਾਂ ਵਲੋਂ ਸਨਮਾਨ ਵੀ ਕੀਤਾ ਗਿਆ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਭਰਪੂਰ ਸਿੰਘ ਬਰਾੜ, ਕੁਲਵੰਤ ਮਾਨ, ਜਗਮੀਤ ਮਾਨ, ਬੱਬੂ ਮਿਨਹਾਸ, ਪਾਲ ਧਾਲੀਵਾਲ, ਧੰਨਾ ਸਿੰਘ ਬਾਜਵਾ, ਕੁਲਦੀਪ ਸਿੰਘ ਬਿੱਲੂ, ਗਿਆਨੀ ਕੁਲਵੰਤ ਸਿੰਘ ਅਤੇ ਕੁਲਦੀਪ ਸਿੰਘ ਔਲਖ ਹਾਜ਼ਰ ਸਨ।

# ਅੰਮ੍ਰਿਤਸਰ ਸਿਸਟਰ ਸਿਟੀ ਪ੍ਰਾਜੈਕਟ ਦੇ ਅਹੁਦੇਦਾਰਾਂ ਨੇ ਸਹੁੰ ਚੁੱਕੀ

**ਬੇਕਰਜ਼ਫੀਲਡ:** ਅੰਮ੍ਰਿਤਸਰ ਅਤੇ ਬੇਕਰਜ਼ਫੀਲਡ ਸ਼ਹਿਰ ਵਿਚਾਲੇ ਵਿਸ਼ੇਸ਼ ਸਭਿਆਚਾਰਕ ਅਤੇ ਵਿਕਾਸਮੁਖੀ ਸਬੰਧ ਕਾਇਮ ਕਰਨ ਦੇ ਮਨੋਰਥ ਨਾਲ ਸੰਯੁਕਤ ਰਾਸ਼ਟਰ ਦੇ ਇਕ ਪ੍ਰਾਜੈਕਟ ਅਧੀਨ ਅਰੰਭੇ ਗਏ ਸਿਸਟਰ ਸਿਟੀ ਪ੍ਰਾਜੈਕਟ ਦੇ ਅਹੁਦੇਦਾਰਾਂ ਨੂੰ ਪ੍ਰਾਜੈਕਟ ਦੇ ਸਰਪ੍ਰਸਤ ਅਤੇ ਬੇਕਜ਼ਫੀਲਡ ਸ਼ਹਿਰ ਦੇ ਮੇਅਰ ਸ੍ਰੀ ਹਾਰਵੀ ਹਾਲ ਨੇ ਇਕ ਸੰਖੇਪ ਜਿਹੇ ਸਮਾਗਮ ਵਿਚ ਪ੍ਰਾਜੈਕਟ ਪ੍ਰਤੀ ਜ਼ਿੰਮੇਵਾਰੀ ਇਮਾਨਦਾਰੀ ਅਤੇ ਲਗਨ ਨਾਲ ਨਿਭਾਉਣ ਦਾ ਹਲਫ ਦਿਵਾਇਆ।

ਇਸ ਸਮਾਗਮ ਵਿਚ ਚੇਅਰਮੈਨ ਜਗਦੀਸ਼ ਸਿੰਘ ਢਿੱਲੋਂ, ਪ੍ਰਧਾਨ ਨਾਜਰ ਸਿੰਘ ਕੂਨਰ, ਵਾਈਸ ਚੇਅਰਮੈਨ ਜੋਬਨਜੀਤ ਸਿੰਘ ਬੌਬੀ, ਖਜ਼ਾਨਚੀ ਤੇਜਪਾਲ ਸਿੰਘ ਨਿਕਸਨ, ਭਜਨ ਸਿੰਘ ਸੰਧੂ ਅਤੇ ਮੀਡੀਆ ਇੰਚਾਰਜ ਮਨਦੀਪ ਮਾਨ ਹਾਜ਼ਰ ਸਨ। ਕੁਝ ਅਹੁਦੇਦਾਰ ਸਮੇਂ ਸਿਰ ਪਹੁੰਚ ਨਹੀਂ ਸਕੇ ਜਿਨ੍ਹਾਂ ਨੂੰ ਅਹੁਦੇ ਦਾ ਹਲਫ ਬਾਅਦ ਵਿਚ ਦਿਵਾਇਆ ਗਿਆ।





# ਕੈਲੀਫੋਰਨੀਆ ਵਿਚ ਨਵੰਬਰ ਸਿੱਖ ਅਮੈਰਿਕਨ ਚੇਤਨਾ ਮਹੀਨੇ ਵਜੋਂ ਮਨਾਇਆ ਜਾਏਗਾ

**ਸੈਕਰਾਮੈਂਟੋ:** ਆਉਂਦਾ ਨਵੰਬਰ ਦਾ ਮਹੀਨਾ ਕੈਲੀਫੋਰਨੀਆ ਸਟੇਟ ਵਲੋਂ "ਕੈਲੀਫੋਰਨੀਆ ਸਿੱਖ ਅਮੈਰਿਕਨ ਅਵੇਅਰਨੈਸ ਅਤੇ ਐਪਰੀਸਿਏਸ਼ਨ (ਕੈਲੀਫੋਰਨੀਆ ਸਿੱਖ ਅਮਰੀਕਨ ਚੇਤਨਾ ਅਤੇ ਪ੍ਰਸ਼ੰਸਾ)" ਮਹੀਨੇ ਵਜੋਂ ਮਨਾਇਆ ਜਾਵੇਗਾ। ਇਸ ਸਬੰਧੀ ਸਟੇਟ ਅਸੈਂਬਲੀ ਵਲੋਂ ਇਕ ਮਤਾ ਏ ਸੀ ਆਰ 181 ਸਰਬਸੰਮਤੀ ਨਾਲ ਪਾਸ ਕੀਤਾ ਗਿਆ ਹੈ।

ਇਹ ਜਾਣਕਾਰੀ ਦਿੰਦਿਆਂ ਅਸੈਂਬਲੀਮੈਨ ਡੈਨ ਲੌਗ (ਰਿਪਬਲਿਕਨ) ਨੇ ਦੱਸਿਆ ਕਿ ਇਸ ਇਤਿਹਾਸਕ ਫੈਸਲੇ ਦੇ ਨਤੀਜੇ ਵਜੋਂ ਨਵੰਬਰ ਮਹੀਨੇ ਦੌਰਾਨ ਸਟੇਟ ਪੱਧਰ ਉਤੇ ਸਿੱਖ ਸਭਿਆਚਾਰਕ ਅਤੇ ਸਮਾਜਕ ਸਮਾਗਮ ਕੀਤੇ ਜਾਣਗੇ ਜਿਨ੍ਹਾਂ ਵਿਚ ਸਿੱਖਾਂ ਦੇ ਕਰੀਬ ਇਕ ਸਦੀ ਪਹਿਲਾਂ ਇਥੇ ਆ ਕੇ ਵੱਸਣ ਤੋਂ ਲੈ ਕੇ ਸਟੇਟ ਨੂੰ ਉਨ੍ਹਾਂ ਦੀ ਦੇਣ ਉਪਰ ਚਾਨਣਾ ਪਾਇਆ ਜਾਵੇਗਾ। ਇਸ ਸਮੇਂ ਸਟੇਟ ਵਿਚ ਕੋਈ ਢਾਈ ਲੱਖ ਸਿੱਖ ਵਸਦੇ ਹਨ।

ਅਸੈਂਬਲੀਮੈਨ ਲੌਗ ਨੇ ਕਿਹਾ ਕਿ ਸਿੱਖ ਭਾਈਚਾਰੇ ਦੀ ਕੈਲੀਫੋਰਨੀਆ ਸਟੇਟ ਨੂੰ ਬਹੁਤ ਵੱਡੀ ਦੇਣ ਹੈ ਅਤੇ ਮੈਂ ਸਮਝਦਾ ਹਾਂ ਕਿ ਸਾਰੇ ਕੈਲੀਫੋਰਨੀਆ ਵਾਸੀਆਂ ਨੂੰ ਸਿੱਖ ਭਾਈਚਾਰੇ ਵਲੋਂ ਕੈਲੀਫੋਰਨੀਆ ਦੀ ਤਰੱਕੀ ਵਿਚ ਪਾਏ ਗਏ ਯੋਗਦਾਨ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ। ਯੂਬਾ ਸਿਟੀ-ਸਟਰ ਇਲਾਕੇ ਵਿਚ ਪੂਰੇ ਅਮਰੀਕਾ ਦੇ ਕਿਸੇ ਵੀ ਹੋਰ ਇਲਾਕੇ ਦੇ ਮੁਕਾਬਲੇ ਸਿੱਖਾਂ ਦੀ ਸੰਘਣੀ ਆਬਾਦੀ ਹੈ।

ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰਾ ਕੈਲੀਫੋਰਨੀਆ ਵਿਚ ਇਕ ਸਦੀ ਤੋਂ ਵੀ ਵੱਧ ਸਮੇਂ ਤੋਂ ਆ ਕੇ ਵੱਸਿਆ ਹੋਇਆ ਹੈ ਅਤੇ ਇਸ ਨੇ ਸਟੇਟ ਦੀ ਖੇਤੀਬਾੜੀ, ਟਰੱਕਿੰਗ ਸਨਅਤ, ਹਾਈਟੈਕ ਅਤੇ ਮੈਡੀਕਲ ਖੇਤਰ ਵਿਚ ਬਹੁਤ ਅਹਿਮ ਭੂਮਿਕਾ ਨਿਭਾਈ ਹੈ। ਇਸ ਤੋਂ ਇਲਾਵਾ ਛੋਟੇ ਪਰਿਵਾਰਕ ਬਿਜਨਸ ਖੜ੍ਹੇ ਕਰਨ ਵਿਚ ਵੀ ਮੋਹਰੀ ਰੋਲ ਨਿਭਾਇਆ ਹੈ। ਇਸ ਸਮੇਂ ਯੂਬਾ ਅਤੇ ਸਟਰ ਕਾਉਂਟੀਆਂ ਵਿਚ 95% ਪੀਚ ਖੇਤੀ, 60% ਪਰੂਨ ਖੇਤੀ ਅਤੇ 20% ਬਦਾਮ ਅਤੇ ਅਖਰੋਟ ਦੀ ਖੇਤੀ ਸਿੱਖ ਪਰਿਵਾਰਾਂ ਪਾਸ ਹੈ। ਸ੍ਰੀ ਲੌਗ ਨੇ ਕਿਹਾ, "ਮੈਨੂੰ ਅਜਿਹੇ ਭਾਈਚਾਰੇ ਦੀ ਸਖਤ ਮਿਹਨਤ ਦਾ ਮਾਣ ਕਰਦਿਆਂ ਖੁਦ ਨੂੰ ਮਾਣ ਮਹਿਸੂਸ ਹੋ ਰਿਹਾ ਹੈ। ਪਾਸ ਕੀਤੇ ਗਏ ਮਤੇ ਨਾਲ ਕੈਲੀਫੋਰਨੀਆ ਵਿਚ ਵਸਦੇ ਵੱਖ ਵੱਖ ਤਰ੍ਹਾਂ ਦੇ ਭਾਈਚਾਰਿਆਂ ਵਿਚ ਬਿਹਤਰ ਸਮਝ ਬਣਾਉਣ ਵਿਚ ਮਦਦ ਮਿਲੇਗੀ। ਇਹ ਪਹਿਲੀ ਵਾਰ ਹੈ ਕਿ ਕੈਲੀਫੋਰਨੀਆ ਵਿਚ ਆਪਣੇ ਲਾਮਿਸਾਲ ਯੋਗਦਾਨ ਬਦਲੇ ਸਿੱਖ ਭਾਈਚਾਰੇ ਦਾ ਸਨਮਾਨ ਕੀਤਾ ਜਾ ਰਿਹਾ ਹੈ।" ਅਸੈਂਬਲੀਮੈਨ ਲੌਗ ਥਰਡ ਡਿਸਟ੍ਰਿਕਟ ਤੋਂ ਅਸੈਂਬਲੀਮੈਨ ਹਨ ਅਤੇ ਸੰਘਣੀ ਸਿੱਖ ਵਸੋਂ ਵਾਲਾ ਯੂਬਾ ਸਿਟੀ ਦਾ ਇਲਾਕਾ ਉਨ੍ਹਾਂ ਦੇ ਹੀ ਖੇਤਰ ਵਿਚ ਪੈਂਦਾ ਹੈ। ਉਨ੍ਹਾਂ ਨਾਲ ਸੰਪਰਕ ਫੋਨ 916-319-2003 ਉਤੇ ਕੀਤਾ ਜਾ ਸਕਦਾ ਹੈ।

# ਲੰਕਰਸ਼ਿਮ ਗੁਰੂ ਘਰ 'ਚ ਢੱਡਰੀਆਂ ਵਾਲੇ ਸੰਤਾਂ ਦਾ ਪ੍ਰੋਗਰਾਮ 27 ਨੂੰ

**ਲਾਸ ਏਂਜਲਸ (ਕਰਮਜੀਤ ਕੰਗ):** ਗੁਰਦੁਆਰਾ ਲੰਕਰਸ਼ਿਮ ਵਿਚ ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦਾ ਕੀਰਤਨ ਪ੍ਰੋਗਰਾਮ 27 ਸਤੰਬਰ ਨੂੰ ਸ਼ਾਮੀ 6:30 ਤੋਂ 8:30 ਵਜੇ ਤੱਕ ਅਤੇ 29 ਸਤੰਬਰ ਨੂੰ ਸਵੇਰੇ 11 ਵਜੇ ਤੋਂ ਇਕ ਵਜੇ ਤੱਕ ਹੋਵੇਗਾ। ਪ੍ਰਬੰਧਕਾਂ ਨੇ ਸਮੂਹ ਸੰਗਤਾਂ ਨੂੰ ਇਸ ਕੀਰਤਨ ਦੀਵਾਨ ਵਿਚ ਹਾਜ਼ਰੀਆਂ ਭਰ ਕੇ ਕੀਰਤਨ ਦਾ ਲਾਹਾ ਲੈਣ ਦਾ ਸੱਦਾ ਦਿੱਤਾ ਹੈ।

ਇਸ ਤੋਂ ਪਹਿਲਾਂ ਲੰਘੀ 6 ਸਤੰਬਰ ਨੂੰ ਗੁਰੂ ਘਰ ਦੀ ਸੰਗਤ ਵਲੋਂ ਲੇਬਰ ਡੇਅ ਅਤੇ ਗੁਰੂ ਗ੍ਰੰਥ ਸਾਹਿਬ ਪੁਰਬ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਸਜਾਏ ਗਏ ਦੀਵਾਨ ਵਿਚ ਵੱਖ ਵੱਖ ਗੁਰੂ ਘਰਾਂ ਦੇ ਪ੍ਰਬੰਧਕਾਂ ਅਤੇ ਸੰਗਤ ਨੇ ਹਾਜ਼ਰੀ ਭਰੀ। ਇਸ ਮੌਕੇ ਭਾਈ ਸੁਮਿੰਦਰ ਸਿੰਘ ਗੁਰਦੁਆਰਾ ਸਿੱਖ ਵੈਲੀ, ਭਾਈ ਅਜੈਬ ਸਿੰਘ ਗੁਰਦੁਆਰਾ ਅਲਹੰਬਰਾ, ਭਾਈ ਸਾਹਿਬ ਸਿੰਘ ਗੁਰਦੁਆਰਾ ਰਸ਼ੀਦਾ, ਭਾਈ ਅਜੀਤ ਸਿੰਘ ਗੁਰਦੁਆਰਾ ਵਰਮੋਂਟ, ਕਥਾਵਾਚਕ ਭਾਈ ਦਿਆ ਸਿੰਘ ਦਿੱਲੀ ਵਾਲੇ, ਭਾਈ ਕੀਰਤਨ ਸਿੰਘ ਗੁਰਦੁਆਰਾ ਸਿੱਖ ਧਰਮ, ਭਾਈ ਕੰਵਲਜੀਤ ਸਿੰਘ ਗੁਰਦੁਆਰਾ ਲੰਕਰਸ਼ਿਮ, ਭਾਈ ਜਸਵੰਤ ਸਿੰਘ ਗੁਰਦੁਆਰਾ ਰਿਵਰ ਸਾਈਡ, ਭਾਈ ਗੁਰਦੀਪ ਸਿੰਘ ਗੁਰਦੁਆਰਾ ਲੰਕਰਸ਼ਿਮ, ਭਾਈ ਰਵਿੰਦਰਜੀਤ ਸਿੰਘ ਰਸੀਆ, ਭਾਈ ਰਘਬੀਰ ਸਿੰਘ ਗੁਰਦੁਆਰਾ ਵਾਲਨਟ, ਭਾਈ ਅਨੰਤਬੀਰ ਸਿੰਘ ਗੁਰਦੁਆਰਾ ਰਿਵਰ ਸਾਈਡ, ਭਾਈ ਰਣ ਸਿੰਘ ਗੁਰਦੁਆਰਾ ਬਿਊਨਾ ਪਾਰਕ, ਬਾਬਾ ਜਸਵਿੰਦਰ ਸਿੰਘ ਅਤੇ ਭਾਈ ਦਲਬੀਰ ਸਿੰਘ ਜੋਸ਼ ਨੇ ਸੰਗਤਾਂ ਨੂੰ ਸ਼ਬਦ ਕੀਰਤਨ, ਕਥਾ ਵਿਆਖਿਆ ਅਤੇ ਗੁਰਮਤਿ ਵਿਚਾਰਾਂ ਨਾਲ ਗੁਰੂ ਦੇ ਲੜ ਲਾਇਆ।

ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਭਾਈ ਗੁਰਚਰਨ ਸਿੰਘ ਬੈਂਸ, ਕੁਲਦੀਪ ਸਿੰਘ ਬਰਾੜ, ਆਤਮਾ ਸਿੰਘ ਕੈਂਥ, ਚਰਨਜੀਤ ਸਿੰਘ ਦਿਓਲ, ਗੁਰਦਰਸ਼ਨ ਸਿੰਘ ਢਿੱਲੋਂ, ਕਰਮਜੀਤ ਸਿੰਘ, ਸਤਿਗੁਰਜੀਤ ਸਿੰਘ ਅਤੇ ਹੋਰ ਪਤਵੰਤੇ ਸੱਜਣਾਂ ਨੇ ਗੁਰੂ ਕੀਆਂ ਸੰਗਤਾਂ ਦੀ ਸੇਵਾ ਦਾ ਖਾਸ ਖਿਆਲ ਰੱਖਿਆ। ਲੰਗਰ ਦੀ ਸੇਵਾ ਸ. ਕਰਮਜੀਤ ਸਿੰਘ ਅਤੇ ਡਾ. ਗੁਰਨਾਮ ਸਿੰਘ ਪੰਨੂ ਦੇ ਪਰਿਵਾਰਾਂ ਵਲੋਂ ਕੀਤੀ ਗਈ। ਹੋਰ ਜਾਣਕਾਰੀ ਪ੍ਰਧਾਨ ਕੁਲਦੀਪ ਸਿੰਘ ਬਰਾੜ ਫੋਨ 818-645-3098 ਤੋਂ ਹਾਸਲ ਕੀਤੀ ਜਾ ਸਕਦੀ ਹੈ।

# ਸਿੱਖ ਵਿਦਵਾਨਾਂ ਦੀ ਕਾਨਫਰੰਸ ਨੇ ਕੀਤਾ ਕੇਂਦਰੀ ਸਿੱਖਿਆ ਬਿੱਲ ਨੂੰ ਨਾਮਨਜ਼ੂਰ

**ਚੰਡੀਗੜ੍ਹ:** ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਵਲੋਂ ਇਥੇ ਗੁਰਦੁਆਰਾ ਕੰਥਾਲਾ ਸਾਹਿਬ ਵਿਖੇ ਬੀਤੀ 17 ਸਤੰਬਰ ਨੂੰ ਆਯੋਜਤ ਸਿੱਖ ਵਿਦਵਾਨਾਂ ਦੀ ਕਾਨਫਰੰਸ ਵਲੋਂ ਕੇਂਦਰ ਸਰਕਾਰ ਦੇ ਉਚ ਸਿੱਖਿਆ ਬਾਰੇ ਬਿੱਲ ਨੂੰ ਰੱਦ ਕਰ ਦਿੱਤਾ ਹੈ ਤੇ ਪੰਜਾਬ ਅਸੈਂਬਲੀ 'ਚ ਵੀ ਇਸ ਬਿੱਲ ਨੂੰ ਰੱਦ ਕਰਕੇ ਰਾਜ ਵਲੋਂ ਆਪਣਾ ਵਿਰੋਧ ਦਰਜ ਕਰਾਉਣ ਦੀ ਮੰਗ ਉਠਾਈ ਹੈ।

ਇਥੇ ਮੁੱਖ ਬੁਲਾਰਿਆਂ 'ਚ ਸਾਬਕਾ ਵੀ.ਸੀ. ਡਾ. ਐਸ.ਐਸ. ਜੌਹਲ, ਡਾ. ਐਸ.ਪੀ. ਸਿੰਘ, ਡਾ. ਦਰਸ਼ਨ ਸਿੰਘ, ਜੀ.ਐਸ. ਗਰੇਵਾਲ, ਸਿੱਖ ਕਨਫੈਡਰੇਸ਼ਨ ਦੇ ਕਰਤਾਰ ਸਿੰਘ, ਐਸ.ਜੀ.ਪੀ.ਸੀ. ਮੈਂਬਰ ਬੀਬੀ ਕਿਰਨਜੋਤ ਕੌਰ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਪ੍ਰਿੰ. ਰਾਮ ਸਿੰਘ, ਉਘੇ ਨਾਟਕਕਾਰ ਪ੍ਰਿੰ. ਆਤਮਜੀਤ ਸਿੰਘ, ਭਾਈ ਅਸ਼ੋਕ ਸਿੰਘ ਬਾਗੜੀਆ, ਬੀਬੀ ਬਲਜੀਤ ਕੌਰ, ਸਿੱਖ ਇੰਸਟੀਚਿਊਟ ਦੇ ਪ੍ਰਧਾਨ ਪ੍ਰੀਤਮ ਸਿੰਘ, ਸਾਬਕਾ ਆਈ.ਏ.ਐਸ. ਦੇ ਨਾਂ ਜ਼ਿਕਰਯੋਗ ਹਨ।

ਮੁੱਖ ਬੁਲਾਰੇ ਇਸ ਗੱਲ 'ਤੇ ਸਹਿਮਤ ਸਨ ਕਿ ਕੇਂਦਰ ਸਰਕਾਰ ਵਲੋਂ ਨੈਸ਼ਨਲ ਕਮਿਸ਼ਨ ਫਾਰ ਹਾਇਰ ਐਜੂਕੇਸ਼ਨ ਐਂਡ ਰਿਸਰਚ ਬਿੱਲ 2010 ਦਾ ਮਕਸਦ ਸਾਰੀਆਂ ਸ਼ਕਤੀਆਂ ਆਪਣੇ ਹੱਥ 'ਚ ਕਰਨਾ ਹੈ ਜੋ ਕਿ ਫੈਡਰਲ ਸਿਸਟਮ ਦੇ ਪੂਰੀ ਤਰ੍ਹਾਂ ਉਲਟ ਹੈ। ਡਾ. ਜੌਹਲ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ 1976 ਤੋਂ ਪਹਿਲਾਂ ਸਿੱਖਿਆ ਰਾਜਾਂ ਦਾ ਵਿਸ਼ਾ ਸੀ ਤੇ ਉਸਤੋਂ ਬਾਅਦ ਇਸ ਨੂੰ ਦੂਜੀ ਸੂਚੀ 'ਚ ਪਾ ਲਿਆ ਗਿਆ ਤੇ ਹੁਣ ਇਸ ਤੋਂ ਅੱਗੇ ਤੀਜੀ ਸੂਚੀ 'ਚ ਸ਼ਾਮਲ ਕਰਕੇ ਕੇਂਦਰ ਸਰਕਾਰ ਵਲੋਂ ਸਾਰੇ ਅਧਿਕਾਰ ਆਪਣੇ ਹੱਥ 'ਚ ਲੈਣ ਵਲ ਕਦਮ ਵਧਾਇਆ ਜਾ ਰਿਹਾ ਹੈ ਜੋ ਕਿ ਫੈਡਰਲ ਸਿਸਟਮ ਲਈ ਬਹੁਤ ਹੀ ਖਤਰਨਾਕ ਹੈ ਜਿਸ ਦਾ ਸਭ ਨੂੰ ਮਿਲ ਕੇ ਵਿਰੋਧ ਕਰਨਾ ਚਾਹੀਦਾ ਹੈ।

# ਤਖਤ ਸ੍ਰੀ ਹਜ਼ੂਰ ਸਾਹਿਬ ਨੂੰ ਸਿੱਧੀ ਉਡਾਣ ਸ਼ੁਰੂ

**ਨਵੀਂ ਦਿੱਲੀ:** ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਕਰਨ ਦੀ ਚਾਹਵਾਨ ਸੰਗਤ ਦੀ ਸਹੂਲਤ ਲਈ ਦਿੱਲੀ ਸਿੱਧੀ ਹਵਾਈ ਸੇਵਾ ਸ਼ੁਰੂ ਕੀਤੀ ਗਈ ਹੈ। ਤਖਤ ਸ੍ਰੀ ਹਜ਼ੂਰ ਸਾਹਿਬ ਲਈ ਉਦਘਾਟਨੀ ਉਡਾਣ ਵਿਚ ਭਾਈ ਸਤਪਾਲ ਸਿੰਘ ਖਾਲਸਾ, ਚੇਅਰਮੈਨ ਗੁਰੂ ਰਾਮ ਦਾਸ ਸਿੱਖ ਮਿਸ਼ਨ ਆਫ ਅਮਰੀਕਾ ਅਤੇ ਐਂਬੈਸਡਰ ਸਿੱਖ ਧਰਮਾ ਆਪਣੇ ਜਥੇ ਨਾਲ ਗਏ। ਉਨ੍ਹਾਂ ਨਾਲ ਘੱਟਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਸ. ਤਰਲੋਚਨ ਸਿੰਘ, ਲਾਅ ਅਤੇ ਜਨਰਲ ਪਰਪਸ ਕਮੇਟੀ-ਐਮ.ਸੀ.ਡੀ. ਦਿੱਲੀ ਦੇ ਚੇਅਰਮੈਨ ਸ. ਮਨਜਿੰਦਰ ਸਿੰਘ ਸਿਰਸਾ ਵੀ ਸਨ।

ਹਜ਼ੂਰ ਸਾਹਿਬ ਲਈ ਇਹ ਸਿੱਧੀ ਉਡਾਣ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਸ਼ਾਸਕ ਸ. ਪਰਮਿੰਦਰ ਸਿੰਘ ਪਸਰੀਚਾ ਦੇ ਉਦਮ ਸਦਕਾ ਹੀ ਸੰਭਵ ਹੋ ਸਕੀ।। ਤਖਤ ਸ੍ਰੀ ਹਜ਼ੂਰ ਸਾਹਿਬ ਦੇ ਨਿਗਰਾਨ ਸ. ਡੀ.ਪੀ. ਸਿੰਘ ਨੇ ਦੱਸਿਆ ਕਿ ਯਾਤਰੂਆਂ ਦੀ ਸਹੂਲਤ ਲਈ ਆਧੁਨਿਕ ਸਹੂਲਤਾਂ ਵਾਲੀਆਂ ਸਰਾਵਾਂ ਬਣ ਕੇ ਤਿਆਰ ਹੋ ਚੁਕੀਆਂ ਹਨ। ਹੁਣ ਤਕ 1250 ਕਮਰੇ ਬਣ ਕੇ ਤਿਆਰ ਹੋ ਚੁੱਕੇ ਹਨ ਜਿਨ੍ਹਾਂ ਵਿਚੋਂ 625 ਕਮਰੇ ਏ.ਸੀ. ਵਾਲੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਬਣ ਕੇ ਤਿਆਰ ਹੋ ਚੁੱਕਾ ਹੈ। ਜਿੱਥੇ ਕੋਈ ਵੀ ਜਗਿਆਸੂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਇਤਿਹਾਸ ਸਬੰਧੀ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ।


## ਬੇ-ਏਰੀਆ ਕਾਲਜ ਆਫ ਨਰਸਿੰਗ

**...ਜਿਥੇ ਕੋਈ ਵੇਟਿੰਗ ਲਿਸਟ ਨਹੀਂ! ਰਜਿਸਟਰ ਹੋਵੋ ਤੇ ਨਰਸ ਬਣੋ!**

* ਇੰਡੀਆ ਤੋਂ ਵੀ ਵਿਦਿਆਰਥੀ M-1 ਵੀਜ਼ੇ ਰਾਹੀਂ ਦਾਖਲ ਹੋ ਸਕਦੇ ਹਨ।
* ਨਰਸਿੰਗ ਅਸਿਸਟੈਂਟ ਦੀਆਂ ਕਲਾਸਾਂ ਇਕ ਮਹੀਨੇ ਵਿਚ ਪੂਰੀਆਂ ਕਰੋ।
* ਵੋਕੇਸ਼ਨਲ ਨਰਸ ਦੀਆਂ ਕਲਾਸਾਂ 13 ਮਹੀਨਿਆਂ ਵਿਚ ਪੂਰੀਆਂ ਕਰੋ, ਫਿਰ ਬੋਰਡ ਦੀ ਪਰੀਖਿਆ ਪਾਸ ਕਰ ਕੇ LVN ਬਣੋ।
* ਹੋਰ ਤੇ ਹੋਰ, ਆਉਂਦੀਆਂ ਸਰਦੀਆਂ ਨੂੰ 8 ਮਹੀਨਿਆਂ ਵਿਚ RN ਦਾ ਕੋਰਸ ਵੀ ਕਰੋ।

BAY AREA COLLEGE OF NURSING 2004



**ਬੇ-ਏਰੀਆ ਵਿਚ ਤਿੰਨ ਲੋਕੇਸ਼ਨਾਂ**

-ਪਾਲੋ ਆਲਟੋ ਫੋਨ: 650-858-6810
-ਸੈਨ ਹੋਜ਼ੇ ਫੋਨ: 408-280-6888
-ਡੇਲੀ ਸਿਟੀ ਫੋਨ: 650-755-6888

**3 Locations in Bay Area:**

- Palo Alto (650) 858-6810
- San Jose (408) 280-6888
- Daly City (650) 755-6888

ਪੰਜਾਬੀ ਵਿਚ ਜਾਣਕਾਰੀ ਲੈਣ ਲਈ ਪਾਲੋ ਆਲਟੋ ਲੋਕੇਸ਼ਨ ਤੇ ਕਮਲਪ੍ਰੀਤ ਟੂਟ ਨੂੰ ਫੋਨ ਕਰੋ ਜੀ।

www.bayareacollege.net

## ਆਪਣਾ ਕਰੈਡਿਟ ਬਚਾਓ / FORECLOSURE ਤੋਂ ਬਚੋ

SELL YOUR HOME FOR CASH TODAY
#1 SHORT SALE EXPERT

CALL TOADY & STOP WORRYING

Manjit Gill - 209.524.4008
Real Estate & Loans - 510.415.2368

**ਸਸਤੀ ਅਤੇ ਵਧੀਆ ਇੰਸ਼ੋਰੈਂਸ**

**GILL FINANCIAL & INSURANCE**



Manjit Gill
President
CA Lic#0B23990

- AUTO
- HOME
- LIFE
- HEALTH
- LIQUOR STORES
- GAS STATIONS
- TRUCK INSURANCE

EDUCATION FUNDING
RETIREMENT ਦੇ ਵਧੀਆ PROGRAM

ਅੱਜ ਹੀ ਕਾਲ ਕਰੋ

510-415-2368 / 209-524-4008

www.gillfinancial.com

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਵੱਖ ਗੁਰਦੁਆਰਾ ਕਮੇਟੀ ਲਈ ਹਰਿਆਣਾ ਦੇ ਸਿੱਖਾਂ ਵੱਲੋਂ ਸੰਘਰਸ਼ ਸ਼ੁਰੂ

## ਮੰਗ ਨਾ ਮੰਨੇ ਜਾਣ ਤੱਕ ਗ੍ਰਿਫ਼ਤਾਰੀਆਂ ਦਾ ਐਲਾਨ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਕਾਂਗਰਸ ਸਰਕਾਰ ਦੀ ਟਾਲ-ਮਟੋਲ ਦੀ ਨੀਤੀ ਤੋਂ ਅੱਕ ਕੇ ਹਰਿਆਣਾ ਦੇ ਸਿੱਖਾਂ ਨੇ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਲਈ ਮੁੜ ਸੰਘਰਸ਼ ਸ਼ੁਰੂ ਕਰ ਦਿੱਤਾ ਹੈ। ਵੱਖਰੀ ਕਮੇਟੀ ਦੇ ਹਮਾਇਤੀਆਂ ਨੇ ਅਕਾਲੀ ਦਲ (ਬ) ਦੀ ਅਲੋਚਨਾ ਦੇ ਨਾਲ ਹੀ ਹਰਿਆਣਾ ਸਰਕਾਰ 'ਤੇ ਵਾਅਦਾ ਖ਼ਿਲਾਫ਼ੀ ਦਾ ਦੋਸ਼ ਲਾਉਂਦਿਆਂ ਕਿਹਾ ਹੈ ਕਿ ਹੁੱਡਾ ਸਰਕਾਰ ਨੇ ਉਨ੍ਹਾਂ ਨਾਲ ਧੋਖਾ ਕੀਤਾ ਹੈ। ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਦੂਜੀ ਵਾਰ ਸੱਤਾ ਹਾਸਲ ਕਰਨ ਲਈ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿੱਖਾਂ ਨਾਲ ਵਾਅਦਾ ਕੀਤਾ ਸੀ ਕਿ ਸਰਕਾਰ ਬਣਨ ਤੋਂ ਬਾਅਦ ਹਰਿਆਣਾ 'ਚ ਵੱਖਰੀ ਗੁਰਦੁਆਰਾ ਕਮੇਟੀ ਬਣਾਈ ਜਾਵੇਗੀ ਪਰ ਸੱਤਾ ਹਾਸਲ ਕਰਨ ਤੋਂ ਬਾਅਦ ਹੁੱਡਾ ਸਰਕਾਰ ਸਿੱਖਾਂ ਦੀ ਇਸ ਮੰਗ ਪ੍ਰਤੀ ਟਾਲ-ਮਟੋਲ ਦੀ ਨੀਤੀ ਅਪਨਾ ਰਹੀ ਹੈ। ਇਸ ਤੋਂ ਅੱਕ ਕੇ ਸਿੱਖਾਂ ਨੇ ਮੁੜ ਸੰਘਰਸ਼ ਸ਼ੁਰੂ ਕੀਤਾ ਹੈ ਜਿਸ ਤਹਿਤ 15 ਸਤੰਬਰ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲਣ ਦੀ ਕੋਸ਼ਿਸ਼ ਕੀਤੀ ਪਰ ਪੁਲੀਸ ਪ੍ਰਸ਼ਾਸਨ ਨੇ ਸਖ਼ਤੀ ਵਰਤਦਿਆਂ ਇਸ ਨੂੰ ਅਸਫਲ ਬਣਾ ਦਿੱਤਾ ਤੇ ਅਨੇਕਾਂ ਸਿੱਖ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ।

ਹਰਿਆਣਾ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਦੀ 45 ਹਮਾਇਤੀਆਂ ਸਮੇਤ ਗ੍ਰਿਫ਼ਤਾਰੀ ਤੋਂ ਬਾਅਦ ਸਿੱਖਾਂ ਨੇ ਐਲਾਨ ਕੀਤਾ ਹੈ ਕਿ ਉਹ ਹੁਣ ਵੱਖਰੀ ਕਮੇਟੀ ਬਣਨ ਤੱਕ ਸੰਘਰਸ਼ ਜਾਰੀ ਰੱਖਣਗੇ ਤੇ ਰੋਜ਼ਾਨਾ 11 ਮੈਂਬਰੀ ਜਥਾ ਗ੍ਰਿਫ਼ਤਾਰੀ ਦੇਵੇਗਾ। ਗ੍ਰਿਫ਼ਤਾਰੀ ਮੁਹਿੰਮ ਦੇ ਪ੍ਰਧਾਨ ਜਰਨੈਲ ਸਿੰਘ ਅਜਰਾਨਾ ਨੇ ਕਿਹਾ ਕਿ ਹੁਣ ਹਰਿਆਣਾ ਦੇ ਸਿੱਖ ਆਪਣਾ ਹੱਕ ਲੈ ਕੇ ਰਹਿਣਗੇ ਚਾਹੇ ਇਸ ਲਈ ਕੋਈ ਵੀ ਕੁਰਬਾਨੀ ਕਿਉਂ ਨਾ ਦੇਣੀ ਪਏ। ਉਨ੍ਹਾਂ ਕਿਹਾ ਮੰਗ ਪੂਰੀ ਨਾ ਹੋਣ ਤੱਕ ਉਹ ਰੋਜ਼ਾਨਾ ਗੁਰਦੁਆਰਾ 6ਵੀਂ ਪਾਤਸ਼ਾਹੀ, ਕੁਰਕਸ਼ੇਤਰ ਪਹੁੰਚ ਕੇ ਗ੍ਰਿਫ਼ਤਾਰੀ ਦਿੰਦੇ ਰਹਿਣਗੇ। ਹਰਿਆਣਾ ਦੇ ਸਿੱਖਾਂ ਨੇ ਹੁਣ ਅਕਾਲੀ ਦਲ (ਬ) ਤੇ ਸ਼੍ਰੋਮਣੀ ਅਕਾਲੀ ਗੁਰਦੁਆਰਾ ਕਮੇਟੀ ਅੰਮ੍ਰਿਤਸਰ ਦੇ ਨਾਲ-ਨਾਲ ਹਰਿਆਣਾ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਵੱਖਰੀ ਕਮੇਟੀ ਦੀ ਮੰਗ ਕਰ ਰਹੇ ਸਿੱਖ 'ਗੋਲਕ ਚੋਰ ਮੁਰਦਾਬਾਦ', 'ਮੱਕੜ-ਬਾਦਲ ਮੁਰਦਾਬਾਦ' ਦੇ ਨਾਲ ਹੀ ਹੁੱਡਾ ਸਰਕਾਰ ਨੂੰ ਰਗੜੇ ਲਾ ਰਹੇ ਹਨ।

ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਹੈ ਕਿ ਵੱਖਰੀ ਕਮੇਟੀ ਦੀ ਮੰਗ ਕਰਨ ਵਾਲੇ ਆਗੂ ਹਰਿਆਣਾ ਵਿੱਚ ਵੱਸਦੇ ਸਿੱਖਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਤੇ ਸਿੱਖ ਭਾਈਚਾਰੇ ਵਿੱਚ ਕੁੜੱਤਣ ਪੈਦਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਆਗੂ ਹਰਿਆਣਾ ਦੀ ਸਿੱਖ ਸੰਗਤ ਦੀ ਨੁਮਾਇੰਦਗੀ ਨਹੀਂ ਕਰਦੇ ਤੇ ਨਾ ਹੀ ਸਿੱਖਾਂ ਨੂੰ ਵੰਡਣ ਦਾ ਇਨ੍ਹਾਂ ਦਾ ਮੰਤਵ ਕਦੇ ਪੂਰਾ ਹੋ ਸਕਦਾ ਹੈ। ਇਸੇ ਦੌਰਾਨ ਇਹ ਵੀ ਚਰਚਾ ਹੈ ਕਿ ਹਰਿਆਣਾ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਐਡਹਾਕ ਦੇ ਆਗੂਆਂ ਨੂੰ ਯਰਕਾਉਣ ਲਈ ਪੰਜਾਬ ਸਰਕਾਰ ਉਨ੍ਹਾਂ 'ਤੇ ਪੰਜਾਬ ਵਿੱਚ ਨਾਜਾਇਜ਼ ਕੇਸ ਪਾ ਕੇ ਉਲਝਾਉਣ ਤੇ ਇਨ੍ਹਾਂ ਦੇ ਪੰਜਾਬ ਵਿੱਚ ਸਰਕਾਰੀ ਨੌਕਰੀਆਂ ਕਰਦੇ ਰਿਸ਼ਤੇਦਾਰਾਂ ਨੂੰ ਡਰਾ ਧਮਕਾ ਕੇ ਦਬਾਅ ਬਣਾਉਣ ਦੀ ਯੋਜਨਾ ਬਣਾ ਰਹੀ ਹੈ। ਪੰਜਾਬ ਦੇ ਅਕਾਲੀ ਇਸ ਬਾਰੇ ਵੱਖਰੀ ਕਮੇਟੀ ਦੀ ਮੰਗ ਕਰਨ ਵਾਲੇ ਆਗੂਆਂ ਤੇ ਪੰਜਾਬ 'ਚ ਉਨ੍ਹਾਂ ਦੇ ਰਿਸ਼ਤੇਦਾਰਾਂ ਦੀ ਸੂਚੀ ਵੀ ਤਿਆਰ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਪਿਛਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਹਰਿਆਣਾ ਦੀਆਂ 11 ਸੀਟਾਂ ਵਿਚੋਂ 7 ਸੀਟਾਂ ਹਰਿਆਣਾ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਐਡਹਾਕ ਨੇ ਜਿੱਤੀਆਂ ਸਨ ਜਦੋਂਕਿ ਅਕਾਲੀ ਦਲ (ਬਾਦਲ) ਨੂੰ ਚਾਰ ਸੀਟਾਂ ਹੀ ਮਿਲੀਆਂ ਸਨ ਜਿਸ ਤੋਂ ਸਿੱਧ ਹੋਇਆ ਸੀ ਕਿ ਹਰਿਆਣਾ ਦੇ ਬਹੁਮੱਤ ਸਿੱਖ ਵੱਖਰੀ ਕਮੇਟੀ ਦੇ ਹੱਕ 'ਚ ਹਨ ਪਰ ਸ਼੍ਰੋਮਣੀ ਅਕਾਲੀ ਗੁਰਦੁਆਰਾ ਕਮੇਟੀ ਅੰਮ੍ਰਿਤਸਰ 'ਤੇ ਕਈ ਦਹਾਕਿਆਂ ਤੋਂ ਕਾਬਜ਼ ਸ਼੍ਰੋਮਣੀ ਅਕਾਲੀ ਦਲ (ਬਾਦਲ) ਕਿਸੇ ਵੀ ਕੀਮਤ 'ਤੇ ਹਰਿਆਣਾ ਦੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਉਥੋਂ ਦੇ ਸਿੱਖਾਂ ਹਵਾਲੇ ਕਰਨ ਲਈ ਤਿਆਰ ਨਹੀਂ। ਇਸ ਲਈ ਸ਼੍ਰੋਮਣੀ ਅਕਾਲੀ ਦਲ (ਬਾਦਲ) ਆਗਾਮੀ ਸ਼੍ਰੋਮਣੀ ਕਮੇਟੀ ਚੋਣਾਂ 'ਚ ਵੱਖਰੀ ਕਮੇਟੀ ਦੇ ਹਮਾਇਤੀਆਂ ਦਾ ਸਫਾਇਆ ਕਰਨ ਦੇ ਰੌਂਅ 'ਚ ਹੈ ਤੇ ਇਸ ਲਈ ਉਹ ਹਰਬਾ ਵਰਤਣ ਲਈ ਤਿਆਰ ਹੈ।

# ਰਿਆਤ ਝੂਠੀ ਗਵਾਹੀ ਦੇਣ ਸਬੰਧੀ ਦੋਸ਼ੀ ਕਰਾਰ

ਦਾ ਦੋਸ਼ੀ ਕਰਾਰ ਦਿੱਤਾ ਹੈ। ਉਸ ਨੂੰ ਇਸ ਸਬੰਧੀ 14 ਸਾਲ ਤਕ ਕੈਦ ਦੀ ਸਜ਼ਾ ਸੁਣਾਈ ਜਾ ਸਕਦੀ ਹੈ। ਸਜ਼ਾ ਦਾ ਐਲਾਨ ਬਾਅਦ 'ਚ ਕੀਤਾ ਜਾਵੇਗਾ।

ਰਿਆਤ ਦੇ ਵਕੀਲ ਇਆਨ ਡੋਨਲਡਸਨ ਨੇ ਦਲੀਲ ਦਿੱਤੀ ਕਿ ਉਸ ਨੂੰ ਹਿਰਾਸਤ ਵਿਚ ਨਾ ਲਿਆ ਜਾਵੇ ਤਾਂ ਕਿ ਉਹ ਸਜ਼ਾ ਸੁਣਾਉਣ ਸਬੰਧੀ ਅਦਾਲਤ ਵਿਚ 17 ਨਵੰਬਰ ਨੂੰ ਹੋਣ ਵਾਲੀ ਸੁਣਵਾਈ ਦੀ ਤਿਆਰੀ ਕਰ ਸਕੇ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਅਜਿਹਾ ਕਦੇ ਨਹੀਂ ਵਾਪਰਿਆ ਜਦੋਂ ਝੂਠੀ ਗਵਾਹੀ ਦੇਣ ਦੇ ਦੋਸ਼ੀ ਨੂੰ ਸਜ਼ਾ ਸੁਣਾਏ ਜਾਣ ਤੋਂ ਪਹਿਲਾਂ ਬੰਦੀ ਬਣਾਇਆ ਗਿਆ ਹੋਵੇ। ਉਨ੍ਹਾਂ ਇਹ ਦਲੀਲ ਵੀ ਦਿੱਤੀ ਕਿ ਜੁਲਾਈ 2008 ਵਿਚ ਜ਼ਮਾਨਤ ਉਤੇ ਰਿਹਾਅ ਹੋਣ ਪਿਛੋਂ ਰਿਆਤ ਨੇ ਜ਼ਮਾਨਤ ਦੀਆਂ ਸ਼ਰਤਾਂ ਦਾ 'ਪੂਰੀ ਤਰ੍ਹਾਂ' ਪਾਲਣ ਕੀਤਾ ਹੈ। ਉਨ੍ਹਾਂ ਕਿਹਾ, "ਜ਼ਮਾਨਤ ਦੇ ਇਸ ਦੋ ਸਾਲ ਤੋਂ ਵੱਧ ਸਮੇਂ ਦੌਰਾਨ ਕਿਸੇ ਉਲੰਘਣਾਂ ਦਾ ਇਕ ਵੀ ਵੇਰਵਾ ਨਹੀਂ ਮਿਲਦਾ।"

ਇਸ ਦੇ ਬਾਵਜੂਦ ਕੋਲੰਬੀਆ ਸੁਪਰੀਮ ਕੋਰਟ ਦੇ ਜੱਜ ਮਾਰਕ ਮੈਕਇਵਾਨ ਨੇ ਰਿਆਤ ਨੂੰ ਤੁਰਤ ਹਿਰਾਸਤ ਵਿਚ ਲੈਣ ਦਾ ਹੁਕਮ ਸੁਣਾਇਆ। ਉਨ੍ਹਾਂ ਕਿਹਾ, "ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਕਿ ਜਿਊਰੀ ਨੇ ਸ੍ਰੀ ਰਿਆਤ ਨੂੰ ਬਹੁਤ ਗੰਭੀਰ ਦੋਸ਼ਾਂ ਲਈ ਮੁਜਰਮ ਕਰਾਰ ਦਿੱਤਾ ਹੈ, ਮੈਂ ਸਮਝਦਾ ਹਾਂ ਕਿ ਅਜਿਹਾ ਕੀਤਾ ਜਾਣਾ ਨਿਆਂ ਵਾਸਤੇ ਜ਼ਰੂਰੀ ਹੈ।"

ਗੌਰਤਲਬ ਹੈ ਕਿ ਕਨਿਸ਼ਕ ਜਹਾਜ਼ 23 ਜੂਨ, 1985 ਨੂੰ ਧਮਾਕੇ ਕਾਰਨ ਆਇਰਲੈਂਡ ਦੇ ਲਾਗੇ ਅੰਧ ਮਹਾਂਸਾਗਰ ਵਿਚ ਡਿੱਗ ਪਿਆ ਸੀ ਅਤੇ ਇਸ ਵਿਚ ਸਵਾਰ ਸਾਰੇ 329 ਵਿਅਕਤੀ ਮਾਰੇ ਗਏ ਸਨ। ਰਿਆਤ ਨੂੰ ਇਸ ਮਾਮਲੇ ਵਿਚ ਹੁਣ ਤਕ ਤਿੰਨ ਵਾਰੀ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ। ਪਹਿਲੀ ਵਾਰੀ ਉਸ ਨੂੰ 1991 ਵਿਚ ਜਪਾਨ ਦੇ ਨਾਰੀਤਾ ਹਵਾਈ ਅੱਡੇ ਉਪਰ ਬੰਬ ਫਟਣ ਦੇ ਕੇਸ ਵਿਚ ਦੋਸ਼ੀ ਠਹਿਰਾਇਆ ਗਿਆ ਸੀ ਜਿਸ ਵਿਚ ਉਸ ਵੱਲੋਂ ਬਣਾਏ ਬੰਬ ਦੇ ਏਅਰਪੋਰਟ 'ਤੇ ਹੀ ਫੱਟ ਜਾਣ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ ਸੀ। ਫਿਰ ਉਸ ਨੇ ਫਰਵਰੀ 2003 ਵਿਚ 'ਬਿਨਾਂ ਇਰਾਦਾ ਮਾਨਵ ਹੱਤਿਆ' ਵਿਚ ਆਪਣਾ ਦੋਸ਼ ਮੰਨਦੇ ਹੋਏ ਕਿਹਾ ਸੀ ਕਿ ਉਸ ਨੇ ਬੰਬ ਬਣਾਉਣ ਦੇ ਉਹ ਪੁਰਜ਼ੇ ਖਰੀਦੇ ਸਨ ਜਿਹੜੇ ਫਲਾਈਟ 182 'ਤੇ ਸਵਾਰ ਸਾਰੇ 329 ਵਿਅਕਤੀਆਂ ਦੀ ਮੌਤ ਦਾ ਕਾਰਨ ਬਣੇ ਸਨ। ਨਾਰੀਤਾ ਹਵਾਈ ਅੱਡੇ 'ਤੇ ਧਮਾਕੇ ਸਬੰਧੀ ਉਸ ਨੇ 10 ਸਾਲ ਕੈਦ ਕੱਟੀ ਹੈ। ਉਹ ਜੁਲਾਈ 2008 ਤੋਂ ਜ਼ਮਾਨਤ ਉਤੇ ਜੇਲ੍ਹ ਤੋਂ ਬਾਹਰ ਸੀ। ਇਸੇ ਦੌਰਾਨ ਕਨਿਸ਼ਕ ਹਾਦਸੇ 'ਚ ਮਾਰੇ ਗਏ ਇਕ ਵਿਅਕਤੀ ਦੇ ਰਿਸ਼ਤੇਦਾਰ ਨੇ ਸਵਾਲ ਉਠਾਇਆ ਕਿ ਕੀ ਕਦੀ ਸਿੱਖ ਭਾਈਚਾਰਾ ਸਭ ਹੋਏ ਬੀਤੇ 'ਤੇ ਅੰਤਰਝਾਤ ਮਾਰੇਗਾ?

# ਅਯੁਧਿਆ ਬਾਰੇ ਸੰਭਾਵਤ ਫੈਸਲਾ ਕੇਂਦਰ ਦੀ ਮੁੱਖ ਚਿੰਤਾ

ਅਦਾਲਤ ਵਿਚ ਅਰਜ਼ੀ ਦੇ ਕੇ ਗੱਲਬਾਤ ਰਾਹੀਂ ਮਾਮਲੇ ਨੂੰ ਹੱਲ ਕਰਨ ਦਾ ਮੌਕਾ ਦੇਣ ਲਈ ਫੈਸਲੇ ਦੀ ਤਰੀਕ ਟਾਲਣ ਦੀ ਬੇਨਤੀ ਕੀਤੀ ਸੀ। ਇਸ ਤੋਂ ਪਹਿਲਾਂ ਵਾਦ-ਵਿਵਾਦ ਵਾਲੀ ਰਾਮ ਜਨਮਭੂਮੀ-ਬਾਬਰੀ ਮਸਜਿਦ ਦੀ ਇਕ ਧਿਰ ਨਿਰਮੋਹੀ ਅਖਾੜੇ ਨੇ ਗੱਲਬਾਤ ਰਾਹੀਂ ਮਸਲੇ ਦੇ ਹੱਲ ਲਈ ਆਪਣੀ ਅਰਜ਼ੀ ਦਿੱਤੀ ਸੀ। ਅਖਾੜੇ ਦੇ ਵਕੀਲ ਰਣਜੀਤ ਲਾਲ ਵਰਮਾ ਨੇ ਅਦਾਲਤ ਵਿਚ ਇਸ ਸਬੰਧੀ ਹਲਫ਼ੀਆ ਬਿਆਨ ਦਾਖਲ ਕਰਕੇ ਕਿਹਾ ਸੀ ਕਿ ਜੇ ਮਿੱਥੀ ਤਰੀਕ ਅੰਦਰ ਗੱਲਬਾਤ ਰਾਹੀਂ ਇਸ ਮਸਲੇ ਦਾ ਹੱਲ ਲੱਭ ਲਿਆ ਜਾਏ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਅਰਜ਼ੀ 'ਚ ਇਹ ਵੀ ਕਿਹਾ ਗਿਆ ਸੀ ਕਿ ਜੇ 24 ਸਤੰਬਰ ਦੀ ਫੈਸਲੇ ਦੀ ਪ੍ਰਸਤਾਵਿਤ ਤਰੀਕ ਨੂੰ ਦੋ-ਤਿੰਨ ਦਿਨ ਲਈ ਅੱਗੇ ਪਾ ਦਿੱਤਾ ਜਾਵੇ ਤਾਂ ਵੀ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਪਰ ਅਦਾਲਤ ਨੇ ਅਖਾੜੇ ਦੀ ਬੇਨਤੀ 'ਤੇ ਸੁਣਵਾਈ ਹੀ ਨਹੀਂ ਕੀਤੀ।

ਤ੍ਰਿਪਾਠੀ ਦੀ ਅਰਜ਼ੀ ਨੂੰ ਰੱਦ ਕਰਨ ਬਾਰੇ ਫੈਸਲਾ ਵਿਸ਼ੇਸ਼ ਬੈਂਚ ਦੇ ਤਿੰਨ ਜੱਜਾਂ ਨੇ ਸੁਣਾਇਆ। ਅਦਾਲਤ ਨੇ ਕਿਹਾ ਕਿ ਰਮੇਸ਼ ਚੰਦਰ ਤ੍ਰਿਪਾਠੀ ਨੇ ਫੋਕੀ ਸ਼ੋਹਰਤ ਹਾਸਲ ਕਰਨ ਲਈ ਇਹ ਅਰਜ਼ੀ ਦਾਖਲ ਕੀਤੀ ਹੈ। ਅਰਜ਼ੀ ਵਿਚ ਕਿਹਾ ਗਿਆ ਸੀ ਕਿ ਅਗਲੇ ਮਹੀਨੇ ਦੇਸ਼ 'ਚ ਰਾਸ਼ਟਰ ਮੰਡਲ ਖੇਡਾਂ ਹੋ ਰਹੀਆਂ ਹਨ, ਇਸ ਲਈ ਇਹ ਫੈਸਲਾ ਅੱਗੇ ਪਾ ਦੇਣਾ ਚਾਹੀਦਾ ਹੈ। ਤ੍ਰਿਪਾਠੀ ਨੇ ਦਲੀਲ ਦਿੱਤੀ ਸੀ ਕਿ ਮਾਲਿਕਾਨਾ ਹੱਕ ਦੇ ਫੈਸਲੇ ਨਾਲ ਦੇਸ਼ 'ਚ ਫਿਰਕੂ ਤਣਾਓ ਪੈਦਾ ਹੋਵੇਗਾ ਅਤੇ ਹਿੰਸਾ ਫੈਲਣ ਦੀ ਸੰਭਾਵਨਾ ਹੈ। ਤ੍ਰਿਪਾਠੀ ਦੀ ਪਟੀਸ਼ਨ ਵਿਚ ਇਹ ਵੀ ਕਿਹਾ ਗਿਆ ਸੀ ਕਿ ਦੇਸ਼ ਅਤਿਵਾਦ, ਮਾਓਵਾਦ ਆਦਿ ਦੀਆਂ ਕਈ ਸਮੱਸਿਆਵਾਂ ਨਾਲ ਜੂਝ ਰਿਹਾ ਹੈ ਅਤੇ ਫੈਸਲੇ ਨੂੰ 10 ਦਿਨ ਲਈ ਅੱਗੇ ਪਾਇਆ ਜਾਣਾ ਚਾਹੀਦਾ ਹੈ।

ਵਕੀਲ ਅਗਨੀਹੋਤਰੀ ਵਲੋਂ ਅਦਾਲਤ 'ਚ ਮੁਕੱਦਮੇ ਦੀ ਸੁਣਾਈ ਦੌਰਾਨ ਸ੍ਰੀ ਤ੍ਰਿਪਾਠੀ ਦੇ ਹਾਜ਼ਰ ਨਾ ਹੋਣ ਬਾਰੇ ਕੀਤੀ ਟਿੱਪਣੀ ਵੀ ਜ਼ਿਕਰਯੋਗ ਹੈ ਕਿ ਹੁਣ ਉਹ (ਤ੍ਰਿਪਾਠੀ) ਇਹ ਦਿਖਾਉਣਾ ਚਾਹੁੰਦੇ ਹਨ ਕਿ ਉਹ ਇਸ ਮਾਮਲੇ ਪ੍ਰਤੀ ਕਿੰਨੇ ਸੰਜੀਦਾ ਹਨ। ਉਨ੍ਹਾਂ ਦੋਸ਼ ਲਾਇਆ ਕਿ ਤ੍ਰਿਪਾਠੀ ਦੇ ਪਿੱਛੇ ਕੋਈ ਹੋਰ ਹੈ ਜੋ ਉਨ੍ਹਾਂ ਤੋਂ ਇਹ ਸਭ ਕਰਵਾ ਰਿਹਾ ਹੈ, ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਉਹ ਕੌਣ ਹੈ। ਇਸ ਦਾ ਜਵਾਬ ਤਾਂ ਵਿਸ਼ਵ ਹਿੰਦੂ ਪ੍ਰੀਸ਼ਦ ਹੀ ਦੇ ਸਕਦੀ ਹੈ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਇਲਾਹਾਬਾਦ ਹਾਈਕੋਰਟ ਨੇ ਇਸ ਮਾਮਲੇ ਨਾਲ ਜੁੜੀਆਂ ਦੋਵੇਂ ਧਿਰਾਂ ਨੂੰ ਅਦਾਲਤ ਤੋਂ ਬਾਹਰ ਸਮਝੌਤਾ ਕਰਨ ਦੀ ਤਜਵੀਜ਼ ਦਿੱਤੀ ਸੀ, ਪਰ ਹਾਈਕੋਰਟ ਦੀਆਂ ਇਨ੍ਹਾਂ ਕੋਸ਼ਿਸ਼ਾਂ ਨੂੰ ਉਸ ਸਮੇਂ (17 ਸਤੰਬਰ) ਨੂੰ ਵੱਡਾ ਝਟਕਾ ਲੱਗਾ, ਜਦੋਂ ਦੋਵਾਂ ਧਿਰਾਂ ਨੇ ਕਿਸੇ ਵੀ ਸਮਝੌਤੇ ਦੀ ਸੰਭਾਵਨਾ ਤੋਂ ਇਨਕਾਰ ਕਰ ਦਿੱਤਾ। ਮਾਮਲੇ 'ਚ ਪ੍ਰਮੁੱਖ ਭੂਮਿਕਾ ਨਿਭਾ ਰਹੇ ਅਖਿਲ ਭਾਰਤੀ ਹਿੰਦੂ ਮਹਾਂਸਭਾ ਤੇ ਸੁੰਨੀ ਸੈਂਟਰਲ ਵਕਫ ਬੋਰਡ ਨੇ ਕਿਹਾ ਕਿ ਅਯੁੱਧਿਆ ਦਾ ਇਹ ਮੁੱਦਾ ਅਦਾਲਤ ਤੋਂ ਬਾਹਰ ਗੱਲਬਾਤ ਰਾਹੀਂ ਹੱਲ ਨਹੀਂ ਹੋ ਸਕਦਾ। ਦੋਵਾਂ ਧਿਰਾਂ ਨੇ ਨਿਆਂਪਾਲਿਕਾ 'ਤੇ ਪੂਰਨ ਭਰੋਸਾ ਪ੍ਰਗਟਾਇਆ ਅਤੇ ਫੈਸਲਾ ਆਉਣ ਤੋਂ ਬਾਅਦ ਹਿੰਸਾ ਦੀ ਗੱਲ ਪੂਰੀ ਤਰ੍ਹਾਂ ਨਕਾਰੀ।

ਇਸੇ ਦੌਰਾਨ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਨੇ ਕਿਹਾ ਹੈ ਕਿ ਇਸ ਮਾਮਲੇ ਦੇ ਫੈਸਲੇ 'ਤੇ ਉਨ੍ਹਾਂ ਦਾ ਪ੍ਰਤੀਕਰਮ ਕਾਨੂੰਨ ਅਤੇ ਸੰਵਿਧਾਨ ਦੇ ਘੇਰੇ ਵਿਚ ਹੋਵੇਗਾ। ਉਨ੍ਹਾਂ ਨਾਲ ਹੀ ਸੰਕੇਤ ਦਿੱਤਾ ਕਿ ਜੇ ਫੈਸਲਾ ਆਸ ਦੇ ਉਲਟ ਹੋਇਆ ਤਾਂ ਅਗਲਾ ਕਾਨੂੰਨੀ ਬਦਲ ਖੋਲ੍ਹਿਆ ਜਾ ਸਕਦਾ ਹੈ। ਫੈਸਲੇ ਬਾਰੇ ਉਨ੍ਹਾਂ ਦਾ ਪ੍ਰਤੀਕਰਮ ਲੋਕਾਂ ਦੀਆਂ ਇਛਾਵਾਂ ਅਨੁਸਾਰ ਹੀ ਹੋਵੇਗਾ। ਉਹ ਫੈਸਲੇ ਦੇ ਆਉਣ ਤੋਂ ਬਾਅਦ ਹੀ ਕੋਈ ਪ੍ਰਤੀਕਰਮ ਦੇਣਗੇ। ਉਨ੍ਹਾਂ ਸੰਕੇਤ ਦਿੱਤਾ ਕਿ ਜੇ ਇਲਾਹਾਬਾਦ ਹਾਈਕੋਰਟ ਦੇ ਫੈਸਲੇ ਨਾਲ ਕੋਈ ਧਿਰ ਸੰਤੁਸ਼ਟ ਨਹੀਂ ਹੁੰਦੀ ਤਾਂ ਉਹ ਸੁਪਰੀਮ ਕੋਰਟ ਜਾ ਸਕਦੀ ਹੈ। ਫੈਸਲੇ ਪਿੱਛੋਂ ਸਾਡੇ ਵਲੋਂ ਕੋਈ ਸਮੱਸਿਆ ਖੜ੍ਹੀ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਹ ਸਮਾਜ ਵਿਚ ਕਿਸੇ ਤਰ੍ਹਾਂ ਦੀਆਂ ਵੰਡੀਆਂ ਨਹੀਂ ਪਾਉਣਾ ਚਾਹੁੰਦੇ। ਉਹ ਇਸ ਮਸਲੇ ਨੂੰ ਹਿੰਦੂ-ਮੁਸਲਿਮ ਝਗੜੇ ਵਜੋਂ ਨਹੀਂ ਦੇਖ ਰਹੇ, ਸਗੋਂ ਇਹ ਕੌਮੀ ਕਦਰਾਂ-ਕੀਮਤਾਂ ਦੇ ਮਾਣ-ਸਨਮਾਨ ਦਾ ਮਸਲਾ ਹੈ।

ਭਾਜਪਾ ਦੇ ਸੀਨੀਅਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਸਮੇਤ ਕਈ ਨੇਤਾਵਾਂ ਅਤੇ ਧਾਰਮਿਕ ਸੰਗਠਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਫੈਸਲੇ ਨੂੰ ਲੈ ਕੇ ਸ਼ਾਂਤੀ ਬਣਾਈ ਰੱਖਣ ਅਤੇ ਫਿਰਕੂ ਤੱਤਾਂ ਦੇ ਬਹਿਕਾਵੇ 'ਚ ਨਾ ਆਉਣ। ਉਨ੍ਹਾਂ ਕਿਹਾ ਫੈਸਲੇ ਪਿੱਛੋਂ ਵੀ ਦੋਹਾਂ ਪੱਖਾਂ ਲਈ ਸੁਪਰੀਮ ਕੋਰਟ ਦਾ ਰਸਤਾ ਮੌਜੂਦ ਹੈ। ਉਧਰ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਕਾਨੂੰਨ ਨੂੰ ਆਪਣੇ ਹੱਥਾਂ 'ਚ ਨਹੀਂ ਲੈਣਾ ਚਾਹੀਦਾ ਅਤੇ ਗੜਬੜੀ ਮਚਾਉਣ ਵਾਲਿਆਂ ਦਾ ਵਿਰੋਧ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਇੰਡੀਅਨ ਯੂਨੀਅਨ ਮੁਸਲਿਮ ਲੀਗ ਨੇ ਲੋਕਾਂ ਨੂੰ ਫੈਸਲੇ ਦਾ ਸਨਮਾਨ ਕਰਨ ਦੀ ਅਪੀਲ ਕੀਤੀ ਹੈ।

24 ਸਤੰਬਰ ਨੂੰ ਸੁਣਾਏ ਜਾਣ ਵਾਲੇ ਫੈਸਲੇ ਪਿੱਛੋਂ ਪੈਦਾ ਹੋਣ ਵਾਲੇ ਹਾਲਤ ਦੀਆਂ ਸੰਭਾਵਨਾਵਾਂ ਨੂੰ ਦੇਖਦੇ ਹੋਏ ਪ੍ਰਧਾਨ ਮੰਤਰੀ ਅਤੇ ਕੈਬਨਿਟ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਧੀਰਜ ਅਤੇ ਸਦਭਾਵਨਾ ਬਣਾਈ ਰੱਖਣ। ਸੰਭਾਵੀ ਸਥਿਤੀ 'ਚ ਅਮਨ ਕਾਨੂੰਨ ਦੀ ਵਿਵਸਥਾ ਬਣਾਈ ਰੱਖਣ ਲਈ ਉਤਰ ਪ੍ਰਦੇਸ਼ ਸਰਕਾਰ ਨੇ ਨਾ ਸਿਰਫ ਕੇਂਦਰ ਸਰਕਾਰ ਕੋਲੋਂ ਸੁਰੱਖਿਆ ਦਸਤਿਆਂ ਦੀ ਮੰਗ ਕੀਤੀ ਹੈ, ਸਗੋਂ ਪੁਲੀਸ ਨੂੰ ਲੋੜੀਂਦੀਆਂ ਹਦਾਇਤਾਂ ਦੇ ਨਾਲ-ਨਾਲ ਪ੍ਰਸ਼ਾਸਨਿਕ ਕਿਰਿਆ ਵੀ ਚੁਸਤ ਦਰੁਸਤ ਕੀਤੀ ਹੈ। ਪਰ ਮੀਡੀਆ ਰਿਪੋਰਟਾਂ ਦਾ ਆਖਣਾ ਹੈ ਫੈਸਲੇ ਪਿੱਛੋਂ ਫਿਰਕੂ ਕਲੇਸ਼ ਦਾ ਖ਼ਤਰਾ ਉੱਤਰ ਪ੍ਰਦੇਸ਼ ਨਾਲੋਂ ਮੱਧ ਪ੍ਰਦੇਸ਼ ਵਿਚ ਜ਼ਿਆਦਾ ਹੈ।

ਇਸ ਸਬੰਧੀ ਖੁਫੀਆ ਰਿਪੋਰਟਾਂ ਨੂੰ ਮੁਖ ਰਖਦਿਆਂ ਕੇਂਦਰ ਨੇ ਅਯੁੱਧਿਆ 'ਚ ਵਿਵਾਦਤ ਭੂਮੀ ਦੇ ਮਾਲਕੀ ਹੱਕ ਦੇ ਫੈਸਲੇ ਪਿੱਛੋਂ ਕਾਨੂੰਨ ਵਿਵਸਥਾ ਨੂੰ ਸੰਭਾਲਣ ਲਈ ਉੱਤਰ ਪ੍ਰਦੇਸ਼ 'ਚ ਸਿਰਫ 40 ਕੰਪਨੀ ਅਰਧ ਸੈਨਿਕ ਬਲ ਭੇਜੇ ਜਾਣਗੇ ਪਰ ਮਾਇਆਵਤੀ ਸਰਕਾਰ ਨੇ ਇਸ ਦੇ ਲਈ 620 ਕੰਪਨੀ ਜਵਾਨ ਮੰਗੇ ਸਨ। ਦੇਸ਼ ਦੀ ਸੁਰੱਖਿਆ ਵਿਵਸਥਾ ਸੰਭਾਲਣ ਵਾਲੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਸ ਵਿਵਾਦ 'ਤੇ ਅਦਾਲਤੀ ਫੈਸਲੇ ਦੇ ਮੌਕੇ 'ਤੇ ਫਿਰਕੂ ਤਣਾਓ ਦਾ ਖ਼ਤਰਾ ਸਭ ਤੋਂ ਜ਼ਿਆਦਾ ਮੱਧ ਪ੍ਰਦੇਸ਼, ਰਾਜਸਥਾਨ ਅਤੇ ਕਰਨਾਟਕ 'ਚ ਹੈ। ਗ੍ਰਹਿ ਵਿਭਾਗ ਨੇ 24 ਸਤੰਬਰ ਨੂੰ ਆ ਰਹੇ ਫੈਸਲੇ ਦੇ ਮੱਦੇਨਜ਼ਰ ਆਪਣੀ ਤਿਆਰੀਆਂ ਨੂੰ ਅੰਤਿਮ ਰੂਪ ਦੇਣਾ ਸ਼ੁਰੂ ਕਰ ਦਿੱਤਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿੱਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ
ਫੋਨ:209-992-7185

***ਪੰਜਾਬ ਦੇ ਹਰ ਪੁਲਿਸ ਥਾਣੇ ਨੂੰ 'ਬਹੁਮੰਤਵੀ' ਸਕਾਰਪੀਓ ਗੱਡੀ ਮਿਲੇਗੀ- ਡੀ.ਜੀ.ਪੀ. ਪੰਜਾਬ**

-ਬਹੁਮੰਤਵੀ ਦਾ ਮਤਲਬ ਕਿ ਥਾਣੇਦਾਰ ਦਾ ਪਰਿਵਾਰ ਸ਼ਾਪਿੰਗ ਕਰਨ, ਸਿਨੇਮਾ ਘਰ ਜਾਣ ਜਾਂ ਰਿਸ਼ਤੇਦਾਰੀਆਂ 'ਚ ਘੁੰਮਣ ਲਈ ਗੱਡੀ ਦੀ ਖੁੱਲ੍ਹ ਕੇ ਵਰਤੋਂ ਕਰ ਸਕੇਗਾ। ਗੱਡੀ ਥਾਣੇ ਦੇ ਕੰਮਾਂ ਲਈ ਵੀ ਵਰਤੀ ਜਾ ਸਕੇਗੀ।

***ਜੇ ਹਰਿਆਣਾ ਦੇ ਸਿੱਖਾਂ ਨੂੰ 1925 ਦੇ ਨਨਕਾਣਾ ਸਾਹਿਬ ਵਾਲੇ ਸਾਕੇ ਨੂੰ ਦੁਹਰਾਉਣਾ ਪਿਆ ਤਾਂ ਹਰਿਆਣਵੀ ਸਿੱਖ ਉਸ ਲਈ ਵੀ ਤਿਆਰ ਹਨ- ਝੀਂਡਾ**

-ਸਿੱਖ ਤਾਂ ਸਾਕੇ ਦੁਹਰਾਉਣ ਲਈ ਤਿਆਰ ਹੀ ਰਹਿੰਦੇ ਐ, ਬੱਸ ਲੀਡਰਾਂ ਤੋਂ ਹੀ ਭਾਈ ਲਛਮਣ ਸਿੰਘ ਨਹੀਂ ਬਣ ਹੁੰਦਾ।

***ਫਰਾਂਸ 'ਚ ਅੱਜ ਵੀ ਸਾਰਾਗੜ੍ਹੀ ਦੀ ਲੜਾਈ ਸਕੂਲਾਂ ਵਿਚ ਪੜ੍ਹਾਈ ਜਾਂਦੀ ਐ**

-ਬੱਸ ਪੰਜਾਬ ਸਿੱਖਿਆ ਬੋਰਡ ਨੂੰ ਈ ਪੜ੍ਹਾਉਂਦਿਆਂ ਸੰਗ ਆਉਂਦੀ ਐ।

***ਕਾਂਗਰਸ ਸਰਨੇ ਰਾਹੀਂ ਗੁਰਦੁਆਰਿਆਂ 'ਤੇ ਕਬਜ਼ਾ ਕਰਨਾ ਚਾਹੁੰਦੀ ਹੈ- ਮੱਕੜ**

-ਤੇ ਆਰ.ਐਸ ਐਸ. ਥੋਡੇ ਰਾਹੀਂ।

***ਡੇਰਾ ਸੱਚਾ ਸੌਦਾ ਮੁਖੀ ਨੂੰ ਮਿਲਣ ਦਾ ਸੁਆਲ ਹੀ ਨਹੀਂ- ਸਿੰਘਲ**

-ਕਿਉਂਕਿ ਸਾਡਾ ਨਿਸ਼ਾਨਾ ਤਾਂ ਕੇਵਲ ਸਿੱਖ ਹਨ।

***ਅਸ਼ੋਕ ਸਿੰਘਲ ਨਾਲ ਮੁਲਾਕਾਤ ਬਦਲੇ ਗਿਆਨੀ ਗੁਰਬਚਨ ਸਿੰਘ ਅਸਤੀਫਾ ਦੇਣ-ਏ ਐਸ ਓ**

-ਲਓ ਕਰ ਲਉ ਗੱਲ, ਸਿੰਘ ਜੀ! ਇਸੇ ਮੁਲਾਕਾਤ ਕਰਕੇ ਤਾਂ ਮਾਲਕ, ਜਥੇਦਾਰ ਦੀ ਜਥੇਦਾਰੀ ਪੱਕੀ ਕਰਨ ਨੂੰ ਫਿਰਦੇ ਐ ਤੇ ਤੁਸੀਂ ਮੰਗਣ ਡਹੇ ਓ ਅਸਤੀਫਾ।

# ਜਾਟ ਰਾਖਵੇਂਕਰਨ ਦੇ ਮੁੱਦੇ 'ਤੇ ਹਿੰਸਾ ਨੇ ਨਵੇਂ ਵਿਵਾਦ ਉਭਾਰੇ

**-ਪੰਜਾਬ ਟਾਈਮਜ਼ ਬਿਊਰੋ**

**ਚੰਡੀਗੜ੍ਹ :** ਹਰਿਆਣਾ ਵਿਚ ਜਾਟਾਂ ਲਈ ਰਾਖਵੇਂਕਰਨ ਨੂੰ ਲੈ ਕੇ ਪਿਛਲੇ ਦਿਨੀਂ ਸ਼ੁਰੂ ਹੋਏ ਸੰਘਰਸ਼ ਨੇ ਰਾਖਵਾਂਕਰਨ ਸਿਆਸਤ ਵਿਚ ਨਵੇਂ ਅਯਾਮ ਜੋੜ ਦਿੱਤੇ ਹਨ। ਜਾਟ, ਜਿਨ੍ਹਾਂ ਨੂੰ ਜਨਰਲ ਵਰਗ ਵਿਚ ਰੱਖਿਆ ਗਿਆ ਹੈ, ਹੁਣ ਆਪਣੇ ਲਈ ਸਿੱਖਿਆ ਤੇ ਨੌਕਰੀਆਂ ਵਿਚ ਰਾਖਵੇਂਕਰਨ ਦੀ ਮੰਗ ਕਰ ਰਹੇ ਹਨ। ਯਾਦ ਰਹੇ ਕੁਝ ਸਮਾਂ ਪਹਿਲਾਂ ਰਾਜਸਥਾਨ ਵਿਚ ਗੁੱਜਰ ਭਾਈਚਾਰੇ ਨੇ ਇਸੇ ਮੁੱਦੇ ਨੂੰ ਲੈ ਕੇ ਸੰਘਰਸ਼ ਲੜਿਆ ਸੀ। ਪੰਜਾਬ ਵਿਚ ਬਾਲਮੀਕ ਤੇ ਮਜਹਬੀ ਸਿੱਖ ਭਾਈਚਾਰਾ ਵੀ ਆਪਣੇ ਲਈ ਵੱਖਰੇ ਕੋਟੇ ਦੀ ਮੰਗ ਕਰ ਰਿਹਾ ਹੈ।

ਜ਼ਿਕਰਯੋਗ ਹੈ ਕਿ ਬੀਤੀ 17 ਸਤੰਬਰ ਨੂੰ ਰਾਖਵੇਂਕਰਨ ਦੀ ਮੰਗ ਨੂੰ ਲੈ ਕੇ ਭੜਕੇ ਜਾਟ ਭਾਈਚਾਰੇ ਦੇ ਲੋਕਾਂ ਨੇ ਸਿਰਸਾ ਜ਼ਿਲ੍ਹੇ ਦੇ ਪਿੰਡ ਬਰਾਸਰੀ ਵਿਖੇ ਚੌਪਟਾ-ਨੋਹਰ ਰੋਡ 'ਤੇ ਕਈ ਘੰਟੇ ਜਾਮ ਲਾਇਆ ਅਤੇ ਚੌਪਟਾ ਸ਼ਹਿਰ ਦੇ ਬਾਜ਼ਾਰ ਬੰਦ ਕੀਤੇ। ਬਾਅਦ ਵਿਚ ਚੌਪਟਾ ਵਿਖੇ ਜਾਟ ਮਹਾਂਸਭਾ ਦੀ ਮੀਟਿੰਗ ਹੋਈ, ਜਿਸ ਵਿਚ ਰਾਖਵਾਂਕਰਨ ਨਾ ਮਿਲਣ 'ਤੇ 26 ਸਤੰਬਰ ਨੂੰ ਸਿਰਸਾ ਪੁੱਜਣ ਵਾਲੀ ਰਾਸ਼ਟਰਮੰਡਲ ਖੇਡਾਂ ਦੀ ਕੁਈਨਜ਼ ਬੈਟਨ ਦਾ ਘਿਰਾਓ ਕਰਨ ਦਾ ਫੈਸਲਾ ਲਿਆ ਗਿਆ। ਬਰਾਸਰੀ ਪਿੰਡ ਵਿਚ ਲਾਏ ਗਏ ਜਾਮ ਨੂੰ ਖੁਲਵਾਉਣ ਦੀ ਪੁਲਿਸ ਨੇ ਕੋਸ਼ਿਸ਼ ਕੀਤੀ ਪਰ ਜਾਮ ਲਾ ਕੇ ਲੋਕ ਆਪਣੀ ਮੰਗ 'ਤੇ ਬਜ਼ਿੱਦ ਰਹੇ ਅਤੇ ਪ੍ਰਦਰਸ਼ਨਕਾਰੀ ਸਾਰਾ ਦਿਨ ਸੜਕ 'ਤੇ ਸਰਕਾਰ ਵਿਰੁਧ ਨਾਅਰੇਬਾਜ਼ੀ ਕਰਦੇ ਰਹੇ।

ਉਧਰ ਹਰਿਆਣਾ ਪੁਲਿਸ ਨੇ ਜਾਟ ਰਾਖਵਾਂਕਰਨ ਸੰਘਰਸ਼ ਸਮਿਤੀ ਦੇ ਵਰਕਰਾਂ ਵਿਰੁਧ 35 ਤੋਂ ਵਧ ਕੇਸ ਦਰਜ ਕਰ ਲਏ ਹਨ। ਇਹ ਕੇਸ ਮੁੱਖ ਤੌਰ 'ਤੇ ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਅਤੇ ਅੱਗਾਂ ਲਾਉਣ ਕਰਕੇ ਕੀਤੇ ਗਏ ਹਨ। ਸਭ ਤੋਂ ਵੱਧ 24 ਕੇਸ ਹਿਸਾਰ ਜ਼ਿਲ੍ਹੇ ਵਿਚ ਦਰਜ ਕੀਤੇ ਗਏ ਹਨ। ਰੇਲਵੇ ਪੁਲਿਸ ਨੇ ਵੀ ਰੇਲਵੇ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਤਹਿਤ ਛੇ ਕੇਸ ਦਰਜ ਕੀਤੇ ਹਨ। ਰਾਜ ਵਿਚ ਫੈਲੀ ਹਿੰਸਾ ਦੇ ਮੁੱਦੇ ਨੂੰ ਲੈ ਕੇ ਸਰਕਾਰ ਤੇ ਵਿਰੋਧੀ ਧਿਰ ਵਲੋਂ ਇਕ ਦੂਜੇ ਵਿਰੁਧ ਦੋਸ਼ ਲਾਉਣ ਦੀ ਰਾਜਨੀਤੀ ਗਰਮ ਹੈ। ਕੁਝ ਸਿਆਸੀ ਆਗੂਆਂ ਨੇ ਸਰਕਾਰ ਕੋਲੋਂ ਮੰਗ ਕੀਤੀ ਕਿ ਅੱਗ ਲਾਉਣ ਵਾਲੇ ਅਨਸਰਾਂ ਵਿਰੁਧ ਸਖਤੀ ਨਾਲ ਨਿਪਟਿਆ ਜਾਵੇ। ਹਰਿਆਣਾ ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਪੁਲੀਸ ਦੀ ਪਹਿਲ ਰਾਜ ਵਿਚ ਸ਼ਾਂਤੀਪੂਰਵਕ ਮਾਹੌਲ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਹਿਸਾਰ ਦੇ ਸਾਬਕਾ ਐਸ.ਪੀ. ਸੁਭਾਸ਼ ਯਾਦਵ ਵਿਰੁਧ ਦਰਜ ਕੀਤੇ ਕਤਲ ਦੇ ਕੇਸ ਨੂੰ ਜਾਤੀ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਯਾਦਵ ਦੇ ਨਾਲ ਉਨ੍ਹਾਂ ਦੇ ਦੋ ਗੰਨਮੈਨਾ ਖਿਲਾਫ਼ ਵੀ ਕੇਸ ਦਰਜ ਕੀਤਾ ਹੈ ਤੇ ਇਹ ਗੰਨਮੈਨ ਜਾਟ ਹਨ।

ਭਾਜਪਾ ਦੇ ਸੀਨੀਅਰ ਆਗੂ ਗਿਆਨ ਚੰਦ ਗੁਪਤਾ ਨੇ ਕਿਹਾ ਕਿ ਜਾਟ ਰਾਖਵੇਂਕਰਨ ਅੰਦੋਲਨ ਦੌਰਾਨ ਫੈਲੀ ਹਿੰਸਾ ਕਰਕੇ ਰਾਜ ਦੇ ਵਪਾਰੀ ਘਬਰਾ ਗਏ ਹਨ ਕਿਉਂਕਿ ਅੰਦੋਲਨਕਾਰੀਆਂ ਵਲੋਂ ਵਪਾਰੀਆਂ ਦੇ ਕਾਰੋਬਾਰ ਨੂੰ ਵਿਸ਼ੇਸ਼ ਤੌਰ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰਾਜ ਵਿਚ ਅਮਨ ਕਾਨੂੰਨ ਨੂੰ ਬਹਾਲ ਰੱਖਣ ਵਾਲੀ ਮਸ਼ੀਨਰੀ ਬੁਰੀ ਤਰ੍ਹਾਂ ਦਮ ਤੋੜ ਚੁੱਕੀ ਹੈ। ਉਨ੍ਹਾਂ ਮੰਗ ਕੀਤੀ ਕਿ ਦੰਗੇ ਕਰਨ ਵਾਲਿਆਂ ਨਾਲ ਸਖਤੀ ਨਾਲ ਨਿਪਟਣ ਦੀ ਲੋੜ ਹੈ। ਰਾਜਨੀਤਕ ਮਾਹਿਰਾਂ ਦਾ ਕਹਿਣਾ ਹੈ ਕਿ ਇਨੈਲੋ ਆਗੂ ਅਤੇ ਕਾਂਗਰਸ ਮੰਤਰੀ ਇਕ ਦੂਜੇ ਵਿਰੁਧ ਦੋਸ਼ ਲਾ ਕੇ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੇ। ਉਨ੍ਹਾਂ ਕਿਹਾ ਕਿ ਜਿਹੜੇ ਆਗੂ ਤੇ ਵਰਕਰ ਜਾਇਦਾਦਾਂ ਤਬਾਹ ਕਰ ਰਹੇ ਹਨ, ਉਨ੍ਹਾਂ ਵਿਰੁਧ ਕਾਰਵਾਈ ਕਰਨ ਦੀ ਜ਼ਰੂਰਤ ਹੈ।

ਇਸ ਦੌਰਾਨ ਜਾਟ ਰਾਖਵੇਂਕਰਨ ਨੂੰ ਲੈ ਕੇ ਹਰਿਆਣਾ 'ਚ ਲਗਾਤਾਰ ਕਈ ਥਾਂਈਂ ਹਾਲਾਤ ਤਣਾਅਪੂਰਨ ਰਹੇ। ਨਰਵਾਣਾ-ਹਿਸਾਰ-ਸਿਰਸਾ ਵਿਚ ਬੱਸਾਂ ਬੰਦ ਰਹੀਆਂ ਅਤੇ ਹਿਸਾਰ ਦੇ ਸਕੂਲ ਕਾਲਜ ਵੀ ਬੰਦ ਰਹੇ। ਹਿਸਾਰ 'ਚ ਅੰਦੋਲਨ ਵਾਪਸ ਲਏ ਜਾਣ 'ਤੇ ਸੋਰਖੀ ਵਿਚ ਬੀਤੀ 15 ਸਤੰਬਰ ਨੂੰ ਜਾਟ ਰਾਖਵਾਂਕਰਨ ਸੰਘਰਸ਼ ਕਮੇਟੀ ਦੇ ਸਕੱਤਰ ਦੀ ਕਾਰ ਸਾੜ ਦਿੱਤੀ ਗਈ। ਦੂਜੇ ਪਾਸੇ ਕੈਥਲ 'ਚ ਵੀ ਭੀੜ ਨੇ ਰੋਡਵੇਜ਼ ਦੀ ਬੱਸ ਨੂੰ ਅੱਗ ਲਾ ਦਿੱਤੀ। ਰਾਜ ਭਰ 'ਚ ਥਾਂ-ਥਾਂ ਜਾਮ ਲਾਏ ਜਾਣ ਦੀਆਂ ਖਬਰਾਂ ਸਨ। ਨਰਵਾਣਾ ਉਪ-ਮੰਡਲ 'ਚ ਧਰੋਦੀ ਪਿੰਡ 'ਚ ਰੇਲਵੇ ਸਟੇਸ਼ਨ 'ਤੇ ਭੰਨ-ਤੋੜ ਕਰਕੇ ਅੱਗ ਲਾ ਦਿੱਤੀ ਅਤੇ ਪਿੰਡ ਦੇ ਸਹਿਕਾਰੀ ਬੈਂਕ ਤੇ ਜੀਂਦ ਕੇਂਦਰੀ ਜ਼ਿਲ੍ਹਾ ਸਹਿਕਾਰੀ ਬੈਂਕ ਦੀ ਸ਼ਾਖਾ ਨੂੰ ਫੂਕ ਦਿੱਤਾ।

# ਜਾਟ ਰਾਖਵੇਂਕਰਨ ਦਾ ਮੁੱਦਾ ਜਾਤੀ ਟਕਰਾਅ ਬਣ ਸਕਦਾ

**ਚੰਡੀਗੜ੍ਹ :** ਹਰਿਆਣਾ 'ਚ ਪਿਛਲੇ ਕਈ ਦਿਨਾਂ ਤੋਂ ਜਾਟ ਪੱਟੀ ਬੇਚੈਨੀ ਦੇ ਮਾਹੌਲ 'ਚੋਂ ਲੰਘ ਰਹੀ ਹੈ। ਰਾਖਵੇਂਕਰਨ ਲਈ ਜਾਟ ਅੰਦੋਲਨ ਦੌਰਾਨ ਹਿੰਸਾ ਵੀ ਵੇਖਣ ਨੂੰ ਮਿਲੀ ਹੈ ਜਿਸ ਦੇ ਸਿੱਟੇ ਵਜੋਂ ਕੁਝ ਜਾਨੀ ਨੁਕਸਾਨ ਵੀ ਹੋਇਆ ਹੈ। ਜਾਟ ਹਰਿਆਣਾ ਦੀ ਪ੍ਰਮੁੱਖ ਬਰਾਦਰੀ ਹੈ ਤੇ ਰਾਜ ਦੇ ਸਿਆਸੀ, ਸਮਾਜਿਕ ਤੇ ਸਭਿਆਚਾਰਕ ਖੇਤਰਾਂ 'ਚ ਇਸ ਦੀ ਅਹਿਮ ਭੂਮਿਕਾ ਹੈ।

ਹੁਣ ਤੱਕ ਹਰਿਆਣਾ 'ਚ ਜਾਟ ਮੁੱਖ ਮੰਤਰੀਆਂ ਦਾ ਵਧੇਰੇ ਬੋਲਬਾਲਾ ਰਿਹਾ ਹੈ। ਇਹ ਨਹੀਂ ਕਿ ਹਰਿਆਣਾ 'ਚ ਗੈਰ-ਜਾਟ ਮੁੱਖ ਮੰਤਰੀ ਨਹੀਂ ਬਣੇ ਸਗੋਂ ਹਰਿਆਣਾ ਦਾ ਪਹਿਲਾ ਮੁੱਖ ਮੰਤਰੀ ਭਗਵਤ ਦਿਆਲ ਸ਼ਰਮਾ ਇਕ ਬ੍ਰਾਹਮਣ ਸੀ। ਉਸ ਤੋਂ ਮਗਰੋਂ ਰਾਓ ਬਿਰੇਂਦਰ ਸਿੰਘ, ਚੌਧਰੀ ਭਜਨ ਲਾਲ ਤੇ ਬਨਾਰਸੀ ਦਾਸ ਗੁਪਤਾ ਵਰਗੇ ਕਈ ਗੈਰ-ਜਾਟ ਮੁੱਖ ਮੰਤਰੀ ਵੀ ਰਹੇ ਹਨ। ਹੁਣ ਤੱਕ ਜਾਟਾਂ ਨੇ ਕਦੇ ਵੀ ਬਹੁਤੇ ਪ੍ਰਭਾਵਸ਼ਾਲੀ ਢੰਗ ਨਾਲ ਕਿਸੇ ਰਾਖਵੇਂਕਰਨ ਦੀ ਮੰਗ ਨਹੀਂ ਕੀਤੀ ਸੀ। ਹੁਣ ਸਮੇਂ ਨਾਲ ਹਰਿਆਣਾ ਦੇ ਜਾਟ ਭਾਈਚਾਰੇ ਵਿਚ ਵੱਡੀ ਪੱਧਰ ਤੇ ਸਮਾਜਿਕ ਤੇ ਆਰਥਿਕ ਤਬਦੀਲੀਆਂ ਆ ਰਹੀਆਂ ਹਨ। ਇਕ ਕਾਸ਼ਤਕਾਰ ਭਾਈਚਾਰਾ ਹੋਣ ਕਰਕੇ ਜਾਟਾਂ ਦਾ ਬਹੁਤਾ ਨਿਰਵਾਹ ਖੇਤੀ 'ਤੇ ਹੀ ਰਿਹਾ ਹੈ। ਪਰ ਅੱਜ-ਕੱਲ ਜ਼ਮੀਨਾਂ ਦੇ ਅੱਗੇ ਤੋਂ ਅੱਗੇ ਬਟਵਾਰੇ ਨਾਲ ਜ਼ਮੀਨ ਸੁੰਗੜਦੀ ਜਾ ਰਹੀ ਹੈ। ਬਹੁਤੇ ਜਾਟ ਪਰਿਵਾਰਾਂ ਕੋਲ ਹੁਣ ਬਹੁਤ ਘੱਟ ਜ਼ਮੀਨ ਰਹਿ ਗਈ ਹੈ। ਬਹੁਤ ਸਾਰੇ ਨੌਜੁਆਨ ਵਿਹਲੇ ਫਿਰ ਰਹੇ ਹਨ, ਫੌਜ ਜਾਂ ਪੁਲਿਸ ਦੀਆਂ ਨੌਕਰੀਆਂ ਲਈ ਟੱਕਰਾਂ ਮਾਰਦੇ ਰਹਿੰਦੇ ਹਨ। ਪੰਜਾਬ ਦੀ ਤਰ੍ਹਾਂ ਨਸ਼ਿਆਂ ਦਾ ਰੁਝਾਣ ਵੀ ਵਧ ਗਿਆ ਹੈ। ਅਜਿਹੀ ਸਥਿਤੀ 'ਚ ਜਾਟ ਭਾਈਚਾਰਾ ਬਹੁਤ ਅਨਿਸ਼ਚਿਤਤਾ ਦੀ ਸਥਿਤੀ 'ਚੋਂ ਲੰਘ ਰਿਹਾ ਹੈ। ਜਾਟਾਂ ਨੂੰ ਵਿਸ਼ਵਾਸ਼ ਹੈ ਕਿ ਜੇਕਰ ਉਨ੍ਹਾਂ ਨੂੰ ਪਛੜੀਆਂ ਸ਼੍ਰੇਣੀਆਂ ਦੇ ਤੌਰ 'ਤੇ ਰਾਖਵਾਂਕਰਨ ਮਿਲ ਜਾਵੇ ਤਾਂ ਉਨ੍ਹਾਂ ਦੇ ਲੜਕੇ, ਲੜਕੀਆਂ ਨੂੰ ਸਰਕਾਰੀ ਨੌਕਰੀਆਂ 'ਚ ਮੌਕੇ ਵਧੇਰੇ ਮਿਲ ਸਕਣਗੇ। ਪਰ ਜਾਟ ਨੌਜਵਾਨ ਸਿੱਖਿਆ ਦੇ ਖੇਤਰ 'ਚ ਬਹੁਤ ਤੇਜ਼ੀ ਨਾਲ ਪਿਛੜ ਰਹੇ ਹਨ। ਅਸਲ 'ਚ ਸਾਰੇ ਰਾਖਵੇਂਕਰਨ ਦਾ ਆਧਾਰ ਆਰਥਿਕ ਹੀ ਹੋਣਾ ਚਾਹੀਦਾ ਹੈ, ਨਾ ਕਿ ਜਾਤ ਬਰਾਦਰੀ, ਪਰ ਫਿਰ ਵੀ ਰਾਖਵੇਂਕਰਨ ਦਾ ਜੋ ਮੌਜੂਦਾ ਸਰੂਪ ਹੈ, ਉਸ ਲਈ ਵੀ ਇਹ ਜ਼ਰੂਰੀ ਹੈ ਕਿ ਲੜਕੇ ਲੜਕੀਆਂ ਨੇ ਚੰਗੀ ਸਿੱਖਿਆ ਪ੍ਰਾਪਤ ਕੀਤੀ ਹੋਵੇ ਤੇ ਉਹ ਆਪਣੇ ਗਰੁੱਪ 'ਚ ਵੀ ਕਾਮਯਾਬੀ ਨਾਲ ਮੁਕਾਬਲਾ ਕਰ ਸਕਣ। ਹਰਿਆਣੇ 'ਚ ਜਾਟਾਂ ਦੇ ਸੰਘਰਸ਼ ਨੂੰ ਲੈ ਕੇ ਰਾਜ ਜਾਤੀ ਟਕਰਾਅ ਵਲ ਵਧਦਾ ਜਾ ਰਿਹਾ ਹੈ। ਹੋਰ ਭਾਈਚਾਰੇ ਜਾਟਾਂ ਦੇ ਰਾਖਵੇਂਕਰਨ ਦਾ ਵਿਰੋਧ ਕਰਦੇ ਨਜ਼ਰ ਆ ਰਹੇ ਹਨ।

ਰਾਜਸਥਾਨ 'ਚ ਜਦੋਂ ਗੁੱਜਰ ਅੰਦੋਲਨ ਸ਼ੁਰੂ ਹੋਇਆ ਸੀ ਤਾਂ ਮੀਨਾ ਬਰਾਦਰੀ ਨੇ ਉਸ ਦਾ ਵਿਰੋਧ ਸ਼ੁਰੂ ਕਰ ਦਿੱਤਾ ਸੀ। ਇਸੇ ਤਰ੍ਹਾਂ ਦੀ ਸਥਿਤੀ ਹਰਿਆਣਾ 'ਚ ਬਣਦੀ ਜਾ ਰਹੀ ਹੈ। ਹਰਿਆਣਾ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਥਿਤੀ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਆਵੇ ਤੇ ਜਾਟਾਂ ਦੇ ਰਾਖਵੇਂਕਰਨ ਦੇ ਅੰਦੋਲਨ ਨੂੰ ਜਾਤੀ ਯੁੱਧ ਨਾ ਬਣਨ ਦੇਵੇ। ਜੇਕਰ ਰਾਜ ਦੀਆਂ ਭਿੰਨ ਭਿੰਨ ਬਰਾਦਰੀਆਂ ਜਾਤ ਦੇ ਆਧਾਰ 'ਤੇ ਆਪਸ ਵਿਚ ਉਲਝ ਪਈਆਂ ਤਾਂ ਹਰਿਆਣਾ ਦੇ ਸਮੁੱਚੇ ਸਮਾਜਿਕ-ਸਭਿਆਚਾਰਕ ਤਾਣੇ ਬਾਣੇ 'ਤੇ ਇਸ ਦਾ ਬਹੁਤ ਹੀ ਨਕਾਰਾਤਮਕ ਪ੍ਰਭਾਵ ਪਵੇਗਾ।


"Rates increasing on Oct 1st call now and lock in your low rates."



ਜਗਰੂਪ ਸਿੰਘ ਤੱਖਰ
ਫੋਨ:209-485-1521

Get affordable coverage with the benefits you're looking for, including 5 doctor visits before your deductible is met, rates starting as low as $66* generic and brand-name prescription drugs, lower out-of-pocket costs when using network providers, and $400, $900 & $2,900-deductible options. Ideal for individuals & families.

Jagroop Singh Takhar
786 Empress Road,
Modesto, CA 95350
(209) 485-1521
jagroop209@aol.com
Health plans and insurance
California license No. 0D95393

Authorized Broker
blue of california
Blue Shield of California Life & Health Insurance Company

| Vital Shield Plus 2900 Generic Rx | | | |
|---|---|---|---|
| Age Range | Individual | Individual & Spouse | Family |
| Under 1 | $121 | N/A | N/A |
| 1 to 18 | $54 | N/A | N/A |
| 19 to 29 | $66 | $151 | $270 |
| 30 to 34 | $72 | $176 | $297 |
| 35 to 39 | $88 | $226 | $342 |
| 40 to 44 | $113 | $301 | $409 |
| 45 to 49 | $149 | $389 | $486 |
| 50 to 54 | $202 | $489 | $568 |
| 55 to 59 | $275 | $618 | $684 |
| 60 to 64 | $405 | $776 | $848 |

Call me now to learn more about Blue Shield plans

*Featured monthly rates are for individual males ages 19 to 29 in Alpine, Butte, Colusa, Del Norte, Humboldt, Imperial, Inyo, Kern, Kings, Madera, Mendocino, Plumas, San Benito, San Joaquin, San Luis, Obispo, Santa Barbara, Siskiyou, Sonoma, Stanislaus and Trinity Counties. The rates shown are for people in good health. Other rates may apply. Vital Shield Plans are underwritten by Blue Shield of California Life & Health Insurance Company (Blue Shield Life) and do not include maternity benefits. Rates are effective July 1, 2009.

An independent Licensee of the Blue Shield Association A36145(1/09)

Real Estate & Loans Under One Roof

Call:Sam Chahal Tel: 916-612-5773

For Buying and Selling Residential, Commercial property and for Loans in Sacramento area



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

Reo-Bankowned Properties
Serving from Bay Area to Sacramento
We Help You Buy/Sell Business & Homes

Multi-Million Dollars Producer-2007-08

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

## ਸੁਰਜੀਤ ਪਾਤਰ ਸਰਸਵਤੀ ਸਨਮਾਨ ਨਾਲ ਨਵਾਜ਼ੇ ਗਏ



**ਨਵੀਂ ਦਿੱਲੀ :** ਪੰਜਾਬੀ ਸ਼ਾਇਰ ਸੁਰਜੀਤ ਪਾਤਰ ਨੂੰ ਬੀਤੀ 17 ਸਤੰਬਰ ਨੂੰ 2009 ਦੇ ਸ਼ਾਨਾਮੱਤੇ 'ਸਰਸਵਤੀ ਸਨਮਾਨ' ਨਾਲ ਨਵਾਜ਼ਿਆ ਗਿਆ। ਉਨ੍ਹਾਂ ਨੂੰ ਇਹ ਸਨਮਾਨ ਸ਼ਾਇਰੀ ਦੀ ਪੁਸਤਕ 'ਲਫਜ਼ਾਂ ਦੀ ਦਰਗਾਹ' ਲਈ ਦਿੱਤਾ ਗਿਆ।

ਕੇ.ਕੇ. ਬਿਰਲਾ ਫਾਊਂਡੇਸ਼ਨ ਵਲੋਂ ਕਾਇਮ ਕੀਤੇ ਇਸ ਪੁਰਸਕਾਰ 'ਚ 7.5 ਲੱਖ ਰੁਪਏ ਦੀ ਰਾਸ਼ੀ ਸ਼ਾਮਿਲ ਹੈ ਤੇ ਮਾਨਵ ਸਰੋਤ ਮੰਤਰੀ ਸ੍ਰੀ ਕਪਿਲ ਸਿੱਬਲ ਨੇ ਇੱਥੇ ਇਕ ਸਮਾਗਮ 'ਚ ਉਨ੍ਹਾਂ ਨੂੰ ਇਹ ਸਨਮਾਨ ਭੇਟ ਕੀਤਾ। ਪਾਤਰ ਨੂੰ ਪੰਜਾਬੀ ਸਾਹਿਤ ਦੇ ਮਹਾਨ ਸ਼ਾਇਰਾਂ 'ਚੋਂ ਇਕ ਕਰਾਰ ਦਿੰਦਿਆਂ ਸ੍ਰੀ ਸਿੱਬਲ ਨੇ ਕਿਹਾ ਕਿ ਉਨ੍ਹਾਂ ਦੀ ਕਵਿਤਾ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਪੰਜਾਬ ਦੇ ਯਥਾਰਥ ਨਾਲ ਬੱਝੀ ਹੋਈ ਹੈ। ਮੰਤਰੀ ਨੇ ਸਿੱਖਿਆ ਦਾ ਮਹੱਤਵ ਦਰਸਾਉਂਦਿਆਂ ਪਾਤਰ ਦੀ ਰਚੀ ਕਵਿਤਾ ਦੀਆਂ ਕੁਝ ਸਤਰਾਂ ਵੀ ਪੜ੍ਹ ਕੇ ਸੁਣਾਈਆਂ।

ਬਿਰਲਾ ਫਾਊਂਡੇਸ਼ਨ ਵਲੋਂ ਹਰ ਸਾਲ ਸਰਸਵਤੀ ਸਨਮਾਨ ਪਿਛਲੇ 10 ਸਾਲਾਂ 'ਚ 22 ਭਾਰਤੀ ਭਾਸ਼ਾਵਾਂ 'ਚੋਂ ਕਿਸੇ ਇਕ 'ਚ ਛਪੇ ਕਿਸੇ ਆਲ੍ਹਾ ਦਰਜ਼ੇ ਦੀ ਸਾਹਿਤਕ ਕ੍ਰਿਤ ਨੂੰ ਦਿੱਤਾ ਜਾਂਦਾ ਹੈ। ਫਾਊਂਡੇਸ਼ਨ ਦੀ ਪ੍ਰਧਾਨ ਸ਼ੋਭਨਾ ਭਾਰਤੀ ਨੇ ਪਾਤਰ ਦੀ ਸਿਰਜਣਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹਦੀ ਇਹ ਸਾਰੀ ਕਵਿਤਾ ਉਦਾਸੀ ਦੇ ਬਾਵਜੂਦ ਸ਼ਿੱਦਤ ਦੀ ਇੰਤਹਾ ਨਾਲ ਭਰਪੂਰ ਹੈ।

# ਆੜ੍ਹਤੀਆ ਪ੍ਰਣਾਲੀ ਨੂੰ ਦੱਸਿਆ ਸਮੱਸਿਆਵਾਂ ਦੀ ਜੜ੍ਹ

**ਚੰਡੀਗੜ੍ਹ :** ਭਾਰਤੀ ਕਿਸਾਨ ਯੂਨੀਅਨ ਦੀਆਂ ਪੰਜਾਬ ਤੇ ਹਰਿਆਣਾ ਇਕਾਈਆਂ ਵਲੋਂ ਬੀਤੀ 19 ਸਤੰਬਰ ਐਤਵਾਰ ਨੂੰ ਇੱਥੇ ਬੁਲਾਈ ਸਰਬ ਭਾਰਤ ਕਿਸਾਨ ਤਾਲਮੇਲ ਕਮੇਟੀ ਦੀ ਕਨਵੈਨਸ਼ਨ ਦੌਰਾਨ ਆਗੂਆਂ ਨੇ ਭਖਵੇਂ ਮੁੱਦਿਆਂ 'ਤੇ ਚਰਚਾ ਕੀਤੀ ਤੇ ਕੇਂਦਰ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਕਿ ਦੇਸ਼ ਦੀ 70 ਫੀਸਦੀ ਕਿਸਾਨੀ ਵਸੋਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਨਾ ਸਮਝਿਆ ਜਾਵੇ।

ਕਨਵੈਨਸ਼ਨ ਦੀ ਪ੍ਰਧਾਨਗੀ ਕੌਮੀ ਪੱਧਰ ਦੇ ਕਿਸਾਨ ਆਗੂ ਤੇ ਸੰਸਦ ਮੈਂਬਰ ਸ਼ਰਦ ਜੋਸ਼ੀ ਨੇ ਕੀਤੀ। ਕਨਵੈਨਸ਼ਨ ਵਿਚ ਭਾਰਤੀ ਕਿਸਾਨ ਯੂਨੀਅਨ ਤੇ ਕਿਸਾਨ ਤਾਲਮੇਲ ਕਮੇਟੀ ਦੇ ਪ੍ਰਧਾਨ ਭੁਪਿੰਦਰ ਸਿੰਘ ਮਾਨ, ਆਂਧਰਾ ਪ੍ਰਦੇਸ਼ ਦੇ ਕਿਸਾਨ ਆਗੂ ਐਸ.ਪੀ. ਸ਼ੰਕਰ ਰੈਡੀ, ਮਹਾਂਰਾਸ਼ਟਰ ਕਿਸਾਨ ਤਾਲਮੇਲ ਕਮੇਟੀ ਦੀ ਸਾਬਕਾ ਪ੍ਰਧਾਨ ਸਰੋਜ ਕਾਸ਼ੀਕਰ ਸਮੇਤ ਉਤਰ ਪ੍ਰਦੇਸ਼, ਬਿਹਾਰ, ਕਰਨਾਟਕਾ, ਤਾਮਿਲਨਾਡੂ, ਮੱਧ ਪ੍ਰਦੇਸ਼, ਕੇਰਲਾ, ਗੁਜਰਾਤ, ਉਤਰਾਖੰਡ ਦੇ ਕਿਸਾਨਾਂ ਨੇ ਹਿੱਸਾ ਲਿਆ। ਕਨਵੈਨਸ਼ਨ ਨੂੰ ਸੰਬੋਧਨ ਕਰਨ ਵਾਲੇ ਆਗੂਆਂ ਨੇ ਕਿਹਾ ਕਿ ਖੇਤੀਬਾੜੀ ਨੂੰ ਦੇਸ਼ ਦੀ ਆਰਥਿਕਤਾ ਦੀ ਰੀੜ ਦੀ ਹੱਡੀ ਤਾਂ ਕਿਹਾ ਜਾਂਦਾ ਹੈ ਪਰ ਸਰਕਾਰ ਵਲੋਂ ਇਸ ਖੇਤਰ ਨੂੰ ਕੋਈ ਤਰਜੀਹ ਨਹੀਂ ਦਿੱਤੀ ਜਾਂਦੀ। ਕਿਸਾਨ ਆਗੂਆਂ ਨੇ ਕਿਹਾ ਕਿ ਉਦਯੋਪਤੀਆਂ ਨੂੰ ਤਾਂ ਸਰਕਾਰ ਵਲੋਂ ਮਾਲੀ ਗੱਫੇ ਦਿੱਤੇ ਜਾਂਦੇ ਹਨ ਤੇ ਜੇ ਸਰਕਾਰ ਕਿਸਾਨਾਂ ਨੂੰ ਕੋਈ ਰਾਹਤ ਦਿੰਦੀ ਹੈ ਤਾਂ ਉਸ ਨੂੰ ਰਹਿਮ ਵਜੋਂ ਲਿਆ ਜਾਂਦਾ ਹੈ। ਕਿਸਾਨ ਕਨਵੈਨਸ਼ਨ ਨੇ ਮੰਗ ਕੀਤੀ ਕਿ ਸਰਕਾਰ ਕੇਂਦਰੀ ਬਜਟ ਵਿਚ ਖੇਤੀਬਾੜੀ ਨੂੰ ਪ੍ਰਮੁੱਖਤਾ ਦੇ ਕੇ ਕੁੱਲ ਬਜਟ ਦਾ

### ਕਿਸਾਨ ਕਨਵੈਨਸ਼ਨ

70 ਫੀਸਦੀ ਹਿੱਸਾ ਖੇਤੀਬਾੜੀ ਅਤੇ ਦਿਹਾਤੀ ਖੇਤਰ ਲਈ ਰੱਖੇ। ਕਿਸਾਨ ਕਨਵੈਨਸ਼ਨ ਨੇ ਮੰਗ ਕੀਤੀ ਕਿ ਵੇਲਾ ਵਿਹਾ ਚੁੱਕੀਆਂ ਨੀਤੀਆਂ ਅਤੇ ਪ੍ਰਬੰਧ ਨੂੰ ਚਲਦਾ ਕਰਕੇ ਖੇਤੀ ਖੇਤਰ ਲਈ ਨਵੀਆਂ ਨੀਤੀਆਂ ਅਪਨਾਉਣੀਆਂ ਚਾਹੀਦੀਆਂ ਹਨ। ਉਨ੍ਹਾਂ ਫਸਲਾਂ ਦਾ ਭਾਅ ਤੈਅ ਕਰਨ ਦੇ ਪ੍ਰਬੰਧ ਵਿਚ ਵੀ ਤਬਦੀਲੀ ਦੀ ਮੰਗ ਕੀਤੀ।


ਕਿਸਾਨ ਕਨਵੈਨਸ਼ਨ ਨੇ ਦੇਸ਼ ਦੇ ਕਈ ਸੂਬਿਆਂ ਵਿਚ ਕਿਸਾਨਾਂ ਵਲੋਂ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਦੇਸ਼ ਦਾ ਅੰਨਦਾਤਾ ਖੁਦਕੁਸ਼ੀਆਂ ਦੇ ਰਾਹ ਪਿਆ ਹੋਇਆ ਹੈ ਪਰ ਸਰਕਾਰ ਨੂੰ ਕੋਈ ਚਿੰਤਾ ਨਹੀਂ। ਉਨ੍ਹਾਂ ਕਿਹਾ ਕਿ ਡੰਗ ਟਪਾਊ ਨੀਤੀਆਂ ਨਾਲ ਕਿਸਾਨੀ ਨੂੰ ਬਚਾਇਆ ਨਹੀਂ ਜਾ ਸਕਦਾ। ਭੁਪਿੰਦਰ ਸਿੰਘ ਮਾਨ ਨੇ ਆੜ੍ਹਤੀਆ ਸਿਸਟਮ ਦੀ ਗੱਲ ਕਰਦਿਆਂ ਕਿਹਾ ਕਿ ਆੜ੍ਹਤੀਏ ਕਿਸਾਨੀ ਨਾਲ ਜੁੜੀਆਂ ਕਈ ਸਮੱਸਿਆਵਾਂ ਦੀ ਜੜ੍ਹ ਹਨ, ਖਾਸ ਕਰ ਕਿਸਾਨਾਂ ਦੀਆਂ ਖੁਦਕੁਸ਼ੀਆਂ।ਕਿਸਾਨ ਕਨਵੈਨਸ਼ਨ ਨੇ ਮੰਗ ਕੀਤੀ ਕਿ ਕਿਸਾਨਾਂ ਨੂੰ ਜਿਣਸਾਂ ਦੀ ਸਿੱਧੀ ਅਦਾਇਗੀ ਕੀਤੀ ਜਾਵੇ ਤੇ ਵਿਚੋਲਿਆਂ (ਆੜ੍ਹਤੀਆਂ) ਵਲੋਂ ਕਿਸਾਨਾਂ ਨੂੰ ਦਿੱਤੇ ਜਾਂਦੇ ਜ਼ਿਆਦਾ ਦਰ ਵਾਲੇ ਵਿਆਜ਼ ਤੋਂ ਨਿਜਾਤ ਦਿਵਾਈ ਜਾਵੇ। ਸ. ਮਾਨ ਨੇ ਕੇਂਦਰ ਸਰਕਾਰ ਵਲੋਂ ਪੰਜਾਬ ਸਰਕਾਰ ਨੂੰ ਦਿੱਤੇ 800 ਕਰੋੜ ਰੁਪਏ ਕਿਸਾਨਾਂ ਨੂੰ ਦੇਣ ਦੀ ਮੰਗ ਵੀ ਕੀਤੀ ਤੇ ਕਿਸਾਨਾਂ ਦੀਆਂ ਜ਼ਮੀਨਾਂ ਐਕੁਆਇਰ ਕਰਨ ਲਈ ਕਾਨੂੰਨ ਵਿਚ ਸੋਧ ਕਰਕੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨ ਦੀ ਮੰਗ ਵੀ ਕੀਤੀ।

## 3000 ਕਰੋੜ ਦਾ ਝੋਨਾ ਰੁਲ ਰਿਹੈ ਸ਼ੈਲਰਾਂ ਵਿਚ

**ਰਾਏਕੋਟ :** ਪੰਜਾਬ ਵਿਚ ਚੌਲ ਸਟੋਰ ਕਰਨ ਲਈ ਜਗ੍ਹਾ ਨਾ ਹੋਣ ਕਾਰਨ ਪੰਜਾਬ ਦੇ ਸਮੂਹ ਸ਼ੈਲਰ ਬੰਦ ਪਏ ਹਨ ਅਤੇ ਸਰਕਾਰ ਦਾ ਪਿਛਲੇ ਸਾਲ ਦਾ ਝੋਨਾ ਹੁਣ ਤੱਕ ਸ਼ੈਲਰਾਂ ਦੇ ਬਾਹਰ ਰੁਲ ਰਿਹਾ ਹੈ ਜਦੋਂਕਿ ਨਵੇਂ ਝੋਨੇ ਦੀ ਆਮਦ ਸਿਰ 'ਤੇ ਹੈ। ਸ਼ੈਲਰ ਮਾਲਕਾਂ ਦਾ ਕਹਿਣਾ ਹੈ ਕਿ ਖਰਾਬ ਹੋ ਰਹੇ ਝੋਨੇ ਦੀ ਜ਼ਿੰਮੇਵਾਰੀ ਵੀ ਸ਼ੈਲਰ ਮਾਲਕ ਸਿਰ ਮੜ੍ਹੀ ਜਾ ਰਹੀ ਹੈ ਜਿਸ ਕਾਰਨ ਪੰਜਾਬ ਦਾ ਸ਼ੈਲਰ ਉਦਯੋਗ ਆਰਥਿਕ ਤਬਾਹੀ ਵਲ ਜਾ ਰਿਹਾ ਹੈ।

'ਦੀ ਫੈਡਰੇਸ਼ਨ ਆਫ ਆਲ ਇੰਡੀਆ ਰਾਇਸ ਸ਼ੈਲਰ ਮਿੱਲਰ ਐਸੋਸੀਏਸ਼ਨ' ਦੇ ਪ੍ਰਧਾਨ ਤਰਸੇਮ ਸੈਣੀ ਨੇ ਕਿਹਾ ਕਿ ਐਫ.ਸੀ.ਆਈ. (ਭਾਰਤੀ ਖੁਰਾਕ ਨਿਗਮ) ਕੋਲ ਪੂਰੇ ਦੇਸ਼ ਵਿਚ ਚੌਲ ਸਟੋਰ ਕਰਨ ਲਈ ਜਗ੍ਹਾ ਨਾ ਹੋਣ ਦਾ ਖਮਿਆਜਾ ਸ਼ੈਲਰ ਉਦਯੋਗ ਨੂੰ ਭੁਗਤਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਪੰਜਾਬ ਵਿਚ 22 ਫੀਸਦੀ ਝੋਨੇ ਦੀ ਮਿਲਿੰਗ ਹੋਣੀ ਬਾਕੀ ਹੈ, ਭਾਵ ਇਸ ਸਮੇਂ ਪੰਜਾਬ 'ਚ 3 ਹਜ਼ਾਰ ਕਰੋੜ ਦਾ ਝੋਨਾ ਖਰਾਬ ਹੋ ਰਿਹਾ ਹੈ। ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਦੇਸ਼ 'ਚ ਜਿਥੇ ਕਣਕ ਸੜ ਰਹੀ ਹੈ, ਉਥੇ ਹੁਣ ਇਸ ਦੀ ਮਾਰ ਚੌਲਾਂ 'ਤੇ ਪੈਣ ਵਾਲੀ ਹੈ ਕਿਉਂਕਿ ਦੋ ਸਾਲ ਪਹਿਲਾਂ ਗੈਰ ਬਾਸਮਤੀ ਚੌਲਾਂ ਦੀ ਦਰਾਮਦ 'ਤੇ ਲਾਈ ਰੋਕ ਹੁਣ ਤੱਕ ਜਾਰੀ ਹੈ।

## ਰਾਮਦੇਵ ਵਲੋਂ ਜ਼ਮੀਨ ਖਰੀਦਣ 'ਤੇ ਵਿਵਾਦ



**ਗੁੜਗਾਓਂ :** ਅਰਾਵਲੀ ਖੇਤਰ ਵਿਚ ਬਾਬਾ ਰਾਮਦੇਵ ਵਲੋਂ ਕਥਿਤ ਤੌਰ 'ਤੇ ਇਕ ਵੱਡੇ ਜ਼ਮੀਨ ਦੇ ਟੁਕੜੇ ਦੀ ਖਰੀਦਦਾਰੀ ਨੇ ਇਕ ਨਵੇਂ ਵਿਵਾਦ ਨੂੰ ਜਨਮ ਦੇ ਦਿੱਤਾ ਹੈ। ਬਾਬੇ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਗੁੜਗਾਓਂ-ਫਰੀਦਾਬਾਦ ਹੱਦ ਦੇ ਨੇੜੇ ਅਰਾਵਲੀ ਘਾਟੀ ਦੇ ਮੰਗੇਰ ਪਿੰਡ ਵਿਚ 200 ਏਕੜ ਤੋਂ ਵੱਧ ਜ਼ਮੀਨ ਖਰੀਦੀ ਹੈ। ਹਾਲਾਂਕਿ ਬਾਬਾ ਰਾਮਦੇਵ ਦੇ ਬੁਲਾਰੇ ਨੇ ਇਸ ਖਰੀਦਦਾਰੀ ਤੋਂ ਇਨਕਾਰ ਕੀਤਾ ਹੈ।

ਜਾਣਕਾਰੀ ਮੁਤਾਬਕ ਮਾਲੀਆ ਵਿਭਾਗ ਦੇ ਅਧਿਕਾਰੀਆਂ ਅਤੇ ਮੰਗੇਰ ਪਿੰਡ ਦੇ ਨਿਵਾਸੀਆਂ ਦਾ ਕਹਿਣਾ ਹੈ ਕਿ ਬਾਬਾ ਵਲੋਂ ਸੰਚਾਲਿਤ ਟਰੱਸਟ ਨੇ ਅਰਾਵਲੀ ਘਾਟੀ ਵਿਚ ਅਤਿ ਮਹੱਤਵਪੂਰਨ 200 ਏਕੜ ਤੋਂ ਵੱਧ ਜ਼ਮੀਨ ਖਰੀਦੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਇਸ ਸੌਦੇ ਦਾ ਵਿਚੋਲੀਆ 1000 ਏਕੜ ਤੋਂ ਵੱਧ ਜ਼ਮੀਨ ਖਰੀਦਣ ਲਈ ਅਜੇ ਸੌਦੇਬਾਜ਼ੀ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਇਹ ਜ਼ਮੀਨ ਪੰਜਾਬ ਲੈਂਡ ਪ੍ਰੀਜ਼ਰਵੇਸ਼ਨ ਐਕਟ ਦੇ ਤਹਿਤ ਆਉਂਦੀ ਹੈ, ਜਿਸ ਦੇ ਤਹਿਤ ਇਸ ਭੂਮੀ ਦੀ ਵਰਤੋਂ ਗੈਰ-ਜੰਗਲ ਸਰਗਰਮੀਆਂ ਲਈ ਨਹੀਂ ਕੀਤੀ ਜਾ ਸਕਦੀ।

## ਕਾਲੇ ਜਾਦੂ ਵਾਲਾ ਟੋਰਾਂਟੋ ਪੁਲਿਸ ਦੇ ਅੜਿੱਕੇ

**ਟੋਰਾਂਟੋ:**ਟੋਰਾਂਟੋ ਪੁਲਿਸ ਨੇ ਕਾਲਾ ਜਾਦੂ'ਕਰਨ ਵਾਲੇ ਅਜਿਹੇ ਸ਼ਖਸ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਨੇ ਬਹੁਤ ਸਾਰੇ ਲੋਕਾਂ ਨੂੰ ਆਪਣੇ ਜਾਲ ਵਿਚ ਫਸਾ ਕੇ ਚੂਨਾ ਲਾਇਆ ਹੈ। ਕਿਸੇ ਕਾਲੇ ਜਾਦੂ ਵਾਲੇ ਠੱਗ ਦੀ ਗ੍ਰਿਫਤਾਰੀ, ਸ਼ਾਇਦ ਕੈਨੇਡਾ ਵਿਚ ਪਹਿਲਾ ਕੇਸ ਹੈ। ਪੁਲਿਸ ਸਾਰਜੰਟ ਬੀ.ਜੇ. ਸੰਧੂ ਅਨੁਸਾਰ ਬਹੁਤ ਸਾਰੇ ਲੋਕਾਂ ਦੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਹੀ ਇਸ ਬੰਦੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਯੋਗੇਂਦਰ ਪਾਠਕ ਨਾਂ ਦੇ ਇਸ ਵਿਅਕਤੀ ਨੇ ਟੋਰਾਂਟੋ ਦੇ ਆਸ ਪਾਸ ਰਹਿੰਦੇ ਅਨੇਕ ਲੋਕਾਂ ਨੂੰ ਕਾਲੇ ਇਲਮ ਦੇ ਜਾਲ ਵਿਚ ਫਸਾ ਕੇ ਉਨ੍ਹਾਂ ਤੋਂ ਹਜ਼ਾਰਾਂ ਡਾਲਰ ਬਟੋਰ ਲਏ ਹਨ।

# 7.5 ਕਰੋੜ ਦੀ ਕੋਕੀਨ ਸਮਗਲ ਕਰਨ ਦੇ ਮੁਲਜ਼ਿਮ ਦੀ ਜ਼ਮਾਨਤ ਪ੍ਰਵਾਨ

**ਸਰੀ, ਕੈਨੇਡਾ:** ਸਾਢੇ ਸੱਤ ਕਰੋੜ ਡਾਲਰ ਦੀ ਕੋਕੀਨ ਕੈਨੇਡਾ ਤੋਂ ਪਾਰ ਲੰਘਾਉਣ ਦੇ ਦੋਸ਼ੀ ਸਮਝੇ ਜਾਂਦੇ ਬ੍ਰਿਟਿਸ਼ ਕੋਲੰਬੀਆ ਦੇ ਇਕ ਸਾਬਕਾ ਸਰਹੱਦੀ ਗਾਰਡ ਨੂੰ ਅਮਰੀਕਾ ਸਰਕਾਰ ਦੇ ਵਿਰੋਧ ਦੇ ਬਾਵਜੂਦ ਜ਼ਮਾਨਤ ਦੇ ਦਿੱਤੀ ਗਈ ਹੈ। ਐਬਟਸਫੋਰਡ ਵਾਸੀ 38 ਸਾਲਾ ਜਸਬੀਰ ਸਿੰਘ ਗਰੇਵਾਲ ਨੂੰ ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ ਦੇ ਇਕ ਜੱਜ ਨੇ ਪਿਛਲੇ ਮਹੀਨੇ ਸਾਢੇ ਤਿੰਨ ਲੱਖ ਡਾਲਰ ਦੀ ਜ਼ਮਾਨਤ ਉਤੇ ਇਹ ਕਹਿੰਦਿਆਂ ਰਿਹਾ ਕਰ ਦਿੱਤਾ ਕਿ ਉਸ ਦੇ ਗੁੰਮ ਹੋ ਜਾਣ ਦਾ ਗੰਭੀਰ ਜੋਖਿਮ ਨਹੀਂ ਹੈ।

ਅਮਰੀਕੀ ਅਧਿਕਾਰੀਆਂ ਦਾ ਯਕੀਨ ਹੈ ਕਿ ਸਾਲ 2007 ਅਤੇ 2008 ਦਰਮਿਆਨ ਗਰੇਵਾਲ ਨੇ ਆਲਡਰਗਰੂਵ ਬਾਰਡਰ ਉਤੇ ਇਕ ਸਰਹੱਦੀ ਗਾਰਡ ਵਜੋਂ ਕੰਮ ਕਰਦਿਆਂ ਕੋਈ ਤਿੰਨ ਹਜ਼ਾਰ ਕਿਲੋ ਕੋਕੀਨ ਕੈਨੇਡਾ ਲੰਘ ਜਾਣ ਦਿੱਤੀ। ਦੋਸ਼ ਹੈ ਕਿ ਉਸ ਨੂੰ 200 ਤੋਂ 300 ਕਿਲੋਗ੍ਰਾਮ ਦੀ ਹਰ ਖੇਪ ਬਦਲੇ ਸੱਠ ਹਜ਼ਾਰ ਡਾਲਰ ਦੀ ਰਕਮ ਦਿੱਤੀ ਜਾਂਦੀ ਸੀ। ਇਹ ਕੋਕੀਨ ਟਰੱਕ ਵਿਚ ਰੱਖੀ ਹੁੰਦੀ ਅਤੇ ਗਰੇਵਾਲ ਇਸ ਨੂੰ ਬਾਰਡਰ ਉਤੇ ਆਪਣੀ ਡਿਊਟੀ ਸਮੇਂ ਆਪਣੀ ਲੇਨ ਵਿਚੋਂ ਲੰਘ ਜਾਣ ਦਿੰਦਾ। ਅਦਾਲਤ ਪਾਸ ਮੌਜੂਦ ਦਸਤਾਵੇਜ਼ਾਂ ਅਨੁਸਾਰ ਗਰੇਵਾਲ ਵਿਰੁਧ ਬਹੁਤੇ ਸਬੂਤ ਪੁਲਿਸ ਦੇ ਉਨ੍ਹਾਂ ਮੁਖਬਰਾਂ ਦੇ ਬਿਆਨਾਂ ਉਤੇ ਆਧਾਰਤ ਹਨ ਜਿਹੜੇ ਇਸ ਕਥਿਤ ਡਰੱਗ ਢੋਣ ਦੀ ਸਕੀਮ ਵਿਚ ਸ਼ਾਮਲ ਸਨ।

ਅਮਰੀਕੀ ਸਰਕਾਰ ਵਲੋਂ ਗਰੇਵਾਲ ਦੀ ਰਿਹਾਈ ਦਾ ਵਿਰੋਧ ਇਸ ਦਲੀਲ ਉਤੇ ਕੀਤਾ ਗਿਆ ਸੀ ਕਿ ਕੋਕੀਨ ਸਮਗਲ ਕਰਨ ਦੇ ਦੋਸ਼ਾਂ ਵਿਚ ਉਸ ਦੀ ਅਮਰੀਕੀ ਅਦਾਲਤਾਂ ਵਿਚ ਪੇਸ਼ੀ ਜ਼ਰੂਰੀ ਹੈ ਪ੍ਰੰਤੂ ਜੱਜ ਰਿਚਰਡ ਗੋਪੈਲ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਗਰੇਵਾਲ ਦਾ ਕੋਈ ਪਿਛਲਾ ਮੁਜ਼ਰਮਾਨਾ ਰਿਕਾਰਡ ਨਹੀਂ ਹੈ ਅਤੇ ਉਸ ਦੇ ਹੋਰਨਾਂ ਮੁਲਕਾਂ ਵਿਚ ਕੋਈ ਸਬੰਧ ਵੀ ਨਹੀਂ ਹਨ। ਡਰੱਗ ਬਰਾਮਦ ਕਰਨ ਦੇ ਦੋਸ਼ ਲੱਗਣ ਤੋਂ ਬਾਅਦ ਵੀ ਉਹ ਪਿਛਲੇ 16 ਮਹੀਨਿਆਂ ਦੌਰਾਨ ਬ੍ਰਿਟਿਸ਼ ਕੋਲੰਬੀਆ ਵਿਚ ਹੀ ਰਿਹਾ ਹੈ। ਜੱਜ ਨੇ ਕਿਹਾ ਕਿ ਜਦ ਤੱਕ ਦੋਸ਼ ਸਾਬਤ ਨਹੀਂ ਹੋ ਜਾਂਦੇ ਗਰੇਵਾਲ ਨੂੰ ਬੇਕਸੂਰ ਮੰਨਿਆ ਜਾਏਗਾ। ਉਸ ਦਾ ਪਿਛਲਾ ਕੋਈ ਮੁਜ਼ਰਮਾਨਾ ਰਿਕਾਰਡ ਨਹੀਂ ਹੈ ਅਤੇ ਇਸ ਗੱਲ ਦੀ ਬਹੁਤ ਘੱਟ ਸੰਭਾਵਨਾ ਹੈ ਕਿ ਰਿਹਾ ਕੀਤੇ ਜਾਣ ਬਾਅਦ ਉਹ ਮੁਜ਼ਰਮਾਨਾ ਕਾਰਵਾਈਆਂ ਕਰੇਗਾ।

ਜਸਬੀਰ ਸਿੰਘ ਗਰੇਵਾਲ ਡੰਕਨ ਵਿਚ ਜੰਮਿਆ-ਪਲਿਆ ਅਤੇ ਹੁਣ ਉਹ ਦੋ ਬੱਚਿਆਂ ਦਾ ਬਾਪ ਹੈ। ਉਸ ਦੀ ਪਤਨੀ ਪੈਰੋਲ ਅਫਸਰ ਹੈ। ਜੱਜ ਨੇ ਆਪਣੇ ਫੈਸਲੇ ਵਿਚ ਲਿਖਿਆ ਹੈ ਕਿ ਲੱਗਦਾ ਨਹੀਂ ਕਿ ਉਹ ਆਪਣਾ ਵਸਦਾ ਰਸਦਾ ਘਰ ਅਤੇ ਪਰਿਵਾਰ ਛੱਡ ਕੇ ਕਿਧਰੇ ਭੱਜ ਜਾਏਗਾ। ਉਸ ਦੀ ਜ਼ਮਾਨਤ ਦੀਆਂ ਸ਼ਰਤਾਂ ਅਨੁਸਾਰ ਉਸ ਨੂੰ ਆਪਣਾ ਪਾਸਪੋਰਟ ਜਮ੍ਹਾ ਕਰਵਾਉਣਾ ਪਵੇਗਾ ਅਤੇ ਆਪਣੇ 'ਤੇ ਲੱਗੇ ਦੋਸ਼ਾਂ ਦਾ ਸਾਹਮਣਾ ਕਰਨ ਲਈ ਅਮਰੀਕਾ ਹਵਾਲੇ ਕੀਤੇ ਜਾਣ ਦੇ ਸਮੇਂ ਤੱਕ ਬ੍ਰਿਟਿਸ਼ ਕੋਲੰਬੀਆ ਵਿਚ ਹੀ ਰਹਿਣਾ ਪਵੇਗਾ।

**Realtor & Mortgage Specialist**
**Bay Area & Central Valley**

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH
M.A., M.Ed Retd. Principal
Realtor & Financial Adviser
Lic#01776459 & OG22467

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Doing Short Sale is much better than Forclosure home.

**RAJ SINGH**
**Cell:510-452-7370**

MISSIONPEAK
46560 Fremont Blvd.,
Suite #111 Fremont, CA 94538
singhrajpaul@yahoo.com

3.5% ਡਾਊਨ ਨਾਲ ਘਰ ਦੂਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ

**Wraich Transport LLC**
**North American Truck Stop**
14320 Slover Ave., Fontana, CA 92337



ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ ਜਾਂ ਨੌਰਥ ਈਸਟ ਦੇ ਰੂਟ ਹਨ

*We have trailer engine for carrier and thermo king *North american truck stop offers all kind of truck repair @ economy price. *We have special deal on oil change $189 +

ਤੁਰਤ ਕਾਲ ਕਰੋ:800-746-6201, 909-350-3310

**ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ**

ਸਾਨੂੰ ਡਰਾਈਵਰ ਤੇ ਓਨਰ ਅਪਰੇਟਰ ਚਾਹੀਦੇ ਹਨ ਜੋ ਕੈਲੀਫੋਰਨੀਆ ਤੋਂ ਸਿਆਟਲ, ਕੈਨੇਡਾ ਦੇ ਐਡਮਿੰਟਨ, ਕੈਲਗਰੀ ਤੇ ਵੈਨਕੂਵਰ, ਆਦਿ ਸ਼ਹਿਰਾਂ ਵਿਚ ਆ-ਜਾ ਸਕਣ।

ਕੰਪਨੀ ਪਾਸ ਫਿਊਲ ਐਡਵਾਂਸ ਅਤੇ ਕਵਿੱਕ ਪੇਅ ਦਾ ਪੂਰਾ ਪ੍ਰਬੰਧ ਹੈ।

ਹੋਰ ਜਾਣਕਾਰੀ ਲਈ ਅੱਜ ਹੀ ਕਾਲ ਕਰੋ
ਫੋਨ:(510) 881-8008
ਸੈਲ:408-896-4518
Email: cctransinc@gmail.com



**C and C Trans Inc.,** *Hayward, CA*

# ਕਸ਼ਮੀਰ ਬਾਰੇ ਸਰਬ ਪਾਰਟੀ ਵਫਦ 'ਚ ਮਤਭੇਦ

**ਸ੍ਰੀਨਗਰ:** ਕਸ਼ਮੀਰ ਬਾਰੇ ਸਰਬ ਪਾਰਟੀ ਵਫ਼ਦ ਦੇ ਕੁਝ ਮੈਂਬਰਾਂ ਵਲੋਂ ਵੱਖਵਾਦੀ ਕਸ਼ਮੀਰੀ ਆਗੂਆਂ ਨੂੰ ਮਿਲਣ 'ਤੇ ਆਪਣੇ ਮਤਭੇਦ ਦਾ ਸੰਕੇਤ ਦਿੰਦਿਆਂ ਸੀਨੀਅਰ ਭਾਜਪਾ ਆਗੂ ਸੁਸ਼ਮਾ ਸਵਰਾਜ ਨੇ ਕਿਹਾ ਹੈ ਕਿ ਇਹ ਟੀਮ ਨੂੰ ਸੌਂਪੇ ਕਾਰਜ ਦਾ ਹਿੱਸਾ ਨਹੀਂ ਸੀ ਅਤੇ ਇਹ ਫੈਸਲਾ ਸਮੂਹਿਕ ਰੂਪ ਵਿਚ ਨਹੀਂ ਲਿਆ ਗਿਆ।

ਇਸ ਸਬੰਧੀ ਮਾਰਕਸੀ ਆਗੂ ਸੀਤਾ ਰਾਮ ਯੇਚੁਰੀ ਨੇ ਕਿਹਾ ਕਿ ਉਨ੍ਹਾਂ ਅਧਿਕਾਰਤ ਤੌਰ ਤੇ ਹੀ ਵੱਖਵਾਦੀ ਆਗੂਆਂ ਨਾਲ ਮੁਲਾਕਾਤਾਂ ਕੀਤੀਆਂ। ਜਦਕਿ ਉਮਰ ਅਬਦੁੱਲਾ ਨੇ ਕਿਹਾ ਕਿ ਕਸ਼ਮੀਰ 'ਤੇ ਵੱਖਵਾਦੀਆਂ ਦਾ ਵੀ ਬਰਾਬਰ ਹੱਕ ਹੈ ਅਤੇ ਉਨ੍ਹਾਂ ਦੀ ਸਰਕਾਰ ਦਾ ਇਹ ਉਦਮ ਸੀ ਕਿ ਸਰਬ ਪਾਰਟੀ ਵਫ਼ਦ ਰਾਜ ਦੀ ਸਥਿਤੀ ਬਾਰੇ ਸੰਤੁਲਤ ਵਿਚਾਰ ਬਣਾ ਸਕੇ। ਜ਼ਿਕਰਯੋਗ ਹੈ ਕਿ ਵਫਦ ਦੇ ਕੁਝ ਮੈਂਬਰਾਂ ਨੇ ਹੁਰੀਅਤ ਨੇਤਾ ਸੱਯਦ ਅਲੀ ਸ਼ਾਹ ਗਿਲਾਨੀ ਨਾਲ ਮੁਲਾਕਾਤਾਂ ਕੀਤੀਆਂ ਸਨ। ਉਧਰ ਭਾਜਪਾ ਦੇ ਵਿਰੋਧ ਦੇ ਚਲਦਿਆਂ ਵਫ਼ਦ ਦੇ ਤਿੰਨ ਮੈਂਬਰਾਂ ਨੇ ਮੰਗਲਵਾਰ ਨੂੰ ਵੱਖਵਾਦੀ ਨੇਤਾ ਸ਼ਬੀਰ ਸ਼ਾਹ ਨਾਲ ਵੀ ਮੁਲਾਕਾਤ ਕੀਤੀ।

ਸਰਬ ਪਾਰਟੀ ਵਫ਼ਦ ਦੇ ਕੁਝ ਮੈਂਬਰਾਂ ਵਲੋਂ ਵੱਖਵਾਦੀ ਕਸ਼ਮੀਰੀ ਆਗੂਆਂ ਨੂੰ ਮਿਲਣ 'ਤੇ ਸ੍ਰੀਮਤੀ ਸੁਸ਼ਮਾ ਸਵਰਾਜ ਨੇ ਕਿਹਾ "ਇਹ ਉਨ੍ਹਾਂ ਦਾ ਆਪਣਾ ਫੈਸਲਾ ਸੀ, ਨਾ ਕਿ ਵਫ਼ਦ ਦਾ। ਜੇ ਕੋਈ ਜਾਣਾ ਚਾਹੇ ਤਾਂ ਅਸੀਂ ਉਨ੍ਹਾਂ ਨੂੰ ਕਿਵੇਂ ਰੋਕ ਸਕਦੇ ਸੀ? ਉਹ ਚਲੇ ਗਏ ਪਰ ਸਾਡਾ ਫੈਸਲਾ ਨਾ ਜਾਣ ਦਾ ਸੀ। ਇਸ ਲਈ ਅਸੀਂ ਨਹੀਂ ਗਏ।" ਭਾਜਪਾ ਆਗੂ ਨੇ ਇਹ ਟਿੱਪਣੀ ਉਦੋਂ ਕੀਤੀ ਜਦੋਂ ਪੱਤਰਕਾਰਾਂ ਨੇ ਸਰਬ ਪਾਰਟੀ ਵਫ਼ਦ ਦੇ ਤਿੰਨੇ ਗਰੁੱਪਾਂ ਵਲੋਂ ਵੱਖਵਾਦੀ ਆਗੂਆਂ ਨਾਲ ਉਨ੍ਹਾਂ ਦੇ ਘਰ ਜਾ ਕੇ ਕੀਤੀਆਂ ਮੀਟਿੰਗਾਂ ਪ੍ਰਤੀ ਉਨ੍ਹਾਂ ਦਾ ਪ੍ਰਤੀਕਰਮ ਜਾਣਨਾ ਚਾਹਿਆ। ਉਂਜ, ਉਨ੍ਹਾਂ ਕਿਹਾ ਕਿ ਵੱਖਵਾਦੀਆਂ ਨਾਲ ਮੁਲਾਕਾਤ ਦੇ ਮੁੱਦੇ 'ਤੇ ਵਫ਼ਦ ਵਿਚ ਦੁਫੇੜ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

ਲੋਕ ਸਭਾ ਵਿਚ ਵਿਰੋਧੀ ਧਿਰ ਦੀ ਨੇਤਾ ਨੇ ਕਿਹਾ "ਵਫ਼ਦ ਦੇ ਕੁਝ ਲੋਕਾਂ ਨੇ ਉਨ੍ਹਾਂ (ਵੱਖਵਾਦੀਆਂ) ਨੂੰ ਮਿਲਣ ਦੀ ਇੱਛਾ ਜ਼ਾਹਰ ਕੀਤੀ ਸੀ। ਵਿਅਕਤੀਗਤ ਰੂਪ ਵਿਚ ਕੋਈ ਵੀ ਜਾ ਸਕਦਾ ਹੈ। ਕੋਈ ਵੀ ਉਨ੍ਹਾਂ ਨੂੰ ਰੋਕ ਨਹੀਂ ਸਕਦਾ।" ਉਨ੍ਹਾਂ ਕਿਹਾ ਕਿ ਵਫ਼ਦ ਦਾ ਦੌਰਾ ਇਸ ਪੱਖੋਂ ਸਫ਼ਲ ਰਿਹਾ ਕਿ ਇਸ ਨੇ ਲੋਕਾਂ ਦੀ ਗੱਲ ਸੁਣੀ।

## ਬੇਕਰਜ਼ਫੀਲਡ ਦੇ ਕਬੱਡੀ ਮੇਲੇ ਲਈ ਮੀਟਿੰਗ 26 ਨੂੰ

**ਬੇਕਰਜ਼ਫੀਲਡ (ਮਨਦੀਪ ਮਾਨ):** ਇਥੇ ਨਿਕਟ ਭਵਿੱਖ ਵਿਚ ਕਰਵਾਏ ਜਾ ਰਹੇ ਵੱਡੇ ਕਬੱਡੀ ਮੇਲੇ ਦੀ ਤਿਆਰੀ ਸਬੰਧੀ ਇਕ ਮੀਟਿੰਗ ਆਉਂਦੀ 26 ਸਤੰਬਰ ਨੂੰ ਦੁਪਹਿਰ ਇਕ ਵਜੇ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਵਿਖੇ ਰੱਖੀ ਗਈ ਹੈ। ਕਿਸੇ ਵੀ ਖੇਡ ਕਲੱਬ ਦੇ ਮੈਂਬਰ ਜਾਂ ਖੇਡ ਪ੍ਰੇਮੀ ਇਸ ਮੀਟਿੰਗ ਵਿਚ ਸ਼ਾਮਲ ਹੋ ਸਕਦੇ ਹਨ।

ਹੋਰ ਜਾਣਕਾਰੀ ਜੱਸੀ ਗਿੱਲ ਫੋਨ 661-331-6766 ਤੋਂ ਹਾਸਲ ਕੀਤੀ ਜਾ ਸਕਦੀ ਹੈ।

# ਸੈਕਰਾਮੈਂਟੋ ਵਿਚ ਗਦਰੀ ਬਾਬਿਆਂ ਦੇ ਮੇਲੇ ਲਈ ਤਿਆਰੀ ਜ਼ੋਰਾਂ 'ਤੇ


**ਸੈਕਰਾਮੈਂਟੋ:** ਕੈਲੀਫੋਰਨੀਆ ਵਿਚ ਗਦਰੀ ਬਾਬਿਆਂ ਦੀ ਯਾਦ ਵਿਚ ਮੇਲੇ ਲਾਉਣ ਦੀ ਪਿਰਤ ਅਰੰਭਣ ਵਾਲੀ ਸੰਸਥਾ ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ ਇਸ ਵਾਰ ਗਦਰੀ ਬਾਬਿਆਂ ਦੀ ਯਾਦ ਵਿਚ 3 ਅਕਤੂਬਰ ਨੂੰ ਕਰਵਾਏ ਜਾ ਰਹੇ ਮੇਲੇ ਲਈ ਤਿਆਰੀਆਂ ਪੂਰੇ ਜ਼ੋਰ ਸ਼ੋਰ ਨਾਲ ਚੱਲ ਰਹੀਆਂ ਹਨ। ਇਹ ਜਾਣਕਾਰੀ ਦਿੰਦਿਆਂ ਸੰਸਥਾ ਦੇ ਪ੍ਰਧਾਨ ਸ੍ਰੀ ਸੁਰਿੰਦਰ ਬਿੰਦਰਾ ਨੇ ਦੱਸਿਆ ਕਿ ਇਸ ਵਾਰ ਦਾ ਮੇਲਾ ਗਦਰ ਲਹਿਰ ਦੀ ਅਗਲੀ ਕੜੀ ਵਜੋਂ ਜਾਣੀ ਜਾਂਦੀ ਬੱਬਰ ਲਹਿਰ ਨੂੰ ਸਮਰਪਿਤ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਮੇਲਾ ਆਜ਼ਾਦੀ ਦੀ ਲੜਾਈ ਵਿਚ ਆਪਣਾ ਸਭ ਕੁਝ ਦਾਅ 'ਤੇ ਲਾ ਦੇਣ ਵਾਲੇ ਸੂਰਮਿਆਂ ਦੀ ਯਾਦ ਤਾਜ਼ਾ ਰੱਖਣ ਦਾ ਇਕ ਉਪਰਾਲਾ ਹੈ।

ਆਪਣੇ ਬਿਆਨ ਵਿਚ ਸ੍ਰੀ ਬਿੰਦਰਾ ਨੇ ਕਿਹਾ ਕਿ ਪਹਿਲੀ ਨਵੰਬਰ 1913 ਦਾ ਦਿਨ ਭਾਰਤੀ ਆਜ਼ਾਦੀ ਦੀ ਲੜਾਈ ਵਿਚ ਇਕ ਖਾਸ ਅਹਿਮੀਅਤ ਰੱਖਦਾ ਹੈ ਕਿਉਂਕਿ ਇਸੇ ਦਿਨ ਕੈਲੀਫੋਰਨੀਆ ਦੀ ਧਰਤੀ ਤੋਂ ਗਦਰੀ ਬਾਬਿਆਂ ਨੇ ਗਦਰ ਲਹਿਰ ਦੇ ਝੰਡੇ ਥੱਲੇ ਅੰਗਰੇਜ਼ ਹਾਕਮਾਂ ਵਿਰੁਧ ਆਜ਼ਾਦੀ ਦੇ ਹਥਿਆਰਬੰਦ ਘੋਲ ਦਾ ਯੁਗਾਂਤਰ ਆਸ਼ਰਮ ਤੋਂ ਛਪਦੇ ਗਦਰ ਦੀ ਗੂੰਜ ਅਖਬਾਰ ਰਾਹੀਂ ਐਲਾਨ ਕੀਤਾ ਸੀ। ਇਸ ਲਹਿਰ ਨੇ ਭਾਰਤੀਆਂ ਨੂੰ ਅਜਿਹਾ ਹਲੂਣਾ ਦਿੱਤਾ ਕਿ ਨਜੀਤੇ ਵਜੋਂ ਗੁਰਦੁਆਰਾ ਸੁਧਾਰ ਲਹਿਰ, ਕਿਰਤੀ ਕਿਸਾਨ ਲਹਿਰ, ਬੱਬਰ ਲਹਿਰ, ਯੁਗ ਪਲਟਾਊ ਲਹਿਰ ਵਰਗੀਆਂ ਕਈ ਲਹਿਰਾਂ ਉਠੀਆਂ।

ਇਸ ਮੇਲੇ ਵਿਚ ਜਿਥੇ ਆਜ਼ਾਦੀ ਦੇ ਪਰਵਾਨਿਆਂ ਦੀ ਯਾਦ ਨੂੰ ਸਮਰਪਿਤ ਤਕਰੀਰਾਂ ਹੋਣਗੀਆਂ, ਗਦਰੀ ਬਾਬਿਆਂ ਸਬੰਧੀ ਇਕ ਨੁਮਾਇਸ਼ ਲਾਈ ਜਾਵੇਗੀ ਉਥੇ ਮਨੋਰੰਜਨ ਲਈ ਗੀਤ-ਸੰਗੀਤ ਦਾ ਪ੍ਰਬੰਧ ਵੀ ਹੋਵੇਗਾ। ਮੰਚ ਸੰਚਾਲਨ ਜਸਵੰਤ ਸਿੰਘ ਸ਼ਾਦ ਕਰਨਗੇ। ਰੋਟੀ-ਪਾਣੀ ਦਾ ਪ੍ਰਬੰਧ ਵੀ ਹੋਵੇਗਾ।




# ਮੇਰੇ ਧਰਮ ਸੰਸਕਾਰ ਸਿੱਖਾਂ ਵਾਲੇ ਵੱਧ ਰਹੇ- ਅਡਵਾਨੀ



**ਨਵੀਂ ਦਿੱਲੀ :** ਲਾਲ ਕ੍ਰਿਸ਼ਨ ਅਡਵਾਨੀ ਨੂੰ ਭਾਜਪਾ ਦੇ ਰੱਥ ਯਾਤਰੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਉਨ੍ਹਾਂ ਦਾ ਅਕਸ ਕੱਟੜ ਹਿੰਦੂਤਵਵਾਦੀ ਵਾਲਾ ਹੈ, ਪਰ ਇੰਡੀਅਨ ਐਕਸਪ੍ਰੈਸ ਦੇ ਐਤਵਾਰੀ ਮੈਗਜ਼ੀਨ ਵਿਚ ਪ੍ਰਕਾਸ਼ਿਤ ਇੰਟਰਵਿਊ 'ਚ ਉਨ੍ਹਾਂ ਸਪੱਸ਼ਟ ਕੀਤਾ ਕਿ ਨਾ ਤਾਂ ਉਹ ਤੁਅੱਸਬੀ ਹਿੰਦੂ ਹਨ ਅਤੇ ਨਾ ਹੀ ਧਾਰਮਿਕ ਕਰਮਕਾਂਡਾਂ ਵਿਚ ਬਹੁਤਾ ਯਕੀਨ ਰੱਖਦੇ ਹਨ। ਉਹ ਧਾਰਮਿਕਤਾ ਦੇ ਉਪਾਸ਼ਕ ਜ਼ਰੂਰ ਹਨ ਪਰ ਮਜ਼ਹਬਪ੍ਰਸਤੀ ਨੂੰ ਜੀਵਨ ਸ਼ੈਲੀ ਬਣਾਉਣ ਦੀ ਥਾਂ ਜੀਵਨ ਵਿਚ ਧਾਰਮਿਕ ਅਨੁਸ਼ਾਸਨ ਲਿਆਉਣ ਨੂੰ ਆਪਣਾ ਉਦੇਸ਼ ਤੇ ਟੀਚਾ ਮੰਨਦੇ ਹਨ। ਉਨ੍ਹਾਂ ਦਾ ਇਹ ਵੀ ਦਾਅਵਾ ਹੈ ਕਿ ਉਨ੍ਹਾਂ ਦੇ ਧਾਰਮਿਕ ਸੰਸਕਾਰ ਹਿੰਦੂਆਂ ਨਾਲੋਂ ਸਿੱਖਾਂ ਵਾਲੇ ਜ਼ਿਆਦਾ ਰਹੇ ਹਨ। ਕਰਾਚੀ ਸਥਿਤ ਉਨ੍ਹਾਂ ਦੇ ਘਰ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੀੜ ਸੁਸ਼ੋਭਿਤ ਰਹੀ। ਉਨ੍ਹਾਂ ਦੀ ਦਾਦੀ ਭਾਵੇਂ ਚਿੱਠੀਆਂ ਸਿੰਧੀ ਵਿਚ ਲਿਖਦੀ ਸੀ, ਪਰ ਇਸ ਭਾਸ਼ਾ ਦੀ ਲਿਪੀ ਗੁਰਮੁਖੀ ਹੋਇਆ ਕਰਦੀ ਸੀ। ਇਸੇ ਲਈ ਗੁਰਮੁਖੀ ਲਿਪੀ ਵਿਚਲੀਆਂ ਲਿਖਤਾਂ ਨੂੰ ਅਡਵਾਨੀ ਹੁਣ ਵੀ ਪੜ੍ਹ ਲੈਂਦੇ ਹਨ।

ਕਾਂਗਰਸੀ ਨੇਤਾਵਾਂ ਨਾਲ ਆਪਣੇ ਸਬੰਧਾਂ ਬਾਰੇ ਸਵਾਲਾਂ ਦੇ ਜਵਾਬ ਵਿਚ ਸ੍ਰੀ ਅਡਵਾਨੀ ਨੇ ਕਿਹਾ ਕਿ ਸਵਰਗੀ ਰਾਜੀਵ ਗਾਂਧੀ ਦੇ ਵਿਰੋਧੀ ਨੇਤਾਵਾਂ ਨਾਲ ਸਬੰਧ ਹਮੇਸ਼ਾਂ ਸੁਖਾਵੇਂ ਰਹੇ। ਰਾਜੀਵ ਨੇ ਅਡਵਾਨੀ ਨਾਲ ਆਪਣੀ ਪਹਿਲੀ ਮੁਲਾਕਾਤ ਦੀ ਸ਼ੁਰੂਆਤ ਹੀ ਇਨ੍ਹਾਂ ਸ਼ਬਦਾਂ ਨਾਲ ਕੀਤੀ ਸੀ, "ਤੁਸੀਂ ਤਾਂ ਲੰਮੇ ਸਮੇਂ ਤੋਂ ਪਾਰਲੀਮੈਂਟ 'ਚ ਰਹੇ ਹੋ, ਮੇਰੀ ਤਾਂ ਅਜੇ ਸ਼ੁਰੂਆਤ ਹੈ। ਮੈਨੂੰ ਦੱਸੋ ਕਿ ਪਾਰਲੀਮਾਨੀ ਪ੍ਰਣਾਲੀ ਨੂੰ ਸੁਧਾਰਿਆ ਕਿਵੇਂ ਜਾ ਸਕਦਾ ਹੈ।" ਸ੍ਰੀ ਅਡਵਾਨੀ ਦੇ ਕਹਿਣ ਅਨੁਸਾਰ ਤਲਖ਼ ਸਮਿਆਂ ਵਿਚ ਰਾਜੀਵ ਗਾਂਧੀ ਨੇ ਨਿੱਜੀ ਸਬੰਧਾਂ ਵਿਚ ਤਲਖ਼ੀ ਨਹੀਂ ਆਉਣ ਦਿੱਤੀ ਸਗੋਂ ਨਿੱਘੇ ਤੇ ਸ਼ਿਸ਼ਟਾਚਾਰੀ ਢੰਗ ਨਾਲ ਉਨ੍ਹਾਂ ਨੂੰ ਮਿਲਦੇ ਰਹੇ। ਸੋਨੀਆ ਗਾਂਧੀ ਬਾਰੇ ਭਾਜਪਾ ਦੇ ਸੀਨੀਅਰ ਨੇਤਾ ਦਾ ਕਹਿਣਾ ਹੈ ਕਿ ਉਹ ਸਿਰਫ ਇਕ ਵਾਰ ਕਾਂਗਰਸ ਪ੍ਰਧਾਨ ਦੇ ਨਿਵਾਸ 'ਤੇ ਗਏ। ਉਹ ਵੀ ਆਪਣੀ ਪਤਨੀ ਕਮਲਾ ਦੇ ਨਾਲ ਸ੍ਰੀਮਤੀ ਗਾਂਧੀ ਨੂੰ ਆਪਣੀ ਸਵੈ-ਜੀਵਨੀ 'ਮਾਈ ਕੰਟਰੀ ਮਾਈ ਲਾਈਫ਼' ਦੀ ਕਾਪੀ ਭੇਟ ਕਰਨ ਲਈ। ਸੋਨੀਆ ਦੋਵਾਂ ਨੂੰ ਨਿੱਘ ਨਾਲ ਮਿਲੀ।

Mobile Auto Service
Bay Area & Central Valley
32 Years Experience
ASE Certified
Master Auto Technician
Engine Performance Specialist
ASE CERTIFIED MASTER AUTO TECHNICIAN




Guljender Dhami

- Brakes
- Tune Up
- Timing Belts
- Water Pump
- Check Engine Light
- Electrical

ਵਾਧੂ ਖਰਚਾ ਕਿਉਂ ਕਰਦੇ ਹੋ?
ਵਧੀਆ ਸਰਵਿਸ
ਵਾਜਬ ਕੀਮਤ

Call For Appt.
510-284-9479 & 209-622-9051

Reliable and Experienced
Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869
*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay
We Specialize in Bankowned, Foreclosure and Short Sale Homes
ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।
We Do Loan Modification and Credit Repair to Save Your Home From Forclosure
Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ
Right Time To Buy For Investers And First Time Home Buyers
REALTY WORLD Millennium



Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com
Gurbans Gill 209-815-1869

## ਰੇਡੀਓ ਗੀਤ ਸੰਗੀਤ ਬਣਿਆ ਰੇਡੀਓ ਚੜ੍ਹਦੀ ਕਲਾ

**ਫਰੀਮਾਂਟ:** ਵਾਟਸਨਵਿਲ ਤੋਂ ਲੰਮੇ ਸਮੇਂ ਤੋਂ ਚਲਦਾ ਆ ਰਿਹਾ ਰੇਡੀਓ ਗੀਤ ਸੰਗੀਤ ਨਵੀਂ ਕੰਪਨੀ ਰੇਡੀਓ ਚੜ੍ਹਦੀ ਕਲਾ ਨੇ ਲੈ ਲਿਆ ਹੈ ਅਤੇ ਇਸ ਰੇਡੀਓ ਦਾ ਪ੍ਰਸਾਰਣ ਹੁਣ "ਰੇਡੀਓ ਚੜ੍ਹਦੀ ਕਲਾ" ਦੇ ਨਾਂ 'ਤੇ ਹੁੰਦਾ ਹੈ। ਰੇਡੀਓ ਚੜ੍ਹਦੀ ਕਲਾ ਦਾ ਪ੍ਰਸਾਰਣ ਲੰਘੀ 9 ਸਤੰਬਰ ਤੋਂ ਬਾਕਾਇਦਾ ਸ਼ੁਰੂ ਕਰ ਦਿੱਤਾ ਗਿਆ ਹੈ।

ਇਸ ਰੇਡੀਓ ਤੋਂ ਗੁਰਦੁਆਰਾ ਸੈਨ ਹੋਜ਼ੇ ਤੋਂ ਰਹਿਰਾਸ ਦਾ ਪਾਠ ਅਤੇ ਕੀਰਤਨ ਅਤੇ ਗੁਰਦੁਆਰਾ ਫਰੀਮਾਂਟ ਤੋਂ ਸਵੇਰ ਦਾ ਨਿੱਤਨੇਮ ਅਤੇ ਕੀਰਤਨ ਸਿੱਧਾ ਪ੍ਰਸਾਰਿਤ ਕੀਤਾ ਜਾਂਦਾ ਹੈ। ਸ਼ਾਮ 9 ਵਜੇ "ਵਤਨ ਦੀਆਂ ਖਬਰਾਂ" ਸਿਰਲੇਖ ਹੇਠ ਖਬਰਾਂ ਪ੍ਰੋ. ਕਮਲਜੀਤ ਸਿੰਘ ਦਿੰਦੇ ਹਨ ਅਤੇ ਇਸ ਤੋਂ ਇਲਾਵਾ ਗੀਤ ਸੰਗੀਤ ਨਿਰੰਤਰ ਚਲਦਾ ਰਹਿੰਦਾ ਹੈ। ਇਹ ਸਾਰੇ ਪ੍ਰੋਗਰਾਮ ਫਰੀਮਾਂਟ ਸਟੂਡੀਓ ਤੋਂ ਪ੍ਰਸਾਰਿਤ ਕੀਤੇ ਜਾਂਦੇ ਹਨ। ਹੋਰ ਜਾਣਕਾਰੀ ਗੁਰਚਰਨ ਸਿੰਘ ਮਾਨ 510-557-0061 ਜਾਂ ਲਖਵੀਰ ਸਿੰਘ ਫੋਨ 510-760-9882 ਤੋਂ ਹਾਸਲ ਕੀਤੀ ਜਾ ਸਕਦੀ ਹੈ।

## ਅਫੀਮ ਦੀ ਤਸਕਰੀ ਵਿਚ ਅਫਗਾਨਿਸਤਾਨ ਅਤੇ ਪਾਕਿਸਤਾਨ ਹਾਲੇ ਵੀ ਮੋਹਰੀ

**ਵਾਸ਼ਿੰਗਟਨ :** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਦਾ ਕਹਿਣਾ ਹੈ ਕਿ ਵਿਸ਼ਵ ਭਰ ਵਿਚ ਅਫੀਮ ਅਤੇ ਹਸ਼ੀਸ਼ ਦੀ ਤਸਕਰੀ ਕਰਨ ਵਾਲਾ ਪਾਕਿਸਤਾਨ ਸਭ ਤੋਂ ਵੱਡਾ ਦੇਸ਼ ਹੈ। ਇਸ ਤੋਂ ਇਲਾਵਾ ਵਿਸ਼ਵ ਦੇ ਜਿਹੜੇ 17 ਹੋਰ ਦੇਸ਼ ਨਸ਼ਿਆਂ ਦਾ ਉਤਪਾਦਨ ਜਾਂ ਤਸਕਰੀ ਕਰਦੇ ਹਨ, ਉਨ੍ਹਾਂ ਦੀ ਸੂਚੀ ਵਿਚ ਅਫਗਾਨਿਸਤਾਨ, ਭਾਰਤ, ਬਹਾਮਾਸ, ਬੋਲੀਵੀਆ, ਕੋਲੰਬੀਆ, ਕੋਸਟਾਰਿਕਾ, ਇਕੁਆਡੋਰ, ਗੁਆਟੇਮਾਲਾ, ਹੈਤੀ, ਜਮਾਇਕਾ, ਲਾਓਸ, ਮੈਕਸੀਕੋ, ਨਿਕਾਰਾਗੂਆ, ਪਨਾਮਾ, ਪੇਰੂ ਤੇ ਵੈਂਜ਼ੁਏਲਾ ਆਦਿ ਸ਼ਾਮਲ ਹਨ।

ਰਾਸ਼ਟਰਪਤੀ ਓਬਾਮਾ ਵਲੋਂ ਵਿਦੇਸ਼ ਮੰਤਰਾਲੇ ਨੂੰ ਇਸ ਸੂਚੀ ਸਮੇਤ ਭੇਜੇ ਗਏ ਪੱਤਰ ਵਿਚ ਕਿਹਾ ਗਿਆ ਹੈ ਕਿ ਸਬੰਧਤ ਦੇਸ਼ਾਂ ਦੀਆਂ ਸਰਕਾਰਾਂ ਭਾਵੇਂ ਤਸਕਰੀ ਰੋਕਣ ਲਈ ਅਮਰੀਕਾ ਨਾਲ ਸਹਿਯੋਗ ਕਰ ਰਹੀਆਂ ਹਨ, ਪਰ ਤਸਕਰੀ ਦਾ ਮੁੱਖ ਕਾਰਨ ਇਨ੍ਹਾਂ ਦੇਸ਼ਾਂ ਦੀ ਭੂਗੋਲਿਕ ਸਥਿਤੀ ਹੈ। ਇਸ ਤੋਂ ਇਲਾਵਾ ਵਪਾਰਕ ਅਤੇ ਆਰਥਿਕ ਕਾਰਨ ਵੀ ਹਨ ਜਿਨ੍ਹਾਂ ਸਦਕਾ ਤਸਕਰੀ ਰੋਕਣ ਦੇ ਯਤਨਾਂ ਨੂੰ ਬੂਰ ਨਹੀਂ ਪੈ ਰਿਹਾ। ਰਾਸ਼ਟਰਪਤੀ ਨੇ ਬੋਲੀਵੀਆ, ਬਰਮਾ ਅਤੇ ਵੈਂਜ਼ੁਏਲਾ ਨੂੰ ਅਜਿਹੇ ਦੇਸ਼ ਮੰਨਿਆ ਹੈ ਜੋ ਕੌਮਾਂਤਰੀ ਸਮਝੌਤਿਆਂ ਤਹਿਤ ਪਿਛਲੇ 12 ਮਹੀਨਿਆਂ ਤੋਂ ਲੋੜੀਂਦੇ ਕਦਮ ਚੁੱਕਣ ਵਿਚ ਨਾਕਾਮ ਰਹੇ ਹਨ। ਉਨ੍ਹਾਂ ਕਿਹਾ ਕਿ ਅਫਗਾਨਿਸਤਾਨ ਹਾਲੇ ਵੀ ਵਿਸ਼ਵ ਵਿਚ ਸਭ ਤੋਂ ਵੱਡਾ ਅਫੀਮ ਅਤੇ ਹੈਰੋਇਨ ਉਤਪਾਦਕ ਹੈ। ਹਾਲਾਂਕਿ ਅਫਗਾਨਿਸਤਾਨ ਵਲੋਂ ਅਫੀਮ ਦੀ ਖੇਤੀ ਘਟਾਉਣ ਲਈ ਕਦਮ ਚੁੱਕੇ ਗਏ ਹਨ, ਪਰ ਇਸ ਨੂੰ ਅਫੀਮ ਦੀ ਤਸਕਰੀ ਤੇ ਉਤਪਾਦਨ ਰੋਕਣ ਲਈ ਦ੍ਰਿੜ੍ਹ ਸਿਆਸੀ ਇੱਛਾ ਦਿਖਾਉਣ ਦੀ ਲੋੜ ਹੈ। ਰਾਸ਼ਟਰਪਤੀ ਨੇ ਇਹ ਨੁਕਤਾ ਵੀ ਉਠਾਇਆ ਹੈ ਕਿ ਪਾਕਿਸਤਾਨ ਵਲੋਂ ਅਫਗਾਨਿਸਤਾਨ ਨੂੰ ਅਜਿਹੇ ਰਸਾਇਣ ਵੱਡੀ ਮਾਤਰਾ ਵਿਚ ਸਪਲਾਈ ਕੀਤੇ ਜਾਂਦੇ ਹਨ ਜਿਨ੍ਹਾਂ ਦੀ ਵਰਤੋਂ ਹੈਰੋਇਨ ਤਿਆਰ ਕਰਨ ਵਾਸਤੇ ਕੀਤੀ ਜਾਂਦੀ ਹੈ। ਪਾਕਿਸਤਾਨ ਦੇ ਕਈ ਕਬਾਇਲੀ ਖੇਤਰਾਂ ਵਿਚ ਹਾਲੇ ਵੀ ਅੱਤਵਾਦੀ ਜਥੇਬੰਦੀਆਂ ਇਕ ਚੁਣੌਤੀ ਬਣੀਆਂ ਹੋਈਆਂ ਹਨ ਤੇ ਇਹੋ ਜਥੇਬੰਦੀਆਂ ਇਸ ਗੈਰ-ਕਾਨੂੰਨੀ ਧੰਦੇ ਵਿਚ ਸਰਗਰਮ ਹਨ।

## ਏਸ਼ੀਅਨ-ਅਮਰੀਕਨ ਪੈਨਲ ਵਿਚ ਦੋ ਪੰਜਾਬੀ

**ਵਾਸ਼ਿੰਗਟਨ :** ਰਾਸ਼ਟਰਪਤੀ ਬਰਾਕ ਓਬਾਮਾ ਨੇ ਭਾਰਤੀ ਮੂਲ ਦੇ ਤਿੰਨ ਅਮਰੀਕੀ ਨਾਗਰਿਕਾਂ ਨੂੰ ਆਪਣੇ ਏਸ਼ੀਅਨ ਅਮਰੀਕਨ ਪੈਨਲ ਵਿਚ ਸ਼ਾਮਿਲ ਕੀਤਾ ਹੈ। ਇਨ੍ਹਾਂ ਤਿੰਨਾਂ ਵਿਚੋਂ ਦੋ ਪੰਜਾਬ ਨਾਲ ਸਬੰਧਤ ਹਨ।

ਰਾਸ਼ਟਰਪਤੀ ਨੇ ਆਪਣੇ 16 ਮੈਂਬਰੀ ਸਲਾਹਕਾਰ ਪੈਨਲ ਦਾ ਐਲਾਨ ਕਰਦਿਆਂ ਕਿਹਾ ਕਿ ਇਹ ਵਿਅਕਤੀ ਆਪਣੀ ਪ੍ਰਤਿਭਾ ਦੇ ਸਹਾਰੇ ਅਮਰੀਕਾ ਨੂੰ ਹੋਰ ਅੱਗੇ ਲਿਜਾਣਗੇ। ਵਾਈਟ ਹਾਊਸ ਵਲੋਂ ਜਾਰੀ ਸੂਚਨਾ ਅਨੁਸਾਰ ਇਸ ਪੈਨਲ ਵਿਚ ਅਮਰਦੀਪ ਸਿੰਘ, ਸੁਨੀਲ ਪੁਰੀ ਅਤੇ ਫਾਰੂਕ ਕਾਠਵਾੜੀ ਨੂੰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਅਮਰਦੀਪ ਸਿੰਘ ਸਿੱਖਾਂ ਦੀ ਨਾਗਰਿਕ ਅਧਿਕਾਰਾਂ ਸਬੰਧੀ ਜਥੇਬੰਦੀ ਸਿੱਖ ਕੁਲੀਸ਼ਨ ਦਾ ਸਹਾਇਕ ਸੰਸਥਾਪਕ ਅਤੇ ਡਾਇਰੈਕਟਰ ਹੈ। ਉਹ 2002 ਤੋਂ ਇਸ ਜਥੇਬੰਦੀ ਨਾਲ ਜੁੜਿਆ ਹੋਇਆ ਹੈ ਅਤੇ ਇਸ ਤੋਂ ਪਹਿਲਾਂ ਅਮਰੀਕਾ ਦੇ ਹਿਊਮਨ ਰਾਈਟਸ ਵਾਚ (ਐਚ.ਆਰ. ਡਬਲਿਊ.) ਵਿਚ ਖੋਜਾਰਥੀ ਵਜੋਂ ਕੰਮ ਕਰਦਾ ਸੀ। ਉਸ ਵੇਲੇ ਉਸ ਨੇ ਆਪਣੀ ਰਿਪੋਰਟ 'ਵੀ ਆਰ ਨਾਟ ਐਨੀਮੀ' ਪੇਸ਼ ਕੀਤੀ ਸੀ।

ਉਹ ਕੁਝ ਸਮਾਂ ਕੋਲੰਬੀਆ ਯੂਨੀਵਰਸਿਟੀ ਦੇ ਇਕ ਸੈਂਟਰ ਵਿਚ ਪ੍ਰੋਫੈਸਰ ਵੀ ਰਿਹਾ ਹੈ। ਇਸ ਵੇਲੇ ਉਹ ਨਿਊਯਾਰਕ ਦੀ ਸਾਊਥ ਏਸ਼ੀਅਨ ਬਾਰ ਐਸੋਸੀਏਸ਼ਨ ਦੇ ਡਾਇਰੈਕਟਰਾਂ ਵਿਚ ਵੀ ਸ਼ਾਮਲ ਹੈ। ਪੈਨਲ ਵਿਚ ਸ਼ਾਮਲ ਦੂਜਾ ਭਾਰਤੀ ਅਮਰੀਕੀ ਸੁਨੀਲ ਪੁਰੀ ਰੀਅਲ ਅਸਟੇਟ ਦਾ ਕਾਰੋਬਾਰ ਕਰਨ ਵਾਲੇ ਰੌਕਫੋਰਡ ਗਰੁੱਪ ਦਾ ਮਾਲਕ ਹੈ। ਉਹ ਰੋਕਫੋਰਡ ਕਾਲਜ ਅਤੇ ਲੰਡਨ ਬਿਜ਼ਨਸ ਸਕੂਲ ਦਾ ਵਿਦਿਆਰਥੀ ਰਿਹਾ ਹੈ। ਤੀਜਾ ਮੈਂਬਰ ਫਾਰੂਕ ਕਾਠਵਾੜੀ ਕਸ਼ਮੀਰ ਯੂਨੀਵਰਸਿਟੀ ਦਾ ਗਰੈਜੂਏਟ ਅਤੇ ਈਥਨ ਐਲੇਨ ਇੰਟੀਰੀਅਰਜ਼ ਦਾ ਚੇਅਰਮੈਨ ਹੈ। ਉਹ ਕਸ਼ਮੀਰ ਸਟੱਡੀ ਗਰੁੱਪ ਸਮੇਤ ਸਮਾਜ ਭਲਾਈ ਵਾਲੀਆਂ ਕਈ ਜਥੇਬੰਦੀਆਂ ਨਾਲ ਜੁੜਿਆ ਹੋਇਆ ਹੈ।

# ਭਾਰਤ ਦੌਰੇ ਦੌਰਾਨ ਓਬਾਮਾ ਅੰਮ੍ਰਿਤਸਰ ਵੀ ਆਉਣਗੇ

### ਅਮਰੀਕਾ ਦੀ ਉਚ ਪੱਧਰੀ ਟੀਮ ਵਲੋਂ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ

**ਅੰਮ੍ਰਿਤਸਰ :** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਦੇ ਨਵੰਬਰ 'ਚ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਆਉਣ ਦੀ ਸੰਭਾਵਨਾ ਨੂੰ ਮੁੱਖ ਰੱਖਦਿਆਂ ਬੀਤੀ 15 ਸਤੰਬਰ ਨੂੰ ਵਾਈਟ ਹਾਊਸ, ਵਾਸ਼ਿੰਗਟਨ ਤੋਂ ਇਕ ਉਚ ਪੱਧਰੀ ਟੀਮ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣ ਅੰਮ੍ਰਿਤਸਰ ਪੁੱਜੀ। ਨਵੀਂ ਦਿੱਲੀ ਸਥਿਤ ਅਮਰੀਕੀ ਸਫਾਰਤਖਾਨੇ ਦੇ ਕੌਂਸਲਰ ਮਿ. ਬਲੇਅਰ ਪਰਕਸ ਦੀ ਅਗਵਾਈ ਹੇਠ ਪੁੱਜੀ ਇਸ ਟੀਮ ਦਾ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਦਿਲਮੇਘ ਸਿੰਘ ਵਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ। ਉਕਤ ਅਮਰੀਕੀ ਟੀਮ ਬੀਤੀ 15 ਸਤੰਬਰ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁੱਜੀ ਜਿਸ ਨੇ ਮੱਥਾ ਟੇਕਣ ਆਉਂਦੇ ਸ਼ਰਧਾਲੂਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਅਮਰੀਕੀ ਅਧਿਕਾਰੀਆਂ ਨੇ ਰਾਸ਼ਟਰਪਤੀ ਓਬਾਮਾ ਦੇ ਹਰਿਮੰਦਰ ਸਾਹਿਬ ਪੁੱਜਣ 'ਤੇ ਸੁਰੱਖਿਆ ਪ੍ਰਬੰਧ ਕੀਤੇ ਜਾਣ ਬਾਰੇ ਮੁਲਾਂਕਣ ਕੀਤਾ। ਅਮਰੀਕੀ ਅਧਿਕਾਰੀ ਸ੍ਰੀ ਗੁਰੂ ਰਾਮਦਾਸ ਲੰਗਰ ਹਾਲ ਵਿਖੇ ਵੀ ਗਏ ਜਿਥੇ ਉਨ੍ਹਾਂ 'ਪੰਗਤ' ਮਰਿਆਦਾ ਤੋਂ ਇਲਾਵਾ ਇਥੇ ਕਿੰਨੀ ਸੰਗਤ ਇਕੋ ਸਮੇਂ ਲੰਗਰ ਛਕਦੀ ਹੈ, ਬਾਰੇ ਵੀ ਜਾਣਕਾਰੀ ਹਾਸਿਲ ਕੀਤੀ। ਟੀਮ ਨੇ ਲੰਗਰ ਛਕ ਰਹੀਆਂ ਸੰਗਤਾਂ ਪ੍ਰਤੀ ਡੂੰਘੀ ਦਿਲਚਸਪੀ ਵਿਖਾਈ। ਇਸ ਟੀਮ ਨੇ ਹਰਿਮੰਦਰ ਸਾਹਿਬ ਦੇ ਮੁੱਖ ਦਵਾਰ ਦੇ ਰਸਤੇ ਦਾਖਲ ਹੋਣ, ਪਰਿਕਰਮਾ ਅਤੇ ਹੋਰ ਅੰਦਰੂਨੀ ਸੁਰੱਖਿਆ ਕਰਨ ਬਾਰੇ ਵਿਸਥਾਰ ਨਾਲ ਜਾਣਕਾਰੀ ਹਾਸਿਲ ਕੀਤੀ। 35 ਮੈਂਬਰੀ ਅਮਰੀਕੀ ਟੀਮ ਵਿਚ ਡਾਕਟਰ, ਪੱਤਰਕਾਰ, ਕੈਮਰਾਮੈਨ, ਪ੍ਰਬੰਧਕੀ, ਸੁਰੱਖਿਆ, ਸੰਚਾਰ ਪ੍ਰਣਾਲੀ ਤੇ ਹੋਰ ਅਧਿਕਾਰੀ ਸਨ। ਇਸ ਮੌਕੇ ਸ. ਦਿਲਮੇਘ ਸਿੰਘ ਤੋਂ ਇਲਾਵਾ ਹਰਿਮੰਦਰ ਸਾਹਿਬ ਦੇ ਮੈਨੇਜਰ ਸ. ਹਰਬੰਸ ਸਿੰਘ ਮੱਲ੍ਹੀ, ਸੂਚਨਾ ਅਧਿਕਾਰੀ ਸ. ਗੁਰਬਚਨ ਸਿੰਘ, ਸੂਚਨਾ ਅਧਿਕਾਰੀ ਜਸਵਿੰਦਰ ਸਿੰਘ ਜੱਸੀ ਤੇ ਦਲਬੀਰ ਸਿੰਘ ਫੌਜੀ ਵੀ ਮੌਜੂਦ ਸਨ।



ਵਫਦ ਅਨੁਸਾਰ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜਦੋਂ ਅਮਰੀਕਾ ਦੌਰੇ 'ਤੇ ਗਏ ਸਨ ਤਾਂ ਉਨ੍ਹਾਂ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਭਾਰਤ ਆਉਣ ਦਾ ਸੱਦਾ ਦਿੱਤਾ ਸੀ। ਇਸ ਸੱਦੇ ਤਹਿਤ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਤਸਕ ਹੋਣ ਲਈ ਕਿਹਾ ਸੀ। ਵਫਦ ਨੇ ਸ੍ਰੀ ਹਰਿਮੰਦਰ ਸਾਹਿਬ ਆਉਣ ਵਾਲੇ ਰਸਤੇ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਓਬਾਮਾ ਦੇ ਇਕ ਘੰਟੇ ਦੇ ਠਹਿਰਾਅ ਸਬੰਧੀ ਜਾਇਜ਼ਾ ਲਿਆ। ਇਸ ਤੋਂ ਇਲਾਵਾ ਟੀਮ ਵਲੋਂ ਪ੍ਰਸ਼ਾਸਕੀ ਅਧਿਕਾਰੀਆਂ ਨਾਲ ਵੀ ਮੁਲਾਕਾਤ ਕੀਤੀ ਗਈ।

ਅਮਰੀਕਾ ਵਿਚ ਘੱਟ ਗਿਣਤੀ ਪਰ ਪ੍ਰਭਾਵਸ਼ਾਲੀ ਸਿੱਖ ਭਾਈਚਾਰੇ ਨੇ ਉਨ੍ਹਾਂ ਰਿਪੋਰਟਾਂ 'ਤੇ ਖੁਸ਼ੀ ਜ਼ਾਹਰ ਕੀਤੀ ਹੈ ਕਿ ਰਾਸ਼ਟਪਤੀ ਬਰਾਕ ਓਬਾਮਾ ਨਵੰਬਰ ਵਿਚ ਭਾਰਤ ਦੌਰੇ ਦੌਰਾਨ ਉਨ੍ਹਾਂ ਦੇ ਧਾਰਮਿਕ ਸਥਾਨ ਸ੍ਰੀ ਹਰਿਮੰਦਰ ਸਾਹਿਬ ਵੀ ਜਾ ਸਕਦੇ ਹਨ। ਸਿੱਖ ਕੌਂਸਲ ਆਨ ਰਿਲੀਜ਼ਨ ਐਂਡ ਐਜੂਕੇਸ਼ਨ ਦੇ ਚੇਅਰਮੈਨ ਰਾਜਵੰਤ ਸਿੰਘ ਨੇ ਕਿਹਾ, 'ਸਾਨੂੰ ਵਿਸ਼ਵਾਸ ਹੈ ਕਿ ਸ੍ਰੀ ਓਬਾਮਾ ਦੇ ਸ੍ਰੀ ਹਰਿਮੰਦਰ ਸਾਹਿਬ ਦੀ ਫੇਰੀ ਮਗਰੋਂ ਅਮਰੀਕਾ ਵਾਸੀ ਸਿੱਖਾਂ ਅਤੇ ਸਿੱਖੀ ਬਾਰੇ ਹੋਰ ਬਿਹਤਰ ਢੰਗ ਨਾਲ ਜਾਣ ਸਕਣਗੇ।' ਉਨ੍ਹਾਂ ਕਿਹਾ ਕਿ ਸ੍ਰੀ ਓਬਾਮਾ ਦੀ ਪੰਜਾਬ ਫੇਰੀ ਨਾਲ ਅਮਰੀਕਾ ਵਿਚ ਰਹਿ ਰਹੇ ਸਿੱਖਾਂ ਬਾਰੇ ਗਲਤ ਫਹਿਮੀਆਂ ਦੂਰ ਹੋਣਗੀਆਂ ਅਤੇ ਗਲਤ ਪਛਾਣ ਤੇ ਸੁਰੱਖਿਆ ਰੋਕਾਂ ਕਾਰਨ ਮੁਸ਼ਕਲਾਂ ਝੱਲ ਰਹੇ ਕਈ ਸਿੱਖਾਂ ਨੂੰ ਵੀ ਇਸ ਨਾਲ ਮਦਦ ਮਿਲੇਗੀ।

ਜ਼ਿਕਰਯੋਗ ਹੈ ਕਿ ਜੁਲਾਈ ਵਿਚ ਸ. ਰਾਜਵੰਤ ਸਿੰਘ ਨੇ ਵਾਈਟ ਹਾਊਸ ਨੂੰ ਪੱਤਰ ਲਿਖ ਕੇ ਪ੍ਰਸਤਾਵ ਦਿੱਤਾ ਸੀ ਕਿ ਰਾਸ਼ਟਰਪਤੀ ਨੂੰ ਅੰਮ੍ਰਿਤਸਰ ਵਿਚ ਸਿੱਖਾਂ ਦੇ ਧਾਰਮਿਕ ਸਥਾਨ 'ਤੇ ਜ਼ਰੂਰ ਜਾਣਾ ਚਾਹੀਦਾ ਹੈ। ਉਨ੍ਹਾਂ ਪੱਤਰ ਵਿਚ ਲਿਖਿਆ ਸੀ ਕਿ ਇਹ ਗੋਲਡਨ ਟੈਂਪਲ (ਸ੍ਰੀ ਹਰਿਮੰਦਰ ਸਾਹਿਬ) ਆਪਸੀ ਸਮਝ ਤੇ ਵਿਸ਼ਵਾਸ ਦਾ ਪ੍ਰਤੀਕ ਹੈ। ਇਸ ਦਾ ਨੀਂਹ ਪੱਥਰ ਇਕ ਮੁਸਲਮਾਨ ਫਕੀਰ ਨੇ ਰੱਖਿਆ ਤੇ ਇਸ ਦੀ ਉਸਾਰੀ ਹਿੰਦੂਆਂ ਤੇ ਸਿੱਖਾਂ ਨੇ ਕੀਤੀ। ਇਸ ਲਈ ਉਨ੍ਹਾਂ ਦੀ ਅੰਮ੍ਰਿਤਸਰ ਫੇਰੀ ਇਕ ਚੰਗਾ ਕਦਮ ਸਾਬਤ ਹੋਵੇਗੀ। ਸਿੱਖ ਸ੍ਰੀ ਓਬਾਮਾ ਦੇ ਸ਼ੁਕਰਗੁਜ਼ਾਰ ਹਨ, ਜਿਨ੍ਹਾਂ ਨੇ ਸਿੱਖਾਂ ਸਮੇਤ ਸਾਰੀਆਂ ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਗੱਲ ਕੀਤੀ ਹੈ। ਗੌਰਤਲਬ ਹੈ ਕਿ ਅਮਰੀਕਾ ਦੀ ਵਿਸ਼ੇਸ਼ ਟੀਮ ਨੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਸੁਰੱਖਿਆ ਪ੍ਰਬੰਧਾਂ ਦਾ ਸਰਵੇਖਣ ਕੀਤਾ ਹੈ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਕੇ.ਐਸ. ਪੰਨੂੰ ਨੇ ਦੱਸਿਆ ਕਿ ਸ੍ਰੀ ਓਬਾਮਾ ਦੀ ਸੰਭਾਵੀ ਅੰਮ੍ਰਿਤਸਰ ਫੇਰੀ ਦੇ ਮੱਦੇਨਜ਼ਰ ਅਮਰੀਕੀ ਟੀਮ ਨੇ ਸੁਰੱਖਿਆ ਪ੍ਰਬੰਧ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਸੈਰ-ਸਪਾਟਾ ਥਾਵਾਂ, ਮੁੱਖ ਮਾਰਗਾਂ ਅਤੇ ਧਾਰਮਿਕ ਸਥਾਨਾਂ ਦੀ ਜਾਂਚ ਕੀਤੀ ਹੈ।

# ਕੇਂਦਰ ਨਕਸਲੀਆਂ ਪ੍ਰਤੀ ਗੰਭੀਰ ਨਹੀਂ - ਅਗਨੀਵੇਸ਼

**ਨਵੀਂ ਦਿੱਲੀ:** ਕੇਂਦਰ ਸਰਕਾਰ ਅਤੇ ਨਕਸਲੀਆਂ ਦਰਮਿਆਨ ਸ਼ਾਂਤੀਵਾਰਤਾ 'ਚ ਵਿਚੋਲੇ ਦੀ ਭੂਮਿਕਾ ਨਿਭਾਉਣ ਵਾਲੇ ਸਵਾਮੀ ਅਗਨੀਵੇਸ਼ ਨੇ ਬੀਤੀ 16 ਸਤੰਬਰ ਨੂੰ ਕਿਹਾ ਕਿ ਜੇ ਕੇਂਦਰ ਸਰਕਾਰ ਨਕਸਲੀ ਨੇਤਾ ਆਜ਼ਾਦ ਦੀ ਹੱਤਿਆ ਦੀ ਨਿਆਂਇਕ ਜਾਂਚ ਕਰਾਉਣ ਲਈ ਮੰਨ ਜਾਵੇ ਤਾਂ ਨਕਸਲੀ ਵਾਰਤਾ ਲਈ ਤਿਆਰ ਹਨ।

ਸਰਕਾਰ ਅਤੇ ਨਕਸਲੀਆਂ ਵਿਚਕਾਰ ਕੁਝ ਸਮਾਂ ਪਹਿਲਾਂ ਸ਼ੁਰੂ ਹੋਈ ਸ਼ਾਂਤੀਵਾਰਤਾ ਦੀ ਮੌਜੂਦਾ ਸਥਿਤੀ ਬਾਰੇ ਅਗਨੀਵੇਸ਼ ਨੇ ਕਿਹਾ ਕਿ ਆਜ਼ਾਦ ਦੀ ਮੌਤ ਤੋਂ ਪਹਿਲਾਂ ਸਭ ਕੁਝ ਠੀਕ ਠਾਕ ਚੱਲ ਰਿਹਾ ਸੀ ਪਰ ਆਜ਼ਾਦ ਦੀ ਮੌਤ ਤੋਂ ਬਾਅਦ ਸ਼ਾਂਤੀਵਾਰਤਾ ਪਟੜੀ ਤੋਂ ਉਤਰ ਗਈ। ਨਕਸਲੀ ਅਜੇ ਵੀ ਗੱਲਬਾਤ ਲਈ ਤਿਆਰ ਹਨ, ਪਰ ਉਨ੍ਹਾਂ ਦੀ ਮੰਗ ਹੈ ਕਿ ਆਜ਼ਾਦ ਦੀ ਮੌਤ ਦੀ ਨਿਆਂਇਕ ਜਾਂਚ ਹੋਵੇ ਪਰ ਸਰਕਾਰ ਇਸ ਲਈ ਤਿਆਰ ਨਹੀਂ ਹੈ ਅਤੇ ਮਾਮਲਾ ਇਥੇ ਹੀ ਆ ਕੇ ਰੁਕਿਆ ਹੋਇਆ ਹੈ। ਜ਼ਿਕਰਯੋਗ ਹੈ ਕਿ ਨਕਸਲ ਬੁਲਾਰੇ ਚੇਰੂਕੁਰੀ ਰਾਜਕੁਮਾਰ ਉਰਫ ਆਜ਼ਾਦ 1 ਜੁਲਾਈ, 2010 ਨੂੰ ਪੁਲਿਸ ਮੁਕਾਬਲੇ 'ਚ ਮਾਰੇ ਗਏ ਸਨ। ਆਜ਼ਾਦ ਦੇ ਨਾਲ ਇਕ ਪੱਤਰਕਾਰ ਹੇਮ ਚੰਦ ਪਾਂਡੇ ਦੀ ਵੀ ਮੌਤ ਹੋ ਗਈ ਸੀ। ਮਾਓਵਾਦੀ ਸਮੱਸਿਆ ਬਾਰੇ ਅਗਨੀਵੇਸ਼ ਕਹਿੰਦੇ ਹਨ ਕਿ ਇਹ ਸਾਰੀ ਲੜਾਈ ਪਾਣੀ, ਜੰਗਲ ਅਤੇ ਜ਼ਮੀਨ ਕਾਰਨ ਹੈ। ਨਕਸਲੀ ਕਿਤੇ ਕਿਸੇ ਨੂੰ ਮਾਰਨ ਨਹੀਂ ਜਾ ਰਹੇ, ਸਗੋਂ ਸਰਕਾਰ ਉਨ੍ਹਾਂ ਨੂੰ ਮਾਰਨ ਲਈ ਸੁਰੱਖਿਆ ਬਲ ਭੇਜ ਰਹੀ ਹੈ ਅਤੇ ਨਕਸਲੀ ਆਤਮ ਰੱਖਿਆ ਕਰ ਰਹੇ ਹਨ। ਸਰਕਾਰ ਦੀ ਨੀਅਤ 'ਤੇ ਸਵਾਲੀਆ ਨਿਸ਼ਾਨ ਲਾਉਂਦੇ ਹੋਏ ਉਹ ਕਹਿੰਦੇ ਹਨ ਕਿ ਸਰਕਾਰ ਵਾਰਤਾ ਬਾਰੇ ਗੰਭੀਰ ਨਹੀਂ ਹੈ ਅਤੇ ਆਜ਼ਾਦ ਦੀ ਮੌਤ ਨੇ ਇਸ ਗੱਲ ਨੂੰ ਸਾਬਤ ਕਰ ਦਿੱਤਾ ਹੈ। ਇਕ ਪਾਸੇ ਅਗਨੀਵੇਸ਼ ਸਰਕਾਰ ਦੀ ਭੂਮਿਕਾ 'ਤੇ ਸਵਾਲ ਖੜੇ ਕਰ ਰਹੇ ਹਨ ਪਰ ਦੂਜੇ ਪਾਸੇ ਵਿਚੋਲੇ ਦੀ ਭੂਮਿਕਾ ਅਤੇ ਚਿੰਤਲਨਾਰ ਦੀ ਘਟਨਾ ਦੇ ਬਾਅਦ ਦਾਂਤੇਵਾੜਾ 'ਚ ਕੱਢੇ ਗਏ ਸ਼ਾਂਤੀ ਮਾਰਚ ਨੂੰ ਲੈ ਕੇ ਉਹ ਖੁਦ ਵੀ ਸ਼ੱਕ ਦੇ ਘੇਰੇ 'ਚ ਹਨ। ਉਨ੍ਹਾਂ ਦੇ ਹੀ ਕਈ ਸਾਥੀਆਂ ਨੇ ਉਨ੍ਹਾਂ 'ਤੇ ਸ਼ਾਂਤੀਦੂਤ ਤੋਂ ਚੋਣ ਏਜੰਟ ਬਣਨ ਦਾ ਦੋਸ਼ ਲਾਇਆ ਹੈ।

ਇਸ ਦੌਰਾਨ ਬੀਤੀ 15 ਸਤੰਬਰ ਨੂੰ ਛੱਤੀਸਗੜ੍ਹ ਵਿਚ ਨਕਸਲੀਆਂ ਨੇ ਬੀਜਾਪੁਰ ਜ਼ਿਲ੍ਹੇ ਦੇ ਤਿੰਨ ਪਿੰਡਾਂ ਨੂੰ ਖਾਲੀ ਕਰਨ ਦਾ ਫਰਮਾਨ ਜਾਰੀ ਕੀਤਾ। ਇਨ੍ਹਾਂ ਪਿੰਡਾਂ ਦੇ 70 ਪਰਿਵਾਰਾਂ ਨੇ ਜ਼ਿਲ੍ਹਾ ਹੈਡਕੁਆਰਟਰ 'ਚ ਪਨਾਹ ਲਈ ਹੈ। ਨਕਸਲੀਆਂ ਨੇ ਆਦੇਰ, ਬੁਡੀਪਾਲ ਅਤੇ ਕਾਂਦੁਲਨਾਰ ਪਿੰਡਾਂ ਨੂੰ ਖਾਲੀ ਕਰਨ ਦਾ ਹੁਕਮ ਦਿੱਤਾ ਸੀ। ਨਕਸਲੀਆਂ ਅਨੁਸਾਰ ਅਜਿਹਾ ਪਿੰਡ ਵਾਸੀਆਂ ਵਲੋਂ ਉਨ੍ਹਾਂ ਨੂੰ ਮਦਦ ਨਾ ਦੇਣ ਕਾਰਨ ਅਜਿਹਾ ਕੀਤਾ ਗਿਆ ਹੈ। ਕਾਂਦੁਲਨਾਰ ਦੀ ਆਂਗਨਵਾੜੀ ਵਰਕਰ ਪੁਲਸੇਰਾਵਨਾ ਨੇ ਦੱਸਿਆ ਕਿ ਨਕਸਲੀਆਂ ਨੇ ਬੀਤੀ 16 ਅਗਸਤ ਨੂੰ ਉਸਦੇ ਪਿਤਾ ਨੂੰ ਮੁਖ਼ਬਰ ਦੱਸਕੇ ਮਾਰ ਦਿੱਤਾ ਸੀ ਅਤੇ ਬੀਤੀ 3 ਸਤੰਬਰ ਨੂੰ ਆਦੇਰ ਪਿੰਡ ਦੇ 14 ਲੋਕਾਂ ਨੂੰ ਅਗਵਾ ਕਰ ਲਿਆ ਸੀ। ਇਨ੍ਹਾਂ 'ਚੋਂ 4 'ਤੇ ਮੁਖ਼ਬਰੀ ਦਾ ਦੋਸ਼ ਲਗਾ ਕੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਗਈ, ਜਦਕਿ 10 ਨੂੰ ਬਾਦ ਵਿਚ ਛੱਡ ਦਿੱਤਾ ਗਿਆ।

ਉਧਰ ਮਾਓਵਾਦੀਆਂ ਨੇ ਬਿਹਾਰ ਦੇ ਸਿਓਹਾਰ ਜ਼ਿਲ੍ਹੇ ਵਿਚ ਬਸੰਤਪਤੀ ਚੌਕ ਵਿਚ ਦੋ ਬੱਸਾਂ ਨੂੰ ਅੱਗ ਲਗਾ ਦਿੱਤੀ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਪੰਜਾਹ ਦੇ ਕਰੀਬ ਹਥਿਆਰਬੰਦ ਮਾਓਵਾਦੀਆਂ ਨੇ ਸਵੇਰੇ ਦੋ ਵਜੇ ਦੇ ਕਰੀਬ ਦੋ ਬੱਸਾਂ ਨੂੰ ਘੇਰ ਲਿਆ ਤੇ ਡਰਾਈਵਰ ਤੇ ਕੰਡਕਟਰਾਂ ਨੂੰ ਬੱਸ 'ਚੋਂ ਬਾਹਰ ਕੱਢਕੇ ਅੱਗ ਲਗਾ ਦਿੱਤੀ।


ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



*Attorny At Law*

**Law Offices Of Jaspreet Singh**

4491 W. Shaw Ave.,
Suite 300 B
(Near Costco)
Fresno, CA 93722
Ph: 559-271-5511

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440


TAJ



INSURANCE SERVICES

*Local or Long Haul Trucking (48 States)
*Personal or Commercial Lines
*Standard or Non Satandard Market
*Auto and Home package Available

To beat your rates, Visit or Call
Gurdawar S. Mann Or Pal Rai
4 Union Square, Union city, CA 94587
Ph:(510) 487-1000, Fax (510)740-3451
*Note:Also Income Tax filing Available*




Gurdawar S. Mann
Lic#0F34231

# ਕੈਨੇਡਾ ਦੀਆਂ ਸਥਾਨਕ ਚੋਣਾਂ ਵਿਚ ਪੰਜਾਬੀ ਸਰਗਰਮ

**ਟੋਰਾਂਟੋ :** ਟੋਰਾਂਟੋ ਅਤੇ ਇਸਦੇ ਲਾਗਲੇ ਸ਼ਹਿਰਾਂ ਵਿਚ ਨਗਰਪਾਲਿਕਾ ਦੀਆਂ ਚੋਣਾਂ ਵਿਚ ਪੰਜ ਕੁ ਹਫਤੇ ਬਚੇ ਹਨ ਅਤੇ ਜੋੜ-ਤੋੜ ਦੀਆਂ ਸਰਗਰਮੀਆਂ ਪੂਰੇ ਜ਼ੋਰ-ਸ਼ੋਰ ਨਾਲ ਚੱਲ ਰਹੀਆਂ ਹਨ। ਉਮੀਦਵਾਰਾਂ ਨੇ ਚੋਣ ਦਫਤਰਾਂ ਦੇ ਉਦਘਾਟਨ ਕਰਕੇ ਆਪੋ ਆਪਣੇ ਹਲਕਿਆਂ ਵਿਚ ਹਮਾਇਤੀਆਂ ਨਾਲ ਚੋਣ ਪ੍ਰਚਾਰ ਤੇਜ਼ ਕਰ ਦਿੱਤਾ ਹੈ। ਟਰਾਂਟੋ ਦੇ ਆਸ-ਪਾਸ ਪੰਜਾਬੀ ਵੱਡੀ ਗਿਣਤੀ ਵਿਚ ਵੱਸਦੇ ਹਨ ਅਤੇ ਐਤਕੀਂ ਵੀ ਵੱਡੀ ਤਾਦਾਦ ਵਿਚ ਪੰਜਾਬੀ ਅਤੇ ਸਾਊਥ ਏਸ਼ੀਅਨ ਮੂਲ ਦੇ ਉਮੀਦਵਾਰ ਆਪਣੀ ਕਿਸਮਤ ਅਜ਼ਮਾ ਰਹੇ ਹਨ।

ਬਰੈਂਪਟਨ ਅਤੇ ਮਿਸੀਸਾਗਾ ਦੋ ਅਜਿਹੇ ਸ਼ਹਿਰ ਹਨ, ਜਿਥੇ ਦੇਸੀ ਭਾਈਚਾਰਾ ਵਾਹਵਾ ਪਸਰਿਆ ਹੋਇਆ ਹੈ। ਇਸ ਦੇ ਮੁਦਲੇ ਤੌਰ 'ਤੇ 10 ਵਾਰਡਾਂ ਨੂੰ ਇਕ ਦੂਜੇ ਨਾਲ ਜੋੜ ਕੇ ਮੌਜੂਦਾ ਪੰਜ ਹਲਕੇ ਬਣਾਏ ਗਏ ਹਨ। ਇਨ੍ਹਾਂ ਪੰਜਾਂ ਹਲਕਿਆਂ ਵਿਚ ਕੁਲ ਮਿਲਾ ਕੇ ਦੋ ਦਰਜਨ ਦੇ ਕਰੀਬ ਪੰਜਾਬੀ ਅਤੇ ਸਾਊਥ ਏਸ਼ੀਅਨ ਉਮੀਦਵਾਰ ਖੜ੍ਹੇ ਹਨ।

ਇਨ੍ਹਾਂ ਵਿਚ ਸਿਟੀ ਕੌਂਸਲਰ, ਰੀਜਨਲ ਕੌਂਸਲਰ ਅਤੇ ਸਕੂਲ ਟਰੱਸਟੀ ਦੇ ਅਹੁਦੇ ਸ਼ਾਮਲ ਹਨ। ਮਿਸੀਸਾਗਾ ਦੀ 89 ਸਾਲਾ ਮੇਅਰ ਨੂੰ 17 ਜਣਿਆਂ ਨੇ ਚੁਣੌਤੀ ਦਿੱਤੀ ਹੋਈ ਹੈ ਜਦ ਕਿ ਪਿਛਲੇ ਇਕ ਦਹਾਕੇ ਤੋਂ ਬਰੈਂਪਟਨ ਦੀ ਮੇਅਰ ਚੱਲੀ ਆਉਂਦੀ ਸੂਜ਼ਨ ਫੈਨਲ ਖਿਲਾਫ ਇਕ ਪੰਜਾਬੀ ਸਣੇ ਚਾਰ ਜਣੇ ਖੜ੍ਹੇ ਹਨ। ਇਸੇ ਤਰ੍ਹਾਂ ਬਰੈਂਪਟਨ ਦੇ ਸਿਟੀ ਹਾਲ ਵਿਚ ਬੈਠੇ ਪਹਿਲੇ ਸਿੱਖ ਕੌਂਸਲਰ ਨੂੰ ਵੀ ਐਤਕੀਂ ਕਈ ਪੰਜਾਬੀਆਂ ਨੇ ਵੰਗਾਰਿਆ ਹੈ। ਬਠਿੰਡਾ ਦੇ ਪਿਛੋਕੜ ਵਾਲੇ ਵਿੱਕੀ ਢਿੱਲੋਂ ਨੇ ਪਿਛਲੀ ਵਾਰ ਵੀ ਚੋਣ ਜਿੱਤੀ ਸੀ। ਸ਼ਹਿਰ ਦੇ ਵਾਰਡ 9-10 ਵਿਚੋਂ ਵਿੱਕੀ ਢਿੱਲੋਂ ਨੂੰ ਚੁਣੌਤੀ ਦੇਣ ਵਾਲਿਆਂ ਵਿਚ ਗੁਰਦਿਆਲ ਮੁੰਡੀ ਅਤੇ ਬੀਬੀ ਹਰਵੀਨ ਸਿੱਧੂ ਵੀ ਸ਼ਾਮਲ ਹਨ। ਮੁੰਡੀ ਜੋ ਪੇਸ਼ੇ ਵਜੋਂ ਰੀਅਲ ਐਸਟੇਟ ਏਜੰਟ ਹੈ, ਦਾ ਕਹਿਣਾ ਹੈ ਕਿ ਉਹ ਬਰੈਂਪਟਨ ਦੀਆਂ ਸਿਹਤ ਸੇਵਾਵਾਂ ਦੇ ਮੁੱਦੇ ਨੂੰ ਗੰਭੀਰਤਾ ਨਾਲ ਲੈ ਰਿਹਾ ਹੈ। ਇਸੇ ਹਲਕੇ ਵਿਚ ਰੀਜਨਲ ਕੌਂਸਲਰ ਦੀ ਸੀਟ ਲਈ ਕੁਲਦੀਪ ਕੰਦੋਲਾ ਅਤੇ ਹਰਕੰਵਲ ਢਿੰਡ ਸਣੇ 6 ਜਣੇ ਡਟੇ ਹੋਏ ਹਨ। ਵਾਰਡ 2-6 ਵਿਚ ਤਿੰਨ ਪੰਜਾਬੀ, ਰੀਜ਼ਨਲ ਕੌਂਸਲਰ ਅਤੇ ਦੋ ਸਿਟੀ ਕੌਂਸਲਰ ਖੜ੍ਹੇ ਹਨ ਅਤੇ ਵਾਰਡ 3-4 'ਚੋਂ 3 ਪੰਜਾਬੀ ਚੋਣ ਮੈਦਾਨ ਵਿਚ ਹਨ। ਸਕੂਲ ਟਰੱਸਟੀ ਦੇ ਅਹੁਦਿਆਂ ਲਈ ਵੀ ਬਹੁਤ ਸਾਰੇ ਪੰਜਾਬੀ ਖੜ੍ਹੇ ਹਨ। ਵੱਖ ਵੱਖ ਹਲਕਿਆਂ (ਵਾਰਡਾਂ) ਦੇ ਦਸ ਕੁ ਦੇਸੀ ਉਮੀਦਵਾਰਾਂ ਵਿਚ ਪੰਜਾਬੀ ਐਮ.ਪੀ ਗੁਰਬਖਸ਼ ਮੱਲ੍ਹੀ ਦੀ ਧੀ ਹਰਿੰਦਰ ਮੱਲ੍ਹੀ ਅਤੇ ਇਕ ਨੌਜਵਾਨ ਅਵੀ ਰੱਖੜਾ ਵੀ ਸ਼ਾਮਲ ਹੈ। ਇਸ ਵਾਰਡ 'ਚ ਪੰਜ ਪੰਜਾਬੀ ਆਹਮੋ ਸਾਹਮਣੇ ਹਨ ਅਤੇ ਇਨ੍ਹਾਂ 'ਚੋਂ ਅਵੀ ਸਭ ਤੋਂ ਛੋਟੀ ਉਮਰ ਦਾ ਹੈ। ਕੁੱਲ 71 ਉਮੀਦਵਾਰਾਂ ਵਿਚ ਖੜ੍ਹੇ ਦੋ ਦਰਜਨ ਪੰਜਾਬੀਆਂ ਦੀ ਕਿਸਮਤ ਦੀ ਪੁੜੀ ਹੁਣ ਤੋਂ 40 ਦਿਨਾਂ ਬਾਅਦ ਖੁੱਲ੍ਹੇਗੀ। ਜਦਕਿ ਵੋਟਾਂ 25 ਅਕਤੂਬਰ ਨੂੰ ਪੈਣਗੀਆਂ।



ਇਸ ਵਾਰ ਸਭ ਤੋਂ ਛੋਟੀ ਉਮਰ ਦੇ ਉਮੀਦਵਾਰ ਅਵੀ ਰੱਖੜਾ ਨੇ ਸਾਰਿਆਂ ਦਾ ਧਿਆਨ ਖਿਚਿਆ ਹੈ। 19 ਸਾਲਾ ਅਵੀ ਬਰੈਂਪਟਨ ਦੇ ਵਾਰਡ 4-5 'ਚੋਂ ਪੀਲ ਜ਼ਿਲੇ ਦੇ ਸਕੂਲ ਬੋਰਡ ਦੇ ਟਰੱਸਟੀ ਵਜੋਂ ਖੜ੍ਹਾ ਹੈ। ਇਥੋਂ ਦੀ ਯੂਨੀਵਰਸਿਟੀ ਵਿਚ ਉਹ ਪੋਲੀਟੀਕਲ ਸਾਇੰਸ ਦੇ ਦੂਜੇ ਸਾਲ ਦਾ ਵਿਦਿਆਰਥੀ ਹੈ। ਉਹ ਕਹਿੰਦਾ ਹੈ ਕਿ ਨੌਜਵਾਨਾਂ ਅਤੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਉਹ ਬਹੁਤ ਡੂੰਘਾਈ 'ਚ ਜਾਣਦਾ ਹੈ। ਅਵੀ ਸਮਝਦਾ ਹੈ ਕਿ ਸਿਆਸਤ ਦੇ ਹੋਰ ਖੇਤਰਾਂ ਵਿਚ ਤਾਂ ਸਾਡੇ ਲੋਕ ਬਹੁਤ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ ਪਰ ਵਿਦਿਆ ਦੇ ਇਸ ਅਹਿਮ ਖੇਤਰ ਵਿਚ ਪੰਜਾਬੀ ਲੋਕਾਂ ਦੀ ਬਹੁਤੀ ਰੁਚੀ ਅਤੇ ਸ਼ਮੂਲੀਅਤ ਨਹੀਂ ਦਿਖ ਰਹੀ। ਉਸ ਨੂੰ ਭਾਈਚਾਰੇ ਵਿਚ ਪਈਆਂ ਵੰਡੀਆਂ ਬਹੁਤ ਚੁਭਦੀਆਂ ਹਨ।

## ਯੂਨਾਈਟਿਡ ਸਿੱਖਸ ਵਲੋਂ ਫਰਿਜ਼ਨੋ 'ਚ ਕੈਂਪ

**ਫਰਿਜ਼ਨੋ:** ਮਾਨਵੀ ਸੇਵਾਵਾਂ ਨੂੰ ਸਮਰਪਿਤ ਸਿੱਖ ਸੰਸਥਾ ਯੂਨਾਈਟਿਡ ਸਿੱਖਸ ਵਲੋਂ ਇਥੇ ਗੁਰਦੁਆਰਾ ਡਕੋਟਾ ਅਤੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿਖੇ ਇਕ ਕੈਂਪ ਲਾਇਆ ਗਿਆ ਜਿਸ ਵਿਚ ਸੰਸਥਾ ਦੇ ਵਾਲੰਟੀਅਰ ਫਰੀਮਾਂਟ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ।

ਇਸ ਕੈਂਪ ਦੌਰਾਨ ਸੰਸਥਾ ਦੇ ਮੈਂਬਰਾਂ ਨੇ ਸੰਸਥਾ ਵਲੋਂ ਮਾਨਵੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਜਾਣਕਾਰੀ ਦਿੱਤੀ ਜਿਨ੍ਹਾਂ ਵਿਚ ਪਿਛਲੇ ਸਾਲ ਹੈਤੀ ਵਿਚ ਆਏ ਭੁਚਾਲ ਦੌਰਾਨ ਭੁਚਾਲ ਪੀੜਤਾਂ ਦੀ ਮਦਦ ਅਤੇ ਹਾਲ ਹੀ ਵਿਚ ਪਾਕਿਸਤਾਨ ਅਤੇ ਹਿੰਦੋਸਤਾਨ ਵਿਚ ਆਏ ਹੜ੍ਹਾਂ ਦੌਰਾਨ ਹੜ੍ਹ ਪੀੜਤਾਂ ਦੀ ਮਦਦ ਵੀ ਸ਼ਾਮਲ ਹੈ। ਉਨ੍ਹਾਂ ਦੱਸਿਆ ਕਿ ਸੰਸਥਾ ਕੁਦਰਤੀ ਆਫਤਾਂ ਤੋਂ ਪੀੜਤ ਲੋਕਾਂ ਦੀ ਮਦਦ ਲਈ ਉਚੇਚੇ ਉਪਰਾਲੇ ਕਰਦੀ ਹੈ। ਇਸ ਸੰਸਥਾ ਵਲੋਂ ਕੇਸਾਧਾਰੀ ਸਿੱਖ ਬੱਚਿਆਂ ਨਾਲ ਨਸਲੀ ਵਿਤਕਰੇ, ਸਿੱਖੀ ਸਰੂਪ ਕਰਕੇ ਟਰੱਕਰ ਵੀਰਾਂ ਨੂੰ ਆ ਰਹੀਆਂ ਮੁਸ਼ਕਲਾਂ ਅਤੇ ਯੂਰਪੀ ਮੁਲਕਾਂ ਵਿਚ ਦਸਤਾਰ ਸਬੰਧੀ ਆ ਰਹੀਆਂ ਮੁਸ਼ਕਲਾਂ ਦੇ ਮਾਮਲੇ ਵਿਚ ਵਿਸ਼ੇਸ਼ ਕੰਮ ਕੀਤਾ ਗਿਆ ਹੈ। ਕੈਂਪ ਦੇ ਅਖੀਰ ਵਿਚ ਸੰਸਥਾ ਦੇ ਵਾਲੰਟੀਅਰ ਬੀਬੀ ਲਵਲੀਨ ਕੌਰ ਨੇ ਨਿਸ਼ਕਾਮ ਸੇਵਾ ਨੂੰ ਸਮਰਪਿਤ ਇਸ ਸੰਸਥਾ ਦੀ ਮਾਲੀ ਮਦਦ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨਾਲ ਸੰਪਰਕ ਫੋਨ 510-651-2064 'ਤੇ ਕੀਤਾ ਜਾ ਸਕਦਾ ਹੈ।

## Matrimonials

### ਕੰਨਿਆ ਦੀ ਲੋੜ

Jat Sikh parents seek suitable match for their US born, handsome, clean shave, 26/6"-1" Engineer son, manager in a top 50 national corporation. Contact: happy2020@yahoo.com

Alliance for handsome, clean shaven, sincere, God fearing, 43, 5'-7" Sikh boy. Masters in Edu., Bachelor in Computer math from US, teaching professional, divorcees considered, cast no bar, Ph: 323-351-5737, e-mail: Singhb1@yahoo.com

Match for clean shaven, handsome, Saini boy 36, 5'11", US citizen, divorcee , Vetenary doctor. Girl from California will be prefer. Contact at raj@gfbontime.com

Parents seek well educated USA settled family girl for Sikh cleanshaved son, 28, 5'-10", M.S from USA, Settled in Michigan-USA, permanent job , Call: 214-677-6465 or jit.simer@gmail.com.

### ਵਰ ਦੀ ਲੋੜ

Suitable match for Khatri Sikh pretty girl 28, Canadian born UBC educated l.l.B. honors, currently pursuing at Kingston varsity London. Call 604-261-9555 & email bio data/photo to Dalipmehta @hotmail.com

US citizen vegetarian, professional match for pretty, sincere, honest, obedient and never married girl, 30, 5'-2". Only serious inquiries, cast no bar: Singhb1@yahoo.com

Professional Jatt Sikh match, for beautiful Jatt Sikh girl 28, 5'3" Canadian immigrant, registered Nurse in USA.Call 248-974-1131.Send Bio-data with photo to karamjittsandhu@yahoo.com

Handsome & educated Jatt Sikh match, preferably from California for Jatt Sikh beautiful girl, 24, 5'4", MBA. Call at 408-794-5382. Send Bio-data with pictures to Jatt_Sikh2010@yahoo.com

MRP TRAVEL
Lowest International and Domestic Fares
A·R·C FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Emirates
Asiana Airlines
SINGAPORE AIRLINES CATHAY PACIFIC KOREAN AIR Lufthansa CHINA AIRLINES
We Also Offer Notary Service



WORLD PUNJABI TV
ਮੜਕ ਪੰਜਾਬੀਆਂ ਦੀ
24hrs Free To Air USA,Canada
Fta Receiver and Dish Network
Coming Soon
WORLDPUNJABITV
Host for a TV program. Any one interested call us or send e-mail with your
Picture and resume. We provide training free.
Male or Female host is required for this program should be able to speak well Punjabi.
E-mail: info@worldpunjabitvnetwork.com
www.worldpunjabitvnetwork.com
Parminder Sanghera
Ph:(817)739-2952.
Dallas Texas ,San Francisco,Stockton, Chicago, Indiana, Dallas Bakersfield-Fresno, New York, New Jersey, Washington Dc
1035 Andover Park .W. #210 Tukwila WA 98188 Tel:206 434 2322

100% NCLEX-PN Pass Rate! Job Placement Assistance! Affordable Payment Plans!
SSF Campus January 2010 - March 2010
Hayward Campus January 2008 - March 2008
NCP Career College & College of Nursing
Training students since 1993!
12 Month LVN Program
20 Day CNA Program
Full Time
Part Time
Days, Evenings & Weekends
Choose which one is right for you...Your career is a call away. Call today!
800.339.5145
LVN Vocational Nursing Program
CNA Nursing Assistant Training
CNA Acute Care Training
IV Therapy & Blood Withdrawal Certification Course
NCLEX-PN Review Classes
Countinuing Education for RNs, LVNs & CNAs
CPR
www.ncpcareercollege.com
www.ncpcollegeofnursing.com
South San Francisco Campus
257 Longford Drive #5,
So. San Francisco, CA 94080
800.339.5145, 650.871.0701
Hayward Campus
21615 Hesperian Blvd. Ste. A,
Hayward, CA 94541
800.611.4054, 510.785.0454



FARMERS INSURANCE GROUP
Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com
Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



# 'ਮਾਝੇ ਦਾ ਸਰਦਾਰ' ਹੈ ਅਰਜਨਟੀਨਾ 'ਚ 'ਮੂੰਗਫਲੀ ਦੀ ਖੇਤੀ ਦਾ ਬਾਦਸ਼ਾਹ'

**ਚੰਡੀਗੜ੍ਹ:** ਜਦੋਂ ਅਮਰੀਕਾ ਦੇ ਪਹਿਲੇ ਪੁਲਾੜ ਯਾਤਰੀ ਨੀਲ ਆਰਮਸਟਰਾਂਗ ਨੇ 'ਮਨੁੱਖਤਾ ਦੇ ਨਿੱਕੇ ਕਦਮ ਵਜੋਂ' ਚੰਦ ਉਤੇ ਪੈਰ ਪਾਇਆ ਤਾਂ ਉਥੇ ਸਬੰਧੀ ਇਕ ਲਤੀਫ਼ਾ ਮਸ਼ਹੂਰ ਹੈ ਕਿ ਉਥੇ ਉਸ ਨੂੰ ਸਿੱਖਾਂ ਦਾ ਇਕ ਜਥਾ ਮਿਲ ਪਿਆ। ਉਨ੍ਹਾਂ ਸਿੱਖਾਂ ਨੇ ਆਰਮਸਟਰਾਂਗ ਨੂੰ ਦੱਸਿਆ ਕਿ ਉਹ ਭਾਰਤ ਤੇ ਪਾਕਿਸਤਾਨ ਦੀ ਵੰਡ ਸਮੇਂ ਉਥੇ ਪੁੱਜੇ ਸਨ।

ਇਹ ਕਹਾਣੀ ਹੈ ਤਾਂ ਇਕ ਲਤੀਫ਼ਾ ਪਰ ਇਹ ਸਿੱਖਾਂ ਦੀ ਉਦਮੀ ਭਾਵਨਾ ਦਾ ਮੁਜ਼ਾਹਰਾ ਜ਼ਰੂਰ ਕਰਦੀ ਹੈ। ਅਜਿਹਾ ਹੀ ਕੁਝ ਭਾਰਤੀ ਕਿਸਾਨਾਂ ਖਾਸਕਰ ਪੰਜਾਬੀ ਕਿਸਾਨਾਂ ਲਈ ਅਰਜਨਟੀਨਾ ਵਿਚ ਨਵੀਆਂ ਸੰਭਾਵਨਾਵਾਂ ਤਲਾਸ਼ਣ ਲਈ ਕੇਂਦਰੀ ਖੇਤੀ ਮੰਤਰੀ ਸ਼ਰਦ ਪਵਾਰ ਅਤੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਉਥੇ ਗਏ ਵਫ਼ਦ ਨਾਲ ਵਾਪਰਿਆ ਕਿਉਂਕਿ ਅਰਜਨਟੀਨਾ ਵਿਚ ਵਫ਼ਦ ਦਾ ਸਵਾਗਤ ਕਰਨ ਵਾਲਿਆਂ ਵਿਚ ਇਕ ਲੰਮ-ਸਲੰਮਾ ਸਿੱਖ ਸਰਦਾਰ ਸਿਮਰਪਾਲ ਸਿੰਘ ਵੀ ਸ਼ਾਮਲ ਸੀ ਜਿਸ ਨੂੰ ਅਰਜਨਟੀਨਾ ਵਿਚ 'ਮੂੰਗਫਲੀ ਦੀ ਖੇਤੀ ਦਾ ਬਾਦਸ਼ਾਹ' ਮੰਨਿਆ ਜਾਂਦਾ ਹੈ।

ਸਿਮਰਪਾਲ ਸਿੰਘ ਵੱਲੋਂ ਅਰਜਨਟੀਨਾ ਦੀ ਰਾਜਧਾਨੀ ਬਿਊਨਸ ਆਇਰਸ ਤੋਂ ਕਰੀਬ 1200 ਕਿਲੋਮੀਟਰ ਦੂਰ ਕੋਰਦੋਬਾ ਸੂਬੇ ਵਿਚ ਰੀਓ ਕੁਆਰਟੋ ਵਿਚ ਕਰੀਬ 12 ਹਜ਼ਾਰ ਹੈਕਟਰ ਵਿਚ ਮੂੰਗਫਲੀ ਅਤੇ ਹੋਰ 5 ਹਜ਼ਾਰ ਹੈਕਟਰ ਵਿਚ ਸੋਇਆਬੀਨ ਅਤੇ ਮੱਕੀ ਦੀ ਖੇਤੀ ਕੀਤੀ ਜਾਂਦੀ ਹੈ। ਸਿਮਰਪਾਲ ਸਿੰਘ ਨੇ ਆਪਣੀ ਪਤਨੀ ਹਰਪ੍ਰੀਤ ਕੌਰ ਅਤੇ ਦੋ ਬੱਚਿਆਂ ਸਮੇਤ ਅਰਜਨਟੀਨਾ ਦਾ ਰੁਖ ਕੀਤਾ ਸੀ। ਉਸ ਦੀ ਪਤਨੀ ਇਕ ਇਮਾਰਤਸਾਜ਼ ਹੈ, ਜਿਸ ਨੇ ਆਈ.ਆਈ.ਟੀ. ਦਿੱਲੀ ਤੋਂ ਐਮ.ਟੈਕ. ਕੀਤੀ ਹੋਈ ਹੈ।



ਸਿਮਰਪਾਲ ਸਿੰਘ ਦੀ ਕਾਮਯਾਬੀ ਨੂੰ ਦੇਖ ਕੇ ਦੰਗ ਰਹਿ ਗਿਆ ਸੁਖਬੀਰ ਤੇ ਪਵਾਰ ਦੀ ਅਗਵਾਈ ਵਾਲਾ ਭਾਰਤੀ ਵਫ਼ਦ

ਸਿਮਰਪਾਲ ਸਿੰਘ ਆਪਣੀ 5.6 ਅਰਬ ਡਾਲਰ ਦੀ ਐਨ.ਆਰ.ਆਈ. ਕੰਪਨੀ 'ਬੋਲਾਮ' ਵਾਸਤੇ ਮੂੰਗਫਲੀ ਖਰੀਦਣ ਉਥੇ ਆਇਆ ਸੀ। ਅੰਮ੍ਰਿਤਸਰ ਨਾਲ ਸਬੰਧਤ ਇਸ ਸਿੱਖ ਉਦਮੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਖੇਤੀ ਵਿਚ ਬੀ.ਐਸ ਸੀ. ਆਨਰਜ਼ ਅਤੇ ਇਰਮਾ, ਅਨੰਦ (ਗੁਜਰਾਤ) ਤੋਂ ਰੂਰਲ ਮੈਨੇਜਮੈਂਟ ਤੋਂ ਮਾਸਟਰ ਡਿਗਰੀ ਕੀਤੀ ਹੈ। ਅਰਜਨਟੀਨਾ ਆਉਣ ਤੋਂ ਪਹਿਲਾਂ ਉਸ ਨੇ ਅਫਰੀਕਾ ਵਿਚ ਮੋਜ਼ੰਬੀਕ, ਆਈਵਰੀ ਕੋਸਟ ਅਤੇ ਘਾਨਾ ਆਦਿ ਮੁਲਕਾਂ ਵਿਚ ਕੰਮ ਕੀਤਾ ਅਤੇ ਉਹ ਸਪੇਨੀ ਭਾਸ਼ਾ ਬੜੀ ਵਧੀਆ ਬੋਲ ਲੈਂਦਾ ਹੈ।

ਇਸ ਵੇਲੇ ਸਿਮਰਪਾਲ ਦੀ ਕੰਪਨੀ ਦੇ ਖੇਤਾਂ ਵਿਚ 140 ਵਿਅਕਤੀ ਕੰਮ ਕਰਦੇ ਹਨ ਅਤੇ ਉਹ ਆਪਣੀ ਖੇਤੀ ਦਾ ਛੇਤੀ ਹੀ ਵਿਸਤਾਰ ਕਰਨ ਅਤੇ ਕਣਕ ਤੇ ਦਾਲਾਂ ਦੀ ਖੇਤੀ ਸ਼ੁਰੂ ਕਰਨ ਦਾ ਇਰਾਦਾ ਰੱਖਦਾ ਹੈ। ਅਰਜਨਟੀਨਾ ਵਿਚ ਭਾਰਤੀ ਰਾਜਦੂਤ ਰੇਂਗਰਾਜ ਵਿਸ਼ਵਨਾਥਨ ਨੇ ਆਪਣੀ ਬਲਾਗ ਵਿਚ ਸਿਮਰਪਾਲ ਸਿੰਘ ਨੂੰ ਖੇਤੀ ਕਾਰੋਬਾਰ ਵਿਚ ਕਾਮਯਾਬੀ ਦਾ ਚਾਨਣ ਮੁਨਾਰਾ ਕਰਾਰ ਦਿੱਤਾ ਹੈ। ਉਨ੍ਹਾਂ ਲਿਖਿਆ ਹੈ, 'ਉਸ ਨੂੰ ਅਰਜਨਟੀਨਾ ਦੇ ਨੌਜਵਾਨ ਮੁੰਡੇ-ਕੁੜੀਆਂ ਵੀ ਉਸ ਦੀ ਪੱਗ ਸਦਕਾ ਬਹੁਤ ਪਸੰਦ ਕਰਦੇ ਹਨ ਅਤੇ ਜਿਥੇ ਵੀ ਉਹ ਮਿਲਦਾ ਹੈ, ਉਸ ਦੇ ਪਿੱਛੇ-ਪਿੱਛੇ ਹੋ ਲੈਂਦੇ ਹਨ।'

ਉਨ੍ਹਾਂ ਸਿਮਰਪਾਲ ਨਾਲ ਆਪਣੀ ਪਹਿਲੀ ਮੁਲਾਕਾਤ ਸਬੰਧੀ ਲਿਖਿਆ, 'ਜਦੋਂ ਮੈਂ ਬੀਤੇ ਸਾਲ 16 ਮਈ ਨੂੰ ਰੀਓ ਕੁਆਰਟੋ ਕੰਟਰੀ ਕਲੱਬ ਗਿਆ ਤਾਂ ਅਰਜਨਟੀਨੀ ਖਿਡਾਰੀਆਂ ਨੇ ਮੈਨੂੰ ਪੁੱਛਿਆ ਕਿ ਉਹ ਪੱਗ ਕਿੱਥੋਂ ਖਰੀਦ ਸਕਦੇ ਹਨ ਅਤੇ ਇਸ ਨੂੰ ਕਿਵੇਂ ਬੰਨ੍ਹਦੇ ਹਨ।' ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਕੰਟਰੀ ਕਲੱਬ ਵਿਚਲਾ ਇਕ ਬੰਗਲਾ ਦਿਖਾਉਂਦਿਆਂ ਕਿਹਾ, 'ਇੱਥੇ ਇਕ ਭਾਰਤੀ ਮਹਾਰਾਜਾ ਰਹਿੰਦਾ ਹੈ। ਉਹ ਆਪਣੀ ਪੱਗ ਨਾਲ ਬਹੁਤ ਸੋਹਣਾ ਲੱਗਦਾ ਹੈ। ਨਾਈਟ ਕਲੱਬਾਂ ਵਿਚ ਵੀ ਉਸ ਦੀ ਵਧੀਆ ਸੇਵਾ ਹੁੰਦੀ ਹੈ ਕਿਉਂਕਿ ਸਾਰੇ ਉਸ ਨੂੰ ਮਹਾਰਾਜਾ ਸਮਝਦੇ ਹਨ।'

ਸ੍ਰੀ ਸੁਖਬੀਰ ਸਿੰਘ ਬਾਦਲ ਨੇ ਵੀ ਸਿਮਰਪਾਲ ਸਿੰਘ ਦੀ ਕਾਮਯਾਬੀ ਤੋਂ ਪ੍ਰਭਾਵਤ ਹੋ ਕੇ ਪੰਜਾਬ ਵਿਚ ਖੇਤੀ ਵੰਨ-ਸੁਵੰਨਤਾ ਵਜੋਂ ਸੋਇਆਬੀਨ ਦੀ ਖੇਤੀ ਦੀਆਂ ਸੰਭਾਵਨਾਵਾਂ ਤਲਾਸ਼ਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਭਾਰਤ ਵੱਲੋਂ ਅਰਜਨਟੀਨਾ ਤੋਂ ਵੱਡੀ ਪੱਧਰ ਉਤੇ ਸੋਇਆ ਤੇਲ ਦਰਾਮਦ ਕੀਤਾ ਜਾਂਦਾ ਹੈ ਤਾਂ ਉਸ ਨੂੰ ਇੱਥੇ ਕਿਉਂ ਨਹੀਂ ਪੈਦਾ ਕੀਤਾ ਜਾ ਸਕਦਾ। ਭਾਰਤੀ ਵਫ਼ਦ ਨੇ ਅਰਜਨਟੀਨਾ ਨਾਲ ਖੇਤੀ ਅਤੇ ਸਹਾਇਕ ਧੰਦਿਆਂ ਸਬੰਧੀ ਇਕ ਇਕਰਾਰ ਵੀ ਸਹੀਬੰਦ ਕੀਤਾ ਹੈ।

# ਹੁਣ ਇਥੋਪੀਆ 'ਚ ਖੇਤੀ ਕਰਨਗੇ ਪੰਜਾਬੀ ਕਿਸਾਨ

**ਚੰਡੀਗੜ੍ਹ :** ਪੰਜਾਬ ਦੇ ਕਿਸਾਨ ਹੁਣ ਇਥੋਪੀਆ ਵਿਚ ਖੇਤੀ ਕਰਨਗੇ। ਸੂਬੇ ਦੇ ਅਗਾਂਹਵਧੂ ਕੁਝ ਕਿਸਾਨਾਂ ਨੇ ਇਥੋਪੀਆ ਵਿਚ 50 ਹਜ਼ਾਰ ਹੈਕਟੇਅਰ ਜ਼ਮੀਨ ਠੇਕੇ 'ਤੇ ਲੈਣ ਦੀ ਪੂਰੀ ਤਿਆਰੀ ਕਰ ਲਈ ਹੈ, ਜਿੱਥੇ ਉਹ ਦਾਲਾਂ ਅਤੇ ਮੱਕੀ ਦੀ ਕਾਸ਼ਤ ਕਰਨਗੇ।

ਕਨਫੈਡਰੇਸ਼ਨ ਆਫ ਪੋਟੈਟੋ ਸੀਡ ਫਾਰਮਰਜ਼ ਦੇ ਪ੍ਰਧਾਨ ਸੁਖਜੀਤ ਸਿੰਘ ਭੱਟੀ ਨੇ ਦੱਸਿਆ ਕਿ ਉਹ ਘੱਟੋ-ਘੱਟ 50 ਹਜ਼ਾਰ ਏਕੜ ਜ਼ਮੀਨ ਠੇਕੇ 'ਤੇ ਲੈਣ ਵਾਸਤੇ ਅਗਲੇ ਮਹੀਨੇ ਇਥੋਪੀਆ ਸਰਕਾਰ ਨਾਲ ਸਮਝੌਤਾ ਕਰਨ ਜਾ ਰਹੇ ਹਨ। ਇਸ ਜ਼ਮੀਨ ਵਿਚ ਮੱਕੀ ਅਤੇ ਦਾਲਾਂ ਜਿਹੀਆਂ ਫਸਲਾਂ ਦੀ ਕਾਸ਼ਤ ਕੀਤੀ ਜਾਵੇਗੀ। ਇਸ ਮੰਤਵ ਵਾਸਤੇ ਸ. ਭੱਟੀ ਆਲੂ ਉਤਪਾਦਕਾਂ ਦੇ 16 ਮੈਂਬਰੀ ਵਫ਼ਦ ਨੂੰ ਇਥੋਪੀਆ ਲੈ ਕੇ ਜਾਣਗੇ। ਸ. ਭੱਟੀ ਨੇ ਦੱਸਿਆ ਕਿ ਉਥੇ ਜ਼ਿਆਦਾਤਰ ਜ਼ਮੀਨ ਇਥੋਪੀਆ ਸਰਕਾਰ ਦੀ ਮਲਕੀਅਤ ਹੈ। ਸਰਕਾਰ ਨੇ 25 ਤੋਂ 40 ਸਾਲਾਂ ਦੇ ਸਮੇਂ ਵਾਸਤੇ ਇਹ ਜ਼ਮੀਨ ਬਹੁਤ ਹੀ ਘੱਟ ਮੁੱਲ 'ਤੇ ਠੇਕੇ 'ਤੇ ਦੇਣ ਦੀ ਪੇਸ਼ਕਸ਼ ਕੀਤੀ ਹੈ। ਭਾਰਤੀ ਕਰੰਸੀ ਦੇ ਹਿਸਾਬ ਨਾਲ ਇਕ ਏਕੜ ਜ਼ਮੀਨ ਦਾ ਠੇਕਾ ਪ੍ਰਤੀ ਸਾਲ ਚਾਰ ਸੌ ਰੁਪਏ ਦੇ ਕਰੀਬ ਹੋਵੇਗਾ ਤੇ ਪਹਿਲੇ ਪੰਜ ਸਾਲ ਕਿਸਾਨਾਂ ਨੂੰ ਕੁਝ ਵੀ ਅਦਾ ਨਹੀਂ ਕਰਨਾ ਪਵੇਗਾ।

ਉਨ੍ਹਾਂ ਦੱਸਿਆ ਕਿ ਇਥੋਪੀਆ ਦੀ ਜ਼ਮੀਨ ਦਾਲਾਂ, ਮੱਕੀ ਅਤੇ ਤੁਰੰਤ ਵਿਕਣ ਵਾਲੀਆਂ ਹੋਰ ਫਸਲਾਂ ਵਾਸਤੇ ਢੁਕਵੀਂ ਹੈ। ਇਹ ਫਸਲਾਂ ਭਾਰਤ ਅਤੇ ਯੂਰਪ ਵਿਚ ਬਰਾਮਦ ਕੀਤੀਆਂ ਜਾ ਸਕਦੀਆਂ ਹਨ।

ਇਥੋਪੀਆ ਸਰਕਾਰ ਨੇ ਭਰੋਸਾ ਦਿੱਤਾ ਹੈ ਕਿ ਉਹ ਖੇਤੀ ਵਸਤਾਂ ਦੀ ਬਰਾਮਦ ਅਤੇ ਖੇਤੀ ਸੰਦਾਂ ਦੀ ਦਰਾਮਦ 'ਤੇ ਕੋਈ ਟੈਕਸ ਨਹੀਂ ਲਗਾਏਗੀ। ਭਾਰਤ ਵਿਚ ਇਥੋਪੀਆ ਦੇ ਰਾਜਦੂਤ ਵਲੋਂ ਜੂਨ ਮਹੀਨੇ ਪੰਜਾਬੀਆਂ ਦੇ ਇਕ ਵਫ਼ਦ ਨੂੰ ਆਪਣੇ ਦੇਸ਼ ਲਿਜਾਇਆ ਗਿਆ ਸੀ ਤੇ ਉਨ੍ਹਾਂ ਨੂੰ ਖੇਤੀਬਾੜੀ ਵਿਚ ਨਿਵੇਸ਼ ਕਰਨ ਲਈ ਪ੍ਰੇਰਿਆ ਗਿਆ ਸੀ। ਸ. ਭੱਟੀ ਅਨੁਸਾਰ ਇਥੋਪੀਆ ਵਿਚ ਪ੍ਰਤੀ 100 ਹੈਕਟੇਅਰ ਪਿੱਛੇ ਡੇਢ ਕਰੋੜ ਰੁਪਏ ਖਰਚਾ ਕਰਕੇ ਖੇਤੀ ਦਾ ਮੁੱਢਲਾ ਆਧਾਰ ਤਿਆਰ ਹੋ ਸਕਦਾ ਹੈ।

ਪੰਜਾਬ ਸਰਕਾਰ ਨੂੰ ਵੀ ਵਿਦੇਸ਼ੀ ਧਰਤੀ 'ਤੇ ਖੇਤੀ ਕਰਨ ਦਾ ਇਹ ਫੁਰਨਾ ਬੜਾ ਚੰਗਾ ਲੱਗਿਆ ਹੈ। ਪੰਜਾਬ ਐਗਰੋ ਵਲੋਂ ਰਾਜ ਦੇ ਅੱਠ ਕਿਸਾਨਾਂ ਨੂੰ ਅਗਲੇ ਮਹੀਨੇ ਸੀ.ਆਈ.ਐਸ. ਦੇਸ਼ਾਂ ਸਮੇਤ ਉਜ਼ਬੇਕਿਸਤਾਨ, ਅਜ਼ਰਬਾਈਜਾਨ, ਯੂਕਰੇਨ ਤੇ ਕਜ਼ਾਕਿਸਤਾਨ ਲਿਜਾਇਆ ਜਾਏਗਾ ਤੇ ਉਥੇ ਠੇਕੇ 'ਤੇ ਜ਼ਮੀਨ ਲੈ ਕੇ ਵਾਹੀ ਕੀਤੇ ਜਾਣ ਦੀਆਂ ਸੰਭਾਵਨਾਵਾਂ ਦਾ ਪਤਾ ਲਾਇਆ ਜਾਏਗਾ ਅਤੇ ਫਲਾਂ, ਸਬਜ਼ੀਆਂ ਤੇ ਬਾਸਮਤੀ ਆਦਿ ਦੀ ਬਰਾਮਦ ਦੇ ਰਾਹ ਖੋਲ੍ਹੇ ਜਾਣਗੇ। ਇਸ ਸਾਲ ਤਨਜ਼ਾਨੀਆ, ਯੂਗਾਂਡਾ ਜਿਹੇ ਅਫਰੀਕੀ ਮੁਲਕਾਂ ਦੇ ਸਫੀਰ ਪੰਜਾਬ ਆਏ ਸਨ ਤੇ ਉਨ੍ਹਾਂ ਨੇ ਪੰਜਾਬੀ ਕਿਸਾਨਾਂ ਨੂੰ ਉਥੇ ਜਾ ਕੇ ਵਾਹੀ ਕਰਨ ਦਾ ਸੱਦਾ ਦਿੱਤਾ ਸੀ।

## ਚੁੱਘਾ ਵਿਕਟੋਰੀਅਨ ਸਟੇਟ ਚੋਣਾਂ ਲਈ ਪਹਿਲੇ ਪੰਜਾਬੀ

**ਮੈਲਬੌਰਨ:** ਮੈਲਬੌਰਨ ਦੇ ਉਘੇ ਸਨਅਤਕਾਰ ਅਤੇ ਮਜ਼ਬੂਤ ਰਾਜਨੀਤਕ ਪਿਛੋਕੜ ਵਾਲੇ ਸ. ਪ੍ਰੀਤਮ ਸਿੰਘ ਚੁੱਘਾ ਵਿਕਟੋਰੀਅਨ ਸਟੇਟ ਦੀਆਂ ਨਵੰਬਰ 2010 ਵਿਚ ਹੋਣ ਵਾਲੀਆਂ ਚੋਣਾਂ ਲਈ ਉਤਰੀ ਮੈਲਬੌਰਨ ਸਥਿਤ ਮਿਲਪਾਰਕ ਸੀਟ ਤੋਂ ਲਿਬਰਲ ਪਾਰਟੀ ਦੇ ਪਹਿਲੇ ਪੰਜਾਬੀ ਉਮੀਦਵਾਰ ਵਜੋਂ ਐਲਾਨੇ ਗਏ।

ਸ. ਪ੍ਰੀਤਮ ਸਿੰਘ ਚੁੱਘਾ ਪੰਜਾਬ ਦੇ ਮੋਗਾ ਜ਼ਿਲ੍ਹੇ ਦੇ ਪਿੰਡ ਚੁੱਘਾ ਦੇ ਇਕ ਮੰਨੇ-ਪ੍ਰਮੰਨੇ ਪਰਿਵਾਰ ਨਾਲ ਸਬੰਧਤ ਹਨ। ਉਹ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੇ ਰਿਸ਼ਤੇਦਾਰ ਤੇ ਸਹਿਯੋਗੀ ਹੋਣ ਸਦਕਾ ਜਲਦੀ ਹੀ ਰਾਜਨੀਤਕ ਤੇ ਦੂਰਅੰਦੇਸ਼ ਸੋਚ ਦੇ ਧਾਰਨੀ ਬਣ ਗਏ। ਉਹ ਫਿਰੋਜ਼ਪੁਰ ਜ਼ਿਲ੍ਹੇ ਦੇ ਯੂਥ ਕਾਂਗਰਸ ਦੇ ਪ੍ਰਧਾਨ ਚੁਣੇ ਗਏ। ਫਿਰ ਉਨ੍ਹਾਂ ਨੂੰ ਕਾਂਗਰਸ ਤੇ ਅਕਾਲੀ ਦਲ ਨੇ ਮੈਂਬਰ ਪਾਰਲੀਮੈਂਟ ਦੀ ਸੀਟ ਲਈ ਨਾਮਜ਼ਦ ਕੀਤਾ। ਹੁਣ ਸ. ਪ੍ਰੀਤਮ ਸਿੰਘ ਚੁੱਘਾ ਪਿਛਲੇ 35 ਸਾਲਾਂ ਤੋਂ ਆਸਟ੍ਰੇਲੀਆ 'ਚ ਰਹਿ ਰਹੇ ਹਨ।

# ਬੇਅੰਤ ਸਿੰਘ ਕਤਲ ਕੇਸ ਦੌਰਾਨ ਕਈ ਨਵੇਂ ਇੰਕਸ਼ਾਫ

**ਚੰਡੀਗੜ੍ਹ :** ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਮਰਹੂਮ ਮੁੱਖ ਮੰਤਰੀ ਸ. ਬੇਅੰਤ ਸਿੰਘ ਦੇ ਕਤਲ ਦਾ ਚੱਲ ਰਿਹਾ ਮਾਮਲਾ ਬਚਾਅ ਪੱਖ ਵਲੋਂ ਦਿੱਤੀਆਂ ਜਾਂਦੀਆਂ ਦਲੀਲਾਂ ਕਾਰਨ ਦਿਨੋ-ਦਿਨ ਪੇਚੀਦਾ ਹੁੰਦਾ ਜਾ ਰਿਹਾ ਹੈ। ਦੱਸਣਯੋਗ ਹੈ ਕਿ ਇਸ ਕੇਸ ਵਿਚ ਦੋਸ਼ੀ ਠਹਿਰਾਏ ਗਏ ਜਗਤਾਰ ਸਿੰਘ ਹਵਾਰਾ ਵਲੋਂ ਹੇਠਲੀ ਅਦਾਲਤ ਦੇ ਫੈਸਲੇ ਖਿਲਾਫ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਅਪੀਲ ਦਾਇਰ ਕੀਤੀ ਹੋਈ ਹੈ। ਸ. ਬੇਅੰਤ ਸਿੰਘ ਦੀ ਹੱਤਿਆ ਲਈ ਮਨੁੱਖੀ ਬੰਬ ਜ਼ਿੰਮੇਵਾਰ ਹੋਣ ਦੀ ਇਸਤਗਾਸਾ ਪੱਖ ਦੀ ਦਲੀਲ ਦੇ ਵਿਰੋਧ ਵਿਚ ਬਚਾਅ ਪੱਖ ਨੇ ਬੀਤੀ 16 ਸਤੰਬਰ ਨੂੰ ਦਾਅਵਾ ਕੀਤਾ ਕਿ ਧਮਾਕੇ ਸਮੇਂ ਸ. ਬੇਅੰਤ ਸਿੰਘ ਕਾਰ ਵਿਚ ਬੈਠੇ ਸਨ।

ਇਸਤਗਾਸਾ ਪੱਖ ਨੇ ਕਿਹਾ ਸੀ ਕਿ ਸਾਬਕਾ ਮੁੱਖ ਮੰਤਰੀ ਕਾਰ ਵਿਚ ਬੈਠਣ ਹੀ ਲੱਗੇ ਸਨ ਜਦੋਂ ਮਨੁੱਖੀ ਬੰਬ ਦਿਲਾਵਰ ਸਿੰਘ ਨੇ ਧਮਾਕਾ ਕਰ ਦਿੱਤਾ। ਇਸ ਮਾਮਲੇ ਵਿਚ ਜਸਟਿਸ ਮਹਿਤਾਬ ਸਿੰਘ ਗਿੱਲ ਅਤੇ ਜਸਟਿਸ ਅਰਵਿੰਦ ਕੁਮਾਰ ਦੇ ਬੈਂਚ ਸਾਹਮਣੇ ਸੀਨੀਅਰ ਵਕੀਲ ਬਲਦੇਵ ਸਿੰਘ ਨੇ ਦਾਅਵਾ ਕੀਤਾ ਕਿ ਇਸਤਗਾਸਾ ਪੱਖ ਦੇ ਗਵਾਹਾਂ ਦੇ ਬਿਆਨਾਂ ਮੁਤਾਬਕ 31 ਅਗਸਤ, 1995 ਨੂੰ ਸ਼ਾਮ ਦੇ ਕਰੀਬ ਸਵਾ ਪੰਜ ਵਜੇ ਮੁੱਖ ਮੰਤਰੀ ਕਾਰ ਦੀ ਪਿਛਲੀ ਸੀਟ 'ਤੇ ਬੈਠੇ ਸਨ। ਇਸ ਦੌਰਾਨ ਹੋਏ ਬੰਬ ਧਮਾਕੇ ਵਿਚ ਉਨ੍ਹਾਂ ਦੀ ਮੌਤ ਹੋ ਗਈ। ਵਕੀਲ ਮੁਤਾਬਕ ਧਮਾਕਾ ਮਨੁੱਖੀ ਬੰਬ ਨੇ ਨਹੀਂ ਕੀਤਾ ਸੀ।

ਗੌਰਤਲਬ ਹੈ ਕਿ ਪੰਜਾਬ ਸਿਵਲ ਸਕੱਤਰੇਤ ਦੇ ਬਾਹਰ ਹੋਏ ਧਮਾਕੇ ਵਿਚ ਸ. ਬੇਅੰਤ ਸਿੰਘ ਅਤੇ ਹੋਰ 16 ਵਿਅਕਤੀਆਂ ਦੀ ਮੌਤ ਹੋ ਗਈ ਸੀ।ਇਸ ਮਾਮਲੇ ਵਿਚ ਜਗਤਾਰ ਸਿੰਘ ਹਵਾਰਾ ਅਤੇ ਬਲਵੰਤ ਸਿੰਘ ਨੂੰ ਮੌਤ ਜਦੋਂ ਕਿ ਸ਼ਮਸ਼ੇਰ ਸਿੰਘ, ਗੁਰਮੀਤ ਸਿੰਘ ਅਤੇ ਲਖਵਿੰਦਰ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਸ ਤੋਂ ਇਕ ਦਿਨ ਪਹਿਲਾਂ ਬੀਤੀ 15 ਸਤੰਬਰ ਨੂੰ ਬਚਾਅ ਪੱਖ ਦੇ ਵਕੀਲ ਨੇ ਆਪਣੀ ਬਹਿਸ ਵਿਚ ਦੱਸਿਆ ਸੀ ਕਿ ਹੈਦਰਾਬਾਦ ਤੋਂ ਆਉਣ ਵਾਲੇ ਡਾਕਟਰ ਲਾਲਜੀਤ ਨੇ ਆਪਣੀ ਪੋਸਟਮਾਰਟਮ ਰਿਪੋਰਟ ਵਿਚ ਕਿਹਾ ਕਿ ਹਾਦਸੇ ਦੇ ਮੌਕੇ ਜੋ ਸਰੀਰਕ ਅੰਗ ਦਾ ਮੁਆਇਨਾ ਕੀਤਾ ਗਿਆ, ਉਨ੍ਹਾਂ ਤੋਂ ਸਾਫ ਤੌਰ 'ਤੇ ਪਤਾ ਨਹੀਂ ਲਗਦਾ ਕਿ ਇਹ ਸਰੀਰਕ ਅੰਗ ਮਰਦ ਦੇ ਹਨ ਜਾਂ ਔਰਤ ਦੇ, ਕਿਉਂਕਿ ਬੰਬ ਧਮਾਕੇ ਵਾਲੀ ਥਾਂ ਤੋਂ ਮਿਲਣ ਵਾਲੀ ਖੋਪੜੀ ਅਤੇ ਲੱਤਾਂ ਵਿਚ ਕਾਫੀ ਫਰਕ ਸੀ।

# ਖਾੜਕੂ ਬਾਬਾ ਬਲਬੀਰ ਸਿੰਘ ਗ੍ਰਿਫ਼ਤਾਰ

**ਜੰਮੂ :** ਮਿਲੀ ਜਾਣਕਾਰੀ ਮੁਤਾਬਕ ਬੀਤੀ 20 ਸਤੰਬਰ ਨੂੰ ਪਠਾਨਕੋਟ ਪੁਲਿਸ ਨੇ ਜੰਮੂ ਪੁਲਿਸ ਦੀ ਮਦਦ ਨਾਲ ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਮੁਖੀ ਰਣਜੀਤ ਸਿੰਘ ਨੀਟਾ ਦੇ ਕਰੀਬੀ ਸਾਥੀ ਬਾਬਾ ਬਲਬੀਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਪਠਾਨਕੋਟ ਪੁਲੀਸ ਬੀਤੇ ਕਈ ਸਾਲਾਂ ਤੋਂ ਬਲਬੀਰ ਸਿੰਘ ਨੂੰ ਕਾਬੂ ਕਰਨ ਲਈ ਜੰਮੂ ਵਿਚ ਛਾਪਾਮਾਰੀ ਕਰ ਰਹੀ ਸੀ। ਪੰਜਾਬ ਪੁਲਿਸ ਨੇ ਸਥਾਨਕ ਪੁਲਿਸ ਦੀ ਮਦਦ ਨਾਲ ਸਤਵਾਰੀ ਦੇ ਕੈਂਟ ਇਲਾਕੇ ਤੋਂ ਸਵੇਰੇ ਲਗਪਗ 11 ਵਜੇ ਉਸ ਨੂੰ ਗ੍ਰਿਫ਼ਤਾਰ ਕੀਤਾ। ਪਠਾਨਕੋਟ ਤੋਂ ਡਿਵੀਜ਼ਨ ਨੰਬਰ ਇਕ ਅਤੇ ਦੋ ਦੇ ਐਸ.ਐਚ.ਓ. ਦੇਵਰਾਜ ਅਤੇ ਸੁਖਦੇਵ ਸਿੰਘ ਦੀ ਅਗਵਾਈ ਹੇਠ ਪਹੁੰਚੀ ਪੰਜਾਬ ਪੁਲਿਸ ਨੇ ਗਾਂਧੀ ਨਗਰ ਥਾਣੇ ਦੇ ਐਸ.ਐਚ.ਓ. ਰਫ਼ੀਕ ਮਨਿਹਾਸ ਨਾਲ ਬਲਬੀਰ ਸਿੰਘ ਨੂੰ ਕਾਬੂ ਕਰਨ ਦੀ ਰਣਨੀਤੀ ਬਣਾਈ। ਮੁਖ਼ਬਰ ਦੀ ਸੂਹ ਉਤੇ ਜੰਮੂ ਅਤੇ ਪੰਜਾਬ ਪੁਲੀਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ।

ਬਲਬੀਰ ਸਿੰਘ ਦੇ ਇਕ ਰਿਸ਼ਤੇਦਾਰ ਨੇ ਦੱਸਿਆ ਕਿ ਪੰਜਾਬ ਪੁਲਿਸ ਉਸ ਨੂੰ ਪਠਾਨਕੋਟ ਵਿਚ ਅਪਰੈਲ 1997 ਨੂੰ ਹੋਏ ਬੰਬ ਧਮਾਕੇ ਵਿਚ ਫਸਾਉਣਾ ਚਾਹੁੰਦੀ ਹੈ। ਉਨ੍ਹਾਂ ਨੇ ਦੱਸਿਆ ਕਿ ਉਸ ਕੇਸ ਦੇ ਸਾਰੇ ਮੁਲਜ਼ਮ ਅਦਾਲਤ ਵਲੋਂ ਬਰੀ ਕੀਤੇ ਜਾ ਚੁੱਕੇ ਹਨ।


INDIAN RESTAURANT
FOR SALE or LEASE

Indian restaurant & Bar with 140 siting capacity, running successfully for eight years, making $55,000 to $60,000 per month. Only indian restaurant in the city



*Preferring lease: $7,000 monthly*

Call:Gurnek 417-619-9981

ਅੱਠ ਸਾਲ ਤੋਂ ਕਾਮਯਾਬੀ ਨਾਲ ਚੱਲ ਰਿਹਾ ਭਾਰਤੀ ਰੈਸਟੋਰੈਂਟ ਲੀਜ਼ ਲਈ ਜਾਂ ਵਿਕਰੀ ਲਈ ਉਪਲਬਧ ਹੈ। ਸ਼ਹਿਰ ਵਿਚ ਇਕੋ ਇਕ ਭਾਰਤੀ ਰੈਸਟੋਰੈਂਟ, ਮਾਸਿਕ ਆਮਦਨ 50 ਤੋਂ 60 ਹਜ਼ਾਰ ਡਾਲਰ। ਲੀਜ਼ 7000 ਡਾਲਰ ਮਹੀਨਾ



ਅਲਬਾਮਾ ਵਿਚ ਰੈਸਟੋਰੈਂਟ ਵਿਕਾਊ ਹੈ

ਅਲਬਾਮਾ ਵਿਚ ਬਹੁਤ ਕਾਮਯਾਬੀ ਨਾਲ ਚਲਦਾ ਇੰਡੀਅਨ ਰੈਸਟੋਰੈਂਟ ਵਿਕਾਊ ਹੈ।

*ਫਰੀ ਸਟੈਂਡਿੰਗ ਬਿਲਡਿੰਗ *ਬਹੁਤ ਵਧੀਆ ਲੋਕੇਸ਼ਨ
*ਵਾਜਬ ਰੈਂਟ *ਲੰਮੇ ਸਮੇਂ ਦੀ ਲੀਜ਼
ਮਾਸਿਕ ਆਮਦਨ 35 ਤੋਂ 40 ਹਜ਼ਾਰ ਡਾਲਰ

ਸੰਪਰਕ ਕਰੋ: ਫੋਨ 850-510-3466

# ਕਾਂਗਰਸ ਡੈਲੀਗੇਟਾਂ ਦੇ ਮੁੱਦੇ 'ਤੇ ਖਿੱਚੋਤਾਣ ਹਾਲੇ ਵੀ ਜਾਰੀ

**ਜਲੰਧਰ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਡੈਲੀਗੇਟ ਬਣਨ ਲਈ ਚਾਹਵਾਨਾਂ ਨੇ ਨਾ ਕੇਵਲ, ਕਾਂਗਰਸ ਪ੍ਰਧਾਨ ਨੂੰ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਦੀ ਨਿਯੁਕਤੀ ਲਈ ਮਤਾ ਪਾਉਣ ਦੇ ਦਿਨ ਤੱਕ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਸਗੋਂ ਪ੍ਰਮੁੱਖ ਆਗੂਆਂ ਨੇ ਆਪਣੇ ਚਹੇਤਿਆਂ ਨੂੰ ਡੈਲੀਗੇਟ ਬਣਾਉਣ ਲਈ ਆਪੋ ਵਿਚ ਦਸਤਪੰਜੇ ਲੜਾਉਣੇ ਜਾਰੀ ਰੱਖੇ। ਇਸੇ ਚੱਕਰ ਵਿਚ ਸਿਆਸਤ ਵਿਚ ਹਿੱਕ ਦਾ ਜ਼ੋਰ ਵਿਖਾਉਂਦਿਆਂ ਲਗਪਗ ਅੱਧੀ ਦਰਜਨ ਆਗੂਆਂ ਨੇ ਸੂਚੀ ਵਿਚ ਪਹਿਲਾਂ ਪਾਏ ਆਗੂਆਂ ਦੇ ਨਾਂ ਕਟਵਾ ਕੇ ਆਪਣੇ ਆਪ ਨੂੰ ਡੈਲੀਗੇਟਾਂ ਦੀ ਸੂਚੀ ਵਿਚ ਸ਼ਾਮਿਲ ਕਰਵਾ ਲੈਣ 'ਚ ਸਫਲਤਾ ਹਾਸਿਲ ਕੀਤੀ। ਨਾਂ ਕੱਟਣ ਤੇ ਨਵੇਂ ਨਾਂ ਪੁਆਉਣ ਦੀ ਇਸ ਖੇਡ ਵਿਚ ਵੱਡੇ-ਵੱਡੇ ਆਗੂ ਸ਼ਾਮਿਲ ਰਹੇ ਹਾਲਾਂਕਿ ਇਹ ਆਗੂ ਨਾਂ ਨਾ ਪੈ ਸਕਣ ਕਾਰਨ ਨਿਰਾਸ਼ ਹੋਏ ਆਗੂਆਂ ਨੂੰ ਇਹੀ ਸਮਝਾਉਂਦੇ ਰਹੇ ਕਿ ਪ੍ਰਦੇਸ਼ ਕਾਂਗਰਸ ਡੈਲੀਗੇਟ ਬਣਨ ਦਾ ਕੋਈ ਬਹੁਤਾ ਲਾਭ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਦੀ ਭੂਮਿਕਾ ਪ੍ਰਦੇਸ਼ ਕਾਂਗਰਸ ਪ੍ਰਧਾਨ ਦੀ ਚੋਣ ਦੇ ਨਾਲ ਹੀ ਖਤਮ ਹੋ ਜਾਂਦੀ ਹੈ।

ਜਾਣਕਾਰੀ ਅਨੁਸਾਰ ਖਡੂਰ ਸਾਹਿਬ ਤੋਂ ਡੈਲੀਗੇਟ ਬਣੇ ਸ. ਰਮਨਦੀਪ ਸਿੰਘ ਸਿੱਕੀ ਦੀ ਜਗ੍ਹਾ ਗੁਰਵਿੰਦਰ ਸਿੰਘ ਰਟੌਲ ਨੂੰ ਡੈਲੀਗੇਟ ਸੂਚੀ ਵਿਚ ਸ਼ਾਮਿਲ ਕਰ ਲਿਆ ਗਿਆ। ਸਾਬਕਾ ਐਮ.ਪੀ. ਰਾਣਾ ਗੁਰਜੀਤ ਸਿੰਘ ਦੀ ਸਿਫਾਰਿਸ਼ 'ਤੇ ਡੈਲੀਗੇਟ ਬਣੇ ਸਿੱਕੀ ਦੀ ਜਗ੍ਹਾ ਸ. ਰਟੌਲ ਨੂੰ ਡੈਲੀਗੇਟ ਬਣਾਉਣ ਵਿਚ ਇਕ ਕੇਂਦਰੀ ਮੰਤਰੀ ਦੀ ਭੂਮਿਕਾ ਦੱਸੀ ਜਾ ਰਹੀ ਹੈ। ਹਲਕਾ ਸ੍ਰੀ ਹਰਗੋਬਿੰਦਪੁਰ ਤੋਂ ਲੋਕ ਸਭਾ ਮੈਂਬਰ ਸ. ਪ੍ਰਤਾਪ ਸਿੰਘ ਬਾਜਵਾ ਦੀ ਸਿਫਾਰਿਸ਼ ਨਾਲ ਡੈਲੀਗੇਟ ਬਣੇ ਸ. ਕੁਲਵੰਤ ਸਿੰਘ ਨੂੰ ਹਟਾ ਕੇ ਸ. ਐਮ.ਐਮ. ਸਿੰਘ ਚੀਮਾ ਡੈਲੀਗੇਟ ਬਣਨ 'ਚ ਸਫਲ ਰਹੇ। ਪਤਾ ਲੱਗਾ ਹੈ ਕਿ ਕੁਲ ਹਿੰਦ ਕਾਂਗਰਸ ਦੇ ਮੈਂਬਰ ਅਤੇ ਪ੍ਰਦੇਸ਼ ਕਾਂਗਰਸ ਦੇ ਮੀਤ ਪ੍ਰਧਾਨ ਸ. ਚੀਮਾ ਨੂੰ ਆਪਣਾ ਨਾਂ ਡੈਲੀਗੇਟ ਸੂਚੀ ਵਿਚ ਪੁਆਉਣ ਲਈ ਕਾਂਗਰਸ ਹਾਈਕਮਾਨ ਦੇ ਅਖੀਰਲੇ ਸਿਰੇ ਤੱਕ ਪਹੁੰਚ ਕਰਨੀ ਪਈ। ਇਕ ਹੋਰ ਦਿਲਚਸਪ ਮਾਮਲਾ ਹੈ ਹਲਕਾ ਲੰਬੀ ਤੋਂ ਸ. ਰਣਧੀਰ ਸਿੰਘ ਖੁੱਡੀਆਂ ਦੀ ਜਗ੍ਹਾ ਸ. ਜਗਪਾਲ ਸਿੰਘ ਅਬੁਲਖੁਰਾਣਾ ਨੂੰ ਡੈਲੀਗੇਟ ਬਣਾਏ ਜਾਣ ਦਾ। ਸ. ਖੁੱਡੀਆਂ ਨੂੰ ਕੈਪਟਨ ਧੜੇ ਵਲੋਂ ਹੀ ਡੈਲੀਗੇਟ ਬਣਵਾਇਆ ਗਿਆ ਸੀ ਅਤੇ ਕੈਪਟਨ ਧੜੇ ਨਾਲ ਹੀ ਸੰਬੰਧਿਤ ਰਹੇ ਸ. ਅਬੁਲਖੁਰਾਣਾ ਇਸ ਮਾਮਲੇ ਵਿਚ ਉਕ ਗਏ ਸਨ। ਸ. ਅਬੁਲਖੁਰਾਣਾ ਨੇ ਵੀ ਅਖੀਰਲੇ ਸਾਹ ਤੱਕ ਦੌੜ ਨਹੀਂ ਛੱਡੀ ਅਤੇ ਉਹ ਕਾਂਗਰਸ ਹਾਈਕਮਾਨ ਦੇ ਇਕ ਕੇਂਦਰੀ ਆਗੂ ਦੀ ਮਦਦ ਨਾਲ ਸ. ਖੁੱਡੀਆਂ ਦਾ ਨਾਂ ਕਟਵਾ ਕੇ ਆਪਣਾ ਨਾਂ ਡੈਲੀਗੇਟ ਸੂਚੀ 'ਚ ਸ਼ਾਮਿਲ ਕਰਵਾਉਣ ਵਿਚ ਸਫਲ ਰਹੇ ਹਾਲਾਂਕਿ ਇਸ ਮਾਮਲੇ ਵਿਚ ਲੰਬੀ ਤੋਂ ਕਾਂਗਰਸ ਵਲੋਂ ਚੋਣ ਲੜੇ ਸ. ਮਹੇਸ਼ਇੰਦਰ ਸਿੰਘ ਬਾਦਲ ਵੀ ਸ. ਖੁੱਡੀਆਂ ਦੇ ਹੱਕ ਵਿਚ ਹੀ ਸਨ ਕਿਉਂਕਿ ਸ. ਅਬੁਲਖੁਰਾਣਾ ਲੰਬੀ ਤੋਂ ਕਾਂਗਰਸ ਟਿਕਟ ਦੇ ਦਾਅਵੇਦਾਰ ਹੁੰਦੇ ਹਨ। ਵਿਧਾਨ ਸਭਾ ਹਲਕਾ ਜ਼ੀਰਾ ਵਿਚ ਸਾਬਕਾ ਮੁੱਖ ਪਾਰਲੀਮਾਨੀ ਸਕੱਤਰ ਸ. ਗੁਰਮੀਤ ਸਿੰਘ ਰਾਣਾ ਸੋਢੀ ਦੀ ਨੁਮਾਇੰਦਾ ਸ੍ਰੀਮਤੀ ਅੰਮ੍ਰਿਤਬੀਰ ਸਿੰਘ ਸਿੱਧੂ ਦੀ ਜਗ੍ਹਾ ਸ. ਭੁਪਿੰਦਰ ਸਿੰਘ ਬਿੱਟੂ ਨੂੰ ਡੈਲੀਗੇਟ ਲਏ ਜਾਣ ਦੀ ਸੂਚਨਾ ਹੈ।

ਪਤਾ ਲੱਗਾ ਹੈ ਕਿ ਇਸ ਮਾਮਲੇ ਵਿਚ ਹਲਕਾ ਵਿਧਾਇਕ ਸ੍ਰੀ ਨਰੇਸ਼ ਕਟਾਰੀਆ ਦੀ ਪੁੱਗਤ ਹੋਈ ਹੈ। ਸ੍ਰੀ ਅਰਵਿੰਦ ਖੰਨਾ ਦੀ ਸਿਫਾਰਿਸ਼ ਨਾਲ ਡੈਲੀਗੇਟ ਬਣੇ ਸ. ਰਾਜਵੰਤ ਸਿੰਘ ਘੁੱਲੀ ਨੂੰ ਵੀ ਧੂਰੀ ਨਾਲ ਸੰਬੰਧਿਤ ਹੋਣ ਕਾਰਨ ਬਦਲ ਦਿੱਤਾ ਗਿਆ ਹੈ ਅਤੇ ਸ੍ਰੀ ਵਿਜੇ ਇੰਦਰ ਸਿੰਗਲਾ ਦੀ ਸਿਫਾਰਿਸ਼ 'ਤੇ ਇੰਪਰੂਵਮੈਂਟ ਟਰੱਸਟ ਬਰਨਾਲਾ ਦੇ ਚੇਅਰਮੈਨ ਰਹੇ ਸ. ਪਰਮਜੀਤ ਸਿੰਘ ਮਾਨ ਨੂੰ ਡੈਲੀਗੇਟ ਬਣਾਇਆ ਗਿਆ ਹੈ। ਹਲਕਾ ਬੁਢਲਾਡਾ ਤੋਂ ਸ੍ਰੀਮਤੀ ਪਰਮਜੀਤ ਕੌਰ ਪੀਰਜ਼ਾਦਾ ਨੂੰ ਵੀ ਬਤੌਰ ਡੈਲੀਗੇਟ ਬਦਲ ਦਿੱਤੇ ਜਾਣ ਦੀ ਸੂਚਨਾ ਹੈ।

ਉਨ੍ਹਾਂ ਦੀ ਜਗ੍ਹਾ ਸ੍ਰੀ ਕੁਲਵੰਤ ਸਿੰਗਲਾ ਬਰੇਟਾ ਨੂੰ ਡੈਲੀਗੇਟ ਬਣਾਇਆ ਗਿਆ ਹੈ। ਸ੍ਰੀ ਕੁਲਵੰਤ ਸਿੰਗਲਾ, ਵਿਧਾਇਕ ਸ੍ਰੀ ਮੰਗਤ ਰਾਏ ਬਾਂਸਲ ਨਾਲ ਸੰਬੰਧਿਤ ਦੱਸੇ ਜਾਂਦੇ ਹਨ। ਨਾਂ ਕੱਟੇ ਜਾਣ ਦੇ ਬਾਵਜੂਦ ਸ੍ਰੀਮਤੀ ਪੀਰਜ਼ਾਦਾ ਨੇ ਬੀਤੇ ਦਿਨੀਂ ਸ੍ਰੀਮਤੀ ਸੋਨੀਆ ਗਾਂਧੀ ਨੂੰ ਅਧਿਕਾਰ ਦੇਣ ਸਬੰਧੀ ਹੋਏ ਡੈਲੀਗੇਟ ਇਜਲਾਸ ਵਿਚ ਭਾਗ ਲਿਆ। ਹਾਲਾਂਕਿ ਇਹ ਸਮਝਿਆ ਜਾਂਦਾ ਹੈ ਕਿ ਪ੍ਰਦੇਸ਼ ਕਾਂਗਰਸ ਪ੍ਰਧਾਨ ਦੀ ਚੋਣ ਲਈ ਡੈਲੀਗੇਟ ਇਜਲਾਸ ਹੋ ਜਾਣ ਅਤੇ ਇਸ ਇਜਲਾਸ ਵਿਚ ਡੈਲੀਗੇਟਾਂ ਵਲੋਂ ਚੋਣ ਦੇ ਅਧਿਕਾਰ ਸ੍ਰੀਮਤੀ ਸੋਨੀਆ ਗਾਂਧੀ ਨੂੰ ਸੌਂਪ ਦੇਣ ਤੋਂ ਬਾਅਦ ਹੁਣ ਡੈਲੀਗੇਟਾਂ ਦੀ ਕੋਈ ਭੂਮਿਕਾ ਨਹੀਂ ਹੈ ਪਰ ਜਾਣਕਾਰ ਕਾਂਗਰਸ ਸੂਤਰਾਂ ਨੇ ਪ੍ਰਗਟਾਵਾ ਕੀਤਾ ਹੈ ਕਿ ਇਸ ਦੇ ਬਾਵਜੂਦ ਖਿੱਚੋਤਾਣ ਉਕਤ ਡੈਲੀਗੇਟ ਇਜਲਾਸ ਤੋਂ ਬਾਅਦ ਵੀ ਜਾਰੀ ਹੈ ਅਤੇ ਹਟਾਏ ਗਏ ਆਗੂ ਅਤੇ ਉਨ੍ਹਾਂ ਦੇ ਆਕਾ ਆਪਣੀ ਸਥਿਤੀ ਬਹਾਲ ਕਰਨ ਲਈ ਤਰਲੋਮੱਛੀ ਹੋ ਰਹੇ ਹਨ।

## ਪੰਜਾਬ ਕਾਂਗਰਸ ਦੀ ਚੋਣ ਦੇ ਸਾਰੇ ਹੱਕ ਸੋਨੀਆ ਨੂੰ



**ਚੰਡੀਗੜ੍ਹ :** ਪੰਜਾਬ ਪ੍ਰਦੇਸ਼ ਕਾਂਗਰਸ ਦੇ ਆਗੂਆਂ ਨੇ ਪਾਰਟੀ ਹਾਈਕਮਾਨ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਸੂਬਾ ਪ੍ਰਧਾਨ, ਸੂਬਾਈ ਕਾਰਜਕਰਨੀ ਅਤੇ ਜ਼ਿਲ੍ਹਾ ਪੱਧਰ ਤੱਕ ਦੇ ਅਹੁਦੇਦਾਰਾਂ ਦੀ ਚੋਣ ਦਾ ਅਧਿਕਾਰ ਬੀਤੀ 19 ਸਤੰਬਰ ਨੂੰ ਪਾਰਟੀ ਦੀ ਕੌਮੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨੂੰ ਸੌਂਪ ਦਿੱਤਾ ਹੈ। ਇਸ ਰਸਮ ਨੂੰ ਮਹਿਜ਼ ਚਾਰ ਸੀਨੀਅਰ ਆਗੂਆਂ ਮਹਿੰਦਰ ਸਿੰਘ ਕੇ.ਪੀ.,ਰਾਜਿੰਦਰ ਕੌਰ ਭੱਠਲ, ਕੈਪਟਨ ਅਮਰਿੰਦਰ ਸਿੰਘ ਅਤੇ ਜਗਮੀਤ ਸਿੰਘ ਬਰਾੜ ਨੇ ਨੇਪਰੇ ਚਾੜ੍ਹਿਆ। ਡੈਲੀਗੇਟ ਇਜਲਾਸ ਵਿਚ ਕਿਸੇ ਨੂੰ ਵੀ ਮੂੰਹ ਖੋਲ੍ਹਣ ਦੀ ਇਜਾਜ਼ਤ ਨਹੀਂ ਸੀ। ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਜਦੋਂ ਬੋਲਣਾ ਚਾਹਿਆ ਤਾਂ ਸ੍ਰੀ ਕੇ.ਪੀ. ਅਤੇ ਸਟੇਜ ਸਕੱਤਰ ਤਰਲੋਚਨ ਸਿੰਘ ਨੇ ਪਾਰਟੀ ਵਿਧਾਇਕ ਨੂੰ ਚੁੱਪ ਰਹਿਣ ਦੀਆਂ ਸਖਤ ਹਦਾਇਤਾਂ ਦਿੱਤੀਆਂ।

ਉਧਰ ਜਦੋਂ ਚਾਰ ਦੀਵਾਰੀ ਅੰਦਰ ਕੌਮੀ ਪ੍ਰਧਾਨ ਨੂੰ ਅਧਿਕਾਰ ਸੌਂਪਣ ਦੀ ਪ੍ਰਕਿਰਿਆ ਸ਼ੁਰੂ ਹੋਈ ਤਾਂ ਸੈਂਕੜੇ ਕਾਂਗਰਸੀ ਵਰਕਰਾਂ ਨੇ ਮੂੰਹ 'ਤੇ ਕਾਲੀਆਂ ਪੱਟੀਆਂ ਬੰਨ੍ਹ ਕੇ ਆਗੂਆਂ ਪ੍ਰਤੀ ਰੋਸ ਪ੍ਰਗਟ ਕੀਤਾ। ਮੀਟਿੰਗ ਦੀ ਸ਼ੁਰੂਆਤ ਪ੍ਰਦੇਸ਼ ਰਿਟਰਨਿੰਗ ਅਫਸਰ ਸ੍ਰੀਮਤੀ ਊਸ਼ਾ ਠੱਕਰ ਨੇ ਕੀਤੀ। ਸ੍ਰੀ ਕੇ.ਪੀ. ਨੇ ਮਤਾ ਪੇਸ਼ ਕਰਦਿਆਂ ਕਿਹਾ ਕਿ ਪਾਰਟੀ ਦੀਆਂ ਜਥੇਬੰਦਕ ਚੋਣਾਂ ਦਾ ਅਮਲ ਅੰਤਿਮ ਪੜਾਅ 'ਤੇ ਪਹੁੰਚ ਗਿਆ ਹੈ। ਉਨ੍ਹਾਂ ਕਿਹਾ ਕਿ ਸੋਨੀਆ ਗਾਂਧੀ ਪਾਰਟੀ ਦੀ ਸਮੁੱਚੀ ਟੀਮ ਦੀ ਚੋਣ ਕਰਨਗੇ। ਬੀਬੀ ਭੱਠਲ, ਅਮਰਿੰਦਰ ਸਿੰਘ ਅਤੇ ਜਗਮੀਤ ਬਰਾੜ ਨੇ ਇਸ ਮਤੇ ਦੀ ਪ੍ਰੋੜਤਾ ਕੀਤੀ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੇਂਦਰੀ ਆਗੂ ਆਰ.ਸੀ. ਖੁੰਟੀਆ ਨੇ ਪੰਜਾਬ ਦੇ ਆਗੂਆਂ ਦੀ ਤਾਰੀਫ਼ ਕੀਤੀ। ਪਟਿਆਲਾ ਤੋਂ ਕਾਂਗਰਸੀ ਆਗੂ ਵਿਸ਼ਨੂੰ ਸ਼ਰਮਾ ਦੇ ਹਮਾਇਤੀਆਂ ਨੇ ਸਮਾਗਮ ਸ਼ੁਰੂ ਹੁੰਦਿਆਂ ਹੀ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਨ੍ਹਾਂ ਨੇ ਮਗਰੋਂ ਮੂੰਹਾਂ 'ਤੇ ਕਾਲੀਆਂ ਪੱਟੀਆਂ ਬੰਨ੍ਹ ਲਈਆਂ ਤੇ ਸ੍ਰੀਮਤੀ ਠੱਕਰ ਪ੍ਰਤੀ ਰੋਸ ਪ੍ਰਗਟ ਕੀਤਾ। ਇਨ੍ਹਾਂ ਦਾ ਕਹਿਣਾ ਸੀ ਕਿ ਆਗੂਆਂ ਅਤੇ ਵਰਕਰਾਂ ਨੂੰ ਅੱਖੋਂ ਪਰੋਖੇ ਕਰਕੇ ਪਰਿਵਾਰਕ ਮੈਂਬਰਾਂ ਨੂੰ ਡੈਲੀਗੇਟ ਬਣਾ ਦਿੱਤਾ ਹੈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪਾਰਟੀ ਦਫ਼ਤਰ ਤੋਂ ਬਾਹਰ ਜਾਣ ਸਮੇਂ ਇਨ੍ਹਾਂ ਪ੍ਰਦਰਸ਼ਨਕਾਰੀਆਂ ਨੇ ਉਨ੍ਹਾਂ ਦੀ ਗੱਡੀ ਸਾਹਮਣੇ ਆਉਣ ਦੀ ਕੋਸ਼ਿਸ਼ ਕੀਤੀ ਪਰ ਪੁਲੀਸ ਨੇ ਇਨ੍ਹਾਂ ਨੂੰ ਪਿਛਾਂਹ ਧੱਕ ਦਿੱਤਾ। ਸ੍ਰੀ ਕੇ.ਪੀ. ਅਤੇ ਅਮਰਿੰਦਰ ਸਿੰਘ ਨੇ ਕਿਹਾ ਕਿ ਹਜ਼ਾਰਾਂ ਵਰਕਰ ਡੈਲੀਗੇਟ ਬਣਨਾ ਚਾਹੁੰਦੇ ਸਨ ਪਰ ਡੈਲੀਗੇਟ ਤਾਂ 234 ਨੂੰ ਹੀ ਬਣਾਇਆ ਜਾ ਸਕਦਾ ਸੀ। ਇਸ ਮੌਕੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਉਹ ਪ੍ਰਦੇਸ਼ ਕਾਂਗਰਸ ਦੇ ਆਗੂਆਂ ਵਲੋਂ ਡੈਲੀਗੇਟਾਂ ਦੀ ਚੋਣ ਵਿਚ ਰਿਸ਼ਤੇਦਾਰਾਂ ਤੇ ਖੁਸ਼ਾਮਦ ਕਰਨ ਵਾਲਿਆਂ ਨੂੰ ਸ਼ਾਮਿਲ ਕਰਨ ਦੇ ਵਿਰੁਧ ਹਨ। ਉਨ੍ਹਾਂ ਮੰਗ ਕੀਤੀ ਕਿ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਹੋਰਨਾਂ ਅਹੁਦੇਦਾਰਾਂ ਦੀ ਬਕਾਇਦਾ ਚੋਣ ਹੋਣੀ ਚਾਹੀਦੀ ਹੈ ਤਾਂ ਜੋ ਪਾਰਟੀ ਵਿਚ ਅੰਦਰੂਨੀ ਜਮਹੂਰੀਅਤ ਕਾਇਮ ਰਹੇ। ਸ. ਖਹਿਰਾ ਨੇ ਦੱਸਿਆ ਕਿ ਇਸ ਸਬੰਧ ਵਿਚ ਉਨ੍ਹਾਂ ਸੋਨੀਆਂ ਗਾਂਧੀ ਨੂੰ ਪੱਤਰ ਵੀ ਲਿਖਿਆ ਹੈ।

## ਹਰਿਆਣਾ 'ਚ ਚੋਣ ਕਮਿਸ਼ਨ ਵਲੋਂ 39 ਆਗੂ ਅਯੋਗ ਕਰਾਰ

**ਚੰਡੀਗੜ੍ਹ:** ਕੇਂਦਰੀ ਚੋਣ ਕਮਿਸ਼ਨ ਨੇ ਹਰਿਆਣਾ ਦੀਆਂ 2009 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਲੜਨ ਵਾਲੇ 39 ਉਮੀਦਵਾਰਾਂ ਨੂੰ 3 ਸਾਲ ਲਈ ਅਯੋਗ ਕਰਾਰ ਦਿੱਤਾ ਹੈ। ਇਨ੍ਹਾਂ 39 ਉਮੀਦਵਾਰਾਂ ਨੇ ਚੋਣ ਖ਼ਰਚਿਆਂ ਦੇ ਵੇਰਵੇ ਨਹੀਂ ਦਿੱਤੇ ਸਨ।

ਇਸ ਸਬੰਧੀ ਕਮਿਸ਼ਨਰ ਨੇ ਦੱਸਿਆ ਕਿ ਅਗਲੇ 3 ਸਾਲਾਂ ਤੱਕ ਇਹ 39 ਉਮੀਦਵਾਰ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਨਹੀਂ ਲੜ ਸਕਦੇ। ਇਨ੍ਹਾਂ 'ਚ ਅਨਿਲ ਕਿਸ਼ੋਰ, ਬਜਰੰਗ, ਸੀਤਾ ਰਾਮ ਗੰਗਵਾਂ, ਅਨਿਲ ਕੁਮਾਰ, ਈਸ਼ਵਰ ਸਿੰਘ ਰਾਜਖਲ, ਵੈਦ ਰਤਨ, ਵਿਜੈ ਕੁਮਾਰ, ਜਿਤੇਂਦਰ ਜੋਹਾ, ਰੋਸ਼ਨ ਲਾਲ ਭਗਨਾ, ਅਰਵਿੰਦ ਕੁਮਾਰ, ਬਲਜੀਤ ਸਿੰਘ, ਰਾਜੀਵ ਹਸਨਗੜ੍ਹ, ਰਜਿੰਦਰ ਸ਼ਰਮਾ, ਗੰਗਾ ਸਿੰਘ ਕੈਸਰੀ, ਹਰੀਸ਼ ਗੋਇਨਕਾ, ਵਰਿੰਦਰ ਸਿੰਘ ਹਿਸਾਰ, ਸੁਰਿੰਦਰ ਨਲਵਾ, ਅਮਿਲਾਲ ਗੰਗਵਾ, ਇੰਦਰ ਸਿੰਘ ਹਿਸਾਰ, ਕੁਲਦੀਪ ਸਿੰਘ ਮੁਕਲਾਨ, ਕ੍ਰਿਸ਼ਨਾ ਪੰਗਾਰ ਭੇਰੀਆ, ਰਜਿੰਦਰ ਸਿੰਘ ਭੂਰੇ, ਰਜਿੰਦਰ ਗੰਗਵਾ, ਰਣ ਸਿੰਘ ਸਰਸਾਨਾ, ਸੱਜਣ, ਸਤੀਸ਼ ਕੁਮਾਰ, ਪੁਸ਼ਪਾ ਰਾਣੀ, ਈਸ਼ਵਰ ਸਿੰਘ ਪਟਨਾ, ਚੰਦਰਭਾਨ ਬੀਠਾ, ਪਵਨ ਕੁਮਾਰ, ਸੁਰਿੰਦਰ ਬਲਕਾਰਾ, ਸੰਜੇ ਲਾਡ, ਅਜੀਤ, ਕਪੂਰ ਸਿੰਘ ਬਿਗੋਵਾ, ਗੋਪੀਰਾਮ ਕੰਚਟੀ, ਪ੍ਰਦੀਪ ਬੋਦਕਲਾਂ, ਰਜਿੰਦਰ ਚਰਖੀ, ਰਾਮਕਿਸ਼ਨ ਖਰਕਕਲਾਂ ਤੇ ਰਮੇਸ਼ ਮੁਮਤਾਜ਼ਪੁਰ ਸ਼ਾਮਿਲ ਹਨ।

*Visit us on the web:*
***punjabtimesusa.com***

## ਬਗਦਾਦ ਵਿਚ ਦੋ ਕਾਰ ਬੰਬ ਧਮਾਕੇ, 31 ਮੌਤਾਂ

**ਬਗ਼ਦਾਦ:** ਇਰਾਕ ਦੀ ਰਾਜਧਾਨੀ ਬਗ਼ਦਾਦ ਵਿਚ ਦੋ ਕਾਰ ਬੰਬ ਧਮਾਕਿਆਂ 'ਚ ਘੱਟੋ-ਘੱਟ 31 ਵਿਅਕਤੀ ਮਾਰੇ ਗਏ ਅਤੇ ਦਰਜਨਾਂ ਹੋਰ ਜ਼ਖ਼ਮੀ ਹੋ ਗਏ। ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਦੋਵੇਂ ਧਮਾਕੇ ਲਗਭਗ ਇਕੋ ਸਮੇਂ ਹੋਏ। ਇਕ ਧਮਾਕਾ ਉੱਤਰੀ ਬਗ਼ਦਾਦ ਵਿਚ ਅਦਨ ਜੰਕਸ਼ਨ ਨੇੜੇ ਹੋਇਆ ਜਿਥੇ ਘੱਟੋ-ਘੱਟ 21 ਵਿਅਕਤੀ ਮਾਰੇ ਗਏ ਜਦਕਿ ਦੂਜਾ ਪੱਛਮੀ ਬਗ਼ਦਾਦ ਵਿਚ ਮਨਸੂਰ ਇਲਾਕੇ 'ਚ ਹੋਇਆ ਜਿਥੇ 10 ਵਿਅਕਤੀਆਂ ਦੀ ਮੌਤ ਹੋ ਗਈ।

ਮਨਸੂਰ ਇਲਾਕੇ ਦਾ ਧਮਾਕਾ ਇਕ ਮੋਬਾਈਲ ਕੰਪਨੀ ਦੇ ਦਫ਼ਤਰ ਦੇ ਬਾਹਰ ਹੋਇਆ ਪਰ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਇਹ ਧਮਾਕਾ ਕੰਪਨੀ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ ਜਾਂ ਕਿਸੇ ਹੋਰ ਮਕਸਦ ਨਾਲ। ਜਿਥੇ ਧਮਾਕਾ ਹੋਇਆ, ਉਸ ਦੇ ਆਲੇ-ਦੁਆਲੇ ਕਈ ਰੈਸਟੋਰੈਂਟ ਅਤੇ ਸੁਰੱਖਿਆ ਚੌਕੀਆਂ ਹਨ। ਅਦਨ ਜੰਕਸ਼ਨ ਨੇੜੇ ਹੋਏ ਧਮਾਕੇ ਦੇ ਨਜ਼ਦੀਕ ਕੌਮੀ ਸੁਰੱਖਿਆ ਵਿਭਾਗ ਦਾ ਦਫ਼ਤਰ ਹੈ। ਹਾਲ ਹੀ ਦੇ ਮਹੀਨਿਆਂ ਦੌਰਾਨ ਇਰਾਕ ਵਿਚ ਹਿੰਸਾ ਦੀਆਂ ਘਟਨਾਵਾਂ ਵਧੀਆਂ ਹਨ ਜਿਨ੍ਹਾਂ ਵਿਚੋਂ ਜ਼ਿਆਦਾਤਰ ਇਰਾਕੀ ਫ਼ੌਜੀਆਂ ਅਤੇ ਪੁਲਿਸ ਮੁਲਾਜ਼ਮਾਂ ਨੂੰ ਨਿਸ਼ਾਨਾ ਬਣਾਇਆ ਗਿਆ। ਸਰਕਾਰੀ ਅੰਕੜਿਆਂ ਮੁਤਾਬਕ ਜੁਲਾਈ ਅਤੇ ਅਗਸਤ ਦੇ ਮਹੀਨਿਆਂ 'ਚ 2008 ਤੋਂ ਬਾਅਦ ਸਭ ਤੋਂ ਵੱਧ ਮੌਤਾਂ ਹੋਈਆਂ ਜਿਸ ਦਾ ਇਕ ਕਾਰਨ ਇਹ ਵੀ ਮੰਨਿਆ ਜਾਂਦਾ ਹੈ ਕਿ ਮਾਰਚ 'ਚ ਹੋਈਆਂ ਆਮ ਚੋਣਾਂ ਦੌਰਾਨ ਕਿਸੇ ਪਾਰਟੀ ਨੂੰ ਸਪੱਸ਼ਟ ਬਹੁਮਤ ਨਹੀਂ ਮਿਲਿਆ ਜਿਸ ਨਾਲ ਸਿਆਸੀ ਅਨਿਸ਼ਚਿਤਤਾ ਦਾ ਮਾਹੌਲ ਬਣ ਗਿਆ।


**SUPER TRAVEL**
847-676-9090, 773-465-5566
*E-mail: supertravel2003@yahoo.com*
*Lowest Fares With Excellent Service*

*AMERICAN AIR, CONTINENTAL AIR*
*JET AIRWAYS DELTA, AIR INDIA, KLM, LUFTHANSA.*
*For Emergency Call anytime at 847-673-3825*
EARLY BIRD SALE!!!!
India $545
London $250

**Desi Cuts and Color Plus**
For Men, Women & Children

Mandeep
510-200-4415
Grand Opening
Ph:510-429-0786

Tony
(510) 825-0820
Monday to Friday 9:00-7:30 (Tuesday Closed)
Saturday 9:00-7:00, Sunday 10:00-6:00
ਜ਼ਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜ਼ਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜ਼ਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।
Hair cut
Beard Perm
Hair styler
Color
Facial, Threading and Waxing (Special Lady)

34685 Alvarado Niles Rd., Union City, CA 94587 *(Behind Tacobell)*

**Law Office of Sim Kaur**
725 30th Street, Suite 203, Sacramento, CA 95816
*Areas of Practice:*
*Business Law
*Business Formation
*Business Transactions
*Contracts Law
*Corporate Law
Ph:(209) 251-9375
Fax: (916) 596-1092
Email: SimKaur333@gmail.com

*Sim Kaur*

**B & Sons Travel**
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm

CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere

ਪੰਜਾਬ ਟਾਈਮਜ਼

ਸਨਿਚਰਵਾਰ, 25 ਸਤੰਬਰ 2010

ਲਗਾਤਾਰ ਅਤੇ ਦ੍ਰਿੜ੍ਹ ਨਿਸ਼ਚੇ ਨਾਲ ਕੀਤੇ ਗਏ ਕੰਮ ਨਾਲ ਹੀ ਸਭ ਕਿਸਮ ਦੇ ਵਿਰੋਧ ਖਤਮ ਕੀਤੇ ਜਾ ਸਕਦੇ ਹਨ। -ਕਲਾਡ ਬਰਿਸਟਲ

# ਵੱਖਰੀ ਕਮੇਟੀ ਦਾ ਮੁੱਦਾ ਭਖਿਆ

ਕੁਝ ਦੇਰ ਚੁੱਪ ਰਹਿਣ ਪਿਛੋਂ ਹਰਿਆਣਾ ਦੇ ਸਿੱਖ ਆਗੂਆਂ ਨੇ ਆਪਣੇ ਲਈ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮਸਲਾ ਇਕ ਵਾਰ ਫਿਰ ਜ਼ੋਰ ਨਾਲ ਉਠਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਮੁੱਦੇ ਨੂੰ ਲੈ ਕੇ ਹਰਿਆਣਾ ਦੇ ਸਿੱਖਾਂ ਨੇ 15 ਸਤੰਬਰ ਨੂੰ ਕੁਰੂਕਸ਼ੇਤਰ ਵਿਚ ਰੋਸ ਮਾਰਚ ਕੀਤਾ ਅਤੇ ਗ੍ਰਿਫ਼ਤਾਰੀਆਂ ਦਿੱਤੀਆਂ। ਇਸ ਤੋਂ ਪਹਿਲਾਂ ਹਰਿਆਣਾ ਤੋਂ ਸ਼੍ਰੋਮਣੀ ਕਮੇਟੀ ਦੇ ਆਗੂ ਸ. ਜਗਦੀਸ਼ ਸਿੰਘ ਝੀਂਡਾ ਨੇ ਡੇਰਾ ਬਾਬਾ ਚਰਨ ਸਿੰਘ ਵਿਖੇ ਸਿੱਖ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਕਿਹਾ ਕਿ ਸਾਡੀ ਵੱਖਰੀ ਕਮੇਟੀ ਦੀ ਮੰਗ 1 ਨਵੰਬਰ ਤੱਕ ਨਾ ਮੰਨੀ ਗਈ ਤਾਂ ਅਸੀਂ ਹਰਿਆਣਾ ਦੇ ਗੁਰਦੁਆਰਿਆਂ 'ਤੇ ਕਬਜ਼ਾ ਕਰ ਲਵਾਂਗੇ। ਵੱਖਰੀ ਕਮੇਟੀ ਦੇ ਹਜ਼ਾਰਾਂ ਹਮਾਇਤੀ ਡੇਰਾ ਕਾਰ ਸੇਵਾ ਤੋਂ ਨਾਅਰੇ ਮਾਰਦੇ ਹੋਏ ਦੇਵੀ ਲਾਲ ਚੌਕ ਤੱਕ ਗਏ ਅਤੇ ਉਥੇ ਉਨ੍ਹਾਂ ਨੂੰ ਪੁਲਿਸ ਨੇ ਰੋਕ ਲਿਆ। ਰੇਲਵੇ ਰੋਡ ਉਪਰ ਮੁਜ਼ਾਹਰਾਕਾਰੀਆਂ ਦੀ ਪੁਲਿਸ ਨਾਲ ਝੜਪ ਵੀ ਹੋਈ। ਇਸ ਦੌਰਾਨ ਮੁਜ਼ਾਹਰਾਕਾਰੀਆਂ ਨੇ ਰੇਲਵੇ ਲਾਈਨ 'ਤੇ ਧਰਨਾ ਲਾ ਕੇ ਰੇਲਾਂ ਦੀ ਆਵਾਜਾਈ ਵੀ ਠੱਪ ਕੀਤੀ। ਜਗਦੀਸ਼ ਸਿੰਘ ਝੀਂਡਾ ਅਤੇ ਕੰਵਲਜੀਤ ਸਿੰਘ ਅਜਰਾਣਾ ਤੋਂ ਇਲਾਵਾ ਹਰਿਆਣਾ ਪੁਲਿਸ ਨੇ ਕਈ ਹੋਰ ਸਿੱਖ ਆਗੂਆਂ ਨੂੰ ਵੀ ਇਸ ਦੌਰਾਨ ਗ੍ਰਿਫ਼ਤਾਰ ਕੀਤਾ। ਇਨ੍ਹਾਂ ਗ੍ਰਿਫ਼ਤਾਰੀਆਂ ਤੋਂ ਬਾਅਦ ਹਰਿਆਣਾ ਦੀ ਸਿੱਖ ਸੰਗਤ ਨੇ ਕੁਰੂਕਸ਼ੇਤਰ ਸਥਿਤ ਥੀਮ ਪਾਰਕ ਦੇ ਸਾਹਮਣੇ ਰਾਤ ਦੇ 12 ਵਜੇ ਤੱਕ ਧਰਨਾ ਦਿੱਤਾ। ਅੱਧੀ ਰਾਤ ਤੋਂ ਬਾਅਦ ਪੁਲਿਸ ਵਲੋਂ ਮੁਜ਼ਾਹਰਾਕਾਰੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਆਗੂਆਂ ਸਮੇਤ ਗ੍ਰਿਫ਼ਤਾਰ ਹੋਏ 45 ਵਿਅਕਤੀਆਂ ਨੇ ਜ਼ਮਾਨਤ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਵੱਖਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਆਪਣਾ ਮੋਰਚਾ ਜਾਰੀ ਰੱਖਣ ਦਾ ਫੈਸਲਾ ਕੀਤਾ। ਹਰਿਆਣਾ ਦੇ ਸਿੱਖ ਆਗੂਆਂ ਨੇ ਇਸ ਦੌਰਾਨ ਐਲਾਨ ਕੀਤਾ ਕਿ 45 ਦਿਨਾਂ ਤੱਕ 11-11 ਸਿੱਖਾਂ ਦੇ ਜਥੇ ਕੁਰੂਕਸ਼ੇਤਰ ਜੇਲ੍ਹ ਵਿਚ ਗ੍ਰਿਫ਼ਤਾਰੀਆਂ ਦੇਣਗੇ। ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਅੰਦੋਲਨ ਦੇ ਪ੍ਰਮੁੱਖ ਆਗੂ ਜਗਦੀਸ਼ ਸਿੰਘ ਝੀਂਡਾ ਨੂੰ ਵੀ ਜੇਲ੍ਹ ਭੇਜ ਦਿੱਤਾ ਗਿਆ। ਉਨ੍ਹਾਂ ਵੀ ਜ਼ਮਾਨਤ ਦੀ ਕੋਈ ਅਰਜ਼ੀ ਨਹੀਂ ਦਿੱਤੀ।

ਇੰਜ ਸਪੱਸ਼ਟ ਹੈ ਕਿ ਆਉਣ ਵਾਲੇ ਦਿਨਾਂ ਵਿਚ ਹਰਿਆਣਾ ਗੁਰਦੁਆਰਾ ਕਮੇਟੀ ਦਾ ਮਸਲਾ ਜ਼ੋਰਦਾਰ ਢੰਗ ਨਾਲ ਭਖੇਗਾ। ਇਹ ਮਸਲਾ ਐਨ ਉਸ ਵਕਤ ਉਠ ਰਿਹਾ ਹੈ ਜਦੋਂ ਅਗਲੇ ਸਾਲ ਸ਼੍ਰੋਮਣੀ ਕਮੇਟੀ ਚੋਣਾਂ ਹੋਣ ਦੀ ਆਸ ਹੈ ਅਤੇ ਇਸ ਸਮੇਂ ਦੌਰਾਨ ਹਰਿਆਣਾ ਦੇ ਸਿੱਖ ਆਗੂ ਆਪਣੇ ਲਈ ਵੱਖਰੀ ਕਮੇਟੀ ਦਾ ਮੁੱਦਾ ਭਖਾਉਣ ਦੇ ਆਹਰ ਵਿਚ ਹਨ। ਹਰਿਆਣਾ ਦੇ ਸਿੱਖ ਆਗੂਆਂ ਦਾ ਦੋਸ਼ ਹੈ ਕਿ ਪੰਜਾਬ ਦੇ ਸਿੱਖ ਆਗੂ ਟਰੱਸਟਾਂ ਅਤੇ ਸੁਸਾਇਟੀਆਂ ਦੇ ਨਾਂ ਉਪਰ ਇਥੇ ਮੌਜੂਦ ਗੁਰਦੁਆਰਿਆਂ ਦੀਆਂ ਜਾਇਦਾਦਾਂ ਆਪਣੇ ਨਿੱਜੀ ਨਾਂਵਾਂ ਉਪਰ ਤਬਦੀਲ ਕਰ ਰਹੇ ਹਨ ਜਦੋਂਕਿ ਹਰਿਆਣੇ ਦੇ ਸਿੱਖਾਂ ਨੂੰ ਗੁਰਦੁਆਰਿਆਂ ਵਿਚ ਇਕੱਤਰ ਹੁੰਦੇ ਫੰਡ ਤੋਂ ਕੋਈ ਲਾਭ ਨਹੀਂ ਹੋ ਰਿਹਾ।

ਇਹ ਵੀ ਜ਼ਿਕਰਯੋਗ ਹੈ ਕਿ 1966 ਵਿਚ ਪੰਜਾਬ ਅਤੇ ਹਰਿਆਣਾ ਦੇ ਵੱਖਰੇ ਹੋਣ ਸਮੇਂ ਪੰਜਾਬ ਪੁਨਰਗਠਨ ਐਕਟ ਦੀ ਧਾਰਾ 72 ਅਧੀਨ ਇਹ ਸਵੀਕਾਰ ਕੀਤਾ ਗਿਆ ਸੀ ਕਿ ਹਰਿਆਣੇ ਲਈ ਵੱਖਰੀ ਕਮੇਟੀ ਬਣਾਈ ਜਾਵੇਗੀ ਅਤੇ ਆਰਜ਼ੀ ਤੌਰ 'ਤੇ ਨਵੀਂ ਕਮੇਟੀ ਦੇ ਗਠਨ ਤੱਕ ਹਰਿਆਣੇ ਦੇ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੀ ਰਹੇਗਾ। ਇਸ ਨਿਰਣੇ 'ਤੇ ਅਕਾਲੀ ਆਗੂਆਂ ਨੇ ਵੀ ਸਹੀ ਪਾਈ ਸੀ। ਪਰ ਹੁਣ ਜਦੋਂ ਹਰਿਆਣੇ ਦੇ ਸਿੱਖ ਆਗੂ ਇਸ ਰਾਜ ਲਈ ਵੱਖਰੀ ਕਮੇਟੀ ਮੰਗ ਰਹੇ ਹਨ ਤਾਂ ਪੰਜਾਬ ਦੇ ਅਕਾਲੀ ਆਗੂ ਇਸ ਦਾ ਵਿਰੋਧ ਕਰ ਰਹੇ ਹਨ।

ਹਰਿਆਣੇ ਦੇ ਸਿੱਖ ਆਗੂਆਂ ਵਲੋਂ ਕਈ ਹੋਰ ਦੋਸ਼ ਵੀ ਲਗਾਏ ਜਾ ਰਹੇ ਹਨ। ਉਨ੍ਹਾਂ ਦਾ ਆਖਣਾ ਹੈ ਕਿ ਹਰਿਆਣੇ ਦੇ ਗੁਰਦੁਆਰਿਆਂ ਵਿਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਜਿੰਨੀ ਆਮਦਨ ਹੁੰਦੀ ਹੈ, ਉਸ ਦਾ ਛੋਟਾ ਜਿਹਾ ਹਿੱਸਾ ਵੀ ਇਥੋਂ ਦੇ ਸਿੱਖਾਂ ਲਈ ਵਿੱਦਿਅਕ ਅਤੇ ਸਿਹਤ ਸਹੂਲਤਾਂ ਆਦਿ ਵਾਸਤੇ ਨਹੀਂ ਖਰਚਿਆ ਜਾ ਰਿਹਾ। ਉਨ੍ਹਾਂ ਦਾ ਇਹ ਵੀ ਆਖਣਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਆਗੂ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਅਕਸਰ ਹੀ ਉਨ੍ਹਾਂ ਦੀ ਬੇਪਤੀ ਕਰਦੇ ਹਨ। ਉਨ੍ਹਾਂ ਅਨੁਸਾਰ ਅਕਸਰ ਹੀ ਜਦੋਂ ਅੰਮ੍ਰਿਤਸਰ ਵਿਚ ਸ਼੍ਰੋਮਣੀ ਕਮੇਟੀ ਦੇ ਸਾਲਾਨਾ ਇਜਲਾਸ ਹੁੰਦੇ ਹਨ ਤਾਂ ਉਨ੍ਹਾਂ ਵਲੋਂ ਉਠਾਈਆਂ ਗਈਆਂ ਮੰਗਾਂ ਨੂੰ ਨਜ਼ਰਅੰਦਾਜ਼ ਹੀ ਨਹੀਂ ਕੀਤਾ ਜਾਂਦਾ ਸਗੋਂ ਉਨ੍ਹਾਂ ਨੂੰ ਆਪਣੇ ਮਸਲੇ ਰੱਖਣ ਤੋਂ ਜ਼ਬਰਦਸਤੀ ਰੋਕਿਆ ਜਾਂਦਾ ਹੈ। ਕਈ ਵਾਰ ਤਾਂ ਬੇਇੱਜ਼ਤੀ ਵੀ ਕੀਤੀ ਜਾਂਦੀ ਹੈ। ਹਰਿਆਣਾ ਦੇ ਇਕ ਹੋਰ ਆਗੂ ਸ. ਦੀਦਾਰ ਸਿੰਘ ਨਲਵੀ ਨੇ ਵੀ ਹਰਿਆਣਾ ਦੇ ਸਿੱਖਾਂ ਨੂੰ ਸੱਦਾ ਦਿੱਤਾ ਹੈ ਕਿ ਆਉਂਦੀਆਂ ਚੋਣਾਂ ਵਿਚ ਹਰਿਆਣਾ ਦੇ ਸਿੱਖ ਵੱਖਰੀ ਕਮੇਟੀ ਦੇ ਹੱਕ ਵਿਚ ਖੜ੍ਹੇ ਕੀਤੇ ਜਾਣ ਵਾਲੇ 11 ਦੇ 11 ਮੈਂਬਰਾਂ ਨੂੰ ਜਿਤਾਉਣ ਤਾਂ ਕਿ ਸਭ ਨੂੰ ਇਹ ਪਤਾ ਲੱਗ ਸਕੇ ਕਿ ਹਰਿਆਣੇ ਦੇ ਸਿੱਖ ਆਪਣੇ ਲਈ ਵੱਖਰੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਚਾਹੁੰਦੇ ਹਨ।

ਕੁੱਲ ਮਿਲਾ ਕੇ ਹਰਿਆਣਾ ਦੇ ਸਿੱਖ ਆਗੂਆਂ ਨੇ ਜਿਸ ਢੰਗ ਨਾਲ ਵੱਖਰੀ ਕਮੇਟੀ ਦੇ ਮੁੱਦੇ ਨੂੰ ਲੈ ਕੇ ਸੰਘਰਸ਼ ਸ਼ੁਰੂ ਕਰ ਲਿਆ ਹੈ ਉਸ ਸਥਿਤੀ ਵਿਚ ਇਸ ਅੰਦੋਲਨ ਦੇ ਹੋਰ ਵੀ ਤਿੱਖੇ ਹੋਣ ਦੇ ਆਸਾਰ ਹਨ ਜਦੋਂ ਹਰਿਆਣਾ ਵਿਚ ਕਾਂਗਰਸ ਪਾਰਟੀ ਦੀ ਸਰਕਾਰ ਹੈ। ਕਾਂਗਰਸ ਪਾਰਟੀ ਭਾਵੇਂ ਹਰਿਆਣਾ ਦੇ ਸਿੱਖ ਅੰਦੋਲਨਕਾਰੀਆਂ ਦੀ ਸਿੱਧੇ ਤੌਰ 'ਤੇ ਹਮਾਇਤ ਨਹੀਂ ਕਰ ਰਹੀ ਪਰ ਫਿਰ ਵੀ ਪੰਜਾਬ ਦੇ ਅਕਾਲੀਆਂ ਨਾਲ ਹਰਿਆਣਾ ਕਾਂਗਰਸ ਦੀ ਸ਼ਰੀਕੇਬਾਜ਼ੀ ਉਨ੍ਹਾਂ ਨੂੰ ਅੰਦੋਲਨ ਦੇ ਹੱਕ ਵਿਚ ਪੈਂਤੜਾ ਮੱਲਣ ਲਈ ਮਜਬੂਰ ਕਰ ਸਕਦੀ ਹੈ। ਹਰਿਆਣਾ ਸਰਕਾਰ ਅਜਿਹਾ ਮਾਹੌਲ ਜ਼ਰੂਰ ਪੈਦਾ ਕਰੇਗੀ, ਜਿਸ ਨਾਲ ਅੰਦੋਲਨ ਦੀ ਲਿਸ਼ਕ-ਪੁਸ਼ਕ ਵਧੇ ਪਰ ਨਾਲ ਹੀ ਅਜਿਹਾ ਵੀ ਚਾਹੇਗੀ ਕਿ ਇਹ ਅੰਦੋਲਨ ਹਿੰਸਕ ਨਾ ਹੋਵੇ। ਅਜਿਹੀ ਸਥਿਤੀ ਹਰਿਆਣਾ ਲਈ ਵੀ ਖਤਰਨਾਕ ਹੋ ਸਕਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸੋਨੀਆ ਦਾ ਐਲਾਨ!*

ਅਹੁਦਾ ਇਕ ਅਨਾਰ ਪ੍ਰਧਾਨਗੀ ਦਾ, ਖਾਣ ਲਈ ਬਿਮਾਰ ਪਰ ਕਈ ਜਾਣੋ।
ਜਿਸ ਨੂੰ ਮਿਲ ਗਿਆ ਉਹਦੀਆਂ ਪੌਂ ਬਾਰਾਂ, ਹੋਰਾਂ ਪੱਲੇ ਨਿਰਾਸ਼ਤਾ ਪਈ ਜਾਣੋ।
ਜਾਤ-ਪਾਤ ਦਾ ਪੱਤਾ ਵੀ ਚੱਲਿਆ ਨਾ, ਕੇਪੀ ਹੋਰਾਂ ਦੀ ਆਸ ਵੀ ਢਈ ਜਾਣੋ।
ਕਹਿੰਦੀ ਰਾਜੇ ਨੂੰ ਮੇਰਾ ਤਾਂ ਵੀਰ ਹੈ ਜੀ! ਘੁਰਕੀ ਉਪਰੋਂ ਭੱਠਲ ਨੂੰ ਪਈ ਜਾਣੋ।
ਮਿਲੇ ਸੋਨੀਆ ਤਾਈਂ ਅਧਿਕਾਰ ਸਾਰੇ, ਕੈਪਟਨ ਸਾਬ੍ਹ ਨੇ 'ਕਲਗੀ' ਹੁਣ ਲਈ ਜਾਣੋ।
ਜਦੋਂ ਦਿੱਲੀਓਂ ਜਾਰੀ ਐਲਾਨ ਹੋਊ, ਸੁਣ ਕੇ ਬਾਦਲਾਂ ਖਾਨਿਓਂ ਗਈ ਜਾਣੋ!

# ਪੰਜਾਬ ਦੀ ਸਿਆਸਤ ਦਾ ਜਮਹੂਰੀਅਤ ਵਿਹੂਣਾ ਰੁਝਾਨ

**ਖੁਸ਼ਵਿੰਦਰ ਸਿੰਘ ਸੂਰੀਯਾ**

ਪੰਜਾਬ ਦੀ ਮੌਜੂਦਾ ਸਰਕਾਰ ਦਾ ਲਗਭਗ ਡੇਢ ਸਾਲ ਬਾਕੀ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸੰਭਾਵੀ ਲੀਡਰਸ਼ਿਪ ਵਾਲੀ ਪੰਜਾਬ ਕਾਂਗਰਸ ਅਗਲੇ ਪੰਜ ਸਾਲਾਂ ਲਈ ਸੱਤਾ 'ਤੇ ਕਾਬਜ਼ ਹੋਣ ਦੇ ਸੁਪਨੇ ਹੁਣੇ ਤੋਂ ਸਜਾਉਣ ਲੱਗ ਪਈ ਹੈ। ਇਸ ਗੱਲ ਦੀ ਕਾਫ਼ੀ ਸੰਭਾਵਨਾ ਵੀ ਹੈ। ਜੇਕਰ ਅਜਿਹਾ ਹੀ ਹੁੰਦਾ ਹੈ ਤਾਂ ਇਸ ਦਾ ਅਰਥ ਇਹ ਨਹੀਂ ਹੋਵੇਗਾ ਕਿ ਕਾਂਗਰਸ ਪਾਰਟੀ ਆਮ ਜਨਤਾ ਦੇ ਹਿੱਤਾਂ ਲਈ ਸੰਘਰਸ਼ ਕਰ ਰਹੀ ਹੈ ਜਾਂ ਸੱਤਾਧਾਰੀ ਪਾਰਟੀ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਡੱਟ ਕੇ ਵਿਰੋਧ ਕਰ ਰਹੀ ਹੈ।

ਪੰਜ ਸਾਲਾਂ ਬਾਅਦ ਸੱਤਾ ਦਾ ਸੱਤਾਧਾਰੀ ਦਲ ਤੋਂ ਵਿਰੋਧੀ ਦਲ ਕੋਲ ਤਬਦੀਲ ਹੋ ਜਾਣਾ ਪੰਜਾਬ ਵਿਚ ਆਮ ਵਰਤਾਰਾ ਹੋ ਗਿਆ ਹੈ। ਇਸ ਦਲੀਲ ਮੁਤਾਬਕ ਵਾਰੀ ਹੁਣ ਕਾਂਗਰਸ ਦੀ ਹੀ ਹੈ ਤੇ ਜੇਕਰ ਪਿੰਡਾਂ ਦੇ ਆਮ ਲੋਕਾਂ ਦੀ ਮਾਨਸਿਕਤਾ ਨੂੰ ਸਮਝੀਏ ਤਾਂ ਉਹ ਹੁਣ ਤੋਂ ਹੀ ਕੈਪਟਨ ਅਮਰਿੰਦਰ ਸਿੰਘ ਨੂੰ ਅਗਲੇ ਮੁੱਖ ਮੰਤਰੀ ਵਜੋਂ ਚਿਤਵ ਰਹੇ ਹਨ। ਭਾਵੇਂ ਹਾਲੇ ਉਨ੍ਹਾਂ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਵੀ ਨਹੀਂ ਥਾਪਿਆ ਗਿਆ ਪਰ ਇਹ ਗੱਲ ਜੱਗ-ਜ਼ਾਹਿਰ ਹੈ ਕਿ ਜੇਕਰ ਕਾਂਗਰਸ ਨੇ ਬਾਦਲ ਦਲ ਨੂੰ ਟੱਕਰ ਦੇਣੀ ਹੈ ਤਾਂ ਉਸ ਲਈ ਕੈਪਟਨ ਅਮਰਿੰਦਰ ਸਿੰਘ ਨੂੰ ਅੱਗੇ ਲਿਆਉਣ ਤੋਂ ਬਿਨਾਂ ਕੋਈ ਹੱਲ ਨਹੀਂ।

ਇਹ ਵੀ ਤੱਥ ਹੈ ਕਿ ਅਕਾਲੀ ਦਲ ਤੇ ਕਾਂਗਰਸ ਵਿਚਕਾਰ ਸੱਤਾ ਵਿਚ ਤਬਦੀਲੀ ਕਦੇ ਵੀ ਵਿਕਾਸ ਜਾਂ ਜਨਹਿੱਤ ਕਾਰਨਾਂ ਨੂੰ ਆਧਾਰ ਬਣਾ ਕੇ ਨਹੀਂ ਹੋਈ। ਸੱਤਾ ਤਾਂ ਵਾਰੀ ਸਿਰ ਦੋਹਾਂ ਪਾਰਟੀਆਂ ਦੀ ਝੋਲੀ ਪੈਂਦੀ ਰਹੀ ਹੈ। ਦੋਹਾਂ ਵਿਚੋਂ ਕਿਸੇ ਵੀ ਪਾਰਟੀ ਨੇ ਕਦੇ ਇਹ ਯਤਨ ਨਹੀਂ ਕੀਤਾ ਕਿ ਆਮ ਲੋਕਾਂ ਦਾ ਮਨ ਜਿੱਤ ਕੇ ਸੱਤਾ ਪ੍ਰਾਪਤ ਕੀਤੀ ਜਾਵੇ ਤੇ ਲੋਕਾਂ ਨੂੰ ਅਸਲ ਵਿਕਾਸ ਤੋਂ ਜਾਣੂ ਕਰਵਾਇਆ ਜਾਵੇ। ਸ਼ਕਤੀਸ਼ਾਲੀ ਤੀਜੀ ਧਿਰ ਦੀ ਅਣਹੋਂਦ ਕਾਰਨ ਬੇਵੱਸ ਲੋਕ ਵਾਰੀ ਸਿਰ ਸੱਤਾ ਦੋਹਾਂ ਪਾਰਟੀਆਂ ਦੇ ਹੱਥਾਂ ਵਿਚ ਸੌਂਪ ਦਿੰਦੇ ਹਨ। ਪਿਛਲੇ ਸਾਢੇ ਤਿੰਨ ਸਾਲਾਂ ਤੋਂ ਕਾਂਗਰਸ ਪਾਰਟੀ ਪੰਜਾਬ ਵਿਚ ਵਿਰੋਧੀ ਧਿਰ ਦਾ ਰੋਲ ਨਿਭਾਉਣ ਵਿਚ ਬੁਰੀ ਤਰ੍ਹਾਂ ਅਸਫ਼ਲ ਰਹੀ ਹੈ ਤੇ ਕਿਸੇ ਕਿਸਮ ਦੀ ਕੋਈ ਰਾਜਨੀਤਕ ਸਰਗਰਮੀ ਨਹੀਂ ਕਰ ਰਹੀ। ਇਸ ਸਥਿਤੀ ਦਾ ਲਾਭ ਲੈ ਕੇ ਅਕਾਲੀ ਦਲ (ਬ) ਸੱਤਾ ਵਿਚ ਹੁਣ ਤੱਕ ਪੂਰੀ ਤਰ੍ਹਾ ਆਪਣੀ ਮਨਮਾਨੀ ਕਰਦਾ ਆ ਰਿਹਾ ਹੈ।

ਆਜ਼ਾਦੀ ਉਪਰੰਤ ਲਗਪਗ 20 ਵਰ੍ਹੇ ਤੱਕ ਕਾਂਗਰਸ ਤੋਂ ਬਿਨਾਂ ਪੰਜਾਬ ਵਿਚ ਕਿਸੇ ਹੋਰ ਪਾਰਟੀ ਦਾ ਖਾਸ ਆਧਾਰ ਨਹੀਂ ਸੀ। 1947 ਤੋਂ 1967 ਤੱਕ ਕਾਂਗਰਸ ਪਾਰਟੀ ਪੰਜਾਬ ਵਿਚ ਸੱਤਾ 'ਤੇ ਕਾਬਜ਼ ਰਹੀ। 8 ਮਾਰਚ 1967 ਨੂੰ ਪਹਿਲੀ ਵਾਰ ਸ਼੍ਰੋਮਣੀ ਅਕਾਲੀ ਦਲ ਨੇ ਸੱਤਾ ਦਾ ਸਵਾਦ ਚੱਖਿਆ ਤੇ ਜਸਟਿਸ ਗੁਰਨਾਮ ਸਿੰਘ ਪੰਜਾਬ ਦੇ ਮੁੱਖ ਮੰਤਰੀ ਬਣੇ। ਫਿਰ ਹੌਲੀ-ਹੌਲੀ ਸੱਤਾ ਦੀ ਤਬਦੀਲੀ ਦਾ ਦੌਰ ਸ਼ੁਰੂ ਹੋ ਗਿਆ। 1947 ਤੋਂ ਹੁਣ ਤੱਕ ਪੰਜਾਬ ਦੀ ਸੱਤਾ ਦੀ ਵਾਗਡੋਰ 22 ਵਾਰ ਵੱਖ-ਵੱਖ ਮੁੱਖ ਮੰਤਰੀਆਂ ਦੇ ਹੱਥਾਂ 'ਚੋਂ ਲੰਘ ਚੁੱਕੀ ਹੈ ਜਿਸ ਵਿਚ 14 ਵਾਰ ਇਹ ਮੌਕਾ ਕਾਂਗਰਸ ਪਾਰਟੀ ਦੇ ਹੱਥ ਰਿਹਾ ਤੇ 8 ਵਾਰ ਸ਼੍ਰੋਮਣੀ ਅਕਾਲੀ ਦਲ ਨੂੰ ਮਿਲਿਆ।

ਪ੍ਰਕਾਸ਼ ਸਿੰਘ ਬਾਦਲ ਚਾਰ ਵਾਰ ਪੰਜਾਬ ਦੇ ਮੁੱਖ ਮੰਤਰੀ ਬਣ ਚੁੱਕੇ ਹਨ। ਅੱਜ ਤੱਕ ਦੋਵੇਂ ਹੀ ਦਲ ਪੂਰੀ ਤਰ੍ਹਾਂ ਆਮ ਜਨਤਾ ਦੀ ਪ੍ਰਤੀਨਿਧਤਾ ਕਰਨ ਵਿਚ ਅਸਫ਼ਲ ਸਿੱਧ ਹੋਏ ਹਨ। ਭਾਵੇਂ ਸ਼੍ਰੋਮਣੀ ਅਕਾਲੀ ਦਲ ਦਾ ਸੱਤਾ ਵਿਚ ਪ੍ਰਵੇਸ਼ ਇਸ ਕਰਕੇ ਹੋਇਆ ਸੀ ਕਿ ਲੋਕ ਕਾਂਗਰਸ ਦੇ ਤਾਨਾਸ਼ਾਹੀ ਰਵੱਈਏ ਤੋਂ ਅੱਕ ਚੁੱਕੇ ਸਨ ਤੇ ਸ਼੍ਰੋਮਣੀ ਅਕਾਲੀ ਦਲ ਕਿਸਾਨੀ ਦੇ ਹੱਕਾਂ ਦੀ ਪਾਰਟੀ ਬਣ ਕੇ ਅੱਗੇ ਆਈ ਸੀ। ਹੁਣ ਇਹ ਪਾਰਟੀ ਆਪਣੀ ਜ਼ਮੀਨੀ ਹਕੀਕਤ ਨੂੰ ਭੁਲਾ ਕੇ ਕਾਰਪੋਰੇਟਾਂ ਨਾਲ ਪੂਰੀ ਤਰ੍ਹਾਂ ਹੱਥ ਮਿਲਾ ਚੁੱਕੀ ਹੈ ਤੇ ਕਿਸਾਨੀ ਅਤੇ ਮਜ਼ਦੂਰ ਵਰਗ ਦੇ ਹਿੱਤਾਂ ਨੂੰ ਅੱਖੋਂ-ਪਰੋਖੇ ਕਰ ਚੁੱਕੀ ਹੈ। ਸ਼੍ਰੋਮਣੀ ਅਕਾਲੀ ਦਲ ਸੁੰਗੜ ਕੇ ਬਾਦਲ ਦਲ ਤੇ ਹੁਣ ਉਸ ਤੋਂ ਵੀ ਅੱਗੇ ਸਿਰਫ਼ ਬਾਦਲ ਪਰਿਵਾਰ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ ਹੈ।

ਸੱਤਾ ਪੂਰੀ ਤਰ੍ਹਾਂ ਸੁਖਬੀਰ ਬਾਦਲ ਤੇ ਬਾਦਲ ਪਰਿਵਾਰ ਦੇ ਹੋਰ ਮੈਂਬਰਾਂ ਦੇ ਹੱਥਾਂ ਵਿਚ ਆ ਗਈ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਦਿੱਖ ਅੱਜ ਤਾਨਾਸ਼ਾਹ ਵਾਲੀ ਉਭਰ ਚੁੱਕੀ ਹੈ। ਅੱਜ ਪੰਜਾਬ ਵਿਚ ਸਿਆਸੀ ਪਹੁੰਚ ਕਾਨੂੰਨ ਤੋਂ ਉਪਰ ਹੈ। ਦੂਜੇ ਪਾਸੇ ਕਾਂਗਰਸ ਦੇ ਕੈਪਟਨ ਅਮਰਿੰਦਰ ਸਿੰਘ ਪਹਿਲਾਂ ਹੀ ਆਪਣੇ ਰਾਜਾਸ਼ਾਹੀ ਤੇ ਤਾਨਾਸ਼ਾਹੀ ਰਵੱਈਏ ਕਰਕੇ ਜਾਣੇ ਜਾਂਦੇ ਹਨ। ਆਮ ਜਨਤਾ ਤੋਂ ਦੂਰੀ ਬਣਾ ਕੇ ਰੱਖਣਾ, ਸੱਤਾ ਦਾ ਕੇਂਦਰੀਕਰਨ ਆਪਣੇ ਤੇ ਆਪਣੇ ਵਿਸ਼ੇਸ਼ ਸਲਾਹਕਾਰਾਂ ਦੇ ਹੱਥ ਵਿਚ ਰੱਖਣਾ ਤੇ ਪੰਜਾਬ ਦੀ ਜਨਤਾ ਦੇ ਨੇੜੇ ਰਹਿਣ ਦੀ ਥਾਂ ਵਿਦੇਸ਼ਾਂ ਵਿਚ ਜ਼ਿਆਦਾ ਰਹਿਣਾ, ਉਨ੍ਹਾਂ ਦੇ ਵਿਸ਼ੇਸ਼ ਗੁਣ ਮੰਨੇ ਜਾਂਦੇ ਹਨ। ਭਾਵੇਂ ਸੱਤਾ ਕਿਸੇ ਵੀ ਦਲ ਦੇ ਹੱਥ ਵਿਚ ਆਵੇ, ਜਨਤਾ ਨੂੰ ਤਾਨਾਸ਼ਾਹੀ ਦਾ ਹੀ ਸਾਹਮਣਾ ਕਰਨਾ ਪਵੇਗਾ। ਪੰਜਾਬ ਦੀ ਸੱਤਾਧਾਰੀ ਜਮਾਤ ਬੇਖ਼ੌਫ਼ ਹੋ ਕੇ ਆਪਣੀ ਮਨਮਰਜ਼ੀ ਕਰਨ 'ਤੇ ਉਤਾਰੂ ਹੈ ਪਰ ਸੱਤਾਧਾਰੀ ਜਮਾਤ ਨੂੰ ਇਹ ਜ਼ਰੂਰ ਸਮਝ ਲੈਣਾ ਚਾਹੀਦਾ ਹੈ ਕਿ ਕੋਈ ਵੀ ਹਾਲਾਤ ਸਦਾ ਸਥਿਰ ਨਹੀਂ ਰਹਿੰਦੇ। ਜੇਕਰ ਇਸੇ ਤਰ੍ਹਾਂ ਆਮ ਲੋਕਾਂ ਦੇ ਹਿੱਤਾਂ ਨੂੰ ਅੱਖੋਂ-ਓਹਲੇ ਕਰਕੇ ਸੱਤਾਧਾਰੀ ਜਮਾਤ ਕਾਰਪੋਰੇਟ ਵਰਗ ਦੇ ਹਿੱਤ ਪੂਰਦੀ ਰਹੀ ਤਾਂ ਇਹ ਹਾਲਾਤ ਕਿਸੇ ਕ੍ਰਾਂਤੀਕਾਰੀ ਤਬਦੀਲੀ ਵਲ ਤੁਰ ਸਕਦੇ ਹਨ।

ਅਜਿਹੇ ਦੌਰ ਵਿਚ ਜਮਹੂਰੀ ਤਾਕਤਾਂ ਦਾ ਫਰਜ਼ ਵਧ ਜਾਂਦਾ ਹੈ। ਜੇਕਰ ਜਮਹੂਰੀ ਤਾਕਤਾਂ ਬਣਦੀ ਭੂਮਿਕਾ ਨਾ ਨਿਭਾ ਸਕੀਆਂ ਤਾਂ ਸਿਰਫ਼ ਪੰਜਾਬ ਦੇ ਲੋਕਾਂ ਨੂੰ ਹੀ ਕੌੜੇ ਸਵਾਦ ਨਹੀਂ ਦੇਖਣੇ ਪੈਣਗੇ। ਜਦੋਂ ਸਰਕਾਰਾਂ ਆਮ ਲੋਕਾਂ ਨੂੰ ਮਜਬੂਰ ਸਮਝ ਕੇ ਉਨ੍ਹਾਂ ਦੇ ਗੁੱਸੇ ਵਿਚੋਂ ਉਠਣ ਵਾਲੀਆਂ ਲਹਿਰਾਂ ਦੀ ਦਿਸ਼ਾ ਨੂੰ ਅਣਗੌਲਿਆ ਕਰਦੀਆਂ ਹਨ ਤਾਂ ਜ਼ਰੂਰ ਧੋਖਾ ਖਾ ਰਹੀਆਂ ਹੁੰਦੀਆਂ ਹਨ। ਅੱਜ ਨਕਸਲਵਾਦ ਦੇਸ਼ ਦੇ ਉਨ੍ਹਾਂ ਖੇਤਰਾਂ ਵਿਚ ਪੂਰੀ ਤਰ੍ਹਾਂ ਸਰਗਰਮ ਹੈ ਜਿੱਥੋਂ ਦੀਆਂ ਸਰਕਾਰਾਂ ਜਨਤਾ ਦੀ ਅਸਲ ਭਾਵਨਾ ਨੂੰ ਸਮਝਣੋਂ ਅਸਮਰੱਥ ਰਹੀਆਂ ਹਨ।

ਸਿੱਟੇ ਵਜੋਂ ਨਕਸਲਵਾਦੀ ਲੋਕਾਂ ਨਾਲ ਜੁੜ ਗਏ ਤੇ ਅੱਜ ਉਨ੍ਹਾਂ ਖੇਤਰਾਂ ਦੇ ਹਾਲਾਤ ਪੂਰੀ ਤਰ੍ਹਾਂ ਸਰਕਾਰਾਂ ਦੇ ਹੱਥੋਂ ਨਿਕਲਦੇ ਜਾ ਰਹੇ ਹਨ। ਪੰਜਾਬ ਦੀ ਸੱਤਾਧਾਰੀ ਜਮਾਤ ਨੂੰ ਇਨ੍ਹਾਂ ਗਲਤੀਆਂ ਤੋਂ ਸਿੱਖਣ ਦੀ ਲੋੜ ਹੈ। ਪੰਜਾਬ ਦੀ ਸੱਤਾਧਾਰੀ ਜਮਾਤ ਨੂੰ ਪੰਜਾਬ ਦੀ ਨਿੱਘਰਦੀ ਕਿਸਾਨੀ, ਵਧਦੀ ਬੇਰੁਜ਼ਗਾਰੀ ਤੇ ਆਮ ਲੋਕਾਂ ਦੇ ਜੀਵਨ ਨਿਰਵਾਹ ਦੇ ਦਿਨ ਪ੍ਰਤੀ ਦਿਨ ਘਟਦੇ ਸਾਧਨਾਂ ਦੀਆਂ ਸਮੱਸਿਆਵਾਂ 'ਤੇ ਗੌਰ ਕਰਨਾ ਚਾਹੀਦਾ ਹੈ।

# ਇਕ ਸਿਆਸੀ ਮਜਬੂਰੀ ਹੈ ਅਕਾਲੀ-ਭਾਜਪਾ ਗੱਠਜੋੜ

**ਓ. ਐਨ. ਗਰਗ**

ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਤੇ ਭਾਰਤੀ ਜਨਤਾ ਪਾਰਟੀ ਦਾ ਗੱਠਜੋੜ ਇਕ ਦੂਜੇ ਦੀਆਂ ਸਿਆਸੀ ਲੋੜਾਂ ਤੇ ਮਜ਼ਬੂਰੀਆਂ 'ਤੇ ਟਿਕਿਆ ਹੋਇਆ ਹੈ। ਇਸ ਗੱਠਜੋੜ ਨੂੰ ਕੋਈ ਵੀ ਸਿਆਸੀ ਇਕਸੁਰਤਾ ਨਹੀਂ ਜੋੜਦੀ ਜਿਹੜੀ ਕਿ ਇਸ ਨੂੰ ਹਰ ਹੀਲੇ ਤੇ ਹਮੇਸ਼ਾ ਲਈ ਬੰਨ੍ਹ ਕੇ ਰੱਖ ਰਹੀ ਹੋਵੇ। ਗਾਹੇ-ਬਗਾਹੇ ਇਸ ਗੱਠਜੋੜ ਵਿਚ ਦਰਾੜਾਂ ਪੈਂਦੀਆਂ ਰਹਿੰਦੀਆਂ ਹਨ ਤੇ ਮਨ ਮੁਟਾਵ ਪੈਦਾ ਹੁੰਦਾ ਰਹਿੰਦਾ ਹੈ।

ਅਕਾਲੀ ਦਲ ਮੁੱਖ ਤੌਰ 'ਤੇ ਸਿੱਖ ਬਹੁਗਿਣਤੀ ਤੇ ਪੇਂਡੂ ਆਧਾਰ ਵਾਲੀ ਸਿਆਸੀ ਪਾਰਟੀ ਹੈ ਤੇ ਭਾਜਪਾ ਦਾ ਬਹੁਗਿਣਤੀ ਆਧਾਰ ਹਿੰਦੂ ਤੇ ਸ਼ਹਿਰੀ ਆਬਾਦੀ ਹੈ। ਇਸ ਤਰ੍ਹਾਂ ਦੋਵੇਂ ਇਕ ਦੂਜੇ ਦੇ ਸਿਆਸੀ ਪੂਰਕ ਹਨ। ਪੰਜਾਬ ਦੇ ਬੀਤੇ ਇਤਿਹਾਸ 'ਚ ਭਾਜਪਾ ਤੇ ਅਕਾਲੀ ਦਲ ਕਈ ਵੇਰਾਂ ਇਕ ਦੂਜੇ ਦੇ ਆਹਮੋ-ਸਾਹਮਣੇ ਖੜ੍ਹੇ ਹੋਏ ਹਨ, ਜਦੋਂ ਜਦੋਂ ਇਕ ਦੂਜੇ ਦੇ ਸੁਆਰਥ ਟਕਰਾਏ ਹਨ। ਦੋਵਾਂ ਪਾਰਟੀਆਂ ਵਿਚ ਆਸਥਾ, ਸ਼ਰਧਾ ਤੇ ਵਿਸ਼ਵਾਸ ਰੱਖਣ ਵਾਲਿਆਂ ਦੇ ਵੱਖਰੇ-ਵੱਖਰੇ ਤੇ ਆਪੋ-ਆਪਣੇ ਵਿਚਾਰ ਹਨ।



ਅਕਾਲੀ ਦਲ-ਭਾਜਪਾ ਦੇ ਰਿਸ਼ਤਿਆਂ ਵਿਚ ਖਿੱਚੋਤਾਣ ਤਾਂ ਕਾਫੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਹੈ। ਤਰੇੜਾਂ ਵੀ ਸਮੇਂ ਸਮੇਂ ਆਉਂਦੀਆਂ ਰਹੀਆਂ ਹਨ ਪਰ ਹੁਣ ਇਨ੍ਹਾਂ ਤਰੇੜਾਂ ਨੇ ਸਿਆਸੀ ਦਰਾੜ ਦਾ ਰੂਪ ਧਾਰਨ ਕਰ ਲਿਆ। ਇਹ ਵੀ ਸੱਚ ਹੈ ਕਿ ਪਹਿਲਾਂ ਵੀ ਅਜਿਹੀ ਸਥਿਤੀ ਪੈਦਾ ਹੁੰਦੀ ਰਹੀ ਹੈ ਪਰ ਭਾਜਪਾ ਦੀ ਉਚ ਕਮਾਨ ਵਲੋਂ ਗੱਲਬਾਤ ਰਾਹੀਂ ਇਸ ਨੂੰ ਦੂਰ ਕੀਤਾ ਜਾਂਦਾ ਰਿਹਾ ਹੈ। ਹੁਣ ਭਾਜਪਾ ਨੇ ਖੁੱਲ੍ਹੇ ਤੌਰ 'ਤੇ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਅਕਾਲੀ ਦਲ ਨੇ ਭਾਜਪਾ ਨਾਲ ਬੇਵਫਾਈ ਕੀਤੀ ਹੈ। ਆਮ ਕਿਹਾ ਜਾ ਰਿਹਾ ਹੈ ਕਿ ਭਾਜਪਾ ਪ੍ਰਤੀ ਅਕਾਲੀ ਦਲ ਵਲੋਂ ਵਿਸ਼ਵਾਸਘਾਤ ਕੀਤਾ ਜਾ ਰਿਹਾ ਹੈ।

ਪੰਜਾਬ ਭਾਜਪਾ ਵਲੋਂ ਅਕਾਲੀ ਦਲ ਬਾਰੇ ਅਜਿਹਾ ਕਹਿਣ ਦੇ ਕਈ ਕਾਰਨ ਹੋ ਸਕਦੇ ਹਨ। ਇਹ ਸਿਆਸੀ ਵੀ ਹੋ ਸਕਦੇ ਹਨ, ਨਿੱਜੀ ਵੀ। ਦੋਵਾਂ ਵਿਚ ਇਹ ਧਾਰਨਾ ਪਿਛਲੇ ਲੰਮੇ ਸਮੇਂ ਤੋਂ ਬਣੀ ਹੋਈ ਹੈ ਕਿ ਪੰਜਾਬ ਵਿਚ ਦੋਵੇਂ ਪਾਰਟੀਆਂ ਇਕ ਦੂਜੇ ਦੀ ਕੀਮਤ 'ਤੇ ਸਿਆਸੀ ਤੌਰ 'ਤੇ ਪ੍ਰਫੁਲਤ ਹੋ ਰਹੀਆਂ ਹਨ। ਭਾਜਪਾ ਨੂੰ ਵਹਿਮ ਹੈ ਕਿ ਅਕਾਲੀ ਦਲ ਉਸ ਕਰਕੇ ਵਧ ਫੁੱਲ ਰਿਹਾ ਹੈ ਜਦੋਂ ਕਿ ਅਕਾਲੀ ਦਲ ਦਾ ਪੱਕਾ ਵਿਸ਼ਵਾਸ ਹੈ ਕਿ ਭਾਜਪਾ, ਅਕਾਲੀ ਦਲ ਦੇ ਕੰਧੇੜੇ ਚੜ੍ਹ ਕੇ ਪੰਜਾਬ ਵਿਚ ਆਧਾਰ ਵਧਾ ਰਹੀ ਹੈ। ਭਾਜਪਾ ਦੀ ਇਸ ਸਕੀਮ ਨੂੰ ਕਿ ਪਿੰਡਾਂ ਵਿਚ ਜਾਇਆ ਜਾਵੇ, ਸ਼ੱਕ ਦੀਆਂ ਨਜ਼ਰਾਂ ਨਾਲ ਦੇਖਿਆ ਜਾ ਰਿਹਾ ਹੈ। ਇਸ ਨੂੰ ਅਕਾਲੀ ਦਲ ਆਪਣੇ ਮੁੱਖ ਸਿਆਸੀ ਆਧਾਰ ਜਿਹੜਾ ਕਿ ਪਿੰਡਾਂ 'ਚ ਵਸਦਾ ਹੈ, ਨੂੰ ਸਿਆਸੀ ਖੋਰਾ ਲਾਉਣ ਤੋਂ ਘੱਟ ਨਹੀਂ ਸਮਝਦਾ। ਭਾਜਪਾ ਨੂੰ ਅਕਾਲੀ ਦਲ ਦਾ ਸਾਂਝੀਦਾਰ ਹੋਣ ਦੇ ਨਾਲ-ਨਾਲ ਪਿੰਡਾਂ ਵਿਚ ਵੱਖਰੀ ਪਾਰਟੀ ਦੇ ਤੌਰ 'ਤੇ ਜਾਣ ਦੀ ਲੋੜ ਕੀ ਪਈ ਹੈ, ਕਿਉਂਕਿ ਭਾਜਪਾ ਆਪਣੇ ਆਪ ਨੂੰ ਸ਼ਹਿਰਾਂ ਤੱਕ ਹੀ ਸੀਮਤ ਨਹੀਂ ਰੱਖਣਾ ਚਾਹੁੰਦੀ। ਸ਼ੁਰੂ-ਸ਼ੁਰੂ ਵਿਚ ਪੰਜਾਬ ਭਾਜਪਾ ਦੇ ਸੀਨੀਅਰ ਮੰਤਰੀਆਂ ਤੇ ਵੱਡੇ ਨੇਤਾਵਾ ਨੇ ਅਕਾਲੀ ਦਲ ਵਲੋਂ ਕੀਤੇ ਜਾ ਰਹੇ ਵਿਤਕਰੇ ਪ੍ਰਤੀ ਅੱਖਾਂ ਹੀ ਨਹੀਂ ਮੁੰਦੀ ਰੱਖੀਆਂ ਸਗੋਂ ਅਜਿਹੇ ਵਿਤਕਰੇ ਨੂੰ ਉਤਸ਼ਾਹਿਤ ਕੀਤਾ, ਗੁੱਝੀ ਸਹਿਮਤੀ ਦਿੱਤੀ ਤੇ ਅਜਿਹਾ ਹੋਣ ਤੇ ਅੰਦਰੋ-ਅੰਦਰੀਂ ਖੁਸ਼ੀ ਪ੍ਰਗਟ ਕੀਤੀ। ਕਦੋਂ ਤੋਂ ਸੁਲਘ ਰਹੀ ਇਸ ਸਿਆਸੀ ਅੱਗ ਦਾ ਸੇਕ ਹੁਣ ਸੀਨੀਅਰ ਭਾਜਪਾ ਆਗੂਆਂ ਨੂੰ ਵੀ ਲੱਗਣਾ ਸ਼ੁਰੂ ਹੋ ਗਿਆ ਹੈ।

ਪਹਿਲਾਂ ਛੋਟੇ ਭਾਜਪਾ ਵਜ਼ੀਰਾਂ ਦੀ ਅਣਦੇਖੀ ਕੀਤੀ ਜਾਂਦੀ ਸੀ ਤੇ ਹੁਣ ਆਲਮ ਇਹ ਬਣ ਗਿਆ ਹੈ ਕਿ ਭਾਜਪਾ ਦੇ ਸੀਨੀਅਰ ਮੰਤਰੀ ਵੀ ਜਨਤਕ ਤੌਰ 'ਤੇ ਕਹਿ ਰਹੇ ਹਨ ਕਿ ਮੁੱਖ ਮੰਤਰੀ ਉਨ੍ਹਾਂ ਨੂੰ ਪੁੱਛਦੇ ਹੀ ਨਹੀਂ ਤੇ ਇੱਥੋਂ ਤੱਕ ਕਿ ਭਾਜਪਾ ਮੰਤਰੀਆਂ ਦੇ ਅਧਿਕਾਰ ਖੇਤਰ ਵਾਲੇ ਮਹਿਕਮਿਆਂ ਸਬੰਧੀ ਵੀ ਫੈਸਲੇ ਮੁੱਖ ਮੰਤਰੀ ਆਪ ਹੀ ਕਰ ਲੈਂਦੇ ਹਨ। ਪੰਜਾਬ ਦੇ ਸੀਨੀਅਰ ਭਾਜਪਾ ਨੇਤਾ ਇਸ ਸਥਿਤੀ ਨੂੰ ਦੁਖਦਾਈ ਕਹਿ ਰਹੇ ਹਨ ਤੇ ਇਹ ਗੱਲ ਸਾਫ਼ ਕਰ ਰਹੇ ਹਨ ਕਿ ਭਾਜਪਾ ਆਪਣੀ ਸਿਆਸੀ ਕੀਮਤ 'ਤੇ ਅਕਾਲੀ ਦਲ ਨੂੰ ਸਿਆਸੀ ਲਾਭ ਨਹੀਂ ਪਹੁੰਚਣ ਦੇਵੇਗੀ। ਦੂਜੇ ਪਾਸੇ ਅਕਾਲੀ ਦਲ ਦਾ ਵੱਡਾ ਤਬਕਾ ਇਹ ਮਹਿਸੂਸ ਕਰ ਰਿਹਾ ਹੈ ਕਿ ਭਾਜਪਾ ਦਾ ਆਪਣਾ ਕੋਈ ਬਹੁਤਾ ਆਧਾਰ ਹੀ ਨਹੀਂ ਤੇ ਜੇ ਪੰਜਾਬ ਵਿਚ ਭਾਜਪਾ ਦੀ ਕੋਈ ਸਿਆਸੀ ਸ਼ਕਤੀ ਹੈ ਵੀ ਤਾਂ ਉਹ ਅਕਾਲੀ ਦਲ ਕਰਕੇ ਹੀ ਹੈ। ਇਹ ਵੀ ਸਮਝਿਆ ਜਾ ਰਿਹਾ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਵਿਚ ਇਕੱਲੇ ਤੌਰ 'ਤੇ ਆਪਣੇ ਬਲਬੂਤੇ ਸ਼੍ਰੋਮਣੀ ਅਕਾਲੀ ਦਲ (ਬ) ਜ਼ਿਆਦਾ ਮਜ਼ਬੂਤ ਹੋ ਕੇ ਉਭਰੇ।

ਇਸ ਤਰ੍ਹਾਂ ਇਹ ਸੋਚ ਇਸ ਗੱਲ ਦੀ ਧਾਰਨੀ ਹੈ ਕਿ ਭਾਜਪਾ 'ਤੇ ਅਕਾਲੀ ਦਲ ਦੀ ਸਿਆਸੀ ਨਿਰਭਰਤਾ ਨੂੰ ਘਟਾਇਆ ਜਾਵੇ। ਅਜਿਹਾ ਕਰਨ ਲਈ ਅਕਾਲੀ ਦਲ ਦੀਆਂ ਕੋਸ਼ਿਸ਼ਾਂ ਜਾਰੀ ਹਨ।

# ਕਸ਼ਮੀਰ ਸਮੱਸਿਆ ਨੂੰ ਨਵੇਂ ਨਜ਼ਰੀਏ ਤੋਂ ਦੇਖਣ ਦੀ ਲੋੜ

**ਮਸਲਾ-ਏ-ਕਸ਼ਮੀਰ**

**ਮਨੋਰਮਾ ਦੀਵਾਨ**

ਮੈਂ ਅੱਜ ਬਹੁਤ ਸਾਰੇ ਭਾਰਤੀਆਂ ਵਾਂਗ ਖੌਫਜ਼ਦਾ ਹਾਂ। ਕਸ਼ਮੀਰ ਦੇ ਹਾਲਾਤ ਚਿੰਤਾ ਦਾ ਕਾਰਨ ਹਨ। ਮਨ ਨੂੰ ਇਹੋ ਸੁਆਲ ਪ੍ਰੇਸ਼ਾਨ ਕਰ ਰਿਹਾ ਹੈ ਕਿ ਕਸ਼ਮੀਰ ਸਮੱਸਿਆ ਆਖਰ ਕਿਵੇਂ ਤੇ ਕਦੋਂ ਹੱਲ ਹੋਵੇਗੀ?

ਮੇਰਾ ਕਸ਼ਮੀਰ ਨਾਲ ਗੂੜ੍ਹਾ ਰਿਸ਼ਤਾ ਰਿਹਾ ਹੈ ਅਤੇ ਮੈਂ ਪਿਛਲੇ ਚਾਲੀ ਸਾਲਾਂ 'ਚ ਕਈ ਵਾਰ ਕਸ਼ਮੀਰ ਗਈ ਹਾਂ। ਮੈਂ ਖੁਦ ਨੂੰ ਖੁਸ਼ਕਿਸਮਤ ਸਮਝਦੀ ਹਾਂ ਕਿ ਮੈਨੂੰ ਬਹੁਤ ਸਾਰੇ ਕਸ਼ਮੀਰੀ ਨੇਤਾਵਾਂ ਨੂੰ ਮਿਲਣ ਅਤੇ ਉਨ੍ਹਾਂ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ ਹੈ। ਮੇਰੀ ਇਹੋ ਧਾਰਨਾ ਰਹੀ ਹੈ ਕਿ ਕੇਂਦਰ ਸਰਕਾਰ ਅਤੇ ਸਿਆਸੀ ਲੋਕਾਂ ਨੇ ਕਸ਼ਮੀਰੀ ਸੰਸਕ੍ਰਿਤੀ ਅਤੇ ਉਥੋਂ ਦੀ ਜਨਤਾ ਦੀਆਂ ਭਾਵਨਾਵਾਂ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ। ਇਹੋ ਕਾਰਨ ਹੈ ਕਿ ਕਸ਼ਮੀਰ ਦੀ ਸਮੱਸਿਆ ਉਲਝਦੀ ਗਈ ਅਤੇ ਹਾਲਾਤ ਅਜਿਹੇ ਬਣ ਗਏ, ਜਿਹੋ ਜਿਹੇ ਕਿ ਅੱਜ ਹਨ।

ਕਸ਼ਮੀਰ ਸਮੱਸਿਆ ਬਾਰੇ ਮੇਰਾ ਵਿਚਾਰ ਇਹ ਰਿਹਾ ਹੈ ਕਿ ਇਸ ਦਾ ਹੱਲ ਈਮਾਨਦਾਰੀ ਨਾਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਮੈਨੂੰ ਬਹੁਤ ਸਾਰੇ ਕਸ਼ਮੀਰੀ ਨੇਤਾਵਾਂ, ਜਿਨ੍ਹਾਂ ਵਿਚ ਸਵਰਗੀ ਸ਼ੇਖ ਅਬਦੁੱਲਾ, ਸਵਰਗੀ ਬਕਸ਼ੀ, ਗੁਲਾਮ ਮੁਹੰਮਦ, ਜਨਾਬ ਮੀਰ ਕਾਸਿਮ, ਗੁਲਾਮ ਮੁਹੰਮਦ ਸਾਦਿਕ, ਮੌਲਵੀ ਅਬਦੁੱਲ ਫਾਰੂਕ, ਅਬਦੁੱਲ ਗਨੀ ਲੋਨ ਅਤੇ ਹੋਰ ਬਹੁਤ ਸਾਰੇ ਲੋਕ ਸ਼ਾਮਿਲ ਹਨ, ਨੂੰ ਮਿਲਣ ਅਤੇ ਉਨ੍ਹਾਂ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ।

ਜਦੋਂ ਸ਼ੇਖ ਮੁਹੰਮਦ ਅਬਦੁੱਲਾ ਜੰਮੂ-ਕਸ਼ਮੀਰ ਦੇ ਪ੍ਰਧਾਨ ਮੰਤਰੀ ਸਨ, ਤਦ ਮੇਰੇ ਪਤੀ ਸਵਰਗੀ ਦੀਵਾਨ ਬੀਰੇਂਦਰ ਨਾਥ ਦੀ ਭੂਆ ਦੇ ਪੁੱਤਰ ਸਵਰਗੀ ਬੀ ਪੀ ਐਲ ਬੇਦੀ ਕਸ਼ਮੀਰ ਵਿਚ ਉਨ੍ਹਾਂ ਦੇ ਪਬਲੀਸਿਟੀ ਸਲਾਹਕਾਰ ਸਨ। ਮੇਰੇ ਪਤੀ ਬੀਰੇਂਦਰ ਨਾਥ ਸ੍ਰੀਨਗਰ ਦੇ ਕਾਲਜ ਵਿਚ ਬੀ ਏ ਆਨਰਜ਼ ਦੇ ਵਿਦਿਆਰਥੀ ਸਨ। ਉਹ ਬੇਦੀ ਸਾਹਿਬ ਦੇ ਨਾਲ ਰਹਿੰਦੇ ਸਨ। ਉਹ ਬਹੁਤ ਛੋਟੀ ਉਮਰ ਵਿਚ ਕਸਮੀਰ ਸਰਕਾਰ ਦੀ ਮਹੀਨਾਵਾਰ ਉਰਦੂ ਪੱਤ੍ਰਿਕਾ 'ਤਾਮੀਰ' ਦੀ ਸੰਪਾਦਨਾ ਕਰ ਰਹੇ ਸਨ। ਉਹ ਕਸ਼ਮੀਰ ਰੇਡੀਓ ਲਈ ਇਕ ਪ੍ਰੋਗਰਾਮ ਲਿਖਦੇ ਸਨ, ਜਿਸ ਦਾ ਨਾਂ ਸੀ 'ਪਿਆਮੇ ਜ਼ਫਰ'। ਸ਼ੇਖ ਮੁਹੰਮਦ ਅਬਦੁੱਲਾ, ਦੀਵਾਨ ਬੀਰੇਂਦਰ ਨਾਥ ਨੂੰ ਉਨ੍ਹਾਂ ਦੇ ਬਚਪਨ ਤੋਂ ਹੀ ਜਾਣਦੇ ਸਨ। ਸ਼ੇਖ ਸਾਹਿਬ ਨੇ ਹੀ ਸੁਝਾਅ ਦਿੱਤਾ ਸੀ ਕਿ ਉਹ ਆਪਣਾ ਕਲਮੀ ਨਾਂ 'ਜ਼ਫਰ ਪਿਆਮੀ' ਰੱਖ ਲੈਣ।

ਰਾਜਸੀ ਮਾਹਰਾਂ ਨੇ ਇਹ ਗੱਲ ਮੰਨੀ ਹੈ ਕਿ ਸ਼ੇਖ ਮੁਹੰਮਦ ਅਬਦੁੱਲਾ ਨੂੰ ਗ੍ਰਿਫਤਾਰ ਕਰਨਾ ਇਕ ਬਹੁਤ ਵੱਡੀ ਭੁੱਲ ਸੀ, ਜੋ ਭਾਰਤ ਸਰਕਾਰ ਨੇ ਕੀਤੀ। ਸਵਰਗੀ ਬੀ ਪੀ ਐਲ ਬੇਦੀ ਹਮੇਸ਼ਾਂ ਸ਼ੇਖ ਅਬਦੁੱਲਾ ਦੇ ਸਮਰਥਕ ਰਹੇ।

ਸਵਰਗੀ ਦੀਵਾਨ ਬੀਰੇਂਦਰ ਨਾਥ ਕਸ਼ਮੀਰ ਦੀ ਰਾਜਨੀਤੀ ਬਾਰੇ ਲਗਾਤਾਰ ਲਿਖਦੇ ਰਹੇ। ਉਨ੍ਹਾਂ ਦੀ ਧਾਰਨਾ ਸੀ ਕਿ ਭਾਰਤ ਸਰਕਾਰ ਜੋ ਪੈਸਾ ਕਸ਼ਮੀਰ 'ਚ ਖਰਚ ਕਰ ਰਹੀ ਹੈ, ਉਸ ਦਾ



ਫਾਇਦਾ ਉਥੋਂ ਦੀ ਜਨਤਾ ਨੂੰ ਨਹੀਂ ਹੋ ਰਿਹਾ। ਇਹ ਪੈਸਾ ਰਾਜਸੀ ਨੇਤਾ, ਸਨਅਤਕਾਰ ਅਤੇ ਵੱਡੇ-ਵੱਡੇ ਠੇਕੇਦਾਰ ਛਕੀ ਜਾ ਰਹੇ ਹਨ।

ਸਵਰਗੀ ਜਨਾਬ ਮੌਲਵੀ ਫਾਰੂਕ ਦੇ ਸ੍ਰੀਨਗਰ ਵਿਚਲੇ ਘਰ ਅਸੀਂ ਕਈ ਵਾਰ ਗਏ। ਜਦੋਂ ਉਹ ਦਿੱਲੀ ਆਉਂਦੇ ਤਾਂ ਸਾਡੇ ਘਰ ਜ਼ਰੂਰ ਆਉਂਦੇ। ਉਨ੍ਹਾਂ ਨਾਲ ਕਸ਼ਮੀਰ ਸਮੱਸਿਆ ਬਾਰੇ ਖੁੱਲ੍ਹ ਕੇ ਗੱਲਾਂ ਹੁੰਦੀਆਂ ਸਨ। ਉਨ੍ਹਾਂ ਦੇ ਬੇਟੇ ਉਮਰ ਫਾਰੂਕ ਉਦੋਂ ਕੇਵਲ ਦੋ ਸਾਲਾਂ ਦੇ ਸਨ, ਜਦੋਂ ਮੈਂ ਪਹਿਲੀ ਵਾਰ ਉਨ੍ਹਾਂ ਨੂੰ ਸ੍ਰੀਨਗਰ ਵਿਚ ਦੇਖਿਆ ਸੀ। ਸ੍ਰੀਨਗਰ ਵਿਚ ਹੀ ਸਾਡੀ ਸਵਰਗੀ ਅਬਦੁੱਲ ਗਨੀ ਲੋਨ ਨਾਲ ਲੰਮੀ ਗੱਲਬਾਤ ਓਦੋਂ ਹੋਈ, ਜਦੋਂ ਉਹ ਮੀਰ ਕਾਸਿਮ ਦੀ ਸਰਕਾਰ ਵਿਚ ਸਿੱਖਿਆ ਮੰਤਰੀ ਸਨ। ਅਸੀਂ ਹਮੇਸ਼ਾਂ ਉਨ੍ਹਾਂ ਨੂੰ ਸੁਲਝੇ ਹੋਏ ਦਿਮਾਗ ਵਾਲਾ ਸਿਆਸੀ ਆਗੂ ਸਮਝਿਆ। ਉਨ੍ਹਾਂ ਦੀ ਵਿਚਾਰਧਾਰਾ ਵਿਚ ਪਰਿਵਰਤਨ ਆਉਣਾ ਇਕ ਮਹੱਤਵਪੂਰਨ ਗੱਲ ਸੀ। ਸ੍ਰੀਨਗਰ ਵਿਚ ਸਾਨੂੰ ਉਨ੍ਹਾਂ ਨੌਜਵਾਨ ਲੀਡਰਾਂ ਨਾਲ ਵੀ ਗੱਲਬਾਤ ਕਰਨ ਦਾ ਮੌਕਾ ਮਿਲਿਆ, ਜਿਨ੍ਹਾਂ ਨੂੰ ਵੱਖਵਾਦੀ ਸਮਝਿਆ ਜਾਂਦਾ ਸੀ। ਇਨ੍ਹਾਂ ਵਿਚੋਂ ਬਹੁਤ ਸਾਰੇ ਆਜ਼ਾਦ ਕਸ਼ਮੀਰ ਦਾ ਸਮਰਥਨ ਕਰਦੇ ਸਨ ਪਰ ਇਨ੍ਹਾਂ ਨਾਲ ਵੀ ਖੁੱਲ੍ਹ ਕੇ ਈਮਾਨਦਾਰੀ ਨਾਲ ਗੱਲਬਾਤ ਕਰਨ ਅਤੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਗਈ।

ਸੰਨ 2002 ਵਿਚ ਜਦੋਂ ਮੈਂ ਪ੍ਰੈਸ ਕੌਂਸਲ ਆਫ ਇੰਡੀਆ ਦੀ ਮੈਂਬਰ ਸਾਂ ਅਤੇ ਫਿਊਚਰ ਆਫ ਪ੍ਰਿੰਟ ਮੀਡੀਆ ਕਮੇਟੀ ਵਲੋਂ ਸ੍ਰੀਨਗਰ ਵਿਚ ਆਯੋਜਤ ਸੈਮੀਨਾਰ ਵਿਚ ਗਈ ਸੀ ਤਾਂ ਮੇਰੀ ਸਵਰਗੀ ਅਬਦੁੱਲ ਗਨੀ ਲੋਨ ਨਾਲ ਵੀ ਲੰਮੀ ਮੁਲਾਕਾਤ ਹੋਈ ਸੀ। ਉਨ੍ਹਾਂ ਨੇ ਕਸ਼ਮੀਰੀ ਜਨਤਾ ਵਿਚ ਵਧਦੇ ਅਸੰਤੋਸ਼ ਦੀ ਗੱਲ ਕਹੀ ਸੀ। ਤਦ ਮੈਂ ਕਸ਼ਮੀਰ ਯੂਨੀਵਰਸਿਟੀ ਵਿਚ ਉਨ੍ਹਾਂ ਬਹੁਤ ਸਾਰੇ ਲੋਕਾਂ ਨਾਲ ਵਿਸਥਾਰ ਨਾਲ ਗੱਲਬਾਤ ਕੀਤੀ ਸੀ ਜਿਨ੍ਹਾਂ ਦੀ ਪਾਕਿਸਤਾਨ ਸਮਰਥਕ, ਆਜ਼ਾਦ ਕਸ਼ਮੀਰ ਦੇ ਸਮਰਥਕ ਕਹਿ ਕੇ ਆਲੋਚਨਾ ਕੀਤੀ ਜਾਂਦੀ ਸੀ। ਸ੍ਰੀਨਗਰ ਵਿਚ ਹੀ ਮੈਨੂੰ ਬਹੁਤ ਸਾਰੇ ਅਜਿਹੇ ਲੋਕਾਂ ਨੂੰ ਮਿਲਣ ਦਾ ਮੌਕਾ ਮਿਲਿਆ, ਜੋ ਕਸ਼ਮੀਰ ਦੇ ਸੰਘਰਸ਼ ਨੂੰ ਸਮਾਪਤ ਕਰਨ ਦੇ ਸਮਰਥਕ ਸਨ, ਪਰ ਉਨ੍ਹਾਂ ਦਾ ਕਹਿਣਾ ਸੀ ਕਿ ਭਾਰਤ ਸਰਕਾਰ ਕਸ਼ਮੀਰੀ ਜਨਤਾ ਦੀਆਂ ਭਾਵਨਾਵਾਂ ਨੂੰ ਨਹੀਂ ਸਮਝਦੀ। ਝੂਠੇ ਮੁਕਾਬਲਿਆਂ ਵਿਚ ਆਮ ਲੋਕਾਂ ਨੂੰ ਮਾਰਿਆ ਜਾਂਦਾ ਹੈ। ਕੌਮੀ ਧਾਰਾ ਦੀਆਂ ਗੱਲਾਂ ਕਰਨ ਵਾਲਿਆਂ ਤੇ ਨਾਹਰੇ ਲਾਉਣ ਵਾਲਿਆਂ ਨੇ ਕਦੇ ਕਸ਼ਮੀਰੀ ਨੌਜੁਆਨਾਂ ਦੀਆਂ ਭਾਵਨਾਵਾਂ ਨੂੰ ਮਹੱਤਵ ਨਹੀਂ ਦਿੱਤਾ। ਕਸ਼ਮੀਰ ਦੀ ਸੰਸਕ੍ਰਿਤੀ ਅਤੇ ਕਸ਼ਮੀਰੀਅਤ ਨੂੰ ਨਹੀਂ ਸਮਝਿਆ।

ਇਹ ਭਾਰਤ ਦੀ ਬਦਕਿਸਮਤੀ ਹੈ ਕਿ ਉਹ ਕਸ਼ਮੀਰ ਬਾਰੇ ਅਮਰੀਕੀ ਨੀਤੀ ਦਾ ਹੀ ਸ਼ਿਕਾਰ ਬਣਿਆ ਰਿਹਾ ਹੈ। ਅਮਰੀਕਾ ਦਾ ਆਪਣਾ ਕੌਮੀ ਹਿੱਤ ਇਸੇ ਵਿਚ ਹੈ ਕਿ ਕਸ਼ਮੀਰ ਵਿਚ ਸੰਘਰਸ਼ ਕਾਇਮ ਰਹੇ। ਅਮਰੀਕੀ ਰਾਸ਼ਟਰਪਤੀ ਚਾਹੇ ਕਲਿੰਟਨ ਸਨ, ਨਿਕਸਨ ਜਾਂ ਹੁਣ ਬਰਾਕ ਓਬਾਮਾ ਹਨ, ਉਨ੍ਹਾਂ ਦੀ ਨੀਤੀ ਇਹੋ ਰਹੀ ਹੈ ਕਿ ਕਸ਼ਮੀਰ ਭਾਰਤ-ਪਾਕਿਸਤਾਨ ਸੰਘਰਸ਼ ਦਾ ਕੇਂਦਰ ਬਣਿਆ ਰਹੇ। ਹਕੀਕਤ ਇਹ ਹੈ ਕਿ ਭਾਰਤ ਅਤੇ ਪਾਕਿਸਤਾਨ ਦੋਵੇਂ ਹੀ ਦੇਸ਼ਾਂ ਦੇ ਸ਼ਾਸਕਾਂ ਨੇ ਕਦੇ ਵੀ ਈਮਾਨਦਾਰੀ ਨਾਲ ਕਸ਼ਮੀਰ ਸਮੱਸਿਆ ਨੂੰ ਹੱਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ।

ਜਿਥੋਂ ਤੱਕ ਕਸ਼ਮੀਰ ਦੇ ਸਿਆਸੀ ਨੇਤਾਵਾਂ ਦਾ ਸੁਆਲ ਹੈ, ਉਨ੍ਹਾਂ ਨੇ ਵੀ ਕਦੇ ਦਿਲੋਂ ਇਹ ਕੋਸ਼ਿਸ਼ ਨਹੀਂ ਕੀਤੀ ਕਿ ਕਸ਼ਮੀਰ ਸਮੱਸਿਆ ਨੂੰ ਸੁਲਝਾਇਆ ਜਾਏ। ਉਮਰ ਅਬਦੁੱਲਾ ਸਮਝਦਾਰ ਨੇਤਾ ਹਨ, ਪਰ ਉਹ ਵੀ ਅਜਿਹੇ ਹਾਲਾਤ ਵਿਚ ਘਿਰੇ ਹੋਏ ਹਨ, ਜਿਨ੍ਹਾਂ ਨੇ ਕਸ਼ਮੀਰ ਨੂੰ ਜਕੜ ਰੱਖਿਆ ਹੈ। ਉਮਰ ਅਬਦੁੱਲਾ ਨੌਜੁਆਨ ਹਨ। ਉਨ੍ਹਾਂ ਕੋਲੋਂ ਇਹ ਆਸ ਰੱਖੀ ਜਾ ਸਕਦੀ ਹੈ ਕਿ ਉਹ ਕਸ਼ਮੀਰ ਦੇ ਨੌਜੁਆਨਾਂ ਦੀਆਂ ਭਾਵਨਾਵਾਂ ਤੇ ਜ਼ਰੂਰਤਾਂ ਦਾ ਖਿਆਲ ਰੱਖਣਗੇ।

ਜਦੋਂ ਵੀ ਨੌਜੁਆਨਾਂ ਵਿਚ ਬੇਚੈਨੀ ਵਧਦੀ ਹੈ ਅਤੇ ਉਹ ਸਰਕਾਰ ਅਤੇ ਉਸ ਦੇ ਅਧਿਕਾਰੀਆਂ ਦਾ ਵਿਰੋਧ ਕਰਨ ਲਗਦੇ ਹਨ ਤਾਂ ਗੋਲੀਆਂ ਦੀ ਵਾਛੜ ਦੀ ਪਰਵਾਹ ਨਹੀਂ ਕਰਦੇ। ਅਜਿਹਾ ਪੰਜਾਬ ਅਤੇ ਉਤਰ-ਪੂਰਬ ਦੇ ਰਾਜਾਂ ਵਿਚ ਦੇਖਿਆ ਗਿਆ ਹੈ। ਮੈਨੂੰ ਪੰਜਾਬ ਅਤੇ ਉਤਰੀ-ਪੂਰਬੀ ਰਾਜਾਂ ਵਿਚ ਅਤਿਵਾਦ-ਵੱਖਵਾਦ ਦੀਆਂ ਭਾਵਨਾਵਾਂ ਦਾ ਅਧਿਐਨ ਕਰਨ ਦਾ ਅਵਸਰ ਮਿਲਿਆ ਹੈ। ਇਨ੍ਹਾਂ ਖੇਤਰਾਂ ਵਿਚ ਪੁਲਿਸ ਅਤੇ ਫੌਜ ਨੇ ਆਮ ਲੋਕਾਂ ਨਾਲ ਬਹੁਤ ਜ਼ਿਆਦਤੀਆਂ ਕੀਤੀਆਂ, ਜਿਸ 'ਤੇ ਡੂੰਘੀ ਪ੍ਰਤੀਕਿਰਿਆ ਹੋਈ। ਉਹੋ ਗ਼ਲਤੀ ਵਰ੍ਹਿਆਂ ਤੋਂ ਕਸ਼ਮੀਰ ਵਿਚ ਦੁਹਰਾਈ ਜਾ ਰਹੀ ਹੈ।

ਸਾਨੂੰ ਇਹ ਸਮਝਣਾ ਹੋਵੇਗਾ ਕਿ ਜਿਸ ਤਰ੍ਹਾਂ ਵੱਡੀ ਗਿਣਤੀ ਵਿਚ ਕਸ਼ਮੀਰੀ ਨੌਜੁਆਨ ਪੱਥਰਾਂ ਨੂੰ ਆਪਣਾ ਹਥਿਆਰ ਬਣਾ ਕੇ ਸੜਕਾਂ 'ਤੇ ਨਿਕਲੇ ਹੋਏ ਹਨ, ਉਸ ਦੇ ਪਿੱਛੇ ਉਨ੍ਹਾਂ ਦੀ ਪ੍ਰੇਸ਼ਾਨੀ ਅਤੇ ਦੁੱਖ ਦੀਆਂ ਭਾਵਨਾਵਾਂ ਜ਼ਰੂਰ ਹੋਣਗੀਆਂ। ਉਨ੍ਹਾਂ ਨੂੰ ਵੱਖਵਾਦੀ ਜਾਂ ਪਾਕਿਸਤਾਨ ਸਮਰਥਕ ਕਹਿ ਦੇਣ ਨਾਲ ਸਮੱਸਿਆ ਹੱਲ ਨਹੀਂ ਹੋ ਜਾਂਦੀ।

ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਸ਼ਮੀਰ ਦੇ ਲੋਕਾਂ ਨਾਲ ਰਿਸ਼ਤੇ ਬਣਾਉਣ ਦੀ ਗੱਲ ਕਹੀ ਹੈ, ਪਰ ਇਹ ਰਿਸ਼ਤੇ ਕਿਵੇਂ ਬਣਨਗੇ? ਭਾਰਤ ਵਿਚ ਕਸ਼ਮੀਰ ਹੀ ਇਕ ਅਜਿਹਾ ਪ੍ਰਾਂਤ ਹੈ, ਜਿੱਥੇ ਪੰਚਾਇਤੀ ਰਾਜ ਨਹੀਂ ਹੈ। ਜੇ ਅਜਿਹਾ ਹੁੰਦਾ ਤਾਂ ਉਸ ਰਾਹੀਂ ਜਨਤਾ ਨਾਲ ਸੰਪਰਕ ਸਥਾਪਤ ਹੋ ਸਕਦਾ ਸੀ। ਜੇ ਅਸੀਂ ਕਸ਼ਮੀਰ ਦੇ ਹੁਣੇ-ਹੁਣੇ ਦੇ ਇਤਿਹਾਸ ਦੇ ਪੰਨੇ ਪਲਟੀਏ ਤਾਂ ਪਤਾ ਚੱਲੇਗਾ ਕਿ 1952 ਵਿਚ ਜਵਾਹਰ ਲਾਲ ਨਹਿਰੂ ਅਤੇ ਸ਼ੇਖ ਅਬਦੁੱਲਾ ਨੇ 'ਨਵਾਂ ਕਸ਼ਮੀਰ' ਨਾਂ ਦੀ ਮੁਹਿੰਮ ਚਲਾਈ ਸੀ। ਸੰਨ 1968 ਵਿਚ ਸ਼ੇਖ ਅਬਦੁੱਲਾ ਨੇ ਆਲ ਪਾਰਟੀ ਸਟੇਟ ਪੀਪਲਜ਼ ਕਨਵੈਨਸ਼ਨ ਕੀਤੀ ਸੀ, ਜਿਸ ਵਿਚ ਵੱਖਵਾਦੀ ਪਾਰਟੀਆਂ ਸਮੇਤ ਕਸ਼ਮੀਰ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਨੇ ਹਿੱਸਾ ਲਿਆ ਸੀ। ਉਸ ਸਮੇਂ ਜਿਸ ਤਰ੍ਹਾਂ ਦੇ 'ਨਵੇਂ ਕਸ਼ਮੀਰ' ਦੀ ਗੱਲ ਨੈਸ਼ਨਲ ਕਾਨਫਰੰਸ ਨੇ ਚਲਾਈ ਸੀ, ਉਸ ਨੂੰ ਦੁਬਾਰਾ ਜੀਵਤ ਕਰਨ ਦੀ ਜ਼ਰੂਰਤ ਹੈ। ਇਹ ਵੀ ਜ਼ਰੂਰੀ ਹੈ ਕਿ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਕਾਰਜ ਖੇਤਰ ਵਿਚ ਜੰਮੂ-ਕਸ਼ਮੀਰ ਨੂੰ ਵੀ ਸ਼ਾਮਲ ਕੀਤਾ ਜਾਏ। ਕਸ਼ਮੀਰ ਦੇ ਲੋਕਾਂ ਵਿਚ ਇਹ ਭਾਵਨਾ ਵਧ ਰਹੀ ਹੈ ਕਿ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ 'ਤੇ ਹਮਲਾ ਕੀਤਾ ਜਾ ਰਿਹਾ ਹੈ।

ਅੱਜ ਲੋੜ ਇਸ ਗੱਲ ਦੀ ਹੈ ਕਿ ਕੇਂਦਰ ਸਰਕਾਰ, ਸਿਆਸੀ ਪਾਰਟੀਆਂ ਅਤੇ ਸਾਰੇ ਵਰਗਾਂ ਦੇ ਲੋਕ, ਖਾਸ ਤੌਰ 'ਤੇ ਬੁੱਧੀਜੀਵੀ ਤੇ ਸਿੱਖਿਆ ਸ਼ਾਸਤਰੀ ਕਸ਼ਮੀਰ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਣ ਲਈ ਨਵਾਂ ਨਜ਼ਰੀਆ ਅਪਨਾਉਣ।

# ਕੇਂਦਰ-ਰਾਜ ਸਬੰਧਾਂ ਦੇ ਚੌਖਟੇ 'ਚ ਹੱਲ ਨਹੀਂ ਹੋਵੇਗਾ ਕਸ਼ਮੀਰ ਮਸਲਾ

**ਜਸਟਿਸ ਰਾਜਿੰਦਰ ਸੱਚਰ**

ਖ਼ੁਦਮੁਖ਼ਤਿਆਰੀ ਦੇ ਪ੍ਰਸ਼ਨ 'ਤੇ ਪ੍ਰਧਾਨ ਮੰਤਰੀ ਦੇ ਬਿਆਨ ਸਬੰਧੀ ਪ੍ਰਤੀਕਰਮ ਉਮੀਦਾਂ ਦੇ ਮੁਤਾਬਿਕ ਹੀ ਰਿਹਾ ਹੈ। ਸਨਕੀ ਲੋਕਾਂ ਦਾ ਕਹਿਣਾ ਹੈ ਕਿ ਇਹ ਨਾਕਾਫੀ ਹੈ। ਪਰ ਹੋਰ ਕੀ ਹੋਣਾ ਚਾਹੀਦਾ ਹੈ, ਉਹ ਆਸਾਨੀ ਨਾਲ ਇਸ ਸਬੰਧੀ ਵਿਸਥਾਰ ਵੀ ਨਹੀਂ ਦਿੰਦੇ। ਜੰਮੂ-ਕਸ਼ਮੀਰ ਵਿਚ ਮਾਨਵੀ ਅਧਿਕਾਰਾਂ ਦੀ ਉਲੰਘਣਾ ਦੇ ਸਬੰਧ ਵਿਚ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਦੀ ਇਕ ਟੀਮ, ਜਿਸ ਵਿਚ ਮੈਂ ਵੀ ਸ਼ਾਮਿਲ ਸਾਂ, ਨੇ 1990 ਵਿਚ ਕਸ਼ਮੀਰ ਦਾ ਦੌਰਾ ਕੀਤਾ ਸੀ ਅਤੇ ਆਪਣੀਆਂ ਰਿਪੋਰਟਾਂ ਦਿੱਤੀਆਂ ਸਨ, ਜਿਨ੍ਹਾਂ ਵਿਚ ਸਰਕਾਰ ਦੀ ਵੀ ਆਲੋਚਨਾ ਕੀਤੀ ਗਈ ਸੀ। 1993 ਵਿਚ ਜਦੋਂ ਮੈਂ ਦੁਬਾਰਾ ਕਸ਼ਮੀਰ ਗਿਆ ਤਾਂ ਇਹ ਬਹੁਤ ਦੁਖਦਾਈ ਅਨੁਭਵ ਸੀ। ਮੈਂ ਖੁੱਲ੍ਹੇ ਤੌਰ 'ਤੇ ਕਿਹਾ ਸੀ ਕਿ ਮੈਂ ਨਹੀਂ ਜਾਣਦਾ ਕਿ ਕਿਵੇਂ ਕਸ਼ਮੀਰ ਦੀ ਆਜ਼ਾਦੀ, ਜਨਮਤ ਅਤੇ ਖੁਦਮੁਖਤਿਆਰੀ ਦਾ ਮਸਲਾ ਹੱਲ ਹੋਵੇਗਾ, ਪਰ ਇਕ ਗੱਲ ਤੈਅ ਹੈ ਕਿ ਜੇਕਰ ਭਾਰਤ ਕਸ਼ਮੀਰੀ ਲੋਕਾਂ ਸਾਹਮਣੇ ਆਪਣਾ ਮਾਨਵੀ ਸੰਵੇਦਨਸ਼ੀਲ ਅਤੇ ਸੂਝ-ਬੂਝ ਵਾਲਾ ਚਿਹਰਾ ਪੇਸ਼ ਨਹੀਂ ਕਰੇਗਾ ਤਾਂ ਨੁਕਸਾਨ ਉਠਾਏਗਾ। ਅਜੇ ਤੱਕ ਵੀ ਉਸ ਦਾ ਚਿਹਰਾ ਭੱਦਾ ਅਤੇ ਅਸੰਵੇਦਨਸ਼ੀਲ ਹੀ ਹੈ। ਮੈਂ ਇਹ ਕਦੇ ਨਹੀਂ ਸੀ ਸੋਚਿਆ ਕਿ ਇਹ ਹੋਰ ਜ਼ਿਆਦਾ ਵੀ ਵਿਗੜ ਸਕਦਾ ਹੈ ਪਰ ਬਦਕਿਸਮਤੀ ਨਾਲ ਹਾਲਾਤ ਅਜਿਹੇ ਹੀ ਹੋਏ ਪਏ ਹਨ ਕਿ ਪੱਥਰ ਮਾਰਨ ਵਾਲੇ ਬੱਚੇ ਸੁਰੱਖਿਆ ਦਸਤਿਆਂ ਦੀਆਂ ਗੋਲੀਆਂ ਦਾ ਨਿਸ਼ਾਨਾ ਬਣ ਰਹੇ ਹਨ।

ਆਮ ਤੌਰ 'ਤੇ ਵੀ ਕਿਹਾ ਜਾਂਦਾ ਹੈ ਕਿ ਜੇ ਤੁਸੀਂ ਮੈਨੂੰ ਪੱਥਰਾਂ ਨਾਲ ਮਾਰੋਗੇ ਤਾਂ ਮੈਂ ਇਸ ਦਾ ਜਵਾਬ ਇੱਟਾਂ ਨਾਲ ਦੇਵਾਂਗਾ। ਪਰ ਸੁਰੱਖਿਆ ਬਲਾਂ ਨੇ ਸਿਰਾਂ 'ਤੇ ਗੋਲੀਆਂ ਮਾਰ ਕੇ ਇਸ ਦਾ ਜਵਾਬ ਦਿੱਤਾ। ਕੁਝ ਸੀਮਾਵਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਕੋਈ ਵੀ ਸਰਕਾਰ ਪਾਰ ਨਹੀਂ ਕਰ ਸਕਦੀ। ਪਰ ਬਦਕਿਸਮਤੀ ਨਾਲ ਕਸ਼ਮੀਰ ਵਿਚ ਕੇਂਦਰ ਅਤੇ ਰਾਜ ਸਰਕਾਰ ਨੇ ਸੁਰੱਖਿਆ ਬਲਾਂ ਨੂੰ ਅਜਿਹਾ ਕਰਨ ਦਿੱਤਾ ਹੈ। ਸੋਪੋਰ ਖੇਤਰ ਵਿਚ ਤਿੰਨ ਸੁਰੱਖਿਆ ਗਾਰਡਾਂ ਦਾ ਮਾਰਿਆ ਜਾਣਾ ਇਹ ਦਰਸਾਉਂਦਾ ਹੈ ਕਿ ਹਾਲਾਤ ਕਿੰਨੇ ਖ਼ਤਰਨਾਕ ਹਨ।

ਇਹ ਜੰਮੂ-ਕਸ਼ਮੀਰ ਦੀਆਂ ਰਾਜਨੀਤਕ ਪਾਰਟੀਆਂ ਲਈ ਨਿੰਦਾਜਨਕ ਹੈ ਕਿ ਉਹ ਬਦ ਤੋਂ ਬਦਤਰ ਹੁੰਦੀ ਸਥਿਤੀ ਨੂੰ ਕਾਬੂ ਕਰਨ ਲਈ ਇਕੱਠਿਆਂ ਨਹੀਂ ਬੈਠ ਸਕਦੀਆਂ। ਭਾਵੇਂ ਇਹ ਰਾਜਨੀਤਕ ਦਲ ਕਿਸੇ ਨਾ ਕਿਸੇ ਸਮੇਂ ਸਰਕਾਰ ਦਾ ਅੰਗ ਰਹੇ ਹਨ। ਕੇਂਦਰ ਸਰਕਾਰ ਦੀ ਤਰਕਹੀਣ ਰਣਨੀਤੀ ਵੀ ਇਹੋ ਜਿਹੇ ਹਾਲਾਤ ਲਈ ਜ਼ਿੰਮੇਵਾਰ ਹੈ। ਗ੍ਰਹਿ ਮੰਤਰੀ ਪੀ. ਚਿਦੰਬਰਮ ਸਰਕਾਰ ਵਲੋਂ ਗੱਲਬਾਤ ਅਰੰਭ ਕਰਨ ਲਈ ਸਹਿਮਤ ਹੋਣ ਨੂੰ ਹੀ ਇਕ ਵੱਡੀ ਗੱਲ ਸਮਝਦੇ ਹਨ ਅਤੇ ਅਲੀ ਸ਼ਾਹ ਗਿਲਾਨੀ ਨੂੰ ਕੇਂਦਰੀ ਧੁਰੇ ਵਜੋਂ ਪੇਸ਼ ਕਰ ਰਹੇ ਹਨ। ਜੋ ਲੋਕ ਉਨ੍ਹਾਂ ਨੂੰ ਸਲਾਹ ਦੇ ਰਹੇ ਹਨ, ਉਹ ਗਿਲਾਨੀ ਦੀ ਦੋਗਲੀ ਨੀਤੀ ਤੋਂ ਅਨਜਾਣ ਪ੍ਰਤੀਤ ਹੁੰਦੇ ਹਨ।

ਇਹ ਵੀ ਮੰਨਣਾ ਚਾਹੀਦਾ ਹੈ ਕਿ ਜੋ ਨੌਜਵਾਨ ਪੱਥਰ ਮਾਰ ਰਹੇ ਹਨ, ਉਹ ਸਾਰੀਆਂ ਰਾਜਨੀਤਕ ਪਾਰਟੀਆਂ ਤੋਂ ਅੱਕ ਚੁੱਕੇ ਹਨ ਅਤੇ ਵਾਦੀ ਦੇ ਭਵਿੱਖ ਨੂੰ ਸੰਵਾਰਨ ਲਈ ਸਥਾਈ ਹੱਲ ਦੀ ਮੰਗ ਕਰ ਰਹੇ ਹਨ। ਪ੍ਰਧਾਨ ਮੰਤਰੀ ਦੇ ਖੁਦਮੁਖਤਿਆਰੀ ਬਾਰੇ ਬਿਆਨ ਨੇ ਇਕ ਸ਼ੁਰੂਆਤ ਕੀਤੀ ਹੈ ਪਰ ਇਸ ਦੀ ਇਸ ਲਈ ਪ੍ਰਸ਼ੰਸਾ ਕੀਤੀ ਜਾਣੀ ਚਾਹੀਦੀ ਹੈ ਕਿ ਇਸ ਸਬੰਧੀ ਅਮਲ ਵਿਚ ਦੇਸ਼ ਦੀਆਂ ਅਤੇ ਜੰਮੂ-ਕਸ਼ਮੀਰ ਦੀਆਂ ਸਾਰੀਆਂ ਪਾਰਟੀਆਂ ਨੂੰ ਸ਼ਾਮਿਲ ਕੀਤਾ ਜਾਏਗਾ। ਇਸ ਲਈ ਇਹ ਜ਼ਰੂਰੀ ਹੈ ਕਿ ਯਾਸੀਨ ਮਲਿਕ, ਸ਼ਬੀਰ ਸ਼ਾਹ, ਮੌਲਵੀ ਉਮਰ ਅਤੇ ਗਿਲਾਨੀ 'ਤੇ ਕੋਈ ਰੋਕ ਨਾ ਲਾਈ ਜਾਵੇ। ਇਨ੍ਹਾਂ ਸਾਰੇ ਨੇਤਾਵਾਂ ਨੂੰ ਕਹਿਣਾ ਚਾਹੀਦਾ ਹੈ ਕਿ ਉਹ ਭਾਰਤ ਦੇ ਪਾਕਿਸਤਾਨ ਨਾਲ ਕਸ਼ਮੀਰ ਮੁੱਦੇ ਸਬੰਧੀ ਵਿਵਾਦ ਨੂੰ ਪਾਸੇ ਛੱਡ ਕੇ ਸਪੱਸ਼ਟ ਤੌਰ 'ਤੇ ਇਸ ਮਸਲੇ ਦੇ ਹੱਲ ਲਈ ਆਪਣੇ ਸੁਝਾਅ ਦੇਣ। ਬਿਨਾਂ ਸ਼ੱਕ ਕਿਸੇ ਵੀ ਪਰਸਪਰ ਸਮਝੌਤੇ ਨੂੰ ਸਿਰੇ ਚੜ੍ਹਾਉਣ ਲਈ ਭਾਰਤ-ਪਾਕਿ ਸਰਕਾਰਾਂ ਨੂੰ ਗੱਲਬਾਤ ਜਾਰੀ ਰੱਖਣੀ ਪਵੇਗੀ ਪਰ ਉਸ ਤੋਂ ਪਹਿਲਾਂ ਜ਼ਰੂਰੀ ਹੈ ਕਿ ਸਰਕਾਰ ਅਤੇ ਭਾਰਤੀ ਰਾਜਨੀਤਕ ਦਲ ਕਿਸੇ ਇਕ ਹੱਲ 'ਤੇ ਸਹਿਮਤ ਹੋਣ, ਜਿਸ ਨਾਲ ਕੋਈ ਸਥਾਈ ਹੱਲ ਲੱਭਿਆ ਜਾ ਸਕੇ।

ਮੀਰਵਾਇਜ਼ ਅਤੇ ਗਿਲਾਨੀ ਦੀ ਇਹ ਦਲੀਲ ਕਿ 1947 ਤੋਂ ਪਹਿਲਾਂ ਜਿਹੜਾ ਜੰਮੂ-ਕਸ਼ਮੀਰ ਇਕ ਇਕਾਈ ਦੇ ਤੌਰ 'ਤੇ ਮੌਜੂਦ ਸੀ, ਉਸ ਨੂੰ ਪਾਕਿਸਤਾਨ 'ਚ ਸ਼ਾਮਿਲ ਹੋਣ ਦੀ ਖੁੱਲ੍ਹ ਹੋਵੇ, ਨਾਲ ਗੱਲ ਅਰੰਭ ਨਹੀਂ ਹੋ ਸਕਦੀ। ਇਸ ਸੰਦਰਭ ਵਿਚ ਕਾਨੂੰਨਦਾਨ ਐਲਸਟਰ ਲੰਬ ਦੀ ਰਾਏ (ਜੋ ਪਾਕਿਸਤਾਨ ਨੇ ਹਾਸਲ ਕੀਤੀ ਸੀ) ਨੂੰ ਦੁਹਰਾਉਣਾ ਵਧੀਆ ਰਹੇਗਾ ਕਿ ਇਹ ਸਪੱਸ਼ਟ ਹੈ ਕਿ ਕਸ਼ਮੀਰੀ ਮਹਾਰਾਜਾ ਨੇ ਭਾਰਤ ਵਿਚ ਸ਼ਾਮਿਲ ਹੋਣ ਦਾ ਨਿਰਣਾ ਲਿਆ ਸੀ ਜੋ 1947 ਐਕਟ ਦੇ ਅਨੁਸਾਰ ਉਸ ਦਾ ਹੱਕ ਬਣਦਾ ਸੀ। ਇਸ ਲਈ ਫਿਰਕੂ ਮੁੱਦੇ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਕੀ ਇਹ ਭੱਦਰਪੁਰਸ਼ ਪਾਕਿਸਤਾਨ ਨੂੰ ਕਹਿਣਗੇ ਕਿ ਉਹ ਜੰਮੂ-ਕਸ਼ਮੀਰ ਦੇ ਆਪਣੇ ਅਧਿਕਾਰ ਹੇਠਲੇ ਹਿੱਸੇ ਨੂੰ ਛੱਡ ਦੇਵੇ? ਅਤੇ ਜਦੋਂ ਉਹ ਪੂਰੇ ਕਸ਼ਮੀਰ ਦੀ ਗੱਲ ਕਰਦੇ ਹਨ ਤਾਂ ਇਹ ਵੀ ਸਪੱਸ਼ਟ ਕਰਨ ਕਿ ਅਕਸਾਈਚਿਨ (ਜੰਮੂ ਅਤੇ ਕਸ਼ਮੀਰ) ਵਿਚ ਹਜ਼ਾਰਾਂ ਵਰਗ ਮੀਲ ਖੇਤਰ ਜੋ ਪਾਕਿਸਤਾਨ ਨੇ ਪੱਕੇ ਤੌਰ 'ਤੇ ਚੀਨ ਨੂੰ ਦੇ ਦਿੱਤਾ ਹੈ, ਉਸ ਨੂੰ ਵਾਪਸ ਲੈਣ ਸਬੰਧੀ ਉਨ੍ਹਾਂ ਦਾ ਪੈਂਤੜਾ ਕੀ ਹੈ? ਇਸ ਦੇ ਨਾਲ ਹੀ ਉਨ੍ਹਾਂ ਨੂੰ ਇਹ ਵੀ ਸੱਪਸ਼ਟ ਕਰਨਾ ਪਵੇਗਾ ਕਿ ਬਾਲਤਿਸਤਾਨ ਅਤੇ ਉਤਰੀ ਖੇਤਰ, ਜਿਨ੍ਹਾਂ ਨੂੰ ਕਾਨੂੰਨ ਪਾਸ ਕਰਕੇ ਪਾਕਿਸਤਾਨ ਨੇ ਸਿੱਧੇ ਤੌਰ 'ਤੇ ਆਪਣੇ ਦੇਸ਼ ਵਿਚ ਮਿਲਾ ਲਿਆ ਹੈ, ਨੂੰ ਮੁੜ ਪਹਿਲਾਂ ਵਾਲੀ ਸਥਿਤੀ ਵਿਚ ਕਿਵੇਂ ਲਿਆਂਦਾ ਜਾ ਸਕੇਗਾ?

ਸੋ, ਪੁਰਾਣੇ ਜੰਮੂ-ਕਸ਼ਮੀਰ ਪ੍ਰਤੀ ਹੇਰਵਾ ਪ੍ਰਗਟ ਕਰਕੇ ਕੌਣ ਕਿਸ ਨੂੰ ਮੂਰਖ ਬਣਾ ਰਿਹਾ ਹੈ? ਮੈਂ ਨਹੀਂ ਮੰਨਦਾ ਕਿ ਪਾਕਿਸਤਾਨੀ ਨੇਤਾ ਅਤੇ ਗਿਲਾਨੀ ਵਰਗੇ ਲੋਕ ਏਨੇ ਗਲਤ ਸਲਾਹਾਂ ਤੋਂ ਪ੍ਰਭਾਵਿਤ ਹੋਣਗੇ ਕਿ ਉਨ੍ਹਾਂ ਨੂੰ ਇਹ ਸਮਝ ਨਹੀਂ ਹੋਵੇਗੀ ਕਿ ਭਾਰਤ ਵਿਚ ਸ਼ਾਮਿਲ ਕਸ਼ਮੀਰ ਸਬੰਧੀ ਕੋਈ ਗੱਲਬਾਤ ਨਹੀਂ ਹੋ ਸਕਦੀ। ਮੈਂ ਇਹ ਵੀ ਸੋਚਦਾ ਹਾਂ ਕਿ ਭਾਰਤ ਦੇ ਰਾਜਨੀਤਕ ਦਲ ਏਨੇ ਮੰਦਬੁੱਧੀ ਨਹੀਂ ਹੋ ਸਕਦੇ ਕਿ ਉਹ ਇਨ੍ਹਾਂ ਜ਼ਮੀਨੀ ਹਕੀਕਤਾਂ ਨੂੰ ਨਾ ਸਮਝ ਸਕਦੇ ਹੋਣ ਕਿ ਦੋ ਦਹਾਕਿਆਂ ਦੇ ਅਤਿਵਾਦ ਅਤੇ ਬੇਗਾਨਗੀ ਦੇ ਕਾਰਨ ਕਸ਼ਮੀਰ ਨੇ ਮਨੁੱਖੀ ਘਾਣ ਦੇ ਰੂਪ ਵਿਚ ਜੋ ਕੀਮਤ ਅਦਾ ਕੀਤੀ ਹੈ, ਉਸ ਤੋਂ ਬਾਅਦ ਜੰਮੂ-ਕਸ਼ਮੀਰ ਦੇ ਮਸਲੇ ਦਾ ਹੱਲ ਆਮ ਕੇਂਦਰ-ਰਾਜ ਸਬੰਧਾਂ ਦੇ ਚੌਖਟੇ ਵਿਚ ਰਹਿ ਕੇ ਨਹੀਂ ਹੋ ਸਕਦਾ। ਏਦਾਂ ਦਾ ਭਰੋਸਾ ਦੇਣ ਸਮੇਂ ਕੇਂਦਰ ਸਰਕਾਰ ਨੂੰ ਹੁਣ ਇਹ ਗੱਲ ਮੰਨਣੀ ਚਾਹੀਦੀ ਹੈ ਕਿ 1947 ਵਿਚ ਰੱਖਿਆ, ਵਿਦੇਸ਼ੀ ਮਾਮਲੇ, ਸੰਚਾਰ ਤੇ ਕਰੰਸੀ ਆਦਿ ਵਿਸ਼ੇ ਕੇਂਦਰ ਸਰਕਾਰ ਲਈ ਛੱਡ ਕੇ ਬਾਕੀ ਸਾਰੇ ਵਿਸ਼ੇ ਜੰਮੂ-ਕਸ਼ਮੀਰ ਦੀ ਸਰਕਾਰ ਨੂੰ ਦੇਣੇ ਤੈਅ ਕੀਤੇ ਗਏ ਸਨ। ਇਸ ਸਬੰਧੀ ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਹੋਰ ਵਿਸ਼ਵਾਸ ਬੰਨ੍ਹਾਉਣ ਲਈ ਕੇਂਦਰੀ ਸਰਕਾਰ ਨੂੰ ਇਕ-ਪਾਸੜ ਤੌਰ 'ਤੇ ਉਹ ਸਾਰੇ ਕੇਂਦਰੀ ਕਾਨੂੰਨ ਵਾਪਸ ਲੈਣ ਲਈ ਸਹਿਮਤ ਹੋ ਜਾਣਾ ਚਾਹੀਦਾ ਹੈ ਜਿਹੜੇ ਜੰਮੂ-ਕਸ਼ਮੀਰ ਤੱਕ ਵਧਾਏ ਗਏ ਹਨ। ਇਸ ਤੋਂ ਬਾਅਦ ਇਹ ਜੰਮੂ-ਕਸ਼ਮੀਰ ਵਿਧਾਨ ਸਭਾ ਦਾ ਕੰਮ ਹੋਵੇਗਾ ਕਿ ਉਨ੍ਹਾਂ ਕਾਨੂੰਨਾਂ ਦੀ ਥਾਂ ਨਵੇਂ ਕਾਨੂੰਨ ਬਣਾਏ ਜਾਂ ਉਨ੍ਹਾਂ ਵਿਚ ਸੋਧਾਂ ਕਰਕੇ ਉਨ੍ਹਾਂ ਨੂੰ ਅਪਨਾ ਲਵੇ। ਇਸ ਦਾ ਕੁਝ ਲੋਕ ਇਹ ਕਹਿ ਕੇ ਵਿਰੋਧ ਕਰਨਗੇ ਕਿ ਇਹ ਇਕ ਵੱਖਰੀ ਸ਼੍ਰੇਣੀ ਕਾਇਮ ਕਰਨ ਵਾਲੀ ਗੱਲ ਹੋਵੇਗੀ, ਜਦੋਂਕਿ ਦੂਜੇ ਰਾਜਾਂ ਲਈ ਅਜਿਹੀ ਵਿਵਸਥਾ ਨਹੀਂ ਹੈ। ਪਰ ਇਸ ਤੋਂ ਕਿਸੇ ਨੂੰ ਹੈਰਾਨ ਹੋਣ ਦੀ ਕੀ ਲੋੜ ਹੈ ਕਿਉਂਕਿ ਭਾਰਤੀ ਸੰਵਿਧਾਨ ਵਿਚ ਜੰਮੂ-ਕਸ਼ਮੀਰ ਨੂੰ ਧਾਰਾ 370 ਅਧੀਨ ਵਿਸ਼ੇਸ਼ ਕੇਸ ਦੇ ਰੂਪ ਵਿਚ ਮਾਨਤਾ ਦਿੱਤੀ ਗਈ ਹੈ। ਮੇਰੇ ਇਹ ਸੁਝਾਅ ਧਾਰਾ 370 ਦੇ ਪਹਿਲੇ ਸਰੂਪ ਵਿਚ ਜਾਨ ਪਾਉਣ ਵਾਲੇ ਹੀ ਹਨ। ਇਸ ਦਾ ਇਹ ਅਰਥ ਨਹੀਂ ਹੈ ਕਿ ਜੰਮੂ-ਕਸ਼ਮੀਰ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਜਾਵੇ।

ਅਸਲ ਵਿਚ ਸਾਰੇ ਯਤਨ ਰਾਜ ਨੂੰ ਇਕ ਰੱਖਣ ਵਲ ਹੀ ਸੇਧਤ ਹੋਣੇ ਚਾਹੀਦੇ ਹਨ। ਜਿੱਥੋਂ ਤੱਕ ਰਾਜ ਦੇ ਦੋਵਾਂ ਹਿੱਸਿਆਂ ਵਿਚਕਾਰ ਦੀਆਂ ਸਰਹੱਦਾਂ ਦਾ ਸਬੰਧ ਹੈ, ਉਨ੍ਹਾਂ ਨੂੰ ਅਮਰੀਕਾ ਅਤੇ ਕੈਨੇਡਾ ਵਾਂਗ ਜਾਂ ਯੂਰਪੀਨ ਯੂਨੀਅਨ ਦੀਆਂ ਸਰਹੱਦਾਂ ਵਾਂਗ ਉਦਾਰ ਬਣਾਇਆ ਜਾਣਾ ਚਾਹੀਦਾ ਹੈ। ਜੰਮੂ-ਕਸ਼ਮੀਰ ਦੇ ਦੋਵਾਂ ਹਿੱਸਿਆਂ ਦੇ ਲੋਕਾਂ ਨੂੰ ਯਾਤਰਾ ਕਰਨ ਅਤੇ ਇਕ-ਦੂਜੇ ਨਾਲ ਵਪਾਰ ਕਰਨ ਵਿਚ ਕੋਈ ਸਮੱਸਿਆ ਨਹੀਂ ਆਉਣੀ ਚਾਹੀਦੀ।

ਇਸ ਦੇ ਨਾਲ ਹੀ ਹਾਲ ਹੀ ਵਿਚ ਸੁਰੱਖਿਆ ਦਲਾਂ ਦੀਆਂ ਗੋਲੀਆਂ ਨਾਲ ਜਿਹੜੀਆਂ ਮੌਤਾਂ ਹੋਈਆਂ ਹਨ, ਉਨ੍ਹਾਂ ਸਬੰਧੀ ਫੌਰੀ ਤੌਰ 'ਤੇ ਨਿਆਂਇਕ ਜਾਂਚ ਕਰਵਾਈ ਜਾਣੀ ਚਾਹੀਦੀ ਹੈ। ਉਦਾਰਤਾ ਦਾ ਪ੍ਰਗਟਾਵਾ ਕਰਨ ਦੀ ਪਹਿਲ ਵਜੋਂ ਹਥਿਆਰਬੰਦ ਸੇਵਾਵਾਂ ਸੰਬੰਧੀ ਐਕਟ ਨੂੰ ਵਾਪਸ ਲੈ ਲਿਆ ਜਾਣਾ ਚਾਹੀਦਾ ਹੈ। ਲੋੜ ਪੈਣ 'ਤੇ ਇਕ ਆਮ ਨਾਗਰਿਕ ਵੀ ਆਪਣੀ ਸੁਰੱਖਿਆ ਲਈ ਤਾਕਤ ਦੀ ਵਰਤੋਂ ਕਰ ਸਕਦਾ ਹੈ, ਜਿਸਦੀ ਕਿ ਬਾਅਦ ਵਿਚ ਨਿਆਂਇਕ ਪੁਣ-ਛਾਣ ਹੋ ਸਕਦੀ ਹੈ। ਫਿਰ ਅਜਿਹੇ ਕਾਨੂੰਨ ਨੂੰ ਕਾਇਮ ਰੱਖਣ ਦੀ ਕੀ ਲੋੜ ਹੈ, ਜਿਸ ਨੂੰ ਵਾਦੀ ਵਿਚ ਸ਼ਾਂਤੀ ਕਾਇਮ ਕਰਨ ਦੇ ਮਾਮਲੇ ਵਿਚ ਰੁਕਾਵਟ ਸਮਝਿਆ ਜਾ ਰਿਹਾ ਹੈ।

# ਇੰਡੀਆ ਵਿਚ ਜਾਇਦਾਦ ਖਰੀਦਣੀ/ਵੇਚਣੀ ਹੈ?

**ਪੰਜਾਬ, ਹਰਿਆਣਾ, ਹਿਮਾਚਲ, ਚੰਡੀਗੜ੍ਹ ਅਤੇ ਰਾਜਸਥਾਨ ਵਿਚ ਕਿਸੇ ਵੀ ਤਰ੍ਹਾਂ ਦੀ ਜ਼ਮੀਨ ਜਾਇਦਾਦ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ:**

**ਰਵੀ ਗੋਂਡਲ**
**ਫੋਨ: 916-812-1044**
**ਮਨੀ ਗੋਂਡਲ**
**ਫੋਨ: 775-224-6076**

**ਅਸੀਂ ਅਮਰੀਕਾ ਵਿਚ ਵੀ ਜਾਇਦਾਦ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਵਿਚ ਮਦਦ ਕਰ ਸਕਦੇ ਹਾਂ।**



# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**ਸੈਕਰਾਮੈਂਟੋ, ਕੈਲੀਫੋਰਨੀਆ**

*National Truck Driving School*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

**Kashmir S. Thandi**
**Office: (866) 933-3038**
**Balhar S. Ranu**
**Cell:916-502-7733**

**4585 Pell Dr. Secramento CA, 95838**



**San Jose ਤੋਂ Sacramento ਅਤੇ Yuba City ਵਿੱਚ ਸੁਣਿਆ ਜਾਣ ਵਾਲਾ**

ਜਿਨ੍ਹਾਂ ਕੋਲ ਚਿਪ ਵਾਲਾ "ਰੇਡੀਓ ਹਮਸਫਰ" (94.1FM Berkeley) ਹੈ ਪੰਜਾਬੀ ਰੇਡੀਓ ਉਸ ਉਪਰ ਬਹੁਤ ਜਲਦ ਸੁਣਿਆ ਜਾ ਸਕੇਗਾ

# ਪੰਜਾਬੀ ਰੇਡੀਓ Punjabi RADIO

**24 ਘੰਟੇ ਚੱਲਣ ਵਾਲਾ ਪੰਜਾਬੀ ਰੇਡੀਓ**

Bay Area ਵਿਚ ਜਿਨ੍ਹਾਂ ਕੋਲ ਚਿਪ ਵਾਲਾ Voice of Punjab ਜਾਂ Punjab Radio ਹੈ, ਉਹ ਪ੍ਰੋਗਰਾਮ ਹੁਣ ਵੀ ਸੁਣ ਸਕਦੇ ਹਨ।

### ਖ਼ਬਰਾਂ
ਹਰ ਘੰਟੇ ਬਾਅਦ ਸਟੂਡੀਓ ਤੋਂ
ਹਰ ਰੋਜ ਸਵੇਰ 9.00 ਵਜੇ ਅਤੇ ਸ਼ਾਮ 9.00 ਵਜੇ ਪੰਜਾਬ ਤੋਂ
ਦੁਨੀਆਂ 'ਚ ਕਿਤੇ ਵੀ ਆਨਲਾਈਨ, ਆਈ ਫੋਨ, ਬਲੈਕ ਬੇਰੀ ਉਪਰ ਲਾਈਵ ਸੁਣ ਸਕਦੇ ਹੋ।
www.punjabiradiousa.com

### ਗੁਰਬਾਣੀ ਪ੍ਰੋਗਰਾਮ
ਸਵੇਰ ਨੂੰ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਗੁਰਦੁਆਰਾ ਸਾਹਿਬ ਫਰੀਮਾਂਟ ਤੋਂ
ਸ਼ਾਮ ਨੂੰ ਗੁਰਦੁਆਰਾ ਸਾਹਿਬ ਸੈਨਹੋਜ਼ੇ ਤੋਂ

### ਸਪੈਸਲ ਟਾਕ ਸ਼ੋਅ ਹਰ ਰੋਜ
ਸ਼ਾਮ 8.00 ਤੋਂ 9.00 ਵਜੇ ਤੱਕ

**ਪੰਜਾਬੀ ਰੇਡੀਓ Sacramento Area ਵਿਚ Oct 1st, 2010 ਨੂੰ ਸ਼ੁਰੂ ਹੋ ਰਿਹਾ ਹੈ।**
**ਰੇਡੀਓ ਪ੍ਰਾਪਤ ਕਰਨ ਲਈ ਸਟੋਰਾਂ ਦੇ ਨਾਮ ਬਹੁਤ ਜਲਦੀ ਦਿੱਤੇ ਜਾਣਗੇ**

**Bay Area ਵਿਚ ਰੇਡੀਓ ਇਨ੍ਹਾਂ ਸਟੋਰਾਂ ਤੋਂ ਪ੍ਰਾਪਤ ਕਰੋ ਜੀ**

**Royal Fabrics** - Union City • **Singh Video** - Santa Clara • **Mckee Liquors** - San Jose • **Bhai Khushminder Singh**

ਹੋਰ ਜਾਣਕਾਰੀ ਲਈ **Phone : 408.600.7891**
Email: punjabiradiousa@yahoo.com
3750 McKee Road, # B, San Jose CA 95127

# ਮੁਬਾਰਕਾਂ ਮੁਬਾਰਕਾਂ ਮੁਬਾਰਕਾਂ



**ਪ੍ਰਕਾਸ਼ ਸਿੰਘ ਬਾਦਲ**
(ਮੁੱਖ ਮੰਤਰੀ ਪੰਜਾਬ ਅਤੇ
ਚੀਫ ਪੈਟਰਨ ਐਨ.ਆਰ.ਆਈ ਸਭਾ)



**ਸੁਖਬੀਰ ਸਿੰਘ ਬਾਦਲ**
ਉਪ ਮੁੱਖ ਮੰਤਰੀ ਪੰਜਾਬ



**ਜਥੇ. ਸੇਵਾ ਸਿੰਘ ਸੇਖਵਾਂ**
ਲੋਕ ਸੰਪਰਕ ਅਤੇ ਐਨ.ਆਰ.ਆਈ ਮੰਤਰੀ ਪੰਜਾਬ



**ਕਮਲਜੀਤ ਸਿੰਘ ਹੇਅਰ**
ਪ੍ਰਧਾਨ ਐਨ.ਆਰ.ਆਈ ਸਭਾ



**ਜੋਬਨਜੀਤ ਸਿੰਘ ਬੌਬੀ**
ਚੇਅਰਮੈਨ ਐਨ.ਆਰ.ਆਈ ਸਭਾ ਅਮਰੀਕਾ

ਉਘੇ ਯੂਥ ਆਗੂ ਜੋਬਨਜੀਤ ਸਿੰਘ ਬੌਬੀ ਨੂੰ ਐਨ.ਆਰ.ਆਈ. ਸਭਾ ਅਮਰੀਕਾ ਦਾ ਚੇਅਰਮੈਨ ਬਣਨ ਤੇ ਉਹਨਾਂ ਨੂੰ ਵਧਾਈ ਦਿੰਦੇ ਹਾਂ। ਅਸੀਂ ਉਹਨਾਂ ਦੀ ਇਸ ਨਿਯੁਕਤੀ ਉੱਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਲੋਕ ਸੰਪਰਕ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਅਤੇ ਐਨ.ਆਰ.ਆਈ. ਸਭਾ ਦੇ ਪ੍ਰਧਾਨ ਕਮਲਜੀਤ ਸਿੰਘ ਹੇਅਰ ਦਾ ਧੰਨਵਾਦ ਕਰਦੇ ਹਾਂ ਜਿਹਨਾਂ ਨੇ ਇਕ ਪੜ੍ਹੇ-ਲਿਖੇ ਇਮਾਨਦਾਰ ਉਤਸ਼ਾਹੀ ਨੌਜਵਾਨ ਨੂੰ ਐਨ.ਆਰ.ਆਈ. ਸਭਾ ਅਮਰੀਕਾ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਅਸੀਂ ਉਮੀਦ ਕਰਦੇ ਹਾਂ ਕਿ ਸ: ਜੋਬਨਜੀਤ ਸਿੰਘ ਬੌਬੀ ਆਪਣੀ ਇਸ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ।

ਵਲੋਂ :

ਸਰਪ੍ਰਸਤ ਮੇਅਰ ਹਾਰਵੀ ਹਾਲ (ਬੇਕਰਸਫੀਲਡ) ਚੇਅਰਮੈਨ ਜਗਦੀਸ਼ ਢਿੱਲੋਂ, ਨਾਜਰ ਸਿੰਘ ਕੂਨਰ (ਬਾਨੀ ਪ੍ਰਧਾਨ), ਗੁਰਜੋਧਾ ਸਿੰਘ ਖਾਲਸਾ (ਅਟਾਰਨੀ) ਅਤੇ ਸਮੂਹ ਆਹੁਦੇਦਾਰ ਸਹਿਬਾਨ
ਸਿਸਟਰ ਸਿਟੀ ਬੇਕਰਸਫੀਲਡ ਸ੍ਰੀ ਅੰਮ੍ਰਿਤਸਰ ਸਾਹਿਬ

# Dhillon Truck Stop
# Dhillon Road Service

Interstate 40, exit 356, San Jon, NM

*Gill Manj Gurdaspur Wale*

ਪੰਜਾਬੀ ਢਾਬਾ



ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

**Ph:575-576-4111, 317-918-6776**



* ਵਿਆਹ ਸ਼ਾਦੀਆਂ
* ਜਨਮ ਦਿਨ
* ਮੰਗਣੀ
* ਗਰੈਜੂਏਸ਼ਨ ਪਾਰਟੀ
* ਖ਼ੁਸ਼ੀ ਦੇ ਹੋਰ ਮੌਕੇ

* ਢੋਲੀ
* ਡਾਂਸਰ
* ਲਾਈਟਾਂ



» Explicit Dholis
» Dancers
» Intelligent Lighting

PUNJABI | HINDI | HIP HOP | RAP

**desi soundz**

HOTTEST DJ IN BAY AREA

DJ Kamal 408.413.8350
DJ Kirna 510.648.4354
desi_soundz408@yahoo.com



# M.K. Nijjar DDS
# Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*

*Treatments & Prevention of Gum Diseases New Patients & Children Welcome*

**510-794-7058**

WWW.DRNIJJAR.COM

*(Across From Washigton Hospital & Bart)*
*1895 Mowry Ave. Ste 104 Fremont*



★★★★★★★★★★★★★★★★★★★

ANDRAE GONZALES FOR SCHOOL BOARD

Join our community campaign to put...

# Children First

visit www.andraegonzales.com

ਬੇਕਰਸਫੀਲਡ ਸਕੂਲ ਬੋਰਡ ਦੀਆਂ ਚੋਣਾਂ ਵਾਸਤੇ ਉਮੀਦਵਾਰ ਆਂਦਰੇ ਗੁੰਜਾਲਿਸ ਨੂੰ ਆਪਣਾ ਕੀਮਤੀ ਵੋਟ ਦਿਓ ਜੀ



**Andrae Gonzales is running for Bakersfield City School District board of trustees because of his deep commitment to community service and his passion to serve others. As a school board member, he will work to put children first.**

Andrae was born and raised in east Bakersfield. Andrae is a product of the Bakersfield City School District, attending Harding Elementary School and Compton Junior High School. At Compton, Andrae was elected to his first public office as Associated Student Body President. Andrae attended East Bakersfield High School, where he served as Student Body President his senior year. In 2000, Andrae went off to UC Berkeley, where he studied Political Science and Public Policy. In 2005, Andrae moved back home to Bakersfield to do community work. He believed that "if (he) wanted to do community development work, what better place to begin than in his own community."

## Andrae's Priorities

**1: Children First.**
Andrae is a product of the Bakersfield City School District. The district's great teachers, strong support staff, and excellent administrators contributed to his academic success. If elected, Andrae will bring a renewed spirit to put all children first, above all else, in every decision he makes.

**2: Teach Children How to Think, not how to take tests.**
A child is more than a test score. Andrae believes that assessment is important, but should advance learning, not simply audit children's test-taking skills. Andrae will work to encourage the development of students' critical thinking skills, curiosity, imagination, leadership skills, judgment, sense of humor, sportsmanship, ethics, creativity, work ethic, teamwork, and innovative spirit.

**3: Engage Parents in Schools.**
The best teacher a child can have is a parent. In 2007, Andrae played a vital role in bringing over $150,000 in grants to eight local schools for parent-teacher home visits. As a school board member, he will continue to seek out innovative ways to engage more parents in schools.

**4: Create a Community Classroom.**
Many people throughout our community care deeply about our children. Andrae will lead the way to bring together educators, community stakeholders, business leaders, non-profits and social service agency heads to work towards a new vision for more prosperous neighborhoods that support safe and healthy child development.

For More Information and to get involved, visit www.andraegonzales.com
Find us on Facebook!
Paid for by the Andrae Gonzales for BCSD School Board Campaign 2010 Committee.
Committee ID # 1326393



# G.M. Lawrence Insurance Brokerage ਅਤੇ Valley Truck Services

## ਟਰੱਕ ਇੰਸ਼ੋਰੈਂਸ ਸੇਵਾਵਾਂ

- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

## ਸਾਡੀਆਂ ਟਰੱਕਿੰਗ ਸੇਵਾਵਾਂ

- California DMV Services
  - » *New License Plates & Renewals*
- Interstate & Intrastate Permits
  - » *DOT #, MC #, CA #*
  - » *IFTA, UCR, MCP*
  - » *NM, KY, NY, OR Permits*
  - » *Highway Use Tax(2290)*
- Truck Financing
- Corporation Setup
- Document Typing



ਸਾਨੂੰ ਅੱਜ ਹੀ ਕਾਲ ਕਰੋ

**ਟਰੱਕ ਇੰਸ਼ੋਰੈਂਸ ਵਾਸਤੇ**
*Daljit Singh Khehra,*
*License No: 0522491*
*Tel: 209-474-2771*
*Fax: 209-474-0215*
*Daljit@gmlawernceins.com*

**ਟਰਕਿੰਗ ਸੇਵਾਵਾਂ ਵਾਸਤੇ**
*Rajwinder Khehra and Daljit Kaur*
*Tel: 209-390-8800*
*Fax: 209-594-1380*
*Raj@valleytruckservices.com*
*www.valleytruckservices.com*




ਟਰੱਕਿੰਗ ਬਿਜ਼ਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ

**Ph:(209) 474-2771, (888) 474-2771**

7746 Lorraine Aenue #214, Stockton, CA 95210

ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾਂ ਇਕੋ ਜਗ੍ਹਾ ਤੇ

# ਅਮਰੀਕਾ ਤੋਂ ਇੰਡੀਆ ਨੂੰ ਹੈਲੀਕਾਪਟਰ ਉਡਾਣ ਰਾਹੀਂ ਇਤਿਹਾਸ ਸਿਰਜਿਆ

**ਸ਼ਿਕਾਗੋ:** ਗਲੋਬਲ ਏਵੀਏਸ਼ਨ ਇੰਕ ਨੇ ਹੈਲੀਕਾਪਟਰ ਸਨਅਤ ਵਿਚ ਉਸ ਸਮੇਂ ਇਕ ਨਵਾਂ ਇਤਿਹਾਸ ਸਿਰਜਿਆ ਜਦੋਂ ਇਸ ਦੇ ਪਾਇਲਟਾਂ ਨੇ ਫਿਲਾਡੈਲਫੀਆ ਤੋਂ ਨਵੀਂ ਦਿੱਲੀ ਤਕ ਆਗਸਟਾ 109 ਗਰੈਂਡ ਹੈਲੀਕਾਪਟਰ ਰਾਹੀਂ ਉਡਾਣ ਭਰੀ। ਗਲੋਬਲ ਏਵੀਏਸ਼ਨ ਸੰਨ 2005 ਤੋਂ ਦੱਖਣ ਏਸ਼ੀਆਈ ਮੁਲਕਾਂ ਨੂੰ ਹਵਾਈ ਜਹਾਜ ਅਤੇ ਹੈਲੀਕਾਪਟਰ ਬਰਾਮਦ ਕਰਦੀ ਆ ਰਹੀ ਹੈ। ਆਮ ਹਾਲਤਾਂ ਵਿਚ ਹੈਲੀਕਾਪਟਰ ਉਧੇੜ ਕੇ ਕਰੇਟ ਵਿਚ ਸ਼ਿਪ ਕੀਤੇ ਜਾਂਦੇ ਹਨ।

ਗਲੋਬਲ ਏਵੀਏਸ਼ਨ ਇੰਕ ਦੇ ਸੀ ਈ ਓ ਸ੍ਰੀ ਕਰਨ ਸਿੱਧੂ ਨੇ ਇਸ ਪ੍ਰਾਪਤੀ ਤੇ ਮਾਣ ਕਰਦਿਆਂ ਪੰਜਾਬ ਟਾਈਮਜ਼ ਨੂੰ ਦੱਸਿਆ ਕਿ ਸਾਨੂੰ ਇਹ ਉਪਰਾਲਾ ਕਰਨ ਲਈ ਵਿਉਂਤਬੰਦੀ ਕਰਨ ਵਿਚ ਸਾਲ ਤੋਂ ਵੀ ਵੱਧ ਸਮਾਂ ਲਗਿਆ। ਅਮਰੀਕਾ ਤੋਂ ਇੰਡੀਆ ਤਕ ਦੇ ਰਾਸਤੇ ਵਿਚ ਪੈਂਦੇ ਵਖ ਵਖ ਮੁਲਕਾਂ ਤੋਂ ਪ੍ਰਵਾਨਗੀ ਲੈਣ ਉਪਰੰਤ ਦੋਹਾਂ ਪਾਇਲਟਾਂ ਕੈਪਟਨ ਸਕੌਟ ਤੇ ਸਟੀਵ ਅਤੇ ਖੁਦ ਕਰਨ ਸਿੱਧੂ ਨੇ ਲੰਘੀ 30 ਅਗਸਤ ਨੂੰ ਬਾਅਦ ਦੁਪਹਿਰ 2.30 ਵਜੇ ਫਿਲਾਡੈਲਫੀਆ ਤੋਂ ਉਡਾਣ ਭਰੀ। ਇਥੇ ਜ਼ਿਕਰਯੋਗ ਹੈ ਕਿ ਸ੍ਰੀ ਕਰਨ ਸਿੱਧੂ ਸਿੱਖ ਭਾਈਚਾਰੇ ਦੇ ਇਕ ਉਘੇ ਪਤਵੰਤੇ ਅਤੇ ਗੁਰਦੁਆਰਾ ਕਰਾਊਨ ਪੁਆਇੰਟ, ਇੰਡੀਆਨਾ ਦੇ ਪ੍ਰਧਾਨ ਸ. ਗੁਰਨਾਮ ਸਿੰਘ ਸਿੱਧੂ ਦੇ ਸਪੁਤਰ ਹਨ।

ਹੈਲੀਕਾਪਟਰ ਦੀ ਇਸ ਉਡਾਣ ਨੂੰ ਫਿਲਾਡੈਲਫੀਆ ਤੋਂ ਇੰਡੀਆ ਪਹੁੰਚਣ ਲਈ 15 ਮੁਲਕਾਂ (ਕੈਨੇਡਾ, ਗਰੀਨਲੈਂਡ, ਆਈਸਲੈਂਡ, ਸਕਾਟਲੈਂਡ, ਇੰਗਲੈਂਡ, ਫਰਾਂਸ, ਇਟਲੀ, ਗਰੀਸ, ਮਿਸਰ, ਸਾਊਦੀ ਅਰਬ, ਅਬੂ ਧਾਬੀ, ਕਤਰ, ਓਮਾਨ ਅਤੇ ਪਾਕਿਸਤਾਨ ਵਿਚ ਤੇਲ ਭਰਨ ਅਤੇ ਆਰਾਮ ਕਰਨ ਲਈ 33 ਦਫਾ ਰੁਕਣਾ ਪਿਆ। ਇਸ ਉਡਾਣ ਦੌਰਾਨ ਕੁਲ 9300 ਨਾਟੀਕਲ ਮੀਲਾਂ ਦਾ ਸਫਰ ਕੀਤਾ ਗਿਆ ਜਿਸ ਵਿਚੋਂ 2800 ਮੀਲ ਸਮੁੰਦਰ ਉਤੇ ਸਨ। ਇਸ ਸਫਰ ਦੌਰਾਨ ਮੌਸਮ ਦੀਆਂ ਵਿਪਰੀਤ ਹਾਲਤਾਂ ਦਾ ਸਾਹਮਣਾ ਕਰਨਾ ਪਿਆ। ਜੇ ਗਰੀਨਲੈਂਡ ਵਿਚ ਤਾਪਮਾਨ ਮਨਫੀ 9 ਸੈਂਟੀਗਰੇਡ ਨਾਲ ਅਤਿ ਦੀ ਸੀਤ ਸੀ ਤਾਂ ਸਾਊਦੀ ਅਰਬ ਵਿਚ 52 ਸੈਂਟੀਗਰੇਡ ਡਿਗਰੀ ਨਾਲ ਲੂਹ ਦੇਣ ਵਾਲੀ ਗਰਮੀ। ਸ੍ਰੀ ਸਿੱਧੂ ਨੇ ਆਪਣੇ ਦੋਹਾਂ ਪਾਇਲਟਾਂ ਦੀ ਦਲੇਰੀ ਲਈ ਵੀ ਧੰਨਵਾਦ ਕੀਤਾ ਕਿਉਂਕਿ ਇਹ ਬਹੁਤ ਵਡੀ ਚੁਣੌਤੀ ਭਰੀ ਉਡਾਣ ਸੀ। ਇਸ ਮਾਅਰਕੇ ਨੂੰ ਗਿੰਨੀਜ਼ ਬੁਕ ਆਫ ਵਰਲਡ ਰਿਕਾਰਡਜ਼ ਵਿਚ ਦਰਜ਼ ਕਰਵਾਉਣ ਲਈ ਅਮਲ ਆਰੰਭ ਦਿਤਾ ਗਿਆ ਹੈ। ਇੰਡੀਆ ਵਿਚ ਸੂਰਜ ਛਿਪਣ ਪਿਛੋਂ ਉਤਰਨ ਵਾਲਾ ਇਹ ਪਹਿਲਾ ਹੈਲੀਕਾਪਟਰ ਸੀ ਕਿਉਂਕਿ ਡੀ ਜੀ ਸੀ ਏ ਦੇ ਨਿਯਮਾਂ ਮੁਤਾਬਕ ਜੇ ਕੋਈ ਹੈਲੀਕਾਪਟਰ ਆਈ ਐਫ ਆਰ ਸਰਟੀਫਾਈਡ ਨਹੀਂ ਹੈ ਤਾਂ ਰਾਤ ਨੂੰ ਉਡਾਣ ਨਹੀਂ ਭਰ ਸਕਦਾ। ਇਹ ਪਹਿਲਾ ਹੈਲੀਕਾਪਟਰ ਸੀ ਜੋ ਰਾਤ ਨੂੰ ਉਡਾਣ ਭਰਨ ਦੇ ਕਾਬਲ ਸੀ ਅਤੇ ਆਈ ਐਫ ਆਰ ਸਰਟੀਫਾਈਡ ਸੀ। ਇਸ ਤੋਂ ਪਹਿਲਾਂ ਕਿਸੇ ਹੈਲੀਕਾਪਟਰ ਅਤੇ ਕਿਸੇ ਭਾਰਤੀ ਪਾਇਲੈਟ ਨੇ ਅਮਰੀਕਾ ਤੋਂ ਇੰਡੀਆ ਨੂੰ ਉਡਾਣ ਨਹੀਂ ਭਰੀ।



ਸ੍ਰੀ ਸਿੱਧੂ ਅਨੁਸਾਰ ਇਹ ਉਡਾਣ ਬੱਚਿਆਂ ਦੇ ਹੱਕਾਂ ਨੂੰ ਸਮਰਪਿਤ ਸੀ ਅਤੇ ਇਸ ਨੇ ਨਵਾਂ ਰਿਕਾਰਡ ਕਾਇਮ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਉਡਾਣ ਨੂੰ ਬੱਚਿਆਂ ਦੇ ਹੱਕਾਂ ਪ੍ਰਤੀ ਸਮਰਪਿਤ ਕਰਨ ਦਾ ਮਨੋਰਥ ਭਾਰਤ ਅਤੇ ਹੋਰਨਾਂ ਦੇਸ਼ਾਂ ਵਿਚ ਬੱਚਿਆਂ ਦੇ ਹੱਕਾਂ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਹੈ ਕਿਉਂਕਿ ਅਮਰੀਕਾ ਦੇ ਮਰਹੂਮ ਰਾਸ਼ਟਰਪਤੀ ਸਵਰਗੀ ਜੌਹਨ ਐਫ. ਕੈਨੇਡੀ ਦੇ ਸ਼ਬਦਾਂ ਵਿਚ "ਬੱਚੇ ਵਿਸ਼ਵ ਦਾ ਸਭ ਤੋਂ ਵੱਧ ਮੁਲਵਾਨ ਸਰਮਾਇਆ ਅਤੇ ਭਵਿਖ ਦੀ ਆਸ ਹਨ।" ਅਸੀਂ ਇਹ ਕਰਿਸ਼ਮਾ ਆਪਣੇ ਕਾਰਪੋਰੇਟ ਭਾਈਵਾਲਾਂ ਅਤੇ ਸਥਾਨਕ ਸਪਾਂਸਰਾਂ ਦੇ ਸਹਿਯੋਗ ਨਾਲ ਹੀ ਕਰ ਸਕੇ ਹਾਂ ਅਤੇ ਅਸੀਂ ਉਨ੍ਹਾਂ ਦੇ ਬਹੁਤ ਧੰਨਵਾਦੀ ਹਾਂ।

ਸ੍ਰੀ ਸਿੱਧੂ ਨੇ ਦੱਸਿਆ ਕਿ ਇਹ ਉਡਾਣ 13 ਦਿਨਾਂ ਵਿਚ ਫਿਲਾਡੈਲਫੀਆ ਤੋਂ ਦਿੱਲੀ 12 ਸਤੰਬਰ ਨੂੰ ਪਹੁੰਚੀ ਜਿਥੇ ਉਨ੍ਹਾਂ ਦਾ ਸਵਾਗਤ ਡੀ ਜੀ ਸੀ ਏ (ਏਵੀਏਸ਼ਨ ਵਿਭਾਗ) ਦੇ ਜਾਇੰਟ ਡਾਇਰੈਕਟਰ ਜਨਰਲ ਸ੍ਰੀ ਆਰ ਪੀ ਸਾਹੀ, ਪਵਨ ਹੰਸ ਹੈਲੀਕਾਪਟਰਜ਼ ਲਿਮਟਿਡ ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਆਰ ਆਰ ਤਿਆਗੀ, ਏਵੀਏਸ਼ਨ ਇੰਡੀਆ ਪ੍ਰਾਈਵੇਟ ਲਿਮਟਿਡ ਦੇ ਚੇਅਰਮੈਨ ਕੈਪਟਨ ਨਿਧੀ ਨਰੂਲਾ, ਵਿੰਗ ਕਮਾਂਡਰ ਪ੍ਰਗਟ ਸਿੰਘ ਅਤੇ ਕਿੰਗਫਿਸ਼ਰ ਏਅਰਲਾਈਨ ਦੇ ਵਿੰਗ ਕਮਾਂਡਰ ਬੀ ਪੀ ਸਿੰਘ ਚੀਮਾ ਹਾਜਰ ਸਨ।

ਦਿੱਲੀ ਪਹੁੰਚਣ ਤੋਂ ਅਗਲੇ ਦਿਨ ਹੈਲੀਕਾਪਟਰ ਦਾ ਅਮਲਾ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਗਿਆ। ਕੰਪਨੀ ਵਲੋਂ ਬੱਚਿਆਂ ਦੀ ਸਾਂਭ-ਸੰਭਾਲ ਕਰਨ ਵਾਲੀਆਂ ਵਖ ਵਖ ਖੈਰਾਇਤੀ ਸੰਸਥਾਵਾਂ ਦੀ ਮਦਦ ਵੀ ਕੀਤੀ ਗਈ।




*ਕਰਨ ਸਿੱਧੂ (ਵਿਚਕਾਰ) ਪਾਇਲਟ ਕੈਪਟਨ ਸਕੌਟ ਅਤੇ ਸਟੀਵ ਨਾਲ*







Digital Home Advantage offer requires 24-month commitment and credit qualification. If service is terminated before the end of commitment, a cancellation fee of $17.50/month remaining will apply. All equipment is leased and must be returned to DISH Network upon cancellation or unreturned equipment fees apply. Limit 6 leased tuners per account; lease upgrade fees will apply for select receivers; monthly fees may apply based on type and number of receivers. HD programing requires HD television. All prices, packages and programming subject to changes without notice. Local channels only available in certain areas. Offer is subject to the terms of applicable Promotional and Residential Customer Agreements. Additional restrictions and fees may apply. First-time DISH Network customers only. Offer ends 09/28/2010.

ਖੁਸ਼ਖਬਰੀ! ਖੁਸ਼ਖਬਰੀ!! ਹਰ ਕੋਈ ਆਪਣੇ 'ਤੇ ਮਾਣ ਕਰਦਾ ਆਇਆ ਜੋ ਵੀ ਇਸ ਜਹਾਨ ਅੰਦਰ

# ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੀ

## 25 ਸਤੰਬਰ, 2010

(ਦਿਨ ਸਨਿਚਰਵਾਰ) ਸਵੇਰੇ 9 ਤੋਂ ਸ਼ਾਮ 6 ਵਜੇ ਤੱਕ

**ਸਥਾਨ** 25800 Carlos Bee Blvd, Hayward, CA-94542 (Cal State Hayward)

ਇਹ ਟੂਰਨਾਮੈਂਟ "ਕੈਲੀਫੋਰਨੀਆ ਕਬੱਡੀ ਫੈਡਰੇਸ਼ਨ" ਦੇ ਨਿਯਮਾਂ ਮੁਤਾਬਕ ਹੋਵੇਗਾ।

ਪੰਜਾਬ ਟਾਈਮਜ਼ ਦੇ ਸੰਪਾਦਕ ਅਮੋਲਕ ਸਿੰਘ ਜੰਮੂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।



### ਹੋਰ ਜਾਣਕਾਰੀ ਲਈ ਕਾਲ ਕਰੋ

ਚੇਅਰਮੈਨ
ਸ. ਅਮੋਲਕ ਸਿੰਘ ਗਾਖਲ
831-247-4637

ਪ੍ਰਧਾਨ
ਸ. ਬਲਬੀਰ ਸਿੰਘ ਭਾਟੀਆ
510-677-6248

ਜਨਰਲ ਸਕੱਤਰ
ਸ. ਗੁਰਦਾਵਰ ਸਿੰਘ ਮਹੇੜੂ
510-468-9381

ਕਬੱਡੀ ਕੋਚ ਯੂਨਾਈਟਿਡ ਕਲੱ
ਸ. ਪਰਮਜੀਤ ਸਿੰਘ ਸੰਧੂ
510-387-6997

ਐਗਜ਼ੈਕਟਿਵ ਕਮੇਟੀ ਡਾਇਰੈਕਟਰਜ਼: ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਪਲਵਿੰਦਰ ਸਿੰਘ ਗਾਖਲ, ਦਲਵਿੰਦਰ ਸਿੰਘ ਪੱਡਾ, ਕੁਲਦੀਪ ਸਿੰਘ ਮਾਨ, ਨਰਿੰਦਰ ਸਿੰਘ ਸਹੋਤਾ

### ਕਬੱਡੀ ਦੇ ਸਟਾਰ ਪਲੇਅਰ




ਪਹੁੰਚ ਰਹੀਆਂ ਟੀਮਾਂ: ਟੋਰਾਂਟੋ ਕਬੱਡੀ ਫੈਡਰੇਸ਼ਨ, ਵੈਨਕੂਵਰ ਕਬੱਡੀ ਫੈਡਰੇਸ਼ਨ, ਬੇ-ਏਰੀਆ ਸਪੋਰਟਸ ਕਬੱਡੀ ਕਲੱਬ, ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ (ਫਰਿਜ਼ਨੋ)। ਇਨ੍ਹਾਂ ਟੀਮਾਂ ਵਿਚ ਦੁਨੀਆਂ ਭਰ ਦੇ ਸੁਪਰ ਸਟਾਰ ਖਿਡਾਰੀ ਕਬੱਡੀ ਦੇ ਜੌਹਰ ਵਿਖਾਉਣਗੇ।

# ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ

33372 Palomino Com., Fremont, CA 94555, Ph:510-468-9381 or e-mail:2gsmann@gmail.com


ਨੋਟ:ਰਾਜਾ ਸਵੀਟਸ ਵਲੋਂ ਬਹੁਤ ਹੀ ਵਾਜਬ ਕੀਮਤਾਂ ਉਤੇ ਵਧੀਆ ਕੁਆਲਿਟੀ ਦਾ ਸਵਾਦਿਸ਼ਟ ਭੋਜਨ ਉਪਲਬਧ ਹੋਵੇਗਾ।


Pla
Gal
Jug
Raj
Dia
Gu
Gu
Ku
Ra
Par
Av
Tu
Ma
Ku
Da
No
Gu
Raj
Las
Am
Bal
Rag
LTA
Go
Gu

ਹਿੱਕਾਂ ਚੌੜੀਆਂ ਕਰਕੇ ਤੁਰਨ ਵਾਲੇ, ਪਰਖੇ ਸਦਾ ਹੀ ਜਾਂਦੇ ਮੈਦਾਨ ਅੰਦਰ।

**ਖੁਸ਼ਖਬਰੀ! ਖੁਸ਼ਖਬਰੀ!!**

# ਪੇਸ਼ਕਸ਼ ‘ਅੰਤਰਰਾਸ਼ਟਰੀ ਕਬੱਡੀ ਕੱਪ-2010’




**ਮੁੱਖ ਮਹਿਮਾਨ** — **ਵਿਸ਼ੇਸ਼ ਮਹਿਮਾਨ**



ਸ. ਸਰਵਣ ਸਿੰਘ ਬੱਲ



ਜਗੀਰ ਸਿੰਘ (ਸਬਜ਼ੀ ਮੰਡੀ)




ਨਿੱਕ ਗਾਖਲ

ਸ਼ਿਕਾਗੋ ਤੋਂ ਨਿੱਕ ਗਾਖਲ ਤੇ ਰਿਨੇ ਗਾਖਲ ਅਤੇ ਸੁਰਿੰਦਰ ਸਿੰਘ ਪੈਨਸਲਵੇਨੀਆ ਵੀ ਟੂਰਨਾਮੈਂਟ ਵਿਚ ਸ਼ਿਰਕਤ ਕਰਨਗੇ

ਜਗੀਰ ਸਿੰਘ ਅਤੇ ਨਿੱਕ ਗਾਖਲ (ਸ਼ਿਕਾਗੋ) ਤੇ ਰਿਨੇ ਗਾਖਲ ਵਲੋਂ ਬੈਸਟ ਰੇਡਰ ਤੇ ਬੈਸਟ ਸਟਾਪਰ ਨੂੰ ਸਨਮਾਨਿਤ ਕੀਤਾ ਜਾਵੇਗਾ।



ਸ. ਕਸ਼ਮੀਰ ਸਿੰਘ ਸਹੋਤਾ



ਸ. ਸੋਹਣ ਸਿੰਘ



ਸ. ਬਿੱਕਰ ਸਿੰਘ

ਪਹਿਲਾ ਇਨਾਮ ਸ. ਨਰਿੰਦਰ ਸਿੰਘ ਸਹੋਤਾ ਅਤੇ ਸ. ਜੁਗਰਾਜ ਸਿੰਘ ਸਹੋਤਾ ਵਲੋਂ ਆਪਣੇ ਪਿਤਾ ਸਵਰਗੀ ਕਸ਼ਮੀਰ ਸਿੰਘ ਸਹੋਤਾ (ਬੜਾ ਪਿੰਡ) ਦੀ ਯਾਦ 'ਚ 7500 ਡਾਲਰ ਦਾ ਹੋਵੇਗਾ।

ਦੂਜਾ ਇਨਾਮ ਸ. ਕੁਲਦੀਪ ਸਿੰਘ ਬੂਟਾ ਅਤੇ ਸ. ਜੋਗਿੰਦਰ ਸਿੰਘ ਸਾਬਕਾ ਚੇਅਰਮੈਨ ਬਲਾਕ ਸਮਿਤੀ (ਕਪੂਰਥਲਾ) ਵਲੋਂ ਆਪਣੇ ਪਿਤਾ ਸਵਰਗੀ ਸੋਹਣ ਸਿੰਘ ਸਿੱਧਵਾਂ ਦੋਨਾ ਦੀ ਨਿੱਘੀ ਯਾਦ ਵਿਚ 5500 ਡਾਲਰ ਦਾ ਹੋਵੇਗਾ।

ਸ. ਕੁਲਦੀਪ ਸਿੰਘ ਧਾਲੀਵਾਲ ਆਪਣੇ ਪਿਤਾ ਸਵਰਗੀ ਬਿੱਕਰ ਸਿੰਘ ਦੀ ਯਾਦ ਵਿਚ 5100 ਡਾਲਰ ਨਾਲ ਕਲੱਬ ਦੀ ਮਾਲੀ ਮਦਦ ਕਰਨਗੇ

## ਵਿਸ਼ੇਸ਼ ਸਨਮਾਨ

>ਕਬੱਡੀ ਕੋਚ ਸਰਦੂਲ ਸਿੰਘ ਰੰਧਾਵਾ ਅਤੇ ਕਬੱਡੀ ਦੇ ਸਾਬਕਾ ਖਿਡਾਰੀਆਂ- ਅਜੀਤ ਸਿੰਘ ਬੱਲ, ਮੇਜਰ ਸਿੰਘ ਬੈਂਸ, ਇਕਬਾਲ ਸਿੰਘ ਮਾਨ, ਮੰਦਰ ਤੇ ਪਾਲੀ ਮਹੇ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

>ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ ਤੇ ਚੇਅਰਮੈਨ ਬਲਜੀਤ ਸਿੰਘ ਸੰਧੂ, ਹੁਸਨ ਲੜੋਆ ਬੰਗਾ (ਪੱਤਰਕਾਰ ਅਜੀਤ-ਜਲੰਧਰ), ਸਾਧੂ ਸਿੰਘ ਖਲੌਰ, ਭਰਪੂਰ ਸਿੰਘ ਜਰਗ, ਜਗੀਰ ਸਿੰਘ ਕੰਦੋਲਾ ਤੇ ਗੁਰਦੇਵ ਸਿੰਘ ਸੋਹਲ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

>ਬਲਵਿੰਦਰ ਸਿੰਘ ਏ-ਵਨ ਕਾਰਪੈਟਸ (ਸ਼ਿਕਾਗੋ), ਸਰਦੂਲ ਸਿੰਘ ਰੰਧਾਵਾ, ਜੋਗਿੰਦਰ ਸਿੰਘ ਸਿਧਵਾਂ ਦੋਨਾ ਤੇ ਦਲਜੀਤ ਸਿੰਘ ਸੈਲਮ (ਓਰੇਗਨ) ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

## ਕੁਮੈਂਟੇਟਰ

ਰਾਜਵਿੰਦਰ ਸਿੰਘ ਰੰਡਿਆਲਾ, ਪ੍ਰੋ. ਮੱਖਣ ਸਿੰਘ, ਬੀਬੀ ਆਸ਼ਾ ਸ਼ਰਮਾ, ਸੁਖਵਿੰਦਰ ਸਿੰਘ ਸੰਘੇੜਾ

## ਮੀਡੀਆ ਸਪਾਂਸਰ

ਪੰਜਾਬ ਟਾਈਮਜ਼, ਰੇਡੀਓ ਚੜ੍ਹਦੀ ਕਲਾ (ਹੇਵਰਡ) ਤੇ ਉਤਮ ਖੇਡ ਕਬੱਡੀ, ਮਹਿੰਦਰ ਸਿੰਘ ਕੰਡਾ ਪ੍ਰੈਸ ਕਵਰੇਜ ਇੰਚਾਰਜ ਹੋਣਗੇ

## ਵੀਡੀਓ ਤੇ ਫੋਟੋਗ੍ਰਾਫੀ

ਸੈਣੀ ਸਟੂਡੀਓ



ਦਵਿੰਦਰ ਸਿੰਘ ਰਣੀਆ (ਜਨਰਲ ਸਕੱਤਰ ਅਕਾਲੀ ਦਲ ਅਮਰੀਕਾ) ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

**ਮੁੱਖ ਸਪਾਂਸਰ**

ਗਾਖਲ ਭਰਾ-ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਤੇ ਪਲਵਿੰਦਰ ਸਿੰਘ ਗਾਖਲ, ਰਾਜਾ ਸਵੀਟਸ ਅਤੇ ਤਾਜ ਇੰਸ਼ੋਰੈਂਸ (ਯੂਨੀਅਨ ਸਿਟੀ)

## Our Sponsors

**attinum Sponsor**
khal Brothers-Watsonville
raj and Narinder S.Sahota
a Sweets – Union City
amond Transportation-Stockton
rdawar S. Mann& Kuldip S. Mann
rdev S. Sohal- Sacramento
ldeep Singh (Buta) – Sacramento
ndhir S. Nijjar
amjit S. Lidhar
tar S. Bains- Salinas
Brothers –Watsonville
ngal S. Bhandal-Watsonville
lwant S. Nijjar
vinder S. Rania & Raja
rthern Sports Club
rdial S. Dhillon
Bhanot- Hindhu Mandir Sunnyvale
shar Brothers
harjeet s. Sangha
jit S. Sahota
ghbir S Gakhal ( Kala Gakhal)
A Brothers TruckingTurlock
**ld Sponsor**
rcharan S. Mann

Lakhbir S. Patwari
Jassi Gill( Golden Reality)
Kuldip S. Dhaliwal
Santa Clara Sports Club
Dalwinder S. Padda
Pal Singh Sahota
Amaritpal S. Nijjar
SurinderPal S.Nijjar
Amrik Chand CPA
Mohinder S. Kaler
Brij Mohan Classic Reality
Granite Gallery
Stop & Shop (Vikarm Singh
Inderjit S. Thind
Surinder S. Atwal
Sewa Singh Sidhwan Dona
Rajinder S. Randhawa American
Asso Inc.
American Reality & Business Corp
Balbir S. Bhatia
Gill Insurance- Cruthers
Surjit S. Sandhu (SS Trucking)
Avtar S. Saran
Major S. Brar
Bhupinder S. Parmar

**Silver Sponsor**
Bains Accountancy Corp- CPA\
Gurjinderpal S Rai
Jagtar S. Sran
Harvinder S. Dhaliwal
Harbhajan S. Gakhal
Pritam S. Grewal
Sarwan Singh- Stockton
Tirth S. Sahota
Kala TracyJoga S. Gakhal
Pritam S. Grewal
(Jodha- Mansooran Wale)
Surjit singh Nijjar
Paramjit S. Khera- Folsom
Sunny Kumar
(Al Liquor & Food Mart)
Harbhajan S. Gakhal
Balraj Singh- San Jose
Amar Kooner- USI Network
Kulwant S. Khera – San Francisco
Gurdev S. Nahal- Sacramento
Rana Kahlon- Commissioner
Manjit Singh & Mehanga S. Sarpanch
Sucha Ram Bharta
Randhir S. Kang

Joga Singh
Ajitpal S. Shergill
Sohan Singh Gakhal
Major S. Gakhal
Jagga Gakhal
Econo Liqour
Paramjit Sandhu -Head Coach
Kabal S. Tut
Bhinder S. Sandhu
Baljog S.Sandhu
Dilbagh S. Sandhu
Ravinderjit S. Sandhu- Gandhi
Mr. Basti Danshmanda
Bakhtawar S. Gakhal
Raghbir S. Shergill
Surjit S. Nijjar
Mangal S. Dhillon
Gurmeet Singh Khalsa
Avtar S. Harry
Kuljeet S. Rai
Ram Murti
Jagtar Singh
Dalwinder S. Dhoot
Kulwinder S Sangha
Pargat Singh USA Towing

(Salinas)
Dharmpal Mahi
AAA Car Repair & Body Shop
Gurdarshan (Garry) Grewal
Kesar S. Gosal
Baldeep S Hundal
Pardeep S. Dhillon
Gurdeep S. Dhillon
Satwinder S. Atwal
Tirth S. Sall
Surjit S. Nijjar
Dalwinder S. Gill
Rashpal S. Buttar
Mandir Singh
Harnek S. Sanghera
Sarabjit S. Dhaliwal
Lali Dhaliwal
Satpal Singh Sarpanch
Pargan S. Padda
Surinder S. Dhillon
Dhanna Bhalwan
Dalvir S. Hothi
Davinder S. Channa
Hardev S. Takhar
(President Gurdwara San Jose)

# ਮੁਬਾਰਕਾਂ ਮੁਬਾਰਕਾਂ ਮੁਬਾਰਕਾਂ



**ਪ੍ਰਕਾਸ਼ ਸਿੰਘ ਬਾਦਲ**
(ਮੁੱਖ ਮੰਤਰੀ ਪੰਜਾਬ ਅਤੇ
ਚੀਫ ਪੈਟਰਨ ਐਨ.ਆਰ.ਆਈ ਸਭਾ)



**ਸੁਖਬੀਰ ਸਿੰਘ ਬਾਦਲ**
ਉਪ ਮੁੱਖ ਮੰਤਰੀ ਪੰਜਾਬ



**ਜਥੇ. ਸੇਵਾ ਸਿੰਘ ਸੇਖਵਾਂ**
ਲੋਕ ਸੰਪਰਕ ਅਤੇ ਐਨ.ਆਰ.ਆਈ ਮੰਤਰੀ ਪੰਜਾਬ



**ਕਮਲਜੀਤ ਸਿੰਘ ਹੇਅਰ**
ਪ੍ਰਧਾਨ ਐਨ.ਆਰ.ਆਈ ਸਭਾ



**ਜੋਬਨਜੀਤ ਸਿੰਘ ਬੌਬੀ**
ਚੇਅਰਮੈਨ ਐਨ.ਆਰ.ਆਈ ਸਭਾ ਅਮਰੀਕਾ

ਉਘੇ ਯੂਥ ਆਗੂ ਜੋਬਨਜੀਤ ਸਿੰਘ ਬੌਬੀ ਨੂੰ ਐਨ.ਆਰ.ਆਈ. ਸਭਾ ਅਮਰੀਕਾ ਦਾ ਚੇਅਰਮੈਨ ਬਣਨ ਤੇ ਉਹਨਾਂ ਨੂੰ ਵਧਾਈ ਦਿੰਦੇ ਹਾਂ। ਅਸੀਂ ਉਹਨਾਂ ਦੀ ਇਸ ਨਿਯੁਕਤੀ ਉੱਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਲੋਕ ਸੰਪਰਕ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਅਤੇ ਐਨ.ਆਰ.ਆਈ. ਸਭਾ ਦੇ ਪ੍ਰਧਾਨ ਕਮਲਜੀਤ ਸਿੰਘ ਹੇਅਰ ਦਾ ਧੰਨਵਾਦ ਕਰਦੇ ਹਾਂ ਜਿਹਨਾਂ ਨੇ ਇਕ ਪੜੇ-ਲਿਖੇ ਇਮਾਨਦਾਰ ਉਤਸ਼ਾਹੀ ਨੌਜਵਾਨ ਨੂੰ ਐਨ.ਆਰ.ਆਈ. ਸਭਾ ਅਮਰੀਕਾ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਅਸੀਂ ਉਮੀਦ ਕਰਦੇ ਹਾਂ ਕਿ ਸ: ਜੋਬਨਜੀਤ ਸਿੰਘ ਬੌਬੀ ਆਪਣੀ ਇਸ ਜਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ।

ਵਲੋਂ :

ਦੀਦਾਰ ਸਿੰਘ ਬੈਂਸ, ਗੁਰਨਾਮ ਸਿੰਘ ਪੰਮਾ, ਇਕਬਾਲ ਸਿੰਘ ਸਮਰਾ, ਡਾ: ਮਨਜੀਤ ਸਿੰਘ ਸਕੱਤਰ (ਗੁਰਦੁਆਰਾ ਵਿਲਸਨ ਰੋਡ), ਤੇਜਪਾਲ ਸਿੰਘ ਨਿਕਸਨ, ਰੌਣਕ ਸਿੰਘ, ਤਲਵਿੰਦਰ ਸਿੰਘ ਢੁੱਡੀਕੇ, ਗੁਰਪ੍ਰੀਤ ਸਿੰਘ ਚੌਹਾਨ, ਪੀਟਰ ਸਿੰਘ ਅਟਾਰਨੀ, ਸਿਕੰਦਰ ਸਿੰਘ ਜੱਸੜ (ਪ੍ਰਧਾਨ), ਸੁਖਵੀਰ ਸਿੰਘ ਸੰਧੂ (ਪ੍ਰਧਾਨ ਗੁਰੂ ਅੰਗਦ ਦਰਬਾਰ), ਗੁਰਮੀਤ ਸਿੰਘ ਪ੍ਰਧਾਨ

ਸਿਸਟਰ ਸਿਟੀ ਬੇਕਰਸਫੀਲਡ ਸ੍ਰੀ ਅੰਮ੍ਰਿਤਸਰ ਸਾਹਿਬ



Rehal's woodwork

specializes in:
- Box beds
- Custom cabinets
- Entertainment centers and more

Avtar Rehal : (209) 535 - 4652
Juginder Rehal : (209) 585 - 8982
Gurpreet Rehal : (209) 277 - 1585

WWW.REHALSWOODWORK.COM




433 Industrial Dr. Ste J Livingston, CA 95334

Omni Video Productions

Professional Videography & Photography of Bakersfield

For Booking & Information Contact : Shiara S. Dhindsa

Tel: 661-835-8230
Cell: 661-703-6664
email : omnivideo@hotmail.com
Your Photos Visit
www.omnivideousa.com

Panasonic DVCPRO HD P2 and Sony DVCAM Formats
Output on Blu-ray and DVD

Avid Editing Studio
Graphic Designing & Animations
3D Effects & Special Effects
Output to DVD, HD, Beta SP, VHS, S-VHS or any format
DVD Mastering & Duplication
SINGLE CAMERA & MULTI CAMERA PRODUCTION WITH LIVE MIXING
Weddings & Receptions
Anniversaries & Birthday Parties
Stage Show & TV Ads
Interviews & Documentaries

We have been serving California & Beyond for over 17 years.

NEW SERVICE
Live worldwide streaming of your events

CRANE SETUP

- Photography
- Studio Portraits
- Family Photos
- Business Photography
- Digital Photo Mixing
- Designed Wedding Albums

Quality & Creativity

LONGMAN Photo Studio

HD Videography & Digital Photography

We use "FULL HD 1080" to deliver Blu-Ray or Standard DVD

Magazine style Album & CD of Pictures

All Occasions



Call
916-712-8485
916-256-8888
510-200-3976

Email: info@longmanstudios.com

Are Worries Keeping You Awake?

Watch Your Business AnyTime Any Place.

ALL-IN-ONE

Attention Business Owners!!

Are You Worried About Your Business When You`re Not There?

Watch your business from anywhere on iPhone with our new technology

QuikStop Shell am pm ELEVEN 76 Holiday Inn Denny's Arby's

ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ

Financing & Lease Options For 12, 24, 36 Months Available.

ਵਾਜਬ ਕੀਮਤ ਸਹੀ ਕੰਮ

DVR UNLIMITED

Call:1-800-780-0032 www.dvrunlimited.com

ਵਾਰਡ ਨੰਬਰ 7 ਤੋਂ
ਸਿਟੀ ਕਾਊਂਸਲ ਲਈ ਉਮੀਦਵਾਰ
ਰਸਲ ਜਾਹਨਸਨ
ਨੂੰ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ

ਬੇਕਰਸਫੀਲਡ ਵਿੱਚ ਰਸਲ ਜਾਹਨਸਨ ਦਾ ਏਰੀਆ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਜ਼ਿਪ ਕੋਡ 93313 ਅਤੇ 93307 ਵਿੱਚ ਪੈਂਦਾ ਹੈ ਜੋ ਕਿ ਗੁਰਦੁਆਰਾ ਗੁਰੂ ਅੰਗਦ ਦਰਬਾਰ ਨਾਲ ਲਗਦਾ ਹੈ

VOTE NOVEMBER 2nd

Russell Johnson
CITY COUNCIL WARD 7
RussellJohnsonForCouncil.com
LEADERSHIP AND QUAILIFCATIONS

VISION AND PRIORITIES
- Improve Public Safety
- Keep the City Fiscally Sound
- Promote Jobs and Business Growth

LEADERSHIP
- President/Owner, Common Sense Consulting
- Former Chief of Staff to Supervisor Mike Maggard (2007-2009)
- Catalog Sales Manager, Ameripride Uniform Services (2005-2006)
- District Representative, State Senator 18th District (2002-2005)

COMMUNITY COMMITMENTS
- Bakersfield Planning Commission (2005-2009)
- Bakersfield Breakfast Rotary
- Board member Boys and Girls Club of Kern County



Paid for by Russell Johnson for council 2010
ID # 1325514
P.O. Box 2664, Bakersfield CA 93303
Ph : (661) 203-1838
Email : russjohnson77@yahoo.com

# ਪੰਜਾਬੀ ਗਾਇਕੀ ਦਾ ਮੀਲ ਪੱਥਰ-ਮਲਕੀਤ ਸਿੰਘ

ਮਲਕੀਤ ਬੜਾ ਦਿਲਚਸਪ ਬੰਦਾ। ਨਹੀਂ ਸੱਚ, ਬੜਾ ਦਿਲਚਸਪ ਮੁੰਡਾ। ਬੰਦੇ ਦੀ ਥਾਂ ਮੁੰਡਾ ਕਹਿਣਾ ਦਰੁਸਤ ਹੈ। 25-30 ਸਾਲਾਂ ਤੋਂ ਆਪਾਂ ਉਸ ਨੂੰ ਦੇਖ ਰਹੇ ਹਾਂ। ਅਜੇ ਵੀ ਉਹੋ ਜਿਹਾ ਟਿੱਟ-ਫਾਰ-ਟੈਟ ਜਾਪਦੈ। ਤੋਰ ਵਿਚ ਮੜ੍ਹਕ, ਕਾਲੀ ਦਾੜ੍ਹੀ, ਉਹੀ ਗੁੰਦਵਾਂ ਸਰੀਰ, ਉਹੀ ਘੁੱਟਵੀਂ ਤੇ ਸੋਹਣੀ ਪੱਗ ਤੇ ਸਟੇਜ ਉਪਰ ਭੰਗੜਾ ਪਾਉਂਦੇ ਦੇ ਲੱਕ ਵਿਚ ਉਹੀ ਲਚਕ। ਮਲਕੀਤ ਵਾਂਗ 'ਸਦਾਬਹਾਰ ਜਵਾਨ' ਗਿਣੇ ਜਾਣ ਵਾਲਿਆਂ 'ਚ ਕਾਫੀ ਅਰਸਾ ਮੁਹੰਮਦ ਸਦੀਕ, ਗੁਰਦਾਸ ਮਾਨ,

**ਸ਼ਮਸ਼ੇਰ ਸਿੰਘ ਸੰਧੂ***

ਪੰਮੀ ਭਾਈ ਤੇ ਮੇਰਾ, ਇਨ੍ਹਾਂ ਸਤਰਾਂ ਦੇ ਲੇਖਕ ਦਾ ਨਾਂ ਲਿਆ ਜਾਂਦਾ ਰਿਹੈ। ਅਜੇ ਵੀ ਕਈ ਏਦਾਂ ਹੀ ਕਹੀ ਜਾਂਦੇ ਨੇ, ਪਰ ਐਵੇਂ ਕਹੀਏ, ਹੁਣ ਅਸੀਂ ਸਾਰੇ ਢਾਲੇ ਪੈ ਗਏ ਹਾਂ, ਕਲੋਜ਼-ਅੱਪ ਵਿਚ ਸਭ ਚੇਹਰਿਆਂ 'ਤੇ ਰੌਣਕ ਘਟਣ ਲੱਗ ਪਈ ਹੈ।

ਓਹੋ, ਗੱਲ ਹੋਰ ਈ ਪਾਸੇ ਨੂੰ ਤੁਰ ਪਈ। ਦੱਸਣ ਲੱਗਾ ਸਾਂ ਕਿ ਮਲਕੀਤ ਬੜਾ ਰੌਣਕੀ ਹੈ। ਉਹਦੀਆਂ ਗੱਲਾਂ 'ਚ ਗੱਲ ਹੁੰਦੀ ਏ, ਦਿਲਚਸਪ ਤੱਤ ਵੀ ਹੁੰਦਾ। ਉਹ 'ਹੋਰ ਫਿਰ', 'ਹੋਰ ਫਿਰ' ਆਖਣ ਵਾਲਿਆਂ 'ਚੋਂ ਨਹੀਂ। ਪੱਤੇ 'ਤੇ ਪੱਤਾ ਸੁੱਟਦਾ ਈ ਆਉਂਦੈ। ਕੁਝ ਮਿਸਾਲਾਂ ਦੇ ਰਿਹਾਂ:

*ਇਕ ਵਾਰ ਮਹਾਨ ਗਾਇਕਾ ਸੁਰਿੰਦਰ ਕੌਰ ਇੰਗਲੈਂਡ ਗਈ। ਜਦੋਂ ਸਟੇਜ ਸ਼ੋਅ ਤੋਂ ਵਿਹਲੀ ਹੋਈ ਤਾਂ ਉਹਦਾ ਚਿੱਤ ਕੀਤਾ ਇੰਗਲੈਂਡ ਘੁੰਮਣ-ਘੁਮਾਉਣ ਨੂੰ, ਮਿਲਣ-ਮਿਲਾਉਣ ਨੂੰ। ਮਲਕੀਤ ਨੇ ਦੱਸਿਆ ਕਿ ਅਚਾਨਕ ਮੇਰੇ ਫੋਨ ਦੀ ਘੰਟੀ ਖੜਕੀ। ਅੱਗੋਂ ਆਵਾਜ਼ ਆਈ, "ਇਹ ਮਲਕੀਤ ਸਿੰਘ ਦਾ ਨੰਬਰ ਏ।" ਮੈਂ ਕਿਹਾ, "ਹਾਂ ਜੀ, ਦੱਸੋ, ਮੈਂ ਮਲਕੀਤ ਹੀ ਬੋਲ ਰਿਹਾਂ।" ਅੱਗੋਂ ਸੁਰਿੰਦਰ ਕੌਰ ਨਿਹੋਰੇ ਤੇ ਅਪਣੱਤ ਨਾਲ ਬੋਲੀ, "ਵੇ ਮਲਕੀਤ ਮਾਂ ਸਦਕੇ, ਮੈਂ ਸੁਰਿੰਦਰ ਕੌਰ ਬੋਲ ਰਹੀ ਹਾਂ। ਵੇ ਲੋਕ ਏਥੇ ਮੈਨੂੰ ਲੱਭਦੇ ਫਿਰਦੇ ਨੇ ਤੇ ਮੈਂ ਤੈਨੂੰ ਲੱਭਦੀ ਫਿਰਦੀ ਆਂ। ਤੇਰੇ ਕੋਲ ਹੈ ਟੈਮ ਮੈਨੂੰ ਮਿਲਣ ਦਾ।" ਮਲਕੀਤ ਕਹਿਣ ਲੱਗਾ, ਬਈ ਮੈਨੂੰ ਤਾਂ ਏਨਾ ਚਾਅ ਚੜ੍ਹਿਆ ਕਿ ਸਿਰ ਈ ਘੁੰਮਣ ਲੱਗ ਗਿਆ, ਧਰਤੀ 'ਤੇ ਪੈਰ ਨਾ ਲੱਗਣ। ਸਾਡੀ ਸਾਰੇ ਕਲਾਕਾਰਾਂ ਦੀ ਮਾਂ, ਪੰਜਾਬੀ ਗਾਇਕੀ ਦੀ ਮਾਂ, ਹਾਏ-ਹਾਏ ਮੈਨੂੰ ਮਿਲਣਾ ਚਾਹੁੰਦੀ ਆ। ਲਓ ਜੀ, ਮੈਂ ਕਿਹਾ ਬੇਬੇ ਜਿਥੋਂ ਕਿਤੋਂ ਵੀ ਫੋਨ ਕਰ ਰਹੀ ਏਂ, ਉਥੇ ਹੀ ਖੜ੍ਹੋ ਜਾ, ਮੈਂ ਖੁਦ ਤੈਨੂੰ ਲੈਣ ਆ ਰਿਹਾਂ। ਮੈਂ ਕਾਰ ਭਜਾਈ ਤੇ ਪਹਿਲੀ ਵਾਰ ਓਵਰ ਸਪੀਡ 'ਤੇ ਗਿਆ। ਉਤਰ ਕੇ ਮਾਤਾ ਦੇ ਗੋਡੀਂ ਤਾਂ ਕੀ ਪੈਰੀਂ ਹੱਥ ਲਾਇਆ। ਉਹਨੂੰ ਘਰੇ ਲਿਆਂਦਾ। ਸਾਨੂੰ ਏਨਾ ਚਾਅ ਕਿ ਮੈਂ ਘਰਵਾਲੀ ਨੂੰ ਤੇ ਆਪਣੇ ਸਾਜ਼ਿੰਦਿਆਂ ਨੂੰ ਆਰਡਰ ਦਿੱਤਾ ਕਿ ਮਾਤਾ ਦੀ ਸੇਵਾ ਤੇ ਆਉ-ਭਗਤ ਕਰਨ ਵਿਚ ਕੋਈ ਕਸਰ ਨਾ ਛੱਡਿਓ। ਲਓ ਜੀ, ਅਸੀਂ ਕਈ ਕਿਸਮ ਦੇ ਪੀਜ਼ੇ ਮੰਗਵਾਏ, ਪੇਸਟਰੀਆਂ ਦਾ ਢੇਰ ਲਾ ਦਿੱਤਾ, ਨੂਡਲ ਤੇ ਬਰਗਰ ਵੀ ਸਜਾ ਦਿੱਤੇ। ਜੂਸ ਤਾਂ ਪਤਾ ਈ ਨਹੀਂ ਕਿੰਨੀ ਕਿਸਮ ਦੇ ਰੱਖੇ। ਮਾਤਾ ਨੂੰ ਕਦੇ ਕੁਝ ਖਵਾਈਏ, ਕਦੇ ਕੁਝ ਪਿਆਈਏ। ਰਾਤ ਵੀ ਡੂੰਘੀ ਲੱਥਦੀ ਗਈ। ਖਾਣ-ਪੀਣ ਦੀਆਂ ਵਸਤਾਂ 'ਚ ਅਸੀਂ ਦੁਨੀਆ ਭਰ ਦੇ ਵਧੀਆ ਤੋਂ ਵਧੀਆ ਪਕਵਾਨ ਡਾਇਨਿੰਗ ਟੇਬਲ 'ਤੇ ਸਜਾਏ। ਖਾਂਦੇ ਗਏ, ਖਾਂਦੇ ਗਏ। ਮੈਨੂੰ ਤਾਂ ਇਕ ਪਲ ਇੰਜ ਜਾਪਿਆ, ਸਾਰੇ ਹੀ ਓਵਰ-ਈਟਿੰਗ ਕਰ ਗਏ ਤੇ ਗਲ-ਗਲ ਤੀਕਰ ਖਾ ਲਿਆ। ਘਰਵਾਲੀ ਦਲਜੀਤ ਕੌਰ ਨੂੰ ਕਿਹਾ ਕਿ ਮਾਤਾ ਨੂੰ ਵਧੀਆ ਕਮਰੇ 'ਚ, ਵਧੀਆ ਬਿਸਤਰੇ 'ਤੇ ਹੁਣ ਅਰਾਮ ਕਰਵਾਉ, ਪਰ ਇਹ ਕੀ, ਮਲਕੀਤ ਨੇ ਦੱਸਿਆ ਕਿ ਬੇਬੇ ਸੁਰਿੰਦਰ ਕੌਰ ਉਬਾਸੀ ਜਿਹੀ ਲੈ ਕੇ ਕਹਿੰਦੀ, "ਵੇ ਮਲਕੀਤ, ਮਾਂ ਸਦਕੇ, ਅੱਜ ਸਾਨੂੰ ਕੋਈ ਰੋਟੀ-ਰੂਟੀ ਵੀ ਖੁਆਏਂਗਾ ਕਿ ਅਹਿ ਸੁਆਹ-ਖੇਹ ਨਾਲ ਹੀ ਪੇਟ ਭਰੇਂਗਾ।"

*ਮਲਕੀਤ ਨੇ ਇਕ ਹੋਰ ਪਿਆਰੀ ਘਟਨਾ ਸੁਣਾਈ। ਕਹਿੰਦਾ, ਜਦੋਂ ਮੈਂ ਪਹਿਲਾਂ-ਪਹਿਲ ਇੰਗਲੈਂਡ ਗਿਆ ਤਾਂ ਦੇਸੀ ਜਿਹਾ ਪੇਂਡੂ ਮੁੰਡਾ ਸੀ। ਮੇਰੀ ਘਰਵਾਲੀ ਦਲਜੀਤ ਕੌਰ ਜ਼ਰਾ ਮਾਡਰਨ ਸੀ। ਉਹ ਅੰਗਰੇਜ਼ੀ ਬੋਲਣਾ ਵੀ ਜਾਣਦੀ ਸੀ, ਮੈਂ ਤਾਂ 'ਨੋਅ' ਨੂੰ 'ਕਨੋਅ' ਕਹਿਣ ਵਾਲਾ ਹੀ ਸੀ। ਨਵੇਂ ਵਿਆਹੇ ਹੋਣ ਕਰਕੇ ਅਜੇ ਝਿਜਕ ਜਿਹੀ ਵੀ ਸੀ। ਮੈਂ ਜਦੋਂ ਵੀ ਪੱਗ ਦੀ ਪੂਣੀ ਕਰਾਉਣੀ ਤਾਂ ਘਰਵਾਲੀ ਨੂੰ ਪੱਗ ਦੂਜੇ ਸਿਰਿਉਂ ਖਿੱਚਣੀ ਪੈਣੀ। ਕਈ ਵਾਰ ਉਹਦੇ ਪੈਰ ਵੀ ਤਿਲਕ ਜਾਣੇ। ਪੂਣੀ ਖਿੱਚ ਕੇ ਨਾ ਕੀਤੀ ਜਾਵੇ ਤਾਂ ਬੰਨ੍ਹਣ ਵਾਲੇ ਨੂੰ ਸਵਾਦ ਨਹੀਂ ਆਉਂਦਾ। ਪੂਣੀ ਕਰਾਉਂਦਿਆਂ ਮੈਂ ਆਖੀ ਜਾਵਾਂ, "ਖਿੱਚ, ਹੋਰ ਖਿੱਚ।" ਏਦਾਂ ਕਈ ਮਹੀਨੇ ਲੰਘ ਗਏ। ਕਈ ਵਾਰ ਮੇਰੀ ਇਸ 'ਖਿੱਚ-ਖਿੱਚ' ਤੋਂ ਘਰਵਾਲੀ ਖਿਝ ਜਇਆ ਕਰੇ। ਇਕ ਦਿਨ ਪੁੱਛਣ ਲੱਗੀ-ਤੁਹਾਡੀ ਪੱਗ ਦੀ ਲੰਬਾਈ ਕਿੰਨੀ ਹੈ? ਮੈਂ ਕਿਹਾ ਤੂੰ ਕੀ ਲੈਣਾ, ਬਸ ਪੂਣੀ ਕਰਾ ਦਿਆ ਕਰ। ਉਹ ਫਿਰ ਪੁੱਛਣ ਲੱਗੀ-ਤੁਸੀਂ ਪੱਗ ਦੀ ਲੰਬਾਈ ਦੱਸੋ। ਮੈਂ ਆਖਰ ਦੱਸ ਦਿੱਤਾ ਕਿ ਸੱਤ ਕੁ ਮੀਟਰ ਹੁੰਦੀ ਆ। ਉਹ ਅਗਲੇ ਦਿਨ ਮੈਨੂੰ ਬਾਜ਼ਾਰ ਲੈ ਗਈ। ਪੱਗ ਵਾਲੀ ਦੁਕਾਨ 'ਤੇ ਕਈ ਨਵੀਆਂ ਪੱਗਾਂ ਪਸੰਦ ਕੀਤੀਆਂ। ਦੁਕਾਨਦਾਰ ਨੂੰ ਕਹਿੰਦੀ-ਹਰੇਕ ਪੱਗ ਨੂੰ ਸੱਤ-ਸੱਤ ਮੀਟਰ ਗਿਣ, ਬਸ ਚੱਪਾ ਕੁ ਹੋਰ ਵੱਡੀ ਰੱਖ ਕੇ ਪਾੜ ਦੇ। ਜਦੋਂ ਘਰੇ ਆ ਕੇ ਨਵੀਂ ਪੱਗ ਬੰਨ੍ਹਣ ਲੱਗਾ ਤਾਂ ਘਰਵਾਲੀ ਬੋਲੀ-ਅੱਜ ਮੈਨੂੰ 'ਹੋਰ ਖਿੱਚ', 'ਹੋਰ ਖਿੱਚ' ਨਾ ਆਖਿਉ। ਇਹ ਜੋ ਚੱਪਾ-ਚੱਪਾ ਵੱਡੀ ਰਖਾਈ ਹੈ, ਇਹਦੇ ਨਾਲ ਢਿੱਲੀ ਰਹਿ ਗਈ ਪੂਣੀ ਦੀ ਪੱਗ ਦਾ ਵੀ ਆਖਰੀ ਲੜ ਪੂਰਾ ਆ ਜਾਊਗਾ। ਮਲਕੀਤ 'ਕਹਾਣੀ' ਸੁਣਾ ਕੇ ਹੱਸਿਆ ਤੇ ਕਹਿਣ ਲੱਗਾ, "ਲੈ ਓਦੂੰ ਬਾਅਦ ਸਾਡੇ ਘਰ 'ਚੋਂ 'ਖਿੱਚ-ਖਿੱਚ' ਸਦਾ ਲਈ ਮੁੱਕ ਗਈ..।"

*ਇਕ ਵਾਰ ਕਹਿੰਦਾ, ਮੁਹੰਮਦ ਸਦੀਕ ਇਕ ਵਾਰ ਇੰਗਲੈਂਡ ਦੌਰੇ 'ਤੇ ਮੇਰੇ ਘਰ ਆਇਆ। ਮੈਥੋਂ ਸੀਨੀਅਰ ਆ, ਵੱਡਾ ਵੀਰ ਆ। ਸੇਵਾ-ਪਾਣੀ ਕਰਨਾ ਬਣਦਾ ਸੀ। ਅਸੀਂ ਸਦੀਕ ਸਾਹਿਬ ਨੂੰ ਸਿਰੇ ਦੀ ਸਕੌਚ ਪਿਲਾਈ। ਗੱਲਾਂ ਕਰਦੇ ਗਏ। ਪੀਂਦੇ ਗਏ। ਕਾਮੇਡੀਅਨ ਮਣਕੂ ਵੀ ਨਾਲ ਸੀ ਇਨ੍ਹਾਂ ਦੀ ਟੀਮ 'ਚ। ਮੇਰੇ ਕੁਝ ਸਾਜ਼ਿੰਦੇ ਮੇਰੇ ਘਰੇਲੂ ਮਿੱਤਰ ਵੀ ਤੇ ਨੌਕਰ ਵੀ ਨੇ। ਆਏ-ਗਏ ਦੀ ਸੇਵਾ ਕਰਨ ਲਈ ਮੈਂ ਉਨ੍ਹਾਂ ਨੂੰ ਸੱਦ ਲੈਨਾਂ। ਓਦਣ ਉਨ੍ਹਾਂ ਨੇ ਨਾਲੋ-ਨਾਲ ਵੀਡੀਓ ਵੀ ਬਣਾਉਣੀ ਸ਼ੁਰੂ ਕਰ ਦਿੱਤੀ। ਸਦੀਕ ਸਾਹਿਬ ਤੇ ਮੈਂ ਖੂਬ ਗੱਲਾਂ ਕਰਦੇ ਰਹੇ। ਜ਼ਿੰਦਗੀ ਦੀ ਸਟਰਗਲ ਦੀਆਂ, ਪੰਜਾਬੀ ਗਾਇਕੀ ਦੀਆਂ। ਜਦੋਂ ਸਦੀਕ ਸਾਹਿਬ ਜਾਣ ਲੱਗੇ ਤਾਂ ਅਸੀਂ, ਘਰਵਾਲੀ, ਬੱਚਿਆਂ ਤੇ ਇਕ-ਦੋ ਹੋਰ ਖਾਸ ਰਿਸ਼ਤੇਦਾਰਾਂ ਨਾਲ ਗਰੁਪ ਫੋਟੋ ਖਿਚਵਾਉਣ ਲੱਗੇ। ਕਾਮੇਡੀਅਨ ਮਣਕੂ ਦੌੜ ਕੇ ਗਰੁਪ ਵਿਚ ਆ ਖੜੋਇਆ। ਮੈਂ ਤਾਂ ਚੁੱਪ ਕਰ ਰਿਹਾ, ਪਰ ਸਦੀਕ ਸਾਹਿਬ ਨੇ ਫੋਟੋਗ੍ਰਾਫਰ ਨੂੰ ਰੋਕਿਆ ਤੇ ਮਣਕੂ ਨੂੰ ਪੈ ਨਿਕਲੇ। ਓਏ ਚੱਲ ਤੂੰ ਬਾਹਰ ਚੱਲ, ਇਹ ਖਾਸ-ਖਾਸ ਦੀ ਫੈਮਿਲੀ ਗਰੁਪ ਫੋਟੋ ਹੋ ਰਹੀ ਆ, ਤੇਰਾ ਏਥੇ ਕੀ ਕੰਮ! ਜਦੋਂ ਸਦੀਕ ਸਾਹਿਬ ਜਾਣ ਲਈ ਐਨ ਤਿਆਰ ਹੋ ਗਏ ਤਾਂ ਮਹਿਮਾਨ-ਨਿਵਾਜ਼ੀ ਵਜੋਂ ਮੈਂ ਗਲਾਸ ਵਧਾ ਕੇ ਬੋਤਲ ਫੜ ਕੇ ਆਖਿਆ ਭਾਅ ਜੀ, ਵੰਨ ਫਾਰ ਦਾ ਰੋਡ। ਸਦੀਕ ਸਾਹਿਬ ਨੇ ਗਲਾਸ ਫੜਿਆ। ਮੈਂ ਲਿਟਲ ਪੈਗ ਬਣਾ ਦਿੱਤਾ। ਸਦੀਕ ਸਾਹਿਬ ਲੋਰ 'ਚ ਗਲਾਸ ਵੱਲ ਝਾਕੇ ਤੇ ਬੋਲੇ, "ਥੋੜ੍ਹੀ ਜਿਹੀ ਹੋਰ।" ਮੈਂ ਗਲਾਸ ਵਿਚ ਹੋਰ ਪਾ ਦਿੱਤੀ। ਚਲੋ ਜੀ ਚਾਈਂ-ਚਾਈਂ ਵਿਛੜ ਗਏ। ਕੁਝ ਦਿਨਾਂ ਬਾਅਦ ਮੇਰੇ ਸਾਜ਼ੀ ਬੜੇ ਪਤੰਦਰ ਨਿਕਲੇ। ਮੈਨੂੰ ਵੀਡੀਓ ਦਿਖਾਈ। ਜਿਸ ਸੀਨ ਵਿਚ ਸਦੀਕ ਸਾਹਿਬ ਨੇ ਆਖਿਆ ਸੀ, "ਥੋੜ੍ਹੀ ਜਿਹੀ ਹੋਰ" ਸ਼ਰਾਰਤੀਆਂ ਨੇ ਉਸ ਇਕੋ ਸੀਨ ਨੂੰ 8 ਵਾਰ ਰਿਪੀਟ ਕਰ ਦਿੱਤਾ। ਉਹ ਵੀਡੀਓ ਦੇਖ ਕੇ ਸਾਰੇ ਹੱਸਣ ਲੱਗ ਪਏ ਤੇ ਇੰਜ ਜਾਪ ਰਿਹਾ ਸੀ ਜਿਵੇਂ ਸਦੀਕ ਸਾਹਿਬ ਨੇ ਅੱਠ ਪੈਗ ਇਕੱਠੇ ਹੀ ਪੁਆ ਲਏ ਹੋਣ।

*ਈ.ਟੀ.ਸੀ. ਚੈਨਲ ਨੇ ਕੁਝ ਸਾਲ ਹੋਏ ਚੰਡੀਗੜ੍ਹ ਨਾਲ ਲੱਗਦੇ ਕਲਾਗ੍ਰਾਮ ਵਿਚ ਵੱਡਾ ਪ੍ਰੋਗਰਾਮ ਕਰਵਾਇਆ। ਗਾਇਕ, ਕਲਾਕਾਰਾਂ ਵਿਚ ਮਲਕੀਤ ਸਿੰਘ, ਸਰਦੂਲ ਸਿਕੰਦਰ, ਅਮਰ ਨੂਰੀ, ਫਿਲਮ ਕਲਾਕਾਰ ਜਿੰਮੀ ਸ਼ੇਰਗਿੱਲ ਤੇ ਹੋਰਨਾਂ ਨੂੰ ਸ਼ਾਮਲ ਕੀਤਾ ਗਿਆ। ਚੈਨਲ ਵਾਲਿਆਂ ਨੇ ਦੱਸਿਆ ਕਿ ਅੱਜ-ਕੱਲ੍ਹ ਸਾਡੀ ਟੀ.ਸੀਰੀਜ਼ ਨਾਲ ਖਟਪਟੀ ਹੈ ਤੇ ਉਸ ਕੰਪਨੀ ਦਾ ਕੋਈ ਵੀ ਗੀਤ, ਕੋਈ ਵੀ ਕਲਾਕਾਰ ਬਗੈਰ ਲਿਖਤੀ ਆਗਿਆ ਦੇ ਨਹੀਂ ਗਾ ਸਕਦਾ। ਜੇ ਕੋਈ ਉਲੰਘਣਾ ਕਰੂਗਾ ਤਾਂ ਲੱਖ ਤੋਂ ਡੇਢ ਲੱਖ ਜੁਰਮਾਨਾ ਜਾਂ ਚੈਨਲ ਨੂੰ ਭਰਨਾ ਪਊ ਜਾਂ ਫਿਰ ਕਲਾਕਾਰ ਨੂੰ। ਸਰਦੂਲ ਸਿਕੰਦਰ ਨੂੰ ਬੜੀ ਘਬਰਾਹਟ ਹੋਈ। ਉਸ ਨੇ ਜੋ ਗੀਤ ਸਟੇਜ ਉਪਰ ਗਾਉਣੇ ਸੀ, ਉਹ ਤਾਂ ਟੀ-ਸੀਰੀਜ਼ ਕੰਪਨੀ 'ਚ ਰਿਲੀਜ਼ ਹੋਏ ਸੀ। ਅਸੀਂ ਹੋਟਲ ਵਿਚ ਮਲਕੀਤ ਸਿੰਘ ਦੇ ਕਮਰੇ 'ਚ ਬੈਠੇ ਸੀ। ਗੱਲਾਂ ਦਾ ਸ਼ੁਗਲ ਚੱਲ ਰਿਹਾ ਸੀ। ਉਹ ਕਹਿਣ ਲੱਗਾ, ਬਈ ਇਹ ਤਾਂ ਕੰਪਨੀ ਲਈ ਗੱਲ ਮਾੜੀ ਆ ਕਿ ਬਿਨਾਂ ਇਜਾਜ਼ਤ ਦੇ ਕਲਾਕਾਰ ਗੀਤ ਨਹੀਂ ਗਾ ਸਕਦਾ, ਪਰ ਇਕ ਗੱਲ ਵਧੀਆ ਵੀ ਹੋ ਗਈ। ਮੈਂ ਪੁੱਛਿਆ, "ਉਹ ਕਿਹੜੀ?" ਮਲਕੀਤ ਤਿਰਛੀ ਮੁਸਕਰਾਹਟ 'ਚ ਬੋਲਿਆ, "ਅੱਜ ਜਦੋਂ ਸਰਦੂਲ ਭਾਅ ਜੀ ਗੌਣਗੇ ਤਾਂ ਆਪਾਂ ਸਾਰੇ 'ਇਕ ਚਰਖਾ ਗਲੀ ਦੇ ਵਿਚ ਡਾਹ ਲਿਆ' ਅਤੇ 'ਓ-ਹੋ' ਵਰਗੇ ਤਿੰਨ-ਚਾਰ ਗੀਤ ਸੁਣਨ ਤੋਂ ਬਚ ਜਾਵਾਂਗੇ..ਕਈ ਸਾਲ ਹੋ ਗੇ, ਹਰ ਥਾਂ ਸਰਦੂਲ ਤੋਂ ਇਹੋ ਗੀਤ ਈ ਸੁਣਨੇ ਪੈਂਦੇ ਆ..।

*ਪੰਜਾਬੀ ਗਾਇਕੀ ਵਿਚ ਮਲਕੀਤ ਸਿੰਘ ਦਾ ਨਾਂ ਤੇ ਥਾਂ ਬਹੁਤ ਸੁਰੱਖਿਅਤ ਹੈ। ਉਹ ਆਪਣਾ ਰੁਤਬਾ ਬਣਾ ਚੁੱਕਾ ਹੈ, ਨਿਸ਼ਚਿਤ ਕਰ ਚੁੱਕਾ ਹੈ। ਕਿਸੇ ਵੇਲੇ ਐਚ.ਐਮ. ਸਿੰਘ ਕੁੱਕੀ ਦੇ ਸੰਗੀਤ ਵਿਚ ਇੰਗਲੈਂਡ ਦੇ ਦੇਸੀ ਜਿਹੇ ਸਟੂਡੀਓ 'ਚ ਢੋਲ ਅਤੇ ਹੋਰ ਢਾਈ ਕੁ ਸਾਜ਼ਾਂ ਨਾਲ ਉਹਨੇ ਟੱਪੇ-ਨੁਮਾ ਗੀਤ ਰਿਕਾਰਡ ਕਰਵਾਇਆ, 'ਗੁੜ ਨਾਲੋਂ ਇਸ਼ਕ ਮਿੱਠਾ, ਰੱਬਾ ਲੱਗ ਨਾ ਕਿਸੇ ਨੂੰ ਜਾਵੇ।' ਇਹ ਗੀਤ ਪੰਜਾਬ, ਭਾਰਤ ਤੇ ਇੰਗਲੈਂਡ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਿਆ। ਬੇਹੱਦ ਪਸੰਦ ਕੀਤਾ ਲੋਕਾਂ ਨੇ। ਇਸ ਗੀਤ ਨਾਲ ਮਲਕੀਤ ਦੀ ਕਾਫੀ ਜ਼ਿਆਦਾ ਪਛਾਣ ਬਣ ਗਈ। ਭਾਵੇਂ ਇਸੇ ਗੀਤ ਨੂੰ ਇਨ੍ਹਾਂ ਹੀ ਬੋਲਾਂ ਅਤੇ ਇਸੇ ਤਰਜ਼ 'ਤੇ ਫਿਲਮਕਾਰ ਵਰਿੰਦਰ ਨੇ ਇਕ ਪੰਜਾਬੀ ਫਿਲਮ ਵਿਚ ਵੀ ਸਵਿਤਾ ਸਾਥੀ ਅਤੇ ਵਿਨੋਦ ਸਹਿਗਲ ਦੀਆਂ ਆਵਾਜ਼ਾਂ 'ਚ ਇਸਤੇਮਾਲ ਕੀਤਾ, ਫਿਰ ਵੀ ਕਰ-ਕਰਾ ਕੇ ਉਹ ਗੀਤ ਮਲਕੀਤ ਦੇ ਨਾਂ ਨਾਲ ਹੀ ਜੁੜਿਆ ਰਿਹਾ।

*ਇਕ ਵਾਰ ਉਹ ਇੰਗਲੈਂਡ ਤੋਂ ਪੰਜਾਬ ਆਇਆ। ਧਾਰਮਿਕ ਕੈਸੇਟ ਦੀ ਰਿਕਾਰਡਿੰਗ ਚੰਡੀਗੜ੍ਹ ਰਾਮ ਦਰਬਾਰ ਖੇਤਰ ਦੇ ਆਦਰਸ਼ ਸਟੂਡੀਓ 'ਚ ਚੱਲ ਰਹੀ ਸੀ। ਸਾਡੀ ਮੁਲਾਕਾਤ ਹੋਈ। ਉਸ ਕੈਸੇਟ ਦੇ ਮੂਹਰੇ ਉਸ ਨੇ ਮੈਥੋਂ ਕੁਝ ਸਤਰਾਂ ਲਿਖਵਾਈਆਂ, ਜੋ ਫਿਲਮਕਾਰ ਭਾਗ ਸਿੰਘ ਦੀ ਆਵਾਜ਼ 'ਚ ਰਿਕਾਰਡ ਕਰਵਾਈਆਂ। ਉਸ ਕੈਸੇਟ ਦਾ ਨਾਂ ਸੀ 'ਚੋਟ ਨਗਾਰੇ ਲਾਵੋ।' ਉਦੋਂ ਗੱਲਾਂ-ਗੱਲਾਂ ਵਿਚ ਮਲਕੀਤ ਨੇ ਦੱਸਿਆ ਕਿ ਮੈਂ ਬੰਬਈ ਦੇ ਕਿਸੇ ਵੱਡੇ ਸਟੂਡੀਓ ਵਿਚ ਸੁਖਵਿੰਦਰ ਧੀਰਜ ਦੇ ਸੰਗੀਤ 'ਚ 16 ਗੀਤ ਰਿਕਾਰਡ ਕਰਵਾ ਕੇ ਆਇਆਂ। ਐਚ.ਐਮ.ਵੀ. ਵਾਲੇ ਰਿਲੀਜ਼ ਕਰਨ, ਉਹਨੇ ਜ਼ੋਰ ਦੇ ਕੇ ਕਿਹਾ ਕਿ ਜਦੋਂ ਉਹ ਕੈਸੇਟ ਆਵੇ, ਉਹਦੇ 'ਚੋਂ ਇਕ ਗੀਤ ਜ਼ਰੂਰ ਸੁਣਨਾ, 'ਮਾਵਾਂ ਠੰਢੀਆਂ ਛਾਵਾਂ, ਪੂਰਨ ਪੁੱਤ ਪਰਦੇਸੀ ਹੋਈ ਲੱਗਣ ਨਾ ਤੱਤੀਆਂ ਵਾਵਾਂ।' ਫਿਰ ਜਦੋਂ ਕੈਸੇਟ ਆਈ ਤਾਂ ਵਾਕਿਆ ਈ 'ਮਾਵਾਂ' ਗੀਤ ਵਿਚ ਮਲਕੀਤ ਦੀ ਗਾਇਕੀ ਕਮਾਲ ਸੀ। ਬਹੁਤ ਡੁੱਬ ਕੇ ਗਾਇਆ ਸੀ ਉਸ ਨੇ ਇਹ ਗੀਤ, ਪਰ ਇਹ ਉਹੀਓ ਕੈਸੇਟ ਸੀ, ਜਿਸ ਨੇ ਮਲਕੀਤ ਨੂੰ ਵੱਡਾ ਕੀ ਬਹੁਤ ਵੱਡਾ ਗਾਇਕ ਬਣਾ ਦਿੱਤਾ ਕਿਉਂਕਿ ਇਸੇ ਕੈਸੇਟ 'ਚ ਗੀਤ ਸੀ, 'ਤੂਤਕ ਤੂਤਕ ਤੂਤੀਆਂ।' ਵੀਰ ਹਕੀਮਪੁਰੀ ਦੇ ਲਿਖੇ ਇਸ ਗੀਤ ਨੇ ਮਲਕੀਤ ਦੀ ਬਹੁਤ ਵੱਡੀ ਛਾਲ ਲੁਆ ਦਿੱਤੀ। ਕਹਿ ਲਓ, ਫਰਸ਼ ਤੋਂ ਅਰਸ਼ 'ਤੇ। ਟਾਈਟਲ ਗੀਤ 'ਸੱਜਣਾ ਓ ਸੱਜਣਾ' ਨੂੰ ਛੱਡ ਕੇ ਇਸ ਕੈਸੇਟ ਦੇ ਸਾਰੇ ਹੀ ਗੀਤ ਸੁਪਰ ਹਿੱਟ ਹੋਏ: ਬੱਲੇ ਨੀ ਗਿਰਧਾਰੀ ਲਾਲ, ਅੱਜ ਭੰਗੜਾ ਪਾਉਣ ਨੂੰ ਜੀਅ ਕਰਦਾ ਆਦਿ-ਆਦਿ। 'ਤੂਤਕ ਤੂਤੀਆਂ' ਇਕ ਤਰ੍ਹਾਂ ਨਾਲ ਮਲਕੀਤ ਦਾ ਟਰੇਡ ਮਾਰਕ ਬਣ ਗਿਆ। ਅੱਜ ਤੱਕ ਉਸ ਨੂੰ ਇਸੇ ਗੀਤ ਦਾ ਨਾਂ ਲੈ ਕੇ ਜਾਣਿਆ ਜਾਂਦਾ ਹੈ। 'ਤੂਤੀਆਂ' ਗੀਤ ਦੇ ਪੰਜਾਬ 'ਚ ਹਿੱਟ ਹੋਣ ਦਾ ਇਕ ਖਾਸ ਕਾਰਨ ਇਹ ਵੀ ਸੀ ਕਿ ਹਰਜੀਤ ਸਿੰਘ ਨੇ ਜਲੰਧਰ ਦੂਰਦਰਸ਼ਨ ਤੋਂ ਇਸ ਨੂੰ ਫਿਲਮਾ ਕੇ ਲਗਾ ਦਿੱਤਾ। ਜਿਉਂ ਹੀ ਇਹ ਵੀਡੀਓ ਜਲੰਧਰ ਤੋਂ ਦਿੱਲੀ ਦੂਰਦਰਸ਼ਨ 'ਤੇ ਪੁੱਜੀ ਤਾਂ ਪੰਜਾਬ ਦੇ ਨਾਲ-ਨਾਲ ਕੁੱਲ ਭਾਰਤ ਵਿਚ 'ਤੂਤਕ-ਤੂਤੀਆਂ' ਗੀਤ ਹਨੇਰੀ ਬਣ ਗਿਆ।



*ਉਸ ਤੋਂ ਬਾਅਦ ਮਲਕੀਤ ਸਿੰਘ ਦੀਆਂ ਡੇਢ ਕੁ ਦਰਜਨ ਹੋਰ ਕੈਸੇਟਾਂ ਸਮੇਂ-ਸਮੇਂ ਆਈਆਂ। ਉਹਨੇ ਕਦੇ ਜੈਦੇਵ ਦਾ ਸੰਗੀਤ ਲਿਆ, ਕਦੇ ਚਰਨਜੀਤ ਅਹੂਜਾ ਦਾ, ਕਦੇ ਅਮਨ ਹੇਅਰ ਦਾ। ਸਟੂਡੀਓ ਵੀ ਬਦਲੇ। ਕਦੇ ਇੰਗਲੈਂਡ 'ਚ ਰਿਕਾਰਡਿੰਗ, ਕਦੇ ਦਿੱਲੀ ਵਿਚ, ਕਦੇ ਬੰਬਈ 'ਚ। ਇਥੋਂ ਤੱਕ ਕਿ ਪਾਕਿਸਤਾਨ ਵਿਚ ਰਿਕਾਰਡਿੰਗ ਕਰਵਾ ਕੇ ਦੇਖੀ। ਸੰਗੀਤਕਾਰਾਂ, ਸਟੂਡੀਓ, ਕੈਸੇਟ ਕੰਪਨੀਆਂ ਤੇ ਗੀਤ-ਲੇਖਕ ਵੀ ਬਦਲਦਾ ਰਿਹਾ। ਐਡਾ ਬੱਬਾ ਅੰਬ ਵੀ ਤੋੜੇ, ਕੁੜੀ ਲੰਡਨ ਦੀ ਨੂੰ ਭੈਣ ਰਵੀਨਾ ਟੰਡਨ ਦੀ ਕਹਿ ਕੇ ਦੇਖ ਲਿਆ, ਪਟੋਲੇ ਵਰਗੀ ਕੁੜੀ ਫਸ ਗਈ ਆਖਿਆ, ਚੱਕਰ ਹੈ-ਚੱਕਰ ਹੈ ਦੀ ਰੱਟ ਲਗਾਈ, ਅੱਜ ਹੀ ਨੱਚਣਾ ਦਾ ਹੋਕਾ ਦਿੱਤਾ, ਮਾਂ ਦੇ ਹੱਥਾਂ ਦੀਆਂ ਰੋਟੀਆਂ ਖਾਣ ਲਈ ਦੁਹਾਈ ਦਿੱਤੀ, ਸਰਹੱਦੋਂ ਪਾਰ ਦੇ ਵੀਰਾਂ ਨਾਲ ਦਰਦ ਸਾਂਝਾ ਕਰਨ ਲਈ ਸਰਹੱਦ ਨੂੰ ਵਾਜਾਂ ਮਾਰੀਆਂ, ਟੱਕਰੇਂ ਤਾਂ ਹਾਲ ਸੁਣਾਵਾਂ ਦਾ ਹਟਕੋਰਾ ਭਰਿਆ, ਪਰ ਚੱਜ ਨਾਲ ਵੱਡੀ ਛਾਲ ਮੁੜ ਕੇ ਨਹੀਂ ਵੱਜੀ। ਐਵੇਂ ਮਨ ਨੂੰ ਢਾਰਸ ਦੇਣ ਲਈ ਕੁਝ ਗੀਤਾਂ ਦੀ ਗੱਲ ਕੀਤੀ ਜਾ ਸਕਦੀ ਹੈ, ਪਰ ਕੋਈ ਹੋਰ ਗੀਤ 'ਤੂਤਕ-ਤੂਤੀਆਂ' ਅਤੇ 'ਗੁੜ ਨਾਲੋਂ ਇਸ਼ਕ ਮਿੱਠਾ' ਦੇ ਨੇੜੇ-ਤੇੜੇ ਵੀ ਨਹੀਂ ਢੁਕਿਆ।

ਇੰਗਲੈਂਡ ਵਿਚ ਪੰਜਾਬੀ ਗਾਇਕਾਂ ਦੀ ਗਿਣਤੀ ਕਿਸੇ ਸਮੇਂ ਸੈਂਕੜਾ ਪਾਰ ਕਰ ਗਈ ਸੀ। 15-20 ਟੀਮਾਂ ਨੇ ਤਾਂ ਸਮੇਂ-ਸਮੇਂ ਖੂਬ ਪੈੜਾਂ ਕੀਤੀਆਂ। ਅਲਾਪ ਗਰੁਪ ਵਾਲਾ ਚੰਨੀ। ਭੰਵਰੇ ਗਿੱਲ ਦੀ ਟੀਮ। ਬਲਵਿੰਦਰ ਸਫਰੀ ਦਾ 'ਸਫਰੀ ਬੁਆਏਜ਼।' ਹੀਰਾ ਗਰੁੱਪ ਵਾਲੇ ਧਾਮੀ ਤੇ ਕੁਮਾਰ। ਦੀਪਕ ਖਜ਼ਾਨਚੀ, ਕਮਲਜੀਤ ਨੀਰੂ, ਜੱਸੀ ਸਿੱਧੂ ਤੇ ਕਈ ਹੋਰ। ਇਨ੍ਹਾਂ ਵਿਚੋਂ ਕਈ ਇਸ ਵੇਲੇ ਮੈਦਾਨ ਛੱਡ ਗਏ। ਕਈ ਗਰੁਪ ਭਾਵੇਂ ਕੰਮ ਕਰ ਰਹੇ ਨੇ, ਪਰ ਕੋਈ ਕਿਧਰੇ ਜ਼ਿਕਰ ਨਹੀਂ। ਸਿਰਫ ਤੇ ਸਿਰਫ ਗੋਲਡਨ ਸਟਾਰ ਮਲਕੀਤ ਸਿੰਘ ਹੀ ਹੈ ਜੋ ਕਈ ਦਹਾਕਿਆਂ ਤੋਂ ਡਟ ਕੇ ਖੜੋਤਾ ਹੋਇਆ ਹੈ। ਸਟੇਜ ਪ੍ਰੋਗਰਾਮਾਂ ਦਾ ਸਭ ਤੋਂ ਵੱਧ ਰੁਝੇਵਾਂ ਇੰਗਲੈਂਡ ਵਿਚ ਮਲਕੀਤ ਸਿੰਘ ਕੋਲ ਹੀ ਹੈ। ਉਸ ਨੇ ਵੱਖ-ਵੱਖ ਦੇਸ਼ਾਂ 'ਚ ਏਨੇ ਸਟੇਜ ਸ਼ੋਅ ਕੀਤੇ ਕਿ ਗਿਣਤੀ ਕਰਨੀ ਔਖੀ ਹੈ। ਪਿਛਲੇ ਕੁਝ ਸਾਲਾਂ ਤੋਂ ਉਹ ਏਧਰ ਦਿੱਲੀ, ਪੰਜਾਬ ਵਿਚ ਵੀ ਸ਼ੋਅ ਕਰਨ ਲਈ ਅਕਸਰ ਗੇੜਾ ਮਾਰਦਾ ਰਹਿੰਦੈ।

*ਪੰਜਾਬ ਦੇ ਮੇਲੇ ਅਸੀਂ ਬਹੁਤ ਦੇਖੇ ਤੇ ਹੁਣ ਵੀ ਦੇਖ ਰਹੇ ਹਾਂ। ਮੇਲਿਆਂ ਵਿਚ ਉਹੀ ਕਲਾਕਾਰ ਹੁੰਦੇ ਨੇ ਤੇ ਉਨ੍ਹਾਂ ਦੇ ਉਹੀ ਗੀਤ, ਪਰ ਵੱਖ-ਵੱਖ ਥਾਈਂ ਨਤੀਜੇ ਵੱਖ-ਵੱਖ ਨਿਕਲਦੇ ਰਹੇ ਨੇ। ਐਸ. ਅਸ਼ੋਕ ਭੌਰਾ ਮਾਹਿਲਪੁਰ 'ਚ ਸੌਂਕੀ ਮੇਲਾ ਕਰਵਾਉਂਦਾ ਹੁੰਦਾ ਸੀ। ਬੜਾ ਇਕੱਠ ਹੁੰਦਾ ਸੀ, ਕਲਾਕਾਰਾਂ ਦਾ ਵੀ ਤੇ ਲੋਕਾਂ ਦਾ ਵੀ। ਇਕ ਵਾਰ ਉਥੇ ਮਲਕੀਤ ਪੁੱਜਾ। ਉਸ ਤੋਂ ਪਹਿਲਾਂ ਕਮਲਜੀਤ ਨੀਲੋਂ ਤੇ ਜਗਤਾਰ ਜੱਗੇ ਵਰਗੇ ਕਲਾਕਾਰਾਂ ਨੂੰ ਲੋਕ ਵਾਹਵਾ ਪਸੰਦ ਕਰ ਚੁੱਕੇ ਸਨ। ਮਲਕੀਤ ਜਦੋਂ ਸਟੇਜ 'ਤੇ ਪੁੱਜਾ ਤਾਂ ਦਰਸ਼ਕਾਂ ਦਾ ਹੜ੍ਹ ਜਿਹਾ ਆ ਗਿਆ। ਉਸ ਨੂੰ ਦੇਖਣ ਤੇ ਸੁਣਨ ਲਈ ਲੋਕਾਂ 'ਚ ਬਹੁਤ ਉਤਸੁਕਤਾ ਸੀ, ਪਰ ਗੀਤਾਂ ਦੀ ਚੋਣ ਅਤੇ ਤਰਤੀਬ 'ਚ ਮਲਕੀਤ ਤੋਂ ਕੁਤਾਹੀ ਹੋ ਗਈ। ਪਹਿਲਾਂ ਧਾਰਮਿਕ ਗੀਤ ਗਾਇਆ, ਫਿਰ ਪੰਜਾਬ ਦੀ ਸਿਫਤ ਬਾਰੇ, ਫਿਰ ਕੋਈ ਦੇਸ਼ ਭਗਤੀ ਜਿਹੀ ਸੁਣਾਉਣ ਲੱਗ ਪਿਆ। ਇਉਂ ਮੇਲਾ ਸਿਖਰ ਵੱਲ ਨੂੰ ਵਧਦਾ ਹੋਇਆ, ਹੇਠਾਂ ਵੱਲ ਨੂੰ ਤੁਰ ਪਿਆ। ਅਸਲ ਵਿਚ ਜਦੋਂ ਮੇਲਿਆਂ 'ਚ ਬਹੁਤ ਸਾਰੇ ਕਲਾਕਾਰ ਹੋਣ ਤੇ ਪ੍ਰੋਗਰਾਮ ਪੂਰਾ ਭਖਿਆ ਹੋਵੇ ਤਾਂ ਕਿਸੇ ਵੀ ਕਲਾਕਾਰ ਦੇ ਹਿੱਟ ਗੀਤ ਹੀ ਲੋਕਾਂ ਨੂੰ ਟਿਕਾ ਸਕਦੇ ਨੇ। ਇਸ ਨੁਕਤੇ 'ਚ ਮੈਂ ਹੋਰ ਵੀ ਕਈ ਕਲਾਕਾਰ ਟਪਲਾ ਖਾਂਦੇ ਦੇਖੇ ਨੇ, ਪਰ ਦੂਜੇ ਪਾਸੇ ਅਜੀਤ ਅਖ਼ਬਾਰ ਅਦਾਰੇ ਵੱਲੋਂ ਇਕ ਵਾਰ ਬੜਾ ਹੀ ਵੱਡਾ ਸਭਿਆਚਾਰਕ ਮੇਲਾ ਕਰਾਇਆ ਗਿਆ। ਹੰਸ ਰਾਜ ਹੰਸ, ਸਰਦੂਲ ਸਿਕੰਦਰ, ਹਰਭਜਨ ਮਾਨ, ਸਰਬਜੀਤ ਚੀਮਾ, ਸਤਵਿੰਦਰ ਬਿੱਟੀ, ਸਲੀਮ, ਮਲਕੀਤ ਸਿੰਘ ਤੇ ਹੋਰ ਕਈ ਨਾਮੀ ਕਲਾਕਾਰ ਸ਼ਾਮਲ ਹੋਏ। ਹਰੇਕ ਕਲਾਕਾਰ ਨੇ ਆਪਣੀ ਕਲਾ ਦੇ ਪੂਰੇ ਜੌਹਰ ਦਿਖਾਏ। ਸਰਦੂਲ ਲੋੜੋਂ ਵੱਧ ਸੁਚੇਤ ਹੋ ਕੇ ਗਾਉਂਦਾ ਹੋਇਆ, ਓਵਰ ਐਕਟਿੰਗ ਕਰਨ ਲੱਗ ਗਿਆ। ਬਿੱਟੀ ਨੇ ਇਕ ਗੀਤ ਗਾਇਆ ਤੇ ਉਸ ਦੇ ਦੂਜੇ ਗੀਤ ਦੀ ਸੀ.ਡੀ. ਚੱਲ ਨਾ ਸਕੀ, ਮਸ਼ੀਨ 'ਚ ਅੜ ਗਈ ਤੇ ਐਲਬਮ ਗੀਤ ਗਾ ਹੀ ਨਾ ਸਕੀ। ਹੰਸ ਰਾਜ ਕਿਉਂਕਿ ਮੇਲੇ ਦਾ ਪ੍ਰਬੰਧਕ ਵੀ ਸੀ, ਇਸ ਲਈ ਪੂਰੀ ਤਵੱਜੋ ਨਾਲ ਪਰਫਾਰਮੈਂਸ ਨਾ ਦੇ ਸਕਿਆ। ਅਗਲੇ ਦਿਨ ਲੋਕਾਂ ਵਿਚ ਜੋ ਚਰਚਾ ਸੀ, ਉਹ ਇਹੋ ਸੀ ਕਿ ਸਰਬਜੀਤ ਚੀਮਾ ਕਾਫੀ ਚੰਗਾ ਰਿਹਾ, ਪਰ ਇੰਗਲੈਂਡ ਵਾਲਾ ਮਲਕੀਤ ਤਾਂ ਮੇਲਾ ਹੀ ਲੁੱਟ ਕੇ ਲੈ ਗਿਆ। ਉਦੋਂ ਇਹ ਵੀ ਗੱਲ ਸੁਣਨ ਵਿਚ ਆਈ ਕਿ ਪ੍ਰਿੰ. ਇੰਦਰਜੀਤ ਸਿੰਘ ਨੇ ਮਲਕੀਤ ਦੇ ਗੀਤਾਂ ਦੀ ਭੰਗੜੇ, ਗਿੱਧੇ ਨਾਲ ਜੋ ਕੋਰੀਓਗ੍ਰਾਫੀ ਕਰਵਾਈ, ਉਸ ਨੇ ਸੋਨੇ 'ਤੇ ਸੁਹਾਗੇ ਦਾ ਕੰਮ ਕੀਤਾ।

*ਨਕੋਦਰ ਨੇੜੇ ਉਹਦਾ ਪਿੰਡ ਹੈ ਹੁਸੈਨਪੁਰ। ਉਹ ਜਦੋਂ ਪੰਜਾਬ ਆਉਂਦਾ, ਆਵਦੇ ਪਿੰਡ ਜਾ ਕੇ ਧਾਰਮਿਕ ਜਗ੍ਹਾ 'ਤੇ ਸਭ ਤੋਂ ਪਹਿਲਾਂ ਮੱਥਾ ਟੇਕਦਾ ਤੇ ਫਿਰ ਘਰ ਵੜਦਾ। ਲਹਿੰਬਰ ਹੁਸੈਨਪੁਰ ਵੀ ਇਸੇ ਪਿੰਡ ਦਾ ਹੈ। ਜਦੋਂ ਵੀ ਕਦੇ ਹੁਣ ਲਹਿੰਬਰ ਨੂੰ ਕੋਈ ਆਖਦਾ ਕਿ ਅੱਛਾ ਤੂੰ ਮਲਕੀਤ ਦੇ ਪਿੰਡ ਦਾ ਏਂ ਤਾਂ ਉਹ ਅੱਗੋਂ ਪਤਾ ਕੀ ਜਵਾਬ ਦਿੰਦਾ, ਜੀ ਨਹੀਂ, ਮੈਂ ਮਲਕੀਤ ਦੇ ਪਿੰਡ ਦਾ ਨਹੀਂ, ਉਹ ਸਮਾਂ ਬੀਤ ਗਿਆ। ਹੁਣ ਤਾਂ ਇਹ ਕਹਿਣਾ ਬਣਦਾ ਕਿ ਮਲਕੀਤ ਸਿੰਘ ਜੋ ਹੈ ਉਹ ਲਹਿੰਬਰ ਦੇ ਪਿੰਡ ਦਾ ਹੈ ਕਿਉਂਕਿ ਮੈਂ ਤਾਂ ਆਪਣੇ ਨਾਂ ਨਾਲ ਹੀ ਹੁਸੈਨਪੁਰ ਨੂੰ ਮਸ਼ਹੂਰ ਕਰ ਦਿੱਤੈ..।

ਮਲਕੀਤ ਨੇ ਇਕ ਵਾਰ ਜਜ਼ਬਾਤੀ ਰੌਅ ਵਿਚ ਵਧੀਆ ਫੈਸਲਾ ਕਰ ਲਿਆ ਕਿ ਆਪਣੇ ਬੱਚੇ ਦਾ ਜਨਮ ਦਿਨ (ਸ਼ਾਇਦ ਪੰਜਵਾਂ) ਨਾ ਇੰਗਲੈਂਡ ਵਿਚ ਮਨਾਉਣਾ ਨਾ ਜਲੰਧਰ ਦੇ ਕਿਸੇ ਮੈਰਿਜ ਪੈਲੇਸ ਵਿਚ ਸਗੋਂ ਆਪਣੇ ਪਿੰਡ, ਆਪਣੇ ਘਰ ਹੁਸੈਨਪੁਰ 'ਚ ਮਨਾਉਣਾ। ਉਹ ਆਖੇ, ਮੇਰੇ ਪੁੱਤ ਦੇ ਪੈਰਾਂ ਨੂੰ ਉਹ ਮਿੱਟੀ ਲੱਗਣੀ ਚਾਹੀਦੀ ਆ, ਜਿਸ ਦੀ ਮਿੱਟੀ 'ਚ ਮੈਂ ਜੰਮਿਆ ਤੇ ਪਲਿਆ। ਸਾਨੂੰ ਵੀ ਸੱਦਿਆ। ਪੁਰਾਣੇ ਢੰਗ ਨਾਲ ਚਾਨਣੀਆਂ, ਕਨਾਤਾਂ ਲਗਾਈਆਂ। ਮਠਿਆਈ ਤੇ ਰੋਟੀ-ਭਾਜੀ ਲਈ ਭੱਠੀਆਂ ਲਗਾਈਆਂ। ਕੁਰਸੀਆਂ ਵੀ ਰੱਖੀਆਂ ਤੇ ਮੰਜੇ ਵੀ ਡਾਹੇ। ਸਟੇਜ ਉਪਰ ਰਛਪਾਲ ਸਿੰਘ ਪਾਲ ਦਿਖਾਈ ਦਿੱਤਾ। ਫਿਰ ਕਵੀਸ਼ਰ ਲੱਗੇ। ਵਾਹਵਾ ਦੇਸੀ ਰੰਗ। ਕੁਲਦੀਪ ਮਾਣਕ, ਸਰਦੂਲ ਸਿਕੰਦਰ, ਗੁਰਪ੍ਰੀਤ ਘੁੱਗੀ, ਕਲੇਰ ਕੰਠ, ਵਿਜੈ ਧੰਮੀ, ਬੂਟਾ ਮੁਹੰਮਦ ਪੰਛੀ ਤੇ ਹੋਰ ਵੀ ਬਹੁਤ ਸਾਰੇ ਗਾਇਕ-ਕਲਾਕਾਰ ਪੁੱਜੇ ਹੋਏ ਸਨ। ਜਦੋਂ ਮਾਣਕ ਨੇ ਗਾਇਆ ਤਾਂ ਅਸੀਂ ਸਾਰੇ ਹੀ ਸਟੇਜ ਉਪਰ ਜਾ ਚੜ੍ਹੇ। ਕਿਸੇ ਨੇ ਉਸ ਨਾਲ ਕੋਰਸ ਬੋਲਿਆ, ਕਿਸੇ ਨੇ ਤਾੜੀਆਂ ਮਾਰੀਆਂ। ਪ੍ਰੋਗਰਾਮ ਪੂਰਾ ਭਖਿਆ ਹੋਇਆ ਸੀ ਤੇ ਸਰਦੂਲ ਸਿਕੰਦਰ ਇਕੱਲਾ ਜਦੋਂ ਗਾ ਰਿਹਾ ਸੀ ਤਾਂ ਮਲਕੀਤ ਦਾ ਮਾਮਾ ਸਟੇਜ ਵੱਲ ਦੌੜ ਕੇ ਆਇਆ। ਉਹ ਕਹਿਣ ਲੱਗਾ ਪ੍ਰੋਗਰਾਮ ਇਕਦਮ ਏਥੇ ਹੀ ਬੰਦ ਕਰ ਦਿਉ। ਮਲਕੀਤ ਮਗਰੇ ਆ ਗਿਆ ਤੇ ਬੋਲਿਆ ਪ੍ਰੋਗਰਾਮ ਜਾਰੀ ਰੱਖੋ। ਉਹ ਮਾਮੇ ਨੂੰ ਬਾਹੋਂ ਫੜ ਕੇ ਲੈ ਗਿਆ। ਕਿਸੇ ਨੂੰ ਕੁਝ ਪਤਾ ਨਾ ਲੱਗੇ। ਬਾਅਦ ਵਿਚ ਡਰਾਇੰਗ ਰੂਮ 'ਚ ਬੈਠਿਆਂ, ਮਲਕੀਤ ਨੇ ਕੰਨ 'ਚ ਦੱਸਿਆ ਕਿ ਜਦੋਂ ਘਰ ਦੇ ਸਾਰੇ ਜੀਅ ਉਧਰ ਪੰਡਾਲ ਵਿਚ ਬੈਠੇ ਸੀ ਤਾਂ ਕੋਠੀ ਦੇ ਇਕ ਕਮਰੇ ਦੀ ਅਲਮਾਰੀ ਦਾ ਤਾਲਾ ਤੋੜ ਕੇ ਦੋ-ਢਾਈ ਲੱਖ ਰੁਪਏ ਦੀ ਨਕਦੀ ਚੋਰੀ ਕਰਕੇ ਕੋਈ ਲੈ ਗਿਆ। ਸ਼ੱਕ ਕੀਹਦੇ 'ਤੇ ਕੀਤੀ ਜਾਵੇ। ਸਾਰੀ ਕੋਠੀ ਵਿਚ, ਸਾਰੇ ਕਮਰਿਆਂ 'ਚ, ਵਿਹੜੇ ਵਿਚ ਰਿਸ਼ਤੇਦਾਰ ਵੀ, ਸੱਜਣ-ਮਿੱਤਰ ਵੀ, ਪਿੰਡ ਦੇ ਲਿਹਾਜ਼ੀ ਬੰਦੇ-ਬੁੜੀਆਂ ਵੀ, ਕੰਮ ਕਰਨ ਵਾਲੇ ਨੌਕਰ-ਚਾਕਰ ਵੀ, ਹਲਵਾਈ ਵੀ, ਵੇਟਰ ਵੀ, ਬੱਚੇ ਵੀ ਘੁੰਮ-ਫਿਰ ਰਹੇ ਸਨ। ਉਸੇ ਹੀ ਸਮਾਗਮ ਵਿਚ ਇਕ ਹੋਰ ਦੁਖਦਾਈ ਘਟਨਾ ਵਾਪਰਦੀ ਵਾਪਰਦੀ ਰਹਿ ਗਈ। ਟਰੈਕਟਰ ਦੀ ਬੈਟਰੀ ਨੂੰ ਤਾਰ ਲਗਾ ਕੇ ਅਗਾਂਹ ਪੰਡਾਲ ਵੱਲ ਤਾਰ ਲੰਘਾਈ ਹੋਈ ਸੀ। ਕਿਸੇ ਸ਼ਰਾਰਤੀ ਨੇ ਦੋ ਕੁ ਥਾਵਾਂ ਤੋਂ ਤਾਰ ਨੰਗੀ ਕਰ ਦਿੱਤੀ। ਉਥੋਂ ਦੀ ਹੀ ਲਾਂਘਾ ਸੀ। ਇਕ-ਦੋ ਬੰਦਿਆਂ ਨੂੰ ਕਰੰਟ ਵੱਜਿਆ ਤਾਂ ਕਿਸੇ ਦੀ ਸ਼ਰਾਰਤ ਸਾਹਮਣੇ ਆਈ। ਫਿਰ

ਦੱਸਿਆ ਗਿਆ ਕਿ ਉਸੇ ਦਿਨ ਸਵੇਰੇ ਸਾਝਰੇ ਜਦੋਂ ਘਰ ਦੀਆਂ ਕੁਝ ਬੁੜੀਆਂ ਚਾਹ ਬਣਾਉਣ ਨੂੰ ਚੌਂਕੇ-ਚੁੱਲ੍ਹੇ ਵਿਚ ਗਈਆਂ ਤਾਂ ਉਥੇ ਓਟੇ 'ਤੇ ਇਕ ਗੜਵੀ ਦੁੱਧ ਦੀ ਭਰੀ ਪਈ ਸੀ। ਪਿੰਡਾਂ 'ਚ ਰਿਵਾਜ ਹੁੰਦਾ ਹੈ ਕਿ ਜਿਸ ਘਰ ਖੁਸ਼ੀ ਦਾ ਮੌਕਾ ਹੋਵੇ, ਉਸ ਘਰ ਪਿੰਡ ਦੇ ਵਰਤ-ਵਰਤਾਵੇ ਵਾਲੇ ਲੋਕ ਆਪੇ ਹੀ ਦੁੱਧ ਪਹੁੰਚਦਾ ਕਰ ਦਿੰਦੇ ਨੇ।

ਇਕ ਸਿਆਣੀ ਬੁੜੀ ਕਹਿਣ ਲੱਗੀ, ਭਾਈ ਇਹ ਦੁੱਧ ਨਈਂ ਵਰਤਣਾ ਚਾਹ ਵਿਚ, ਪਹਿਲਾਂ ਐਂ ਦੱਸੋ ਬਈ ਰੱਖ ਕੇ ਕੌਣ ਗਿਆ। ਸ਼ੱਕ ਵਜੋਂ ਉਹ ਦੁੱਧ ਨਾ ਵਰਤਿਆ। ਕੀ ਦੇਖਿਆ ਕਿ ਕੁਝ ਚਿਰ ਪਿੱਛੋਂ ਦੁੱਧ ਦਾ ਰੰਗ ਨੀਲਾ ਪੈ ਗਿਆ। ਸਿਆਣੀ ਬੁੜੀ ਦੀ ਸਿਆਣਪ ਕੰਮ ਕਰ ਗਈ। ਜੇਕਰ ਉਹ ਜ਼ਹਿਰੀਲਾ ਦੁੱਧ ਚਾਹ ਵਿਚ ਵਰਤ ਲਿਆ ਜਾਂਦਾ...?

ਕੁਝ ਦਿਨ ਬਾਅਦ ਮਲਕੀਤ ਨਾਲ ਫੋਨ 'ਤੇ ਗੱਲ ਹੋਈ ਤਾਂ ਉਹ ਉਦਾਸ ਜਿਹਾ ਸੀ, ਕਹਿਣ ਲੱਗਾ- ਮੈਂ ਕਰ ਲਿਆ ਚਾਅ ਪੂਰਾ, ਲੁਆ ਲਈ ਪਿੰਡ ਦੀ ਮਿੱਟੀ ਪੁੱਤ ਦੇ ਪੈਰਾਂ ਨੂੰ...।

*ਮਲਕੀਤ ਸਿੰਘ ਨਾਲ ਜਾਗ ਕੇ ਬਿਤਾਈਆਂ ਦੋ ਰਾਤਾਂ ਭੁਲਾਇਆਂ ਵੀ ਨਈਂ ਭੁੱਲਦੀਆਂ। ਇਕ ਰਾਤ ਅਸੀਂ ਐਮ.ਐਚ.ਵਨ ਚੈਨਲ ਦਿੱਲੀ ਦੇ ਸਟੂਡੀਓ ਵਿਚ ਬਿਤਾਈ। ਨਵੇਂ ਗਾਇਕਾਂ ਤੇ ਗਾਇਕਾਵਾਂ ਦਾ 'ਵਾਇਸ ਆਫ ਪੰਜਾਬ' ਵਰਗਾ ਕੋਈ ਮੁਕਾਬਲਾ ਚੱਲ ਰਿਹਾ ਸੀ। ਜੱਜਾਂ ਦੀ ਕੁਰਸੀ 'ਤੇ ਬਿਰਾਜਮਾਨ ਸਨ ਸੰਗੀਤਕਾਰ ਜੈਦੇਵ ਅਤੇ ਗਾਇਕ ਮਲਕੀਤ ਸਿੰਘ। ਤੀਜਾ ਜੱਜ ਮੈਨੂੰ ਬਣਾਇਆ ਗਿਆ। ਐਂਕਰ ਸੀ ਗੁਰਪ੍ਰੀਤ ਘੁੱਗੀ। ਪੂਰਾ ਰੁਮਾਂਟਕ ਮਾਹੌਲ ਸੀ। ਹਰੇਕ ਗਾਇਕ ਆਪਣੀ ਕਲਾ ਦੇ ਜੌਹਰ ਦਿਖਾ ਰਿਹਾ ਸੀ। 'ਗਰੈਂਡ ਫਾਈਨਾਲੇ' ਕਰਕੇ ਜ਼ੋਰ ਜ਼ਿਆਦਾ ਹੀ ਲੱਗ ਰਿਹਾ ਸੀ। ਨੱਚਣ, ਟੱਪਣ, ਹੱਸਣ-ਖੇਡਣ ਦੇ ਗੀਤਾਂ ਵਿਚ ਕਿਸੇ ਇਕ ਨਵੇਂ ਗਾਇਕ ਨੇ ਮਾਂ ਦੇ ਵਿਛੋੜੇ ਦਾ ਗੀਤ ਗਾਇਆ। ਗੀਤ ਅਜੇ ਸ਼ੁਰੂ ਹੀ ਹੋਇਆ ਸੀ ਕਿ ਜੱਜਮੈਂਟ ਦੀਆਂ ਜ਼ਿੰਮੇਵਾਰੀਆਂ ਭੁੱਲ-ਭੁਲਾ ਕੇ ਮਲਕੀਤ ਸਿੰਘ ਰੋ ਪਿਆ। ਉਹ ਦੀ ਮਾਤਾ ਕੁਝ ਹੀ ਦਿਨ ਪਹਿਲਾਂ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਈ ਸੀ। ਗੀਤ ਸਿੱਧਾ ਹੀ ਮਲਕੀਤ ਸਿੰਘ ਦੇ ਕੋਮਲ ਹਿਰਦੇ ਵਿਚ ਖੁੱਭ ਗਿਆ। ਉਹਦੀਆਂ ਅੱਖਾਂ 'ਚੋਂ ਪਰਲ-ਪਰਲ ਹੰਝੂ ਵਹਿ ਤੁਰੇ। ਅਸੀਂ ਦਿਲਾਸਾ ਦੇਣ ਦੀ ਕੋਸ਼ਿਸ਼ ਕੀਤੀ



ਮਲਕੀਤ ਸਿੰਘ ਨੂੰ ਐਮ.ਬੀ.ਈ. ਨਾਲ ਸਨਮਾਨਦੇ ਹੋਏ ਮਲਿਕਾ ਐਲਿਜ਼ਬੈਥ

ਤਾਂ ਹੰਝੂਆਂ ਦੇ ਨਾਲ ਹਉਕੇ ਵੀ ਉਠ ਖੜੋਏ। ਸੰਨਾਟਾ ਜਿਹਾ ਛਾ ਗਿਆ। ਚੁੱਪ ਪਸਰ ਗਈ। ਕੈਮਰੇ ਚੱਲਦੇ ਰਹੇ। ਰੌਸ਼ਨੀਆਂ ਉਸੇ ਤਰ੍ਹਾਂ ਘੁੰਮਦੀਆਂ ਰਹੀਆਂ। ਇਕ ਦੋ ਮਿੰਟ ਨਹੀਂ ਸ਼ਾਇਦ ਅੱਧਾ ਘੰਟਾ ਇੰਜ ਹੀ ਸਮਾਂ ਖੜ੍ਹੋ ਗਿਆ। ਮਸੀਂ ਕਿਤੇ ਜਾ ਕੇ ਮਲਕੀਤ ਸਿੰਘ ਮਾਂ ਦੇ ਦਰਦ 'ਚੋਂ ਬਾਹਰ ਨਿਕਲ ਸਕਿਆ। ਉਹਦਾ ਆਪਣੀ ਮਾਂ ਨਾਲ ਬਹੁਤ ਜ਼ਿਆਦਾ ਮੋਹ ਸੀ।

ਦੂਜੀ ਰਾਤ ਲੁਧਿਆਣੇ ਦੇ ਗੁਲਮੋਹਰ ਹੋਟਲ ਵਿਚ ਬਿਤਾਈ ਈ.ਟੀ.ਸੀ. ਚੈਨਲ ਵਾਲਿਆਂ ਦਾ ਨਵੇਂ ਗਾਇਕਾਂ ਦੇ ਮੁਕਾਬਲੇ ਵਾਲਾ ਪ੍ਰੋਗਰਾਮ ਸੀ। ਮਲਕੀਤ ਸਿੰਘ, ਅਤੁਲ ਸ਼ਰਮਾ, ਡੌਲੀ ਗੁਲੇਰੀਆ ਤੇ ਮੈਂ ਜੱਜ ਬਣੇ ਸੀ। ਅੱਧੀ ਰਾਤੀਂ ਜਦੋਂ ਹੋਟਲ ਵਿਚ ਆਏ ਤਾਂ ਮਲਕੀਤ ਮੈਨੂੰ ਕਹਿਣ ਲੱਗਾ ਅਜੇ ਰੋਟੀ ਨਾ ਖਾਵੀਂ, ਮੈਂ ਇੰਗਲੈਂਡ ਤੋਂ ਕੁੰਡੇ ਵਾਲੀ ਬੋਤਲ ਲੈ ਕੇ ਆਇਆਂ, ਹੁਣੇ ਖੋਲ੍ਹਦੇ ਆਂ। ਏਨੇ ਨੂੰ ਹੋਟਲ ਦੀ ਰਿਸੈਪਸ਼ਨ 'ਤੇ ਡੌਲੀ ਗੁਲੇਰੀਆ ਮਿਲ ਪਈ ਤੇ ਮਲਕੀਤ ਨੇ ਉਸ ਨੂੰ ਪੁੱਛਿਆ, "ਆਪਣੀ ਮਾਤਾ ਕਿਹੜੇ ਕਮਰੇ ਵਿਚ ਆ।" ਡੌਲੀ ਨੇ ਸਾਹਮਣੇ ਇਸ਼ਾਰਾ ਕੀਤਾ। ਅੰਦਰ ਗਏ ਤਾਂ ਸੁਰਿੰਦਰ ਕੌਰ ਅੱਧੀ ਕੁ ਰਜ਼ਾਈ ਉਪਰ ਲੈ ਕੇ ਢੋਅ ਲਗਾ ਕੇ ਬੈਡ 'ਤੇ ਪਈ ਸੀ। ਅਸੀਂ ਚਰਨੀਂ ਹੱਥ ਲਗਾਇਆ। ਮਾਤਾ ਨੇ ਅਸ਼ੀਰਵਾਦ ਦਿੱਤੀ। ਮਲਕੀਤ ਮੂਡ 'ਚ ਆ ਕੇ ਕਹਿਣ ਲੱਗਾ, "ਬੇਬੇ, ਬੜੀਆਂ ਰੀਝਾਂ ਜ਼ਿੰਦਗੀ 'ਚ ਮੇਰੀਆਂ ਪੂਰੀਆਂ ਹੋ ਚੁੱਕੀਆਂ, ਪਰ ਇਕ ਵੱਡੀ ਰੀਝ ਰਹਿੰਦੀ ਆ, ਬੇਬੇ ਨਾਲ ਪੈਗ ਟਕਰਾਉਣ ਦੀ।" ਸੁਰਿੰਦਰ ਕੌਰ ਕਹਿਣ ਲੱਗੀ, "ਵੇ ਮਲਕੀਤ, ਮਾਂ ਸਦਕੇ ਰੀਝ ਤਾਂ ਤੂੰ ਪੂਰੀ ਕਰ ਲੈਂਦਾ, ਪਰ ਮੈਂ ਤਾਂ ਛੋਟੇ-ਛੋਟੇ ਦੋ ਹਾੜੇ ਲਾ ਕੇ ਹੁਣ ਰੋਟੀ ਖਾਣ ਤੇ ਸੌਣ ਦੇ ਮੂਡ ਵਿਚ ਹਾਂ।" ਮਲਕੀਤ ਜਜ਼ਬਾਤੀ ਹੋ ਕੇ ਜ਼ਿੱਦ ਕਰਨ ਲੱਗਾ, "ਨਹੀਂ ਬੇਬੇ, ਫੇਰ ਪਤਾ ਨਹੀਂ ਕਦੋਂ ਮੇਲੇ ਹੋਣਗੇ ਜਾਂ ਨਹੀਂ ਹੋਣਗੇ। ਅੱਜ ਆਵਦੇ ਪੁੱਤ ਦੀ ਰੀਝ ਪੂਰੀ ਕਰਦੇ।" ਸੁਰਿੰਦਰ ਕੌਰ ਸਹਿਮਤ ਹੋ ਕੇ ਬੋਲੀ, "ਲਿਆ ਗਲਾਸ, ਬਹੁਤ ਥੋੜ੍ਹੀ ਪਾਈਂ।" ਲਓ ਜੀ, ਕੁੰਡੇ ਵਾਲੀ ਬੋਤਲ ਮਲਕੀਤ ਨੇ ਆਪਣੇ ਕਮਰੇ 'ਚੋਂ ਭੱਜ ਕੇ ਚੱਕ ਲਿਆਂਦੀ। ਅਸੀਂ ਦੋਹੇਂ ਇਸੇ ਬੈਡ 'ਤੇ ਰਜ਼ਾਈ ਵਿਚ ਏਦਾਂ ਬੈਠ ਗਏ ਜਿਵੇਂ ਨਿੱਕੇ ਹੁੰਦਿਆਂ ਮਾਂ-ਦਾਦੀ ਕੋਲੋਂ ਬਾਤਾਂ ਸੁਣਨ ਵੇਲੇ ਬੈਠਿਆ ਕਰਦੇ ਸਾਂ। ਗਲਾਸ ਟਕਰਾਏ ਗਏ ਤਾਂ ਮਲਕੀਤ ਨੇ ਆਵਦੇ ਅਸਿਸਟੈਂਟ ਨੂੰ ਮੋਬਾਈਲ ਦੇ ਕੇ ਕਿਹਾ, "ਓਏ ਖਿੱਚ ਸਾਡੀ ਤਿੰਨਾਂ ਦੀ ਤਸਵੀਰ, ਅੱਜ ਇਕ ਵੱਖਰਾ ਇਤਿਹਾਸ ਸਿਰਜਿਆ ਜਾ ਰਿਹੈ। ਗਲਾਸ ਦੁਬਾਰਾ ਟਕਰਾਏ ਗਏ। ਮਲਕੀਤ ਤੇ ਮੈਂ ਚਾਅ ਵਿਚ ਮੋਟੇ-ਮੋਟੇ ਪੈਗ ਲਗਾਉਂਦੇ ਗਏ ਤੇ ਬੇਬੇ ਸੁਰਿੰਦਰ ਕੌਰ ਨੇ ਛੋਟੇ ਤਿੰਨ ਕੁ ਪੈਗਾਂ ਨਾਲ ਸਾਥ ਦਿੱਤਾ। ਗੱਲਾਂ-ਬਾਤਾਂ ਵਿਚ ਏਨਾ ਗੁਆਚ ਗਏ ਕਿਸੇ ਨੂੰ ਵੀ ਰੋਟੀ ਖਾਣੀ ਚੇਤੇ ਨਾ ਰਹੀ। ਢਕੀ ਹੋਈ ਰੋਟੀ, ਸਬਜ਼ੀ ਪਰ੍ਹੇ ਟੇਬਲ ਉਪਰ ਹੀ ਪਈ ਠੰਢੀ ਹੋ ਗਈ। ਪਤਾ ਹੀ ਨਾ ਲੱਗਾ ਰਾਤ ਦੇ ਬਾਰਾਂ-ਇਕ ਤੋਂ ਤੜਕੇ ਦੇ ਪੰਜ ਕਦੋਂ ਵੱਜ ਗਏ। ਜਦੋਂ ਅਸੀਂ ਉਠ ਕੇ ਕਮਰਿਓਂ ਬਾਹਰ ਆਏ ਤਾਂ ਭੁੱਖ ਜਿਹੀ ਮਹਿਸੂਸ ਹੋਈ। ਰਿਸੈਪਸ਼ਨ 'ਤੇ ਊਂਘਦੇ ਬੰਦੇ ਨੂੰ ਜਗਾ ਕੇ ਮਲਕੀਤ ਨੇ ਕਿਹਾ, "ਓ ਮਿਸਟਰ ਰੋਟੀ ਮਿਲੇਗੀ।" ਉਹ ਬੋਲਿਆ, "ਸਰ ਹੁਣ ਤਾਂ ਨਾਸ਼ਤੇ ਦਾ ਟਾਈਮ ਹੋ ਗਿਆ, ਬਟਰ ਟੋਸਟ ਮੰਗਵਾ ਦਿਆਂ।"

ਜਿਸ ਦਿਨ ਮਹਾਨ ਗਾਇਕਾ ਸੁਰਿੰਦਰ ਕੌਰ ਦੀ ਅਮਰੀਕਾ ਵਿਚ ਮੌਤ ਹੋਈ ਤੇ ਫੇਰ ਉਥੇ ਹੀ ਸਸਕਾਰ ਕਰ ਦਿੱਤਾ ਤਾਂ ਉਸ ਤੋਂ ਅਗਲੇ ਦਿਨ ਮਲਕੀਤ ਸਿੰਘ ਦਾ ਭਰੇ ਹੋਏ ਮਨ ਨਾਲ ਇੰਗਲੈਂਡ ਤੋਂ ਫੋਨ ਆਇਆ। ਕਹਿਣ ਲੱਗਾ, "ਆਪਣੇ ਸਾਰਿਆਂ ਦੀ ਬੇਬੇ ਤੁਰ ਗਈ। ਮੈਂ ਤਾਂ ਚਾਹੁੰਦਾ ਸੀ ਬੇਬੇ ਦੀਆਂ ਅੰਤਿਮ ਰਸਮਾਂ ਪੰਜਾਬ ਵਿਚ ਹੀ ਕੀਤੀਆਂ ਜਾਣ। ਬੇਬੇ ਦੀ ਦੇਹ ਨੂੰ ਅਮਰੀਕਾ ਤੋਂ ਭਾਰਤ ਲਿਆਉਣ ਲਈ ਮੈਂ ਸਾਰਾ ਖਰਚਾ ਕਰਨ ਦੀ ਵੀ ਪੇਸ਼ਕਸ਼ ਕੀਤੀ ਸੀ, ਪਰ ਇੰਜ ਹੋ ਨਹੀਂ ਸਕਿਆ। ਬੇਬੇ ਨਾਲ ਬਿਤਾਏ ਪਲ ਮੈਨੂੰ ਵਾਰ-ਵਾਰ ਚੇਤੇ ਆਉਂਦੇ ਨੇ...।" ਬੱਸ ਏਨਾ ਕਹਿ ਕੇ ਉਸ ਹਟਕੋਰੇ ਲੈਂਦਿਆਂ ਫੋਨ ਕੱਟ ਦਿੱਤਾ।

ਅਖੀਰ ਵਿਚ ਇਕ ਛੋਟੀ ਜਿਹੀ ਗੱਲ ਚੇਤੇ ਆ ਗਈ, ਮਲਕੀਤ ਦੇ ਮੁੰਡੇ ਬਾਰੇ। ਉਹ ਨੇ ਦੱਸਿਆ ਕਿ ਮੇਰੇ ਬੱਚੇ ਨੂੰ ਮੇਰੇ ਨਵੇਂ ਗੀਤਾਂ 'ਚੋਂ ਉਹ ਗੀਤ ਬਹੁਤ ਪਸੰਦ ਹੈ, ਅਖੇ ਮਾਂ ਦੇ ਹੱਥਾਂ ਦੀਆਂ ਪੱਕੀਆਂ ਰੋਟੀਆਂ ਖਾਣ ਨੂੰ ਬੜਾ ਚਿੱਤ ਕਰਦਾ। ਇਸ ਗੀਤ ਨੂੰ ਬੱਚਾ ਅਕਸਰ ਗੁਣਗਣਾਉਂਦਾ ਰਹਿੰਦਾ, ਪਰ ਭੋਰਾ ਕੁ ਜੁਆਕ ਹੁਣੇ ਈ ਅੱਖਾਂ ਨਾਲ ਮਿਰਚਾਂ ਭੋਰਦਾ। ਇਕ ਦਿਨ ਸਕੂਲੋਂ ਜਦ ਘਰੇ ਆਇਆ ਤਾਂ ਬਸਤਾ ਰੱਖ ਕੇ ਮੇਰੀ ਗੋਦੀ ਵਿਚ ਆ ਬੈਠਾ। ਗੀਤ ਨੂੰ ਆਵਦੇ ਈ ਢੰਗ ਨਾਲ ਗੁਣਗੁਣਾ ਕੇ ਹੱਸੀ ਜਾਵੇ, "ਮੇਰਾ ਮਾਂ ਦੇ ਹੱਥਾਂ ਦੀਆਂ ਪੱਕੀਆਂ, ਰੋਟੀਆਂ ਖਾਣ ਨੂੰ ਭੋਰਾ ਨਈਂ ਦਿਲ ਕਰਦਾ....।" ਡੈਡੀ ਹਰ ਰੋਜ਼ ਰੋਟੀ ਖਾ ਕੇ ਅੱਕ ਗਿਆਂ, ਅੱਜ ਪਲੀਜ਼ ਫੋਨ ਕਰਕੇ ਬਰਗਰ ਜਾਂ ਪੀਜ਼ਾ ਮੰਗਵਾ ਦਿਓ ਜਾਂ ਫਿਰ ਮੈਂ ਨੂਡਲ ਖਾਊਂਗਾ...।

*ਫੋਨ: 91-98763-12860


Quik Signs

Signs * Graphics * Wraps



ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ



ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪ੍ਰਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi




# ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।


ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਰਾਸ਼ਟਰਮੰਡਲ ਖੇਡਾਂ ਦਾ ਖਹਿੜਾ ਨਹੀਂ ਛੱਡ ਰਹੇ ਵਿਵਾਦ

**ਨਵੀਂ ਦਿੱਲੀ :** ਰਾਸ਼ਟਰਮੰਡਲ ਖੇਡਾਂ ਦੀਆਂ ਇਕ ਪਾਸੇ ਤਾਂ ਜੰਗੀ ਪੱਧਰ 'ਤੇ ਤਿਆਰੀਆਂ ਹੋ ਰਹੀਆਂ ਹਨ ਦੂਜੇ ਪਾਸੇ ਖੇਡਾਂ ਬਾਰੇ ਵਿਵਾਦ ਖਹਿੜਾ ਨਹੀਂ ਛੱਡ ਰਹੇ। ਬੀਤੇ ਦਿਨੀਂ ਜਾਮਾ ਮਸਜਿਦ ਲਾਗੇ




ਇੰਡੀਅਨ ਮੁਜਾਹਿਦੀਨ ਵਲੋਂ ਕੀਤੇ ਗਏ ਹਮਲੇ ਤੇ ਦਿੱਤੀ ਗਈ ਧਮਕੀ ਨੇ ਸਥਿਤੀ ਹੋਰ ਗੁੰਝਲ ਦਾਰ ਬਣਾ ਦਿੱਤੀ ਹੈ।ਇਸ ਦਰਮਿਆਨ ਖਿਡਾਰੀਆਂ ਦੀਆਂ ਵੱਖ ਵੱਖ ਧਿਰਾਂ ਵਲੋਂ ਵੀ ਦੋਸ਼ ਪ੍ਰਤੀਦੋਸ਼ ਵੀ ਸਾਹਮਣੇ ਆ ਰਹੇ ਹਨ।

ਖੇਡਾਂ ਦੇ ਇਤਿਹਾਸ ਵਿਚ ਪਹਿਲੀ ਵਾਰ ਉਚ ਮਿਆਰੀ 'ਹਾਈ ਡੈਫੀਨੇਸ਼ਨ' (ਐਚ.ਡੀ.) ਕਵਰੇਜ ਦਾ ਇੰਤਜ਼ਾਮ ਕਰਨ ਵਾਲੇ ਦੂਰਦਰਸ਼ਨ ਨੇ ਜਲ, ਥਲ ਅਤੇ ਹਵਾਈ ਕਵਰੇਜ ਲਈ 18 ਥਾਵਾਂ 'ਤੇ 350 ਕੈਮਰੇ ਲਗਾਉਣ ਦਾ ਪ੍ਰਬੰਧ ਕੀਤਾ ਹੈ। ਦੂਰਦਰਸ਼ਨ ਦੇ ਮਹਾਂਨਿਰਦੇਸ਼ਕ ਡਾ. ਅਰੁਣ ਸ਼ਰਮਾ ਨੇ ਬੀਤੀ 17 ਸਤੰਬਰ ਨੂੰ ਦੱਸਿਆ ਕਿ ਇਹ ਕੈਮਰੇ 16 ਖੇਡਾਂ ਵਾਲੀਆਂ ਥਾਵਾਂ 'ਤੇ ਲਗਾਏ ਜਾਣਗੇ ਅਤੇ ਦੋ ਕੈਮਰੇ 'ਰੋਡ ਇਵੈਂਟਜ਼' ਲਈ ਕਵਰੇਜ ਦੇਣਗੇ। ਤੈਰਾਕੀ ਲਈ ਸਵਿਮਿੰਗ ਪੂਲ ਦੇ ਥੱਲੇ ਕੈਮਰੇ ਫਿਟ ਕੀਤੇ ਗਏ ਹਨ ਜਦੋਂਕਿ ਉਦਘਾਟਨੀ ਅਤੇ ਸਮਾਪਤੀ ਸਮਾਗਮਾਂ ਦੀ ਜ਼ਮੀਨੀ ਅਤੇ ਹਵਾਈ ਕਵਰੇਜ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਦੂਰਦਰਸ਼ਨ (ਡੀ.ਡੀ.) ਦੇ ਸਾਰੇ ਚੈਨਲ 3 ਅਕਤੂਬਰ ਤੋਂ 14 ਅਕਤੂਬਰ ਤੱਕ ਇਨ੍ਹਾਂ ਖੇਡਾਂ ਦਾ ਸਿੱਧਾ ਪ੍ਰਸਾਰਨ ਕਰਨਗੇ। ਡੀ.ਡੀ. ਸਪੋਰਟਸ ਚੈਨਲ ਰਾਸ਼ਟਰਮੰਡਲ ਖੇਡ ਚੈਨਲ ਵਿਚ ਤਬਦੀਲ ਹੋ ਜਾਵੇਗਾ ਅਤੇ 24 ਘੰਟੇ ਖੇਡਾਂ ਨਾਲ ਸਬੰਧਤ ਪ੍ਰੋਗਰਾਮ ਪੇਸ਼ ਕਰੇਗਾ। ਇਸ ਤੋਂ ਇਲਾਵਾ ਦਿੱਲੀ ਦੇ ਕੁਤਬ ਮੀਨਾਰ, ਕਨੌਟ ਪਲੇਸ, ਲਾਲ ਕਿਲਾ, ਇੰਡੀਆ ਗੇਟ ਤੇ ਜਵਾਹਰ ਲਾਲ ਨਹਿਰੂ ਸਟੇਡੀਅਮ 'ਤੇ ਕੈਮਰੇ ਲਗਾਏ ਜਾਣਗੇ, ਜੋ ਸਮੇਂ ਸਮੇਂ 'ਤੇ ਸ਼ਹਿਰ ਦੀਆਂ ਝਲਕੀਆਂ ਵਿਖਾਉਣਗੇ। ਉਨ੍ਹਾਂ ਕਿਹਾ ਕਿ ਖੇਡਾਂ ਦੀ ਕੁਮੈਂਟਰੀ ਦੌਰਾਨ ਮਿਲਖਾ ਸਿੰਘ ਅਤੇ ਪੀ.ਟੀ. ਊਸ਼ਾ ਵੀ ਵਿਚਾਰ ਚਰਚਾ ਵਿਚ ਭਾਗ ਲੈਣਗੇ। ਖੇਡਾਂ ਦੀ ਪੂਰੀ ਕਵਰੇਜ ਲਈ 2700 ਵਿਅਕਤੀ ਤਾਇਨਾਤ ਕੀਤੇ ਜਾਣਗੇ।

ਉਧਰ ਕੋਲਕਾਤਾ ਵਿਚ ਕੁਝ ਭਾਰਤੀ ਸਾਈਕਲਿਸਟਾਂ ਨੇ ਰਾਸ਼ਟਰਮੰਡਲ ਖੇਡਾਂ ਲਈ ਸਾਈਕਲਿੰਗ ਟੀਮ ਦੇ ਹੋਏ ਟਰਾਇਲ ਦੌਰਾਨ ਖੇਡ ਅਧਿਕਾਰੀਆਂ 'ਤੇ ਪੱਖਪਾਤ ਕਰਨ ਦੇ ਦੋਸ਼ ਲਗਾਏ ਹਨ। ਰਾਸ਼ਟਰੀ ਚੈਂਪੀਅਨ ਦਿਆਲਰਾਮ ਜਾਟ, ਥਾਣੇ (ਮਹਾਰਾਸ਼ਟਰ) ਦੇ ਸੀਨੀਅਰ ਸਾਈਕਲਿਸਟ ਰਜਿੰਦਰ ਸੋਨੀ ਅਤੇ ਪੁਣੇ ਦੇ ਖਿਡਾਰੀ ਪ੍ਰਸਾਦ ਖੈਰਨਾਰ ਨੇ ਦੋਸ਼ ਲਗਾਏ ਹਨ ਕਿ ਭਾਰਤੀ ਸਾਈਕਲਿੰਗ ਫੈਡਰੇਸ਼ਨ ਨੇ ਸਾਈਕਲਿਸਟਾਂ ਦੀ ਚੋਣ ਸਹੀ ਨਹੀਂ ਕੀਤੀ ਹੈ ਅਤੇ ਵਧੀਆ ਖਿਡਾਰੀਆਂ ਨੂੰ ਟੀਮ ਵਿਚ ਨਹੀਂ ਲਿਆ ਗਿਆ ਹੈ। ਦਿਆਲਰਾਮ ਨੇ ਦਾਅਵਾ ਕੀਤਾ ਕਿ ਉਸ ਦੀ ਥਾਂ ਚੁਣੇ ਗਏ ਗੈਰ-ਤਜਰਬੇਕਾਰ ਪਰਮਜੀਤ ਸਿੰਘ ਨੇ ਕਦੇ ਵੀ ਰਾਸ਼ਟਰੀ ਪੱਧਰ 'ਤੇ ਕਿਸੇ ਮੁਕਾਬਲੇ ਵਿਚ ਹਿੱਸਾ ਨਹੀਂ ਲਿਆ ਜਦੋਂਕਿ ਉਸ ਨੇ ਸਾਈਕਲਿੰਗ ਵਿਚ 47 ਤਮਗੇ ਜਿੱਤੇ ਹਨ। ਸਾਈਕਲਿਸਟ ਸੋਨੀ ਅਤੇ ਖੈਰਨਾਰ ਨੇ ਵੀ ਚੋਣ ਪ੍ਰਕਿਰਿਆ 'ਤੇ ਸਵਾਲ ਉਠਾਏ ਹਨ ਪਰ ਉਨ੍ਹਾਂ ਨੂੰ ਤਸੱਲੀਬਖਸ਼ ਜਵਾਬ ਨਹੀਂ ਮਿਲਿਆ ਹੈ। ਇਸੇ ਦੌਰਾਨ ਸਾਈਕਲਿੰਗ ਟੀਮ ਦੇ ਮੁੱਖ ਕੋਚ ਨੇ ਕਿਹਾ ਹੈ ਕਿ ਇਹ ਓਪਨ ਟਰਾਇਲ ਪ੍ਰਕਿਰਿਆ ਸੀ ਅਤੇ ਦਿਆਲਰਾਮ ਦਾ ਪ੍ਰਦਰਸ਼ਨ ਭਾਵੇਂ ਬੀਤੇ ਸਮੇਂ ਵਿਚ ਵਧੀਆ ਰਿਹਾ ਸੀ, ਪਰ ਟਰਾਇਲ ਸਮੇਂ ਅਨਫਿਟ ਹੋਣ ਕਰ ਕੇ ਉਸ ਦਾ ਵੱਖਰਾ ਟਰਾਇਲ ਨਹੀਂ ਲਿਆ ਜਾ ਸਕਦਾ।

ਦੂਜੇ ਪਾਸੇ ਸਾਬਕਾ ਹਾਕੀ ਓਲੰਪੀਅਨ ਅਸਲਮ ਸ਼ੇਰ ਖਾਨ ਨੇ ਬੀਤੀ 15 ਸਤੰਬਰ ਨੂੰ ਭੁਪਾਲ ਵਿਚ ਕਿਹਾ ਕਿ ਰਾਸ਼ਟਰਮੰਡਲ ਖੇਡਾਂ ਦੀ ਪ੍ਰਬੰਧਕੀ ਕਮੇਟੀ ਵਲੋਂ ਕਥਿਤ ਤੌਰ 'ਤੇ ਕੀਤੇ ਕਰੋੜਾਂ ਰੁਪਏ ਦੇ ਭ੍ਰਿਸ਼ਟਾਚਾਰ ਕਾਰਨ ਉਹ ਕੁਈਨਜ਼ ਬੈਟਨ ਦਾ ਬਾਈਕਾਟ ਕਰਨਗੇ। ਉਨ੍ਹਾਂ ਕਿਹਾ ਕਿ ਰਾਸ਼ਟਰਮੰਡਲ ਖੇਡਾਂ ਦੇ ਨਾਂ 'ਤੇ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸੁਰੇਸ਼ ਕਲਮਾਡੀ ਅਤੇ ਉਨ੍ਹਾਂ ਦੇ ਸਾਥੀਆਂ ਨੇ ਕਰੋੜਾਂ ਰੁਪਏ ਦਾ ਭ੍ਰਿਸ਼ਟਾਚਾਰ ਕੀਤਾ ਹੈ। ਖੇਡਾਂ ਵਿਚ ਹੁਣ ਵਾਧੂ ਪੈਸਾ ਆ ਜਾਣ ਕਾਰਨ ਰਾਜਸੀ ਤੇ ਹੋਰ ਪ੍ਰਭਾਵੀ ਲੋਕ ਇਸ ਨਾਲ ਜੁੜਦੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਖੇਡਾਂ ਦੇ ਮੰਚ ਹੁਣ ਪੈਸਾ ਕਮਾਉਣ, ਵਿਦੇਸ਼ਾਂ ਵਿਚ ਐਸ਼-ਪ੍ਰਸਤੀ ਕਰਨ ਅਤੇ ਮਕਬੂਲੀਅਤ ਪਾਉਣ ਦਾ ਹਿੱਸਾ ਬਣ ਗਏ ਹਨ। 1975 ਵਿਚ ਵਿਸ਼ਵ ਕੱਪ ਜਿੱਤਣ ਵਾਲੀ ਭਾਰਤੀ ਟੀਮ ਦੇ ਅਹਿਮ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਅਸਲਮ ਸ਼ੇਰ ਖਾਨ ਨੇ ਕਿਹਾ ਕਿ ਮਹਿਲਾ ਹਾਕੀ ਦਾ ਸੈਕਸ ਸਕੈਂਡਲ ਤੇ ਰਾਸ਼ਟਰਮੰਡਲ ਖੇਡਾਂ 'ਚ ਭ੍ਰਿਸ਼ਟਾਚਾਰ ਇਸ ਦੀਆਂ ਵੱਡੀਆਂ ਉਦਾਹਰਣਾਂ ਹਨ। ਉਨ੍ਹਾਂ ਕਿਹਾ ਕਿ ਰਾਸ਼ਟਰਮੰਡਲ ਖੇਡਾਂ, ਬ੍ਰਿਟਿਸ਼ ਰਾਜ ਦੇ ਇਕ ਕਲੱਬ ਦੀ ਖੇਡ ਹਨ ਜੋ ਗੁਲਾਮੀ ਦਾ ਪ੍ਰਤੀਕ ਹੈ।

ਜਦਕਿ ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ ਆਦਿ ਮੁਲਕਾਂ ਨੇ ਖੇਡਾਂ ਦੌਰਾਨ ਅੱਤਵਾਦੀ ਹਮਲੇ ਹੋਣ ਦੀ ਲਗਾਤਾਰ ਚਿਤਾਵਨੀ ਦਿੱਤੀ ਜਾ ਰਹੀ ਹੈ। ਉਧਰ ਨਿਊਜ਼ੀਲੈਂਡ ਨੇ ਕਿਹਾ ਹੈ ਕਿ ਖੇਡਾਂ ਦੀ ਸੁਰੱਖਿਆ ਦੀ ਆਗਾਮੀ ਕੁਝ ਦਿਨਾਂ 'ਚ ਕੀਤੀ ਜਾਣ ਵਾਲੀ ਆਪਣੀ ਸਮੀਖਿਆ ਵਿਚ ਵੀ ਜੇ ਉਨ੍ਹਾਂ ਦੀ ਤਸੱਲੀ ਨਾ ਹੋਈ ਤਾਂ ਉਹ ਖੇਡਾਂ ਤੋਂ ਨਾਂ ਵਾਪਸ ਲੈਣ ਤੋਂ ਨਹੀਂ ਝਿਜਕੇਗਾ। ਨਿਊਜ਼ੀਲੈਂਡ ਓਲੰਪਿਕ ਕਮੇਟੀ ਦੇ ਪ੍ਰਧਾਨ ਮਾਈਕ ਸਟੈਨਲੇ ਨੇ ਬੀਤੀ 15 ਸਤੰਬਰ ਨੂੰ ਕਿਹਾ ਕਿ ਅਗਲੇ ਦਿਨਾਂ ਦੌਰਾਨ ਇਕ ਵਾਰੀ ਫੇਰ ਖੇਡਾਂ ਦੀ ਸੁਰੱਖਿਆ ਦਾ ਜਾਇਜ਼ਾ ਲਿਆ ਜਾਵੇਗਾ ਅਤੇ ਜੇ ਜ਼ਰੂਰਤ ਹੋਈ ਤਾਂ ਨਾਂ ਵਾਪਸ ਲਿਆ ਜਾਵੇਗਾ। ਇਹ ਜਾਇਜ਼ਾ ਲੈਣ ਲਈ ਨਿਊਜ਼ੀਲੈਂਡ ਦੇ ਇਕ ਅਧਿਕਾਰੀ ਡੇਵ ਕਰੀ ਛੇਤੀ ਹੀ ਭਾਰਤ ਲਈ ਰਵਾਨਾ ਹੋਣਗੇ।

## ਹਿੰਮਤ ਹੈ ਤਾਂ ਖੇਡਾਂ ਕਰਵਾ ਕੇ ਦਿਖਾਉ

**ਨਵੀਂ ਦਿੱਲੀ :** ਜਾਮਾ ਮਸਜਿਦ ਨੇੜੇ ਬੀਤੀ 19 ਸਤੰਬਰ ਨੂੰ ਹੋਈ ਗੋਲੀਬਾਰੀ ਦੀ ਘਟਨਾ ਦੀ ਜ਼ੁੰਮੇਵਾਰੀ ਲੈਂਦਿਆਂ ਅੱਤਵਾਦੀ ਜਥੇਬੰਦੀ ਇੰਡੀਅਨ ਮੁਜਾਹਦੀਨ ਨੇ ਕਾਮਨਵੈਲਥ ਖੇਡਾਂ ਨੂੰ ਨਿਸ਼ਾਨਾ ਬਣਾਉਣ ਦੀ ਧਮਕੀ ਦਿਤੀ ਹੈ।

ਇੰਡੀਅਨ ਮੁਜਾਹਦੀਨ ਨੇ ਧਮਕੀ ਭਰਿਆ ਸੁਨੇਹਾ ਬੀ.ਬੀ.ਸੀ. ਨੂੰ ਭੇਜਿਆ ਹੈ। ਈ-ਮੇਲ ਰਾਹੀਂ ਭੇਜੇ ਗਏ ਸੁਨੇਹੇ 'ਚ ਹੋਏ ਹਮਲੇ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਪਰ ਇਹ ਜ਼ਰੂਰ ਕਿਹਾ ਗਿਆ, ''ਅਸੀਂ ਇਹ ਹਮਲਾ ਆਤਿਫ਼, ਅਮੀਨ ਅਤੇ ਮੁਹੰਮਦ ਸਾਜਿਦ ਨੂੰ ਸ਼ਰਧਾਂਜਲੀ ਦੇ ਰੂਪ ਵਿਚ ਪੇਸ਼ ਕਰਦੇ ਹਾਂ।'' ਲਗਭਗ ਪੰਜ ਸਫਿਆਂ ਦੀ ਈ-ਮੇਲ ਵਿਚ ਕਸ਼ਮੀਰ 'ਚ ਸੁਰੱਖਿਆਂ ਬਲਾਂ ਉਪਰ ਵਧੀਕੀਆਂ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਗਿਆ, ''ਅਸੀਂ ਤੁਹਾਨੂੰ ਚਿਤਾਵਨੀ ਦਿੰਦੇ ਹਾਂ ਕਿ ਜੇ ਤੁਹਾਡੇ ਵਿਚ ਹਿੰਮਤ ਹੈ ਤਾਂ ਕਾਮਨਵੈਲਥ ਖੇਡਾਂ ਦਾ ਆਯੋਜਨ ਕਰ ਕੇ ਦਿਖਾਉ। ਸਾਨੂੰ ਪਤਾ ਹੈ ਕਿ ਤੁਹਾਡੀਆਂ ਤਿਆਰੀਆਂ ਜ਼ੋਰਾਂ 'ਤੇ ਹਨ ਪਰ ਤਿਆਰ ਰਹਿਣਾ, ਅਸੀਂ ਵੀ ਹੈਰਾਨ ਕਰ ਦੇਣ ਵਾਲੀ ਘਟਨਾ ਦੀ ਤਿਆਰੀ ਕਰ ਰਹੇ ਹਾਂ।

## ਕਮਲਪ੍ਰੀਤ ਪੱਡਾ ਦਿੱਲੀ ਹੋ ਰਹੀਆਂ ਕਾਮਨਵੈਲਥ ਖੇਡਾਂ ਵਿਚ ਹੈਮਰ ਥਰੋ ਮੁਕਾਬਲੇ 'ਚ ਹਿੱਸਾ ਲਵੇਗਾ

**ਫਰੀਮਾਂਟ, ਕੈਲੀਫੋਰਨੀਆ:** ਕਮਲਪ੍ਰੀਤ ਸਿੰਘ ਪੱਡਾ ਆਉਂਦੀ ਤਿੰਨ ਅਕਤੂਬਰ ਤੋਂ ਦਿੱਲੀ ਵਿਚ ਹੋ ਰਹੀਆਂ ਕਾਮਨਵੈਲਥ ਖੇਡਾਂ ਵਿਚ ਹੈਮਰ ਥਰੋ ਮੁਕਾਬਲੇ ਵਿਚ ਹਿੱਸਾ ਲਵੇਗਾ। ਉਹ ਪਿਛਲੇ ਦੋ ਸਾਲਾਂ ਤੋਂ ਅਮਰੀਕਾ ਦੀ ਓਕਲਾਹੋਮਾ ਸਟੇਟ ਵਿਚ ਟਰੇਨਿੰਗ ਲੈ ਰਿਹਾ ਸੀ। ਉਸ ਨੂੰ ਉਮੀਦ ਹੈ ਕਿ ਉਹ ਮੈਡਲ ਜਿੱਤ ਕੇ ਆਪਣੇ ਦੇਸ਼ ਦਾ ਨਾਂ ਰੌਸ਼ਨ ਕਰ ਸਕੇਗਾ।



22 ਸਾਲਾ ਨੌਜਵਾਨ ਕਮਲਪ੍ਰੀਤ ਜਲੰਧਰ ਦਾ ਜੰਮਪਲ ਹੈ ਅਤੇ ਉਸ ਦਾ ਟੀਚਾ ਇਨ੍ਹਾਂ ਖੇਡਾਂ ਵਿਚ ਜਿੱਤ ਹਾਸਲ ਕਰਨ ਉਪਰੰਤ ਏਸ਼ੀਆਈ ਖੇਡਾਂ ਅਤੇ ਫਿਰ 2012 ਦੀਆਂ ਓਲੰਪਿਕ ਖੇਡਾਂ ਵਿਚ ਮੈਡਲ ਜਿੱਤਣ ਦਾ ਹੈ। ਅਮਰੀਕਾ ਵਿਚ ਉਹ ਉਪਰਲੇ ਚੋਣਵੇਂ ਹੈਮਰ ਸੁਟਾਵਿਆਂ ਵਿਚ ਗਿਣਿਆ ਜਾਂਦਾ ਹੈ ਪਰ ਉਹ ਭਾਰਤ ਦੀ ਤਰਫੋਂ ਹੀ ਮੁਕਾਬਲਿਆਂ ਵਿਚ ਸ਼ਾਮਲ ਹੋਣਾ ਚਾਹੁੰਦਾ ਹੈ। ਕਮਲਪ੍ਰੀਤ ਉਸ ਦੀ ਟਰੇਨਿੰਗ ਵਿਚ ਮਦਦ ਕਰਨ ਵਾਲਿਆਂ ਸੰਸਥਾਵਾਂ ਸਿੱਖਸ ਸਪੋਰਟਸ ਐਸੋਸੀਏਸ਼ਨ, ਯੂ ਐਸ ਏ (ਫਰੀਮਾਂਟ), ਗੁਰੂ ਗੋਬਿੰਦ ਸਿੰਘ ਅਥਲੈਟਿਕਸ ਐਸੋਸੀਏਸ਼ਨ (ਸੈਕਰਾਮੈਂਟੋ) ਅਤੇ ਐਨ ਆਰ ਆਈ ਸਭਾ, ਯੂ ਐਸ ਏ ਦਾ ਸ਼ੁਕਰਗੁਜ਼ਾਰ ਹੈ।

## ਸੰਕਟ ਦੀ ਸ਼ਿਕਾਰ ਹੈ ਜਲੰਧਰ ਦੀ ਕ੍ਰਿਕਟ ਬੱਲਾ ਸਨਅਤ

**ਜਲੰਧਰ :** ਕ੍ਰਿਕਟ ਬੈਟ ਬਣਾਉਣ ਵਿਚ ਜਲੰਧਰ ਦੇਸ਼ ਦਾ ਸਭ ਤੋਂ ਮੋਹਰੀ ਸ਼ਹਿਰ ਹੈ ਤੇ ਇਥੇ 150 ਦੇ ਕਰੀਬ ਛੋਟੇ ਅਤੇ 15 ਦੇ ਕਰੀਬ ਵੱਡੇ ਬੈਟ ਤਿਆਰ ਕਰਨ ਵਾਲੇ ਯੂਨਿਟ ਲੱਗੇ ਹੋਏ ਹਨ। ਇਥੇ ਪਾਪੂਲਰ, ਕਸ਼ਮੀਰੀ ਵਿੱਲੋ ਅਤੇ ਇੰਗਲਿਸ਼ ਵਿੱਲੋ ਦੀ ਲੱਕੜ ਨਾਲ ਬੈਟ ਤਿਆਰ ਕੀਤੇ ਜਾਂਦੇ ਹਨ। ਭਾਰਤੀਆਂ ਵਿਚ ਕ੍ਰਿਕਟ ਦੇ ਵਧਦੇ ਰੁਝਾਨ ਅਤੇ ਪੈਸੇ ਵਾਲੀ ਖੇਡ ਹੋਣ ਕਾਰਨ ਕ੍ਰਿਕਟ ਬੈਟਾਂ ਦੀ ਮੰਗ ਅੱਗੇ ਨਾਲੋਂ ਕਾਫੀ ਵਧ ਚੁੱਕੀ ਹੈ। ਇਥੇ ਰੋਜ਼ਾਨਾ ਕਸ਼ਮੀਰ ਵਿੱਲੋ ਨਾਲ ਤਿਆਰ 5000 ਬੈਟ ਅਤੇ ਇੰਗਲਿਸ਼ ਵਿੱਲੋ ਵਾਲੇ 1000 ਦੇ ਕਰੀਬ ਬੈਟ ਤਿਆਰ ਕਰਕੇ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਸਪਲਾਈ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਕ੍ਰਿਕਟ ਖੇਡਣ ਵਾਲੇ ਦੇਸ਼ਾਂ ਆਸਟਰੇਲੀਆ, ਇੰਗਲੈਂਡ, ਵੈਸਟ ਇੰਡੀਜ਼, ਨਿਊਜ਼ੀਲੈਂਡ ਤੇ ਹੋਰ ਯੂਰਪੀ ਦੇਸ਼ਾਂ ਨੂੰ ਸਪਲਾਈ ਹੁੰਦੇ ਹਨ।

ਕ੍ਰਿਕਟ ਬੈਟ ਤਿਆਰ ਕਰਨ ਵਾਲੇ ਬੀ.ਆਰ.ਐਸ. ਦੇ ਮਾਲਕ ਬਰਲਾਕੀ ਰਾਮ ਨੇ ਦੱਸਿਆ ਕਿ ਉਹ ਪਿਛਲੇ 60 ਸਾਲ ਤੋਂ ਇਸ ਕੰਮ ਵਿਚ ਪਏ ਹੋਏ ਹਨ ਤੇ ਇਸ ਸਨਅਤ ਵਿਚ ਆਏ ਉਤਰਾਅ-ਚੜ੍ਹਾਅ ਨੂੰ ਨੇੜੇ ਤੋਂ ਦੇਖਿਆ ਹੈ। ਉਨ੍ਹਾਂ ਦੱਸਿਆ ਕਿ ਪਾਪੂਲਰ ਦੀ ਲੱਕੜ ਤੋਂ ਤਿਆਰ ਬੈਟ ਆਮ ਖਿਡਾਰੀਆਂ ਵਲੋਂ ਵਰਤਿਆ ਜਾਂਦਾ ਹੈ ਜਦਕਿ ਕੌਮਾਂਤਰੀ ਪੱਧਰ ਦੇ ਖਿਡਾਰੀਆਂ ਵਲੋਂ ਇੰਗਲਿਸ਼ ਵਿੱਲੋ ਤੋਂ ਤਿਆਰ ਕੀਤਾ ਬੈਟ ਹੀ ਵਰਤਿਆ ਜਾਂਦਾ ਹੈ, ਜਿਸ ਦੀ ਕੀਮਤ 5 ਹਜ਼ਾਰ ਰੁਪਏ ਤੋਂ ਸ਼ੁਰੂ ਹੋ ਕੇ 15000 ਹਜ਼ਾਰ ਰੁਪਏ ਤੱਕ ਹੁੰਦੀ ਹੈ। ਕਸ਼ਮੀਰ ਵਿੱਲੋ ਤੋਂ ਤਿਆਰ ਕੀਤੇ ਗਏ ਬੈਟ ਦੀ ਕੀਮਤ 300 ਤੋਂ 900 ਰੁਪਏ ਤੱਕ ਹੁੰਦੀ ਹੈ। ਕੌਮਾਂਤਰੀ ਪੱਧਰ ਦੇ ਕ੍ਰਿਕਟ ਬੈਟ ਤਿਆਰ ਕਰਨ ਵਾਲੇ ਨੈਸ਼ਨਲ ਸਪੋਰਟਸ ਵਰਲਡ ਦੇ ਮਾਲਕ ਅਸ਼ਵਨੀ ਚੱਢਾ ਨੇ ਦੱਸਿਆ ਕਿ ਇਥੇ ਤਿਆਰ ਕੀਤੇ ਜਾਂਦੇ ਕ੍ਰਿਕਟ ਬੈਟ ਬਹੁਤੇ ਕਸ਼ਮੀਰ ਵਿਚੋਂ ਤਿਆਰ ਕਰਵਾ ਕੇ ਲਿਆਂਦੇ ਜਾਂਦੇ ਹਨ ਜਾਂ ਨਕਲੀ ਬੈਟ ਬਣਵਾ ਕੇ ਇਥੇ ਲਿਆ ਕੇ ਉਨ੍ਹਾਂ ਨੂੰ ਮੁੜ ਤੋਂ ਤਿਆਰ ਕੀਤਾ ਜਾਂਦਾ ਹੈ।

ਖੇਡ ਸੰਘ ਜਲੰਧਰ ਦੇ ਪ੍ਰਧਾਨ ਰਵਿੰਦਰ ਧੀਰ ਨੇ ਦੱਸਿਆ ਕਿ ਪਿਛਲੇ 8 ਸਾਲ ਤੋਂ ਜੰਮੂ-ਕਸ਼ਮੀਰ ਸਰਕਾਰ ਨੇ ਤਾਂ ਕੱਚੀ ਲੱਕੜ ਦੀ ਸਪਲਾਈ 'ਤੇ ਪੂਰੀ ਤਰ੍ਹਾਂ ਪਾਬੰਦੀ ਲਾਈ ਹੋਈ ਹੈ ਅਤੇ ਕਸ਼ਮੀਰ ਵਿੱਲੋ ਦੀ ਬਾਗੜ ਲੁਕਾ ਕੇ ਜਾਂ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਨੂੰ ਖੁਸ਼ ਕਰਕੇ ਲਿਆਂਦੀ ਜਾਂਦੀ ਹੈ। ਸ੍ਰੀ ਧੀਰ ਨੇ ਦੱਸਿਆ ਕਿ ਅੱਜ-ਕੱਲ੍ਹ ਸੇਬਾਂ ਦਾ ਸੀਜ਼ਨ ਹੋਣ ਕਾਰਨ ਸੇਬਾਂ ਵਾਲੇ ਟਰੱਕਾਂ ਵਿਚ 15-20 ਪੀਸ ਲੁਕਾ ਕੇ ਇਹ ਲੱਕੜ ਲਿਆਂਦੀ ਜਾ ਰਹੀ ਹੈ। ਸ੍ਰੀ ਧੀਰ ਨੇ ਦੱਸਿਆ ਕਿ ਕ੍ਰਿਕਟ ਬੈਟ ਸਨਅਤ ਵਿਚ ਆਏ ਨਿਘਾਰ ਲਈ ਸਭ ਤੋਂ ਵੱਧ ਜ਼ਿੰਮੇਵਾਰ ਸੂਬੇ ਦੀਆਂ ਸਰਕਾਰਾਂ ਹਨ। ਉਨ੍ਹਾਂ ਦੱਸਿਆ ਕਿ ਬੈਟ ਦੇ ਹੈਂਡਲ ਨੂੰ ਲੱਗਣ ਵਾਲੀ ਕੇਨ (ਬੈਂਤ) ਦੀ ਲੱਕੜ ਅੰਡੇਮਾਨ ਵਿਚ ਪਾਈ ਜਾਂਦੀ ਹੈ ਪਰ ਉਨ੍ਹਾਂ ਵਲੋਂ ਇਹ ਲੱਕੜ ਟੁਕੜਿਆਂ ਵਿਚ ਦਿੱਤੀ ਜਾਂਦੀ ਹੈ, ਜਿਸ ਕਾਰਨ ਮਜਬੂਰੀ ਵੱਸ ਇਹ ਸਿੰਗਾਪੁਰ ਤੋਂ ਮੰਗਵਾਉਣੀ ਪੈਂਦੀ ਹੈ।

## ਮੈਰੀਕਾਮ ਨੇ ਬਰਕਰਾਰ ਰੱਖਿਆ ਵਿਸ਼ਵ ਖਿਤਾਬ

**ਬ੍ਰਿਜਟਾਊਨ :** ਭਾਰਤ ਦੀ ਮਹਿਲਾ ਮੁੱਕੇਬਾਜ਼ ਐਮ.ਸੀ. ਮੈਰੀਕਾਮ ਨੇ ਬੀਤੀ 18 ਸਤੰਬਰ ਨੂੰ ਇਥੇ ਫਾਈਨਲ 'ਚ ਰੋਮਾਨੀਆ ਦੀ ਸਟੇਲੂਤਾ ਡੂਤਾ ਨੂੰ 16-6 ਨਾਲ ਹਰਾ ਕੇ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਦਾ ਖਿਤਾਬ ਲਗਾਤਾਰ 5ਵੀਂ ਵਾਰ ਜਿੱਤ ਕੇ ਇਤਿਹਾਸ ਰਚ ਦਿੱਤਾ। ਮੈਰੀਕਾਮ ਨੇ ਸੈਮੀਫਾਈਨਲ 'ਚ 48 ਕਿਲੋਗ੍ਰਾਮ ਦੇ ਭਾਰ ਵਰਗ 'ਚ ਫਿਲੀਪਾਈਨਜ਼ ਦੀ ਅਲਾਈ ਕੈਟੀ ਅਪਾਰੀ ਨੂੰ 8-6 ਨਾਲ ਹਰਾਇਆ ਸੀ ਤੇ ਉਸ ਨੇ ਇਸ ਤਰ੍ਹਾਂ ਇਸ ਟੂਰਨਾਮੈਂਟ 'ਚ ਘੱਟੋ-ਘੱਟ ਚਾਂਦੀ ਦਾ ਤਮਗਾ ਪੱਕਾ ਕਰ ਲਿਆ ਸੀ। ਮਨੀਪੁਰ ਦੀ ਇਹ ਸਾਬਕਾ ਖੇਡ ਰਤਨ ਐਵਾਰਡੀ ਵਿਸ਼ਵ ਚੈਂਪਅਨਸ਼ਿਪ ਦੇ ਹਰੇਕ ਸਾਲ 'ਚ ਤਮਗਾ ਜਿੱਤਣ ਵਾਲੀ ਇਕੋ-ਇਕ ਮੁੱਕੇਬਾਜ਼ ਬਣ ਗਈ ਹੈ।



## ਜਾਮਾ ਮਸਜਿਦ ਨੇੜੇ ਬੱਸ 'ਤੇ ਫਾਇਰਿੰਗ

**ਨਵੀਂ ਦਿੱਲੀ:** ਇਥੋਂ ਦੀ ਵਿਸ਼ਵ ਪ੍ਰਸਿੱਧ ਜਾਮਾ ਮਸਜਿਦ ਨੇੜੇ ਦੋ ਮੋਟਰਸਾਈਕਲ ਸਵਾਰਾਂ ਵਲੋਂ ਵਿਦੇਸ਼ੀ ਸੈਲਾਨੀਆਂ ਦੇ ਇਕ ਗਰੁੱਪ ਉਪਰ ਗੋਲੀਆਂ ਚਲਾ ਕੇ ਦੋ ਵਿਦੇਸ਼ੀ ਸੈਲਾਨੀਆਂ ਨੂੰ ਜ਼ਖਮੀ ਕਰ ਦਿੱਤਾ ਗਿਆ। ਇਹ ਤਾਇਵਾਨੀ ਨਾਗਰਿਕ ਜਾਮਾ ਮਸਜਿਦ ਆਏ ਸਨ ਕਿ ਇਸ ਹਮਲੇ ਦਾ ਸ਼ਿਕਾਰ ਹੋ ਗਏ। ਤਾਇਵਾਨੀ ਨਾਗਰਿਕ ਇਕ ਟੂਰਿਸਟ ਬੱਸ 'ਚ ਸਵਾਰ ਸਨ।

ਇਹ ਵਾਰਦਾਤ ਜਾਮਾ ਮਸਜਿਦ ਦੇ ਤਿੰਨ ਨੰਬਰ ਗੇਟ ਕੋਲ ਵਾਪਰੀ ਜਿੱਥੇ ਟੂਰਿਸਟ ਗੱਡੀਆਂ ਰਾਹੀਂ ਆਮ ਹੀ ਸੈਲਾਨੀ ਆਉਂਦੇ ਹਨ ਕਿਉਂਕਿ ਇਸ ਗੇਟ ਨੂੰ ਜਾਂਦੀ ਸੜਕ ਕਾਫੀ ਚੌੜੀ ਹੈ ਤੇ ਚਾਂਦਨੀ ਚੌਂਕ, ਦਬੜੀਕਲਾਂ ਵਲ ਭੀੜ ਵਾਲੇ ਇਲਾਕੇ ਨੂੰ ਨਿਕਲਦੀ ਹੈ। ਇਸ ਗੇਟ ਦੇ ਨੇੜੇ ਹੀ ਮਸਜਿਦ ਦੇ ਇਮਾਮ ਦਾ ਘਰ ਹੈ।

ਪ੍ਰਤੱਖ ਦਰਸ਼ੀਆਂ ਅਨੁਸਾਰ ਦੋਨੋਂ ਨੌਜਵਾਨਾਂ ਨੇ 6 ਤੋਂ 8 ਰਾਊਂਡ ਫਾਇਰ ਕੀਤੇ ਜੋ ਤਾਇਵਾਨੀ ਨਾਗਰਿਕਾਂ ਵਿਚੋਂ ਦੋ ਨੂੰ ਲੱਗੇ। ਇਕ ਦੇ ਪੇਟ 'ਚ ਗੋਲੀ ਲੱਗੀ ਅਤੇ ਦੂਜੇ ਦੇ ਸਿਰ ਨੂੰ ਖਹਿ ਕੇ ਗੋਲੀ ਨਿਕਲ ਗਈ। ਜ਼ਖਮੀਆਂ ਦੀ ਪਛਾਣ 27 ਸਾਲਾਂ ਦੇ ਸੈਸਵੀਅਨ ਤੇ 28 ਸਾਲਾਂ ਦੇ ਸਿੰਗਲੋ ਵਜੋਂ ਹੋਈ। ਉਨ੍ਹਾਂ ਨੂੰ ਲੋਕ ਨਾਇਕ ਜੈ ਪ੍ਰਕਾਸ਼ ਹਸਪਤਾਲ 'ਚ ਭਰਤੀ ਕਰਵਾਇਆ ਗਿਆ।

ਦਿੱਲੀ ਪੁਲੀਸ ਦੇ ਸੰਯੁਕਤ ਕਮਿਸ਼ਨਰ ਕਰਨੈਲ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਹਮਲਾਵਰਾਂ ਦੇ ਮਨਸ਼ੇ ਬਾਰੇ ਕੁਝ ਵੀ ਨਹੀਂ ਦੱਸਿਆ ਤੇ ਕਿਹਾ ਕਿ ਹਰ ਪੱਖ ਤੋਂ ਜਾਂਚ ਜਾਰੀ ਹੈ। ਇਸ ਲਈ ਫਿਲਹਾਲ ਕੁਝ ਵੀ ਕਹਿਣਾ ਜਲਦਬਾਜ਼ੀ ਹੋਵੇਗੀ। ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਨੇ ਇਸ ਘਟਨਾ 'ਤੇ ਚਿੰਤਾ ਪ੍ਰਗਟ ਕੀਤੀ ਪਰ ਨਾਲ ਹੀ ਕਿਹਾ ਕਿ ਦਹਿਸ਼ਤ 'ਚ ਆਉਣ ਦੀ ਲੋੜ ਨਹੀਂ।

ਦੂਜੇ ਪਾਸੇ ਇੰਡੀਅਨ ਮੁਜਾਹਿਦੀਨ (ਆਈ.ਐਮ.) ਨੇ ਮੀਡੀਆ ਦੇ ਕੁਝ ਹਿੱਸਿਆਂ 'ਚ ਈ.ਮੇਲ ਭੇਜ ਕੇ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਗ੍ਰਹਿ ਮੰਤਰਾਲੇ ਦੇ ਸੂਤਰਾਂ ਅਨੁਸਾਰ ਫਾਇਰਿੰਗ ਦਾ ਢੰਗ ਆਈ.ਐਮ. ਵਾਲਾ ਹੀ ਹੈ। 2006 ਤੋਂ ਲੈ ਕੇ ਹੁਣ ਤਕ ਜਾਮਾ ਮਸਜਿਦ 'ਤੇ ਇਹ ਦੂਜਾ ਹਮਲਾ ਹੈ। 14 ਅਪਰੈਲ, 2006 ਨੂੰ ਜੁੰਮੇ ਦੀ ਸ਼ਾਮ ਦੀ ਇਬਾਦਤ ਮਗਰੋਂ ਹੋਏ ਦੋ ਧਮਾਕਿਆਂ 'ਚ 14 ਲੋਕ ਜ਼ਖਮੀ ਹੋ ਗਏ ਸਨ।

## *ਯੁਵਰਾਜ ਨੂੰ ਟੈਕਸ ਜਮ੍ਹਾਂ ਕਰਾਉਣ ਲਈ ਨੋਟਿਸ*

**ਚੰਡੀਗੜ੍ਹ:** ਕੇਂਦਰੀ ਐਕਸਾਈਜ਼ ਵਿਭਾਗ ਨੇ ਭਾਰਤੀ ਕ੍ਰਿਕਟਰ ਯੁਵਰਾਜ ਸਿੰਘ ਨੂੰ 1.15 ਕਰੋੜ ਰੁਪਏ ਟੈਕਸ ਭਰਨ ਲਈ ਨੋਟਿਸ ਭੇਜ ਦਿੱਤਾ ਹੈ। ਯੁਵਰਾਜ ਨੂੰ ਇਹ 1.15 ਕਰੋੜ ਜਲਦ ਹੀ ਭਰਨੇ ਪੈਣਗੇ ਨਹੀਂ ਤਾਂ ਉਸ ਖਿਲਾਫ ਵਿਭਾਗ ਸਖ਼ਤ ਕਾਰਵਾਈ ਵੀ ਕਰ ਸਕਦਾ ਹੈ। ਵਿਭਾਗ ਨੇ ਇਹ ਟੈਕਸ ਆਈ.ਪੀ.ਐਲ. ਦੇ ਮੈਚਾਂ ਅਤੇ ਇਸ਼ਤਿਹਾਰਾਂ ਸਣੇ ਇਕ ਟੀ.ਵੀ. ਸ਼ੋਅ ਵਿਚ ਹੋਈ ਆਮਦਨ ਦੇ ਇਵਜ਼ ਵਜੋਂ ਮੰਗਿਆ ਹੈ।

ਸੂਤਰਾਂ ਅਨੁਸਾਰ ਯੁਵਰਾਜ ਦੇ ਟੈਕਸ ਮਾਮਲੇ ਨੂੰ ਦੇਖਣ ਵਾਲੇ ਅਧਿਕਾਰੀ ਨੇ ਇਸ ਟੈਕਸ ਭਰਨ ਦੇ ਨੋਟਿਸ ਨੂੰ ਆਈ.ਪੀ.ਐਲ. ਅਤੇ ਕਿੰਗਜ਼ ਇਲੈਵਨ ਪੰਜਾਬ ਦੇ ਪ੍ਰਬੰਧਕਾਂ ਨੂੰ ਭੇਜ ਦਿੱਤਾ ਹੈ। ਯੁਵਰਾਜ ਸਿੰਘ ਤੋਂ ਇਲਾਵਾ ਵਿਭਾਗ ਨੇ ਵੀ.ਆਰ.ਵੀ. ਸਿੰਘ ਨੂੰ 11.13 ਲੱਖ, ਸੰਨੀ ਸੋਹਲ ਨੂੰ 4.79 ਲੱਖ ਅਤੇ ਉਦੈ ਕੌਲ ਨੂੰ 4.53 ਲੱਖ ਰੁਪਏ ਟੈਕਸ ਪਹਿਲਾਂ ਤੋਂ ਹੀ ਭਰਨ ਲਈ ਨੋਟਿਸ ਭੇਜਿਆ ਹੋਇਆ ਹੈ।

## ਬਰਤਾਨਵੀ ਪੁਲਿਸ ਵਲੋਂ ਖੰਨਾ ਤੇ ਫ਼ਗਵਾੜਾ ਦੌਰਾ

**ਫਗਵਾੜਾ:** ਭਾਰਤੀ ਮੂਲ ਦੀ ਬਰਤਾਨਵੀ ਨਾਗਰਿਕ ਮਨਜੀਤ ਕੌਰ ਦੀ ਤਿੰਨ ਸਾਲ ਪਹਿਲਾਂ ਭੇਤਭਰੀ ਹਾਲਤ ਵਿਚ ਹੋਈ ਮੌਤ ਦੇ ਮਾਮਲੇ ਦੀ ਜਾਂਚ ਕਰਨ ਵਾਸਤੇ ਬਰਤਾਨੀਆ ਪੁਲਿਸ ਦੀ ਚਾਰ ਮੈਂਬਰੀ ਟੀਮ ਨੇ ਖੰਨਾ ਅਤੇ ਫਗਵਾੜਾ ਦਾ ਦੌਰਾ ਕੀਤਾ। ਕੇ.ਆਰ. ਰੇਓਮਿਲੇਜ਼ ਦੀ ਅਗਵਾਈ ਵਾਲੀ ਟੀਮ ਨੇ ਇਹ ਵੀ ਪਤਾ ਲਗਾਉਣ ਦਾ ਯਤਨ ਕੀਤਾ ਕਿ ਮਨਜੀਤ ਕੌਰ ਦੇ ਸਹੁਰੇ ਪਰਿਵਾਰ ਨੇ ਖੰਨਾ ਪੁਲੀਸ ਦੀ ਕਥਿਤ ਮਿਲੀਭੁਗਤ ਨਾਲ ਹੱਤਿਆ ਦੇ ਮਾਮਲੇ ਨੂੰ ਹਾਦਸੇ ਦਾ ਰੂਪ ਕਿਵੇਂ ਦੇ ਦਿੱਤਾ। ਬਰਤਾਨਵੀ ਟੀਮ ਨੇ ਇਥੇ ਮਨਜੀਤ ਕੌਰ ਦੇ ਪਿਤਾ ਸੁਖਦੇਵ ਸਿੰਘ ਢੀਂਡਸਾ, ਮਾਤਾ ਗੁਰਮੀਤ ਕੌਰ ਢੀਂਡਸਾ, ਉਸ ਦੇ ਭਰਾਵਾਂ ਅਤੇ ਹੋਰ ਪਰਿਵਾਰਕ ਮੈਂਬਰਾਂ ਨਾਲ ਵੀ ਮੁਲਾਕਾਤ ਕੀਤੀ।

ਜਦੋਂ ਬਰਤਾਨਵੀ ਟੀਮ ਮ੍ਰਿਤਕਾ ਦੇ ਪਰਿਵਾਰਕ ਮੈਂਬਰਾਂ ਤੋਂ ਘਟਨਾ ਬਾਰੇ ਜਾਣਕਾਰੀ ਹਾਸਲ ਕਰ ਰਹੀ ਸੀ ਤਾਂ ਉਦੋਂ ਸਥਾਨਕ ਪੁਲੀਸ ਅਧਿਕਾਰੀਆਂ ਨੂੰ ਨੇੜੇ ਨਹੀਂ ਢੁੱਕਣ ਦਿੱਤਾ ਗਿਆ। ਮਨਜੀਤ ਕੌਰ ਦਾ ਪਹਿਲਾ ਵਿਆਹ ਗੁਰੀ ਨਾਲ ਹੋਇਆ ਸੀ ਪਰ ਬਾਅਦ ਵਿਚ ਉਨ੍ਹਾਂ ਦਾ ਤਲਾਕ ਹੋ ਗਿਆ। ਇਸ ਤੋਂ ਬਾਅਦ ਉਸ ਦਾ ਵਿਆਹ ਖੰਨਾ ਸਦਰ ਥਾਣੇ ਤਹਿਤ ਆਉਂਦੇ ਪਿੰਡ ਬੀਜਾ ਦੇ ਜਗਪਾਲਜੀਤ ਨਾਲ ਹੋਇਆ। ਵਿਆਹ ਤੋਂ ਬਾਅਦ ਉਸ ਦਾ ਪਤੀ ਉਸ ਨੂੰ ਪ੍ਰੇਸ਼ਾਨ ਕਰਨ ਲੱਗ ਪਿਆ ਤਾਂ ਮਨਜੀਤ ਦੇ ਪਿਤਾ ਨੇ ਜਗਪਾਲਜੀਤ ਨੂੰ ਚਾਰ ਲੱਖ ਰੁਪਏ ਭੇਜੇ। ਜਗਪਾਲਜੀਤ ਦੇ ਆਪਣੀ ਭਾਬੀ ਮੀਨੂੰ ਨਾਲ ਕਥਿਤ ਨਾਜਾਇਜ਼ ਸਬੰਧ ਸਨ। ਮਨਜੀਤ ਦੇ ਪਰਿਵਾਰ ਅਨੁਸਾਰ ਉਸ ਦੀ 10 ਨਵੰਬਰ, 2007 ਨੂੰ ਹੱਤਿਆ ਕਰ ਦਿੱਤੀ ਗਈ ਪਰ ਸਹੁਰੇ ਪਰਿਵਾਰ ਨੇ ਇਸ ਨੂੰ ਹਾਦਸਾ ਕਰਾਰ ਦੇਣ ਦਾ ਯਤਨ ਕੀਤਾ। ਮਨਜੀਤ ਕੌਰ ਦੇ ਪਰਿਵਾਰ ਨੇ ਜਗਪਾਲਜੀਤ, ਉਸ ਦੇ ਛੋਟੇ ਭਰਾ ਮਨਦੀਪ ਸਿੰਘ, ਮਾਤਾ ਹਰਬੰਸ ਕੌਰ ਅਤੇ ਮਨਦੀਪ ਦੀ ਪਤਨੀ ਮੀਨੂੰ ਖਿਲਾਫ ਕੇਸ ਦਾਇਰ ਕਰ ਦਿੱਤਾ।

ਖੰਨਾ ਪੁਲੀਸ ਨੇ ਇਨ੍ਹਾਂ ਚਾਰਾਂ ਖਿਲਾਫ ਕਤਲ ਦਾ ਕੇਸ ਦਰਜ ਕਰ ਲਿਆ ਪਰ ਫਿਰ ਕੋਈ ਕਾਰਵਾਈ ਨਹੀਂ ਹੋਈ। ਫਿਰ ਉਨ੍ਹਾਂ ਇਹ ਮਾਮਲਾ ਬਰਤਾਨਵੀ ਪੁਲਿਸ ਤੱਕ ਪਹੁੰਚਾਇਆ।

# ਭ੍ਰਿਸ਼ਟ ਭਾਰਤੀ ਨਿਜ਼ਾਮ 'ਚ ਨਿਆਂਪਾਲਿਕਾ ਵੀ ਦੁੱਧ ਦੀ ਧੋਤੀ ਨਹੀਂ

**–ਜਤਿੰਦਰ ਪਨੂੰ**

ਭਾਰਤ ਦੇ ਲੋਕਾਂ ਲਈ ਇਹ ਗੱਲ ਸ਼ਾਇਦ ਵੱਡੀ ਹੈਰਾਨੀ ਵਾਲੀ ਹੋਵੇਗੀ ਕਿ ਸੁਪਰੀਮ ਕੋਰਟ ਮੂਹਰੇ ਬਿਆਨ ਦੇ ਕੇ ਕਿਹਾ ਗਿਆ ਹੈ ਕਿ ਦੇਸ਼ ਦੇ ਹੁਣ ਤੱਕ ਦੇ ਸੋਲਾਂ ਮੁੱਖ ਜੱਜਾਂ ਵਿਚੋਂ ਅੱਠ ਬੇਈਮਾਨ ਸਨ, ਦੋਂਹ ਬਾਰੇ ਪਤਾ ਨਹੀਂ ਤੇ ਸਿਰਫ ਛੇ ਜਣੇ ਇਮਾਨਦਾਰ ਸਨ। ਸੋਲਾਂ ਵਿਚੋਂ ਅੱਠ ਦਾ ਮਤਲਬ ਹੈ ਕਿ ਹੁਣ ਤੱਕ ਅੱਧੇ ਜੱਜ ਬੇਈਮਾਨ ਹੀ ਭਾਰਤੀ ਨਿਆਂ ਪਾਲਿਕਾ ਦੇ ਪੱਲੇ ਪੈਂਦੇ ਰਹੇ ਸਨ। ਬਾਕੀ ਅੱਧਿਆਂ ਵਿਚੋਂ ਵੀ ਦੋਂਹ ਬਾਰੇ ਯਕੀਨ ਨਾਲ ਕਹਿਣਾ ਔਖਾ ਜਾਪਿਆ ਹੈ। ਇਸ ਦਾ ਭਾਵ ਇਹ ਕਿ ਉਨ੍ਹਾਂ ਦੋਂਹ ਦੀ ਈਮਾਨਦਾਰੀ ਸ਼ੱਕ ਦੇ ਘੇਰੇ ਵਿਚ ਆਉਂਦੀ ਸੀ। ਸ਼ੁਕਰ ਹੈ ਕਿ ਛੇ ਹੀ ਸਹੀ, ਕੁਝ ਨਾ ਕੁਝ ਈਮਾਨਦਾਰ ਹਾਲੇ ਤੱਕ ਬਚੇ ਰਹੇ ਹਨ।

ਇਹ ਸਵਾਲ ਅੱਗੇ ਵੀ ਕਈ ਵਾਰ ਉਠ ਚੁੱਕਾ ਹੈ ਕਿ ਨਿਆਂ ਪਾਲਿਕਾ ਵਿਚ ਗਿਰਾਵਟ ਚੋਖੀ ਆ ਚੁੱਕੀ ਹੈ। ਜਿਨ੍ਹਾਂ ਦੀ ਈਮਾਨਦਾਰੀ ਸ਼ੱਕੀ ਹੋ ਜਾਵੇ, ਉਨ੍ਹਾਂ ਨੂੰ ਆਪ ਹੀ ਨਿਆਂ ਕਰਨ ਵਾਲੀ ਕੁਰਸੀ ਤੋਂ ਉੱਠ ਜਾਣਾ ਚਾਹੀਦਾ ਹੈ, ਪਰ ਉਠਦਾ ਕੋਈ ਨਹੀਂ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਤਿੰਨ ਜੱਜਾਂ ਦਾ ਨਾਂ ਅੱਠ ਕੁ ਸਾਲ ਪਹਿਲਾਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਰਵੀ ਸਿੱਧੂ ਦੇ ਫੜੇ ਜਾਣ ਮੌਕੇ ਉਸ ਨਾਲ ਸਾਜ਼-ਬਾਜ਼ ਕਰਨ ਕਰਕੇ ਸਾਹਮਣੇ ਆਇਆ ਸੀ। ਹਾਈ ਕੋਰਟ ਦੇ ਉਸ ਮੌਕੇ ਦੇ ਮੁੱਖ ਜੱਜ ਨੇ ਉਨ੍ਹਾਂ ਤਿੰਨਾਂ ਨੂੰ ਅਦਾਲਤ ਲਾਉਣ ਤੋਂ ਰੋਕ ਦਿੱਤਾ ਸੀ, ਪਰ ਸਮਾਂ ਪਾ ਕੇ ਉਹ ਫਿਰ ਉਸੇ ਸਤਿਕਾਰਤ ਕੁਰਸੀ 'ਤੇ ਬੈਠ ਕੇ ਉਨ੍ਹਾਂ ਲੋਕਾਂ ਨੂੰ ਨਿਆਂ ਦੇਣ ਦਾ ਕੰਮ ਕਰਨ ਲੱਗ ਪਏ, ਜਿਨ੍ਹਾਂ ਦੀ ਨਜ਼ਰ ਵਿਚ ਉਹ ਸੱਕੀ ਹੋ ਚੁੱਕੇ ਸਨ।

ਹਾਲੇ ਪਿਛਲੇਰੇ ਸਾਲ ਇਸੇ ਹਾਈ ਕੋਰਟ ਦੀ ਇਕ ਜੱਜ ਬੀਬੀ ਲਈ ਕਿਸੇ ਨੇ ਪੰਦਰਾਂ ਲੱਖ ਰੁਪਏ ਭੇਜੇ, ਪਰ ਪਿਆਦਾ ਗਲਤੀ ਨਾਲ ਉਹ ਗੰਢ ਉਸ ਜੱਜ ਬੀਬੀ ਨਾਲ ਮਿਲਦੇ ਨਾਂ ਵਾਲੀ ਜੱਜ ਬੀਬੀ ਦੇ ਘਰ ਦੇਣ ਪਹੁੰਚ ਗਿਆ। ਕੇਸ ਦਰਜ ਹੋ ਗਿਆ, ਜਾਂਚ ਵੀ ਚੱਲ ਪਈ, ਪਰ ਜੱਜ ਬੀਬੀ ਦਾ ਵਿਗੜਿਆ ਕੁਝ ਨਹੀਂ, ਸਿਰਫ ਏਨਾ ਕੁ ਕੀਤਾ ਗਿਆ ਕਿ ਉਸ ਨੂੰ ਏਥੋਂ ਦੀ ਥਾਂ ਦੂਜੀ ਹਾਈ ਕੋਰਟ ਵਿਚ ਭੇਜ ਦਿੱਤਾ ਗਿਆ। ਦੂਜੀ ਥਾਂ ਜਾਣ ਨਾਲ ਉਸਦਾ 'ਹਿਰਦੇ ਪਰਿਵਰਤਨ' ਤਾਂ ਨਹੀਂ ਹੋ ਗਿਆ ਹੋਣਾ।

ਇਸੇ ਹਾਈ ਕੋਰਟ ਵਿਚ ਚੰਡੀਗੜ੍ਹ ਦੇ ਐਨ ਨੇੜੇ ਸਾਰੇ ਨੇਮ-ਕਾਨੂੰਨ ਉਲੰਘ ਕੇ ਬਣਾਏ ਜਾ ਰਹੇ ਇਕ ਕਲੱਬ ਦਾ ਇਕ ਕੇਸ ਆ ਗਿਆ ਤਾਂ ਪਤਾ ਲੱਗਾ ਕਿ ਕਲੱਬ ਦੇ ਮਾਲਕਾਂ ਨੇ ਲੱਖਾਂ ਰੁਪਏ ਦੇ ਭਾਅ ਵੇਚੀ ਜਾ ਰਹੀ ਮੈਂਬਰਸ਼ਿਪ ਮੌਕੇ ਦੀ ਸਰਕਾਰ ਦੇ ਵਜ਼ੀਰਾਂ ਅਤੇ ਅਫਸਰਾਂ ਦੇ ਨਾਲ ਕੁਝ ਜੱਜਾਂ ਨੂੰ ਵੀ ਮੁਫਤ ਦਿੱਤੀ ਹੈ। ਵਜ਼ੀਰਾਂ ਤੇ ਅਫਸਰਾਂ ਨੂੰ ਇਸ ਕਰ ਕੇ ਕਿ ਉਹ ਚੱਲ ਰਹੇ ਕੰਮ ਵਿਚ ਅੜਿੱਕਾ ਪਾਉਣ ਵਾਲੇ ਸਰਕਾਰੀ ਮਹਿਕਮੇ ਦੀ ਨੱਥ ਖਿੱਚ ਕੇ ਰੱਖਣਗੇ ਤੇ ਜੱਜਾਂ ਨੂੰ ਇਸ ਲਈ ਕਿ ਕੱਲ੍ਹ ਨੂੰ ਜੇ ਕਿਸੇ ਨੇ ਅਦਾਲਤ ਵਿਚ ਅਰਜ਼ੀ ਦੇ ਦਿੱਤੀ ਤਾਂ ਉਹ ਮੌਕਾ ਸਾਂਭ ਲੈਣਗੇ। ਮੌਕੇ ਦੇ ਮੁੱਖ ਜੱਜ ਨੇ ਉਨ੍ਹਾਂ ਜੱਜਾਂ ਤੋਂ ਮੁਫਤ ਦੀ ਮੈਂਬਰੀ ਹਾਸਲ ਕਰਨ ਬਾਰੇ ਜਵਾਬ ਮੰਗ ਲਿਆ ਤਾਂ ਬਾਕੀ ਦੇ ਜੱਜ ਉਨ੍ਹਾਂ ਦੀ ਹਮਾਇਤ ਵਿਚ ਇਕ ਦਿਨ ਦੀ ਛੁੱਟੀ ਲੈ ਕੇ ਅਣ-ਐਲਾਨੀ ਹੜਤਾਲ ਦੇ ਰਾਹ ਪੈ ਗਏ। ਨਤੀਜਾ ਕੀ ਨਿਕਲਿਆ? ਮੁੱਖ ਜੱਜ ਦਾ ਤਬਾਦਲਾ ਹੋ ਗਿਆ, ਪਰ ਮੁਫਤ ਦੀ ਮੈਂਬਰੀ ਮਾਣਨ ਵਾਲੇ ਉਸੇ ਮੋਰਚੇ 'ਤੇ ਡਟੇ ਰਹੇ, ਜਿੱਥੇ ਬਦਨਾਮੀ ਹੋ ਰਹੀ ਸੀ। ਇਸ ਗੱਲੋਂ ਅਜੇ ਬਚਾਅ ਹੋ ਗਿਆ ਕਿ ਇਕ ਸੈਸ਼ਨ ਜੱਜ ਐਨ ਉਸ ਵੇਲੇ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਫੜਿਆ ਗਿਆ, ਜਦੋਂ ਉਸ ਨੂੰ ਹਾਈ ਕੋਰਟ ਦਾ ਜੱਜ ਬਣਾਇਆ ਜਾਣ ਦੀ ਸਿਫਾਰਸ਼ ਹੁੰਦੀ ਪਈ ਸੀ।

ਦੇਸ਼ ਦੇ ਸਭ ਤੋਂ ਉਚੀ ਅਦਾਲਤ ਦੇ ਸਭ ਤੋਂ ਵੱਡੇ ਅੱਠ ਜੱਜ ਬੇਈਮਾਨ ਸਨ। ਇਹ ਗੰਭੀਰ ਦੋਸ਼ ਕਿਸੇ ਹੋਰ ਨੇ ਨਹੀਂ, ਸਗੋਂ ਸ਼ਾਂਤੀ ਭੂਸ਼ਣ ਨਾਂ ਦੇ ਉਸ ਸੀਨੀਅਰ ਵਕੀਲ ਨੇ ਲਾਇਆ ਹੈ, ਜਿਹੜਾ ਦੋਸ਼ ਲਾਉਣ ਅਤੇ ਸਾਬਤ ਨਾ ਕਰ ਸਕਣ ਦਾ ਨਤੀਜਾ ਵੀ ਜਾਣਦਾ ਹੈ ਤੇ ਭਾਰਤ ਦਾ ਕਾਨੂੰਨ ਮੰਤਰੀ ਵੀ ਰਹਿ ਚੁੱਕਾ ਹੈ। ਦੋਸ਼ ਉਸ ਅਦਾਲਤ ਦੇ ਜੱਜ ਸਾਹਿਬਾਨ 'ਤੇ ਲੱਗਾ ਹੈ, ਜਿਨ੍ਹਾਂ ਦੇ ਸਿਰ ਦੇਸ਼ ਦੇ ਉਸ ਆਮ ਆਦਮੀ ਨੂੰ ਨਿਆਂ ਦੇਣ ਦਾ ਫਰਜ਼ ਹੈ, ਜਿਹੜਾ ਦਸਾਂ ਨਹੁੰਆਂ ਦੀ ਕਿਰਤ-ਕਮਾਈ ਵਿਚੋਂ ਇਨ੍ਹਾਂ ਨੂੰ ਹਰ ਮਹੀਨੇ ਤਨਖਾਹ ਲਈ ਨੋਟਾਂ ਦੀ ਪੰਡ ਦੇਣ ਵਾਸਤੇ ਟੈਕਸ ਭਰਦਾ ਹੈ। ਤਸਵੀਰ ਦਾ ਦੂਜਾ ਪਾਸਾ ਵੇਖੀਏ ਤਾਂ ਹਰ ਗੱਲ ਭਾਵੇਂ ਨਿਆਂ ਪਾਲਿਕਾ ਨਾਲ ਨਾ ਵੀ ਜੁੜਦੀ ਹੋਵੇ, ਇਹ ਪਤਾ ਲੱਗ ਜਾਂਦਾ ਹੈ ਕਿ ਵਿਚਾਰੇ ਆਮ ਆਦਮੀ ਲਈ ਮਿਲਣ ਵਾਲੇ ਨਿਆਂ ਦਾ ਹਾਲ ਕੀ ਹੈ? ਇਸੇ ਹਫਤੇ ਦੌਰਾਨ ਆਈਆਂ ਦੋ ਖਬਰਾਂ ਇਸ ਹਾਲਤ ਨੂੰ ਜ਼ਾਹਰ ਕਰਨ ਲਈ ਕਾਫੀ ਹਨ।

ਅਸੀਂ ਉਸ ਅਯੁੱਧਿਆ ਵਾਲੇ ਕੇਸ ਦੀ ਗੱਲ ਨਹੀਂ ਕਰਨੀ ਚਾਹੁੰਦੇ, ਜਿਸ ਵਿਚ ਜ਼ਮੀਨ ਦੇ ਇਕ ਟੁਕੜੇ ਨੂੰ ਜੇ ਇਕ ਧਿਰ ਬਾਬਰੀ ਮਸਜਿਦ ਆਖਦੀ ਹੈ ਤਾਂ ਦੂਜੀ ਧਿਰ ਇਸੇ ਨੂੰ ਮੂਲ ਰੂਪ ਵਿਚ ਰਾਮ ਜਨਮ ਭੂਮੀ ਵਜੋਂ ਮਾਨਤਾ ਦੇ ਕੇ ਇਥੇ ਮੰਦਰ ਬਣਾਉਣਾ ਚਾਹੁੰਦੀ ਹੈ। ਝਗੜਾ ਇਹ ਦੇਸ਼ ਨੂੰ ਆਜ਼ਾਦੀ ਮਿਲਣ ਤੋਂ ਦੋ ਸਾਲ ਬਾਅਦ ਹੀ ਸ਼ੁਰੂ ਹੋ ਗਿਆ ਸੀ ਤੇ ਇਕਾਹਠ ਸਾਲ ਲੰਘਾ ਕੇ ਵੀ ਇਕ ਪਾਸੇ ਨਹੀਂ ਲੱਗ ਸਕਿਆ। ਇਸ ਵਿਚ ਰਾਜਸੀ ਲੋਕਾਂ ਨੇ ਏਦਾਂ ਦਾ ਰੰਗ ਭਰ ਦਿੱਤਾ ਹੈ ਕਿ ਅਗਲੇ ਕਈ ਸਾਲ ਕੀ, ਇੱਕੀਵੀਂ ਸਦੀ ਲੰਘਾ ਕੇ ਵੀ ਮੁੱਕਣ ਦੀ ਆਸ ਨਹੀਂ। ਕੋਈ ਨਾ ਕੋਈ ਧਿਰ ਇਸ ਨੂੰ ਉਛਾਲਦੀ ਰਹੇਗੀ ਤੇ ਲੋਕਾਂ ਦੇ ਜਜ਼ਬਾਤ ਨਾਲ ਖੇਡਣ ਦਾ ਕੰਮ ਹੁੰਦਾ ਰਹੇਗਾ। ਇਸ ਦੀ ਥਾਂ ਅਸੀਂ ਦੋ ਹੋਰ ਕੇਸਾਂ ਦੀ ਗੱਲ ਕਰਨੀ ਚਾਹਾਂਗੇ, ਜਿਨ੍ਹਾਂ ਦਾ ਸੰਬੰਧ ਦੇਸ਼ ਲਈ ਆਪਣੀ ਜਾਨ ਦਾਅ 'ਤੇ ਲਾ ਦੇਣ ਵਾਲੇ ਲੋਕਾਂ ਦੇ ਵਾਰਸਾਂ ਨਾਲ ਹੈ, ਜੋ ਕਈ ਦਹਾਕਿਆਂ ਤੋਂ ਇਨਸਾਫ ਦੀ ਝਾਕ ਵਿਚ ਟੱਕਰਾਂ ਮਾਰ ਰਹੇ ਹਨ।



ਇਕ ਮਾਮਲਾ ਹੈ ਤੇਜਾ ਸਿੰਘ ਦਾ, ਜਿਹੜਾ ਪੰਜਾਬ ਆਰਮਡ ਪੁਲਸ (ਪੀ ਏ ਪੀ) ਦੀ ਵੀਹਵੀਂ ਬਟਾਲੀਅਨ ਵਿਚ ਸਿਪਾਹੀ ਹੁੰਦਾ ਸੀ। ਸਾਲ 1965 ਤੱਕ ਹਾਲੇ ਬਾਰਡਰ ਸਕਿਓਰਟੀ ਫੋਰਸ (ਬੀ ਐਸ ਐਫ) ਨਹੀਂ ਸੀ ਬਣੀ ਤੇ ਕੌਮਾਂਤਰੀ ਸਰਹੱਦ ਦੀ ਜ਼ਿੰਮੇਵਾਰੀ ਉਸ ਨਾਲ ਲਗਦੇ ਹਰ ਰਾਜ ਦੀ ਆਰਮਡ ਪੁਲਿਸ ਨਿਭਾਉਂਦੀ ਹੁੰਦੀ ਸੀ। ਪੰਜਾਬ ਦੀ ਪਾਕਿਸਤਾਨ ਨਾਲ ਲਗਦੀ ਸਰਹੱਦ 'ਤੇ ਇਹ ਡਿਊਟੀ ਕਰਦਾ ਤੇਜਾ ਸਿੰਘ 1964 ਵਿਚ ਜਾਨ ਦੇ ਗਿਆ। ਉਸ ਦੀ ਵਿਧਵਾ ਨੇ ਦੂਜਾ ਵਿਆਹ ਕਰਵਾ ਲਿਆ ਤੇ ਛੋਟੀ ਜਿਹੀ ਧੀ ਨੂੰ ਪਿੱਛੇ ਛੱਡ ਗਈ, ਜਿਸ ਨੂੰ ਉਸ ਦੇ ਰਿਸ਼ਤੇਦਾਰਾਂ ਨੇ ਪਾਲਿਆ।

ਜਦੋਂ ਉਹ ਧੀ ਵੱਡੀ ਹੋਈ, ਉਸ ਨੇ ਆਪਣੇ ਬਾਪ ਦੇ ਡਿਊਟੀ 'ਤੇ ਮਾਰੇ ਜਾਣ ਕਰ ਕੇ ਉਸ ਦੇ ਸੇਵਾ ਲਾਭ ਲੈਣ ਦੀ ਅਰਜ਼ੀ ਦਿੱਤੀ, ਜਿਸ ਵਿਚ ਮ੍ਰਿਤਕ ਦੀ ਏਨੇ ਸਾਲਾਂ ਦੀ ਪੈਨਸ਼ਨ ਵੀ ਸ਼ਾਮਲ ਸੀ, ਪਰ ਉਸ ਦੀ ਕਿਸੇ ਨੇ ਗੱਲ ਹੀ ਨਾ ਸੁਣੀ। ਇਕ ਪਿੱਛੋਂ ਦੂਜੇ ਦਫਤਰ ਦਾ ਗੇੜਾ ਲਾਉਂਦੀ, ਅੰਤ ਨੂੰ ਉਹ ਔਰਤਾਂ ਬਾਰੇ ਕਮਿਸ਼ਨ ਕੋਲ ਜਾ ਪੁੱਜੀ ਤਾਂ ਉਥੋਂ ਪੰਜਾਬ ਦੇ ਪੁਲਿਸ ਮੁਖੀ ਨੂੰ ਇਹ ਮਾਮਲਾ ਆਪ ਵਿਚਾਰਨ ਲਈ ਕਹਿ ਦਿੱਤਾ ਗਿਆ। ਪੁਲਿਸ ਮੁਖੀ ਨੇ ਅੱਗੋਂ ਇਹ ਰਿਪੋਰਟ ਭੇਜ ਦਿੱਤੀ ਕਿ ਤੇਜਾ ਸਿੰਘ ਵਾਲੀ ਪੀ ਏ ਪੀ ਬਟਾਲੀਅਨ ਕਿਉਂਕਿ ਬੀ ਐਸ ਐਫ ਵਿਚ ਭੇਜ ਦਿੱਤੀ ਗਈ ਸੀ, ਇਸ ਲਈ ਉਸ ਦਾ ਕੋਈ ਰਿਕਾਰਡ ਪੰਜਾਬ ਦੀ ਪੁਲਿਸ ਕੋਲ ਹੈ ਹੀ ਨਹੀਂ। ਬੀ ਐਸ ਐਫ ਨੂੰ ਅਰਜ਼ੀ ਦੇ ਕੇ ਪੁੱਛਿਆ ਤਾਂ ਜਵਾਬ ਮਿਲਿਆ ਕਿ ਤੇਜਾ ਸਿੰਘ ਆਪਣੀ ਮੌਤ ਸਮੇਂ ਪੰਜਾਬ ਪੁਲਿਸ ਦਾ ਮੁਲਾਜ਼ਮ ਸੀ, ਇਸ ਲਈ ਉਨ੍ਹਾਂ ਦੀ ਕੋਈ ਜ਼ਿੰਮੇਵਾਰੀ ਨਹੀਂ।

ਦੇਸ਼ ਲਈ ਜਾਨ ਦੇਣ ਵਾਲੇ ਤੇਜਾ ਸਿੰਘ ਦੀ ਧੀ ਦਰ-ਦਰ ਦੀਆਂ ਠੋਕਰਾਂ ਖਾ ਰਹੀ ਹੈ, ਪਰ ਉਸ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਸਾਡੇ ਦੇਸ਼ ਵਿਚ ਜੱਜਾਂ ਨੇ ਤਾਜ ਮਹੱਲ ਉਪਰ ਧੂੰਏਂ ਤੋਂ ਪੈਂਦੇ ਅਸਰ ਬਾਰੇ ਆਪਣੇ ਆਪ ਕੇਸ ਸ਼ੁਰੂ ਕੀਤੇ ਤੇ ਸੁਣਵਾਈ ਕੀਤੀ ਹੋਈ ਹੈ, ਚੰਡੀਗੜ੍ਹ ਦੇ ਕਿਸੇ ਚੌਂਕ ਵਿਚ ਚਿੱਟੀਆਂ ਲਾਈਨਾਂ ਨਾ ਲੱਗੀਆਂ ਹੋਣ ਦਾ ਕੇਸ ਵੀ ਉਹ ਆਪੇ ਸ਼ੁਰੂ ਕਰ ਸਕਦੇ ਹਨ, ਪਰ ਤੇਜਾ ਸਿੰਘ ਦੀ ਧੀ ਵਰਗੇ ਕੇਸ ਅਖਬਾਰ ਵਿਚ ਪੜ੍ਹ ਕੇ ਵੀ ਉਹ ਨਹੀਂ ਪੁੱਛਦੇ ਕਿ ਆਪਣੇ ਵਿਭਾਗ ਦੇ ਜਾਨ ਵਾਰ ਗਏ ਮੁਲਾਜ਼ਮ ਦੇ ਪਰਿਵਾਰ ਨਾਲ ਪੰਜਾਬ ਪੁਲਿਸ ਇਹ ਦੁਰਵਿਹਾਰ ਕਿਉਂ ਕਰ ਰਹੀ ਹੈ?

ਦੂਜਾ ਮਾਮਲਾ ਮਨ ਨੂੰ ਹੋਰ ਦੁਖੀ ਕਰਨ ਵਾਲਾ ਹੈ। ਭਾਰਤੀ ਫੌਜ ਦਾ ਮੇਜਰ ਧਰਮ ਚੰਦ 1962 ਅਤੇ 1965 ਦੀਆਂ ਦੋ ਜੰਗਾਂ ਵਿਚ ਦੇਸ਼ ਲਈ ਲੜਿਆ ਸੀ ਤੇ ਉਸ ਨੂੰ ਬਹਾਦਰੀ ਲਈ 14 ਮੈਡਲ ਮਿਲੇ ਸਨ। ਦੋ ਸਾਲ ਬਾਅਦ ਉਹ ਦਿਲ ਦੇ ਦੌਰੇ ਨਾਲ ਪ੍ਰਾਣ ਤਿਆਗ ਗਿਆ। ਉਦੋਂ ਉਸ ਦੀ ਵਿਧਵਾ ਦੀ ਪੈਨਸ਼ਨ ਸਿਰਫ ਸੱਤਰ ਰੁਪਏ ਬੰਨ੍ਹੀ ਗਈ। ਸਮਾਂ ਬਦਲਦਾ ਗਿਆ, ਮਹਿੰਗਾਈ ਵਧਦੀ ਗਈ, ਪਰ ਉਸ ਵਿਚਾਰੀ ਦੇ ਪੱਲੇ ਉਹੋ ਸੱਤਰ ਰੁਪਏ ਪੈਂਦੇ ਰਹੇ। ਫੌਜ ਦੇ ਪੈਨਸ਼ਨ ਅਧਿਕਾਰੀਆਂ ਕੋਲ ਉਸ ਨੇ ਫਰਿਆਦ ਕੀਤੀ। ਅੱਗੋਂ ਪੰਜਾਬ ਪੁਲਿਸ ਵਾਲਾ ਵਿਹਾਰ ਸੀ ਕਿ ਨੇਮਾਂ ਮੁਤਾਬਕ ਪੈਨਸ਼ਨ ਵਧਾਈ ਨਹੀਂ ਜਾ ਸਕਦੀ। ਥੱਕ-ਹਾਰ ਕੇ ਉਹ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਤੱਕ ਜਾ ਪਹੁੰਚੀ ਤਾਂ ਉਥੇ ਬੈਠੇ ਜੱਜ ਸਾਹਿਬ ਸਾਰਾ ਵੇਰਵਾ ਜਾਣ ਕੇ ਹੈਰਾਨ ਰਹਿ ਗਏ। ਉਨ੍ਹਾਂ ਨੇ ਭਾਰਤ ਸਰਕਾਰ ਨੂੰ ਇਹ ਫਿਟਕਾਰ ਪਾਈ ਕਿ ਜਿਸ ਮੁਲਕ ਵਿਚ ਅਰਹਰ ਦੀ ਦਾਲ ਦਾ ਮੁੱਲ ਵੀ ਅੱਸੀ ਰੁਪਏ ਕਿੱਲੋ ਹੋਵੇ, ਉਸੇ ਮੁਲਕ ਵਿਚ ਦੋ ਜੰਗਾਂ ਲੜ ਕੇ 14 ਮੈਡਲ ਜਿੱਤਣ ਵਾਲੇ ਇਕ ਨਾਇਕ ਦੀ ਵਿਧਵਾ ਨੂੰ ਸਿਰਫ ਸੱਤਰ ਰੁਪਏ ਮਹੀਨੇ ਦੇ ਦਿੱਤੇ ਜਾ ਰਹੇ ਹਨ।

ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਹਾਲੇ ਸਾਰੇ ਜੱਜ ਕੁਰੱਪਟ ਨਹੀਂ ਹੋਏ ਤਾਂ ਇਹੋ ਜਿਹੇ ਜੱਜਾਂ 'ਤੇ ਟੇਕ ਰੱਖਣੀ ਪੈਂਦੀ ਹੈ, ਜਿਨ੍ਹਾਂ ਨੇ ਕਰੀਬ ਤਰਤਾਲੀ ਸਾਲ ਬਾਅਦ ਇਕ ਦੇਸ਼ਭਗਤ ਫੌਜੀ ਅਫਸਰ ਦੀ ਵਿਧਵਾ ਨੂੰ ਇਨਸਾਫ਼ ਦਿਵਾਉਣ ਲਈ ਦਖਲ ਦਿੱਤਾ ਹੈ।

ਕਿਰਦਾਰ ਦੀ ਜਿਸ ਕਾਲਖ ਦਾ ਜ਼ਿਕਰ ਆਮ ਹੁੰਦਾ ਹੈ, ਉਸ ਦਾ ਇਕ ਪ੍ਰਮੁੱਖ ਨਮੂਨਾ ਜਸਟਿਸ ਰਾਮਾਸਵਾਮੀ ਦਾ ਮਾਮਲਾ ਸੀ, ਜਿਸ ਵਿਰੁਧ ਮਹਾਂ ਦੋਸ਼ ਦਾ ਮਤਾ ਪਾਰਲੀਮੈਂਟ ਵਿਚ ਆ ਕੇ ਪਾਸ ਨਹੀਂ ਸੀ ਹੋ ਸਕਿਆ। ਦੂਜਾ ਕੇਸ ਉਸ ਚੀਫ ਜਸਟਿਸ ਦਾ ਹੈ, ਜਿਸ ਨੇ ਭੋਪਾਲ ਗੈਸ ਦੁਖਾਂਤ ਵਿਚ ਹਜ਼ਾਰਾਂ ਲੋਕਾਂ ਦੇ ਮਾਰੇ ਜਾਣ ਨੂੰ ਇਕ ਟਰੱਕ ਹਾਦਸੇ ਦੇ ਬਰਾਬਰ ਤੋਲ ਕੇ ਅਮਰੀਕਾ ਦੀ ਯੂਨੀਅਨ ਕਾਰਬਾਈਡ ਕੰਪਨੀ ਦੇ ਮਾਲਕਾਂ ਦਾ ਸਾਹ ਸੌਖਾ ਕੀਤਾ ਤੇ ਫਿਰ ਭੋਪਾਲ ਦੇ ਗੈਸ ਪੀੜਤਾਂ ਲਈ ਬਣਾਏ ਗਏ ਭਲਾਈ ਟਰੱਸਟ ਦਾ ਮੁਖੀ ਆਣ ਲੱਗਾ ਸੀ। ਇਹੋ ਜਿਹੇ ਜੱਜ ਮੌਕਾ ਵੇਖ ਕੇ ਉਨ੍ਹਾਂ ਧਿਰਾਂ ਦੀ ਸੇਵਾ ਕਰ ਜਾਂਦੇ ਹਨ, ਜਿਨ੍ਹਾਂ ਤੋਂ ਉਹ ਰਿਟਾਇਰਮੈਂਟ ਮਗਰੋਂ ਕਿਸੇ ਕਮਾਊ ਪਦਵੀ ਦੀ ਝਾਕ ਰੱਖਦੇ ਹੋਣ।

ਹੁਣ ਜਦੋਂ ਉਸ ਕੇਸ ਵਿਚ ਉਸ ਚੀਫ ਜਸਟਿਸ ਦੇ ਫੈਸਲੇ ਬਾਰੇ ਰੌਲਾ ਪੈ ਗਿਆ ਤਾਂ ਜੱਜ ਸਾਹਿਬ ਭੋਪਾਲ ਦੇ ਪੀੜਤਾਂ ਬਹਾਨੇ ਆਪਣੀ ਭਲਾਈ ਕਰਨ ਦਾ ਉਸ ਟਰੱਸਟ ਵਾਲਾ ਅਹੁਦਾ ਵੀ ਛੱਡ ਕੇ ਖਿਸਕ ਗਏ ਹਨ।

ਸਾਡੇ ਸਾਹਮਣੇ ਇੱਕੋ ਸਮੇਂ ਦੋ ਮੁੱਦੇ ਹਨ। ਇਕ ਇਹ ਕਿ ਕਈ ਜੱਜ ਬੇਈਮਾਨ ਬਣ ਰਹੇ ਹਨ ਤੇ ਦੂਜਾ ਇਹ ਕਿ ਕਿਉਂ ਬਣ ਰਹੇ ਹਨ? ਪਹਿਲੀ ਗੱਲ ਬਾਰੇ ਕਿਸੇ ਨੂੰ ਕਹਿਣ-ਦੱਸਣ ਦੀ ਬਾਹਲੀ ਲੋੜ ਓਦੋਂ ਬਾਕੀ ਨਹੀਂ ਰਹਿ ਜਾਂਦੀ, ਜਦੋਂ ਦੇਸ਼ ਦਾ ਕਾਨੂੰਨ ਮੰਤਰੀ ਰਹਿ ਚੁੱਕਾ ਇਕ ਬੜਾ ਸੀਨੀਅਰ ਵਕੀਲ ਹੀ ਹਲਫੀਆ ਬਿਆਨ ਦੇ ਕੇ ਕਹਿ ਰਿਹਾ ਹੈ ਕਿ ਹੁਣ ਤੱਕ ਦੇਸ਼ ਦੇ ਜਿੰਨੇ ਵੀ ਮੁੱਖ ਜੱਜ ਬਣੇ, ਉਨ੍ਹਾਂ ਵਿਚੋਂ ਅੱਧੇ ਤਾਂ ਯਕੀਨਨ ਬੇਈਮਾਨ ਸਨ ਤੇ ਅੱਧਿਆਂ ਦਾ ਚੌਥਾ ਹਿੱਸਾ ਦੋ ਜਣੇ ਯਕੀਨ ਨਾਲ ਈਮਾਨਦਾਰ ਨਹੀਂ ਕਹੇ ਜਾ ਸਕਦੇ। ਕਾਨੂੰਨ ਮੰਤਰੀ ਰਹਿ ਚੁੱਕਾ ਹੋਣ ਕਰ ਕੇ ਯਕੀਨਨ ਉਸ ਕੋਲ ਆਪਣੀ ਗੱਲ ਸਾਬਤ ਕਰਨ ਲਈ ਕੁਝ ਸਬੂਤ ਵੀ ਹੋਣਗੇ, ਪਰ ਜਨਤਾ ਦੀ ਕਚਹਿਰੀ ਵਿਚ ਆਉਣਾ ਹੋਵੇ ਤਾਂ ਸਬੂਤਾਂ ਦੇ ਨਾਲ-ਨਾਲ ਸਾਫ ਜ਼ਮੀਰ ਵੀ ਲੈ ਕੇ ਆਉਣਾ ਪੈਂਦਾ ਹੈ। ਪੇਂਡੂ ਲੋਕਾਂ ਕੋਲ ਜਾਓ ਤਾਂ ਉਹ ਇਹ ਗੱਲ ਸਹਿਜ ਸੁਭਾਅ ਆਖ ਦੇਂਦੇ ਹਨ ਕਿ ਕਾਨੂੰਨ ਦੀ ਅਦਾਲਤੇ ਜਾ ਕੇ ਅਸੀਂ ਸਹੁੰ ਖਾ ਕੇ ਵੀ ਝੂਠ ਬੋਲ ਲੈਣਾ ਹੈ, ਪਰ ਪੰਚਾਇਤ ਸਾਹਮਣੇ ਸੱਚ ਹੀ ਬੋਲਣਾ ਪੈਂਦਾ ਹੈ। ਜਨਤਾ ਦੀ ਕਚਹਿਰੀ ਸਭ ਤੋਂ ਵੱਡੀ ਪੰਚਾਇਤ ਹੁੰਦੀ ਹੈ। ਇਕ ਸਾਬਕਾ ਕਾਨੂੰਨ ਮੰਤਰੀ ਨੇ ਸੱਚ ਬੋਲਿਆ ਹੈ ਤਾਂ ਜਨਤਾ ਉਸ ਤੋਂ ਕੁਝ ਸਵਾਲ ਵੀ ਪੁੱਛ ਸਕਦੀ ਹੈ।

ਪਹਿਲੀ ਗੱਲ ਇਹ ਕਿ ਜੱਜ ਤਾਂ ਬੇਈਮਾਨ ਕਹਿ ਹੀ ਦਿੱਤੇ, ਜਦੋਂ ਜਸਟਿਸ ਰਾਮਾਸਵਾਮੀ ਨੂੰ ਬਰਖਾਸਤ ਕਰਨ ਲਈ ਮਹਾਂਦੋਸ਼ ਦਾ ਮਤਾ ਲੋਕ ਸਭਾ ਵਿਚ ਆਇਆ ਸੀ, ਓਦੋਂ ਦੇਸ਼ ਦੇ ਲੋਕ-ਰਾਜ ਦੇ ਸਭ ਤੋਂ ਵੱਡੇ ਮੰਦਰ ਦੇ ਪੁਜਾਰੀ ਮੰਨੇ ਜਾਂਦੇ ਪਾਰਲੀਮੈਂਟ ਮੈਂਬਰਾਂ ਨੇ ਲਿਹਾਜਦਾਰੀ ਕਿਉਂ ਵਿਖਾਈ ਸੀ? ਕੀ ਇਹ ਸੱਚ ਨਹੀਂ ਕਿ ਦੱਖਣ ਦੇ ਕੁਝ ਐਮ.ਪੀ. ਉਸ ਦੇ ਮਗਰ ਇਲਾਕਾਵਾਦ ਦੀ ਭਾਵਨਾ ਨਾਲ ਜਾ ਜੁੜੇ ਸਨ ਕਿ ਭਾਵੇਂ ਜਿੱਦਾਂ ਦਾ ਵੀ ਹੈ, ਬੰਦਾ ਤਾਂ ਅਪਣੇ ਖੇਤਰ ਦਾ ਹੈ? ਦੂਜੇ ਮੈਂਬਰਾਂ ਵਿਚੋਂ ਵੀ ਜਿਨ੍ਹਾਂ ਨੇ ਇਕ ਜਾਂ ਦੂਜੇ ਕਾਰਨ ਕਰ ਕੇ ਉਸ ਨਾਲ ਲਿਹਾਜ ਵਿਖਾ ਕੇ ਉਸ ਵਿਰੁਧ ਵੋਟ ਪਾਉਣ ਤੋਂ ਗੁਰੇਜ਼ ਕੀਤਾ ਸੀ, ਕੀ ਉਹ ਵੀ ਅਪਰਾਧੀ ਦਾ ਸਾਥ ਦੇਣ ਦੇ ਦੋਸ਼ੀ ਨਹੀਂ ਮੰਨੇ ਜਾਣੇ ਚਾਹੀਦੇ? ਜੇ ਉਸ ਮੌਕੇ ਜਸਟਿਸ ਰਾਮਾਸਵਾਮੀ ਵਿਰੁਧ ਉਹ ਮਤਾ ਪਾਸ ਹੋ ਜਾਂਦਾ, ਕੀ ਇਸ ਨਾਲ ਬਾਕੀ ਜੱਜਾਂ ਵਿਚ ਇਹ ਸੰਦੇਸ਼ ਨਾ ਜਾਂਦਾ ਕਿ ਜਿਸ ਕਿਸੇ ਨੇ ਬੇਈਮਾਨੀ ਕੀਤੀ, ਉਸ ਦਾ ਹਸ਼ਰ ਏਦਾਂ ਦਾ ਹੋ ਸਕਦਾ ਹੈ? ਕਤਲ ਦੇ ਕੇਸ ਵਿਚ ਦੋਸ਼ੀ ਨੂੰ ਫਾਂਸੀ ਦੇਣ ਨਾਲ ਮਾਰੇ ਗਏ ਲੋਕ ਨਹੀਂ ਮੁੜ ਆਉਣੇ ਹੁੰਦੇ, ਹੋਰਨਾਂ ਨੂੰ ਡਰ ਪਾਉਣ ਦੀ ਭਾਵਨਾ ਹੁੰਦੀ ਹੈ ਕਿ ਜਿਸ ਨੇ ਵੀ ਇਹੋ ਜਿਹਾ ਅਪਰਾਧ ਕੀਤਾ, ਉਹ ਇਸੇ ਵਾਂਗ ਟੰਗਿਆ ਜਾਵੇਗਾ। ਜੱਜਾਂ ਵਿਰੁਧ ਜਦੋਂ ਇਹੋ ਭਾਵਨਾ ਪੈਦਾ ਕੀਤੀ ਜਾਣ ਦਾ ਮੌਕਾ ਆਇਆ, ਉਨ੍ਹਾਂ ਦਾ ਬਚਾਅ ਕਰਨ ਵਾਲੇ ਆਗੂ ਕਿਧਰ ਦੇ ਸੁਥਰੇ ਹੋਏ?

ਦੂਜਾ ਮਾਮਲਾ ਇਸ ਤੋਂ ਵੀ ਸੰਗੀਨ ਹੈ। ਉਸ ਦੀ ਗੱਲ ਕਰਨ ਤੋਂ ਪਹਿਲਾਂ ਅਸੀਂ ਕਈ ਵਾਰੀ ਕਹੀ ਹੋਈ ਇਕ ਗੱਲ ਫਿਰ ਦੁਹਰਾਉਣਾ ਚਾਹੁੰਦੇ ਹਾਂ। ਸ੍ਰੀ ਅਕਾਲ ਤਖਤ ਦਾ ਜਥੇਦਾਰ ਰਹਿ ਚੁੱਕੇ ਇਕ ਬੰਦੇ ਨੂੰ ਇਕ ਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਦੋਂ ਖਾਰਜ ਕੀਤਾ ਤਾਂ ਕਮੇਟੀ ਦੇ ਪ੍ਰਧਾਨ ਨੇ ਕਿਹਾ ਸੀ ਕਿ ਇਸ ਦੇ ਵਿਰੁਧ ਮਾੜੇ ਚਾਲ-ਚਲਣ ਦੇ ਦੋਸ਼ ਸਨ। ਪੱਤਰਕਾਰਾਂ ਦੇ ਪੁੱਛਣ 'ਤੇ ਉਸਨੇ ਇਹ ਵੀ ਦੱਸ ਦਿੱਤਾ ਕਿ ਦੋਸ਼ ਦੋ ਸਾਲ ਪਹਿਲਾਂ ਸਾਬਤ ਹੋ ਚੁੱਕੇ ਸਨ। ਅਸੀਂ ਇਹ ਸਵਾਲ ਉਸ ਪ੍ਰਧਾਨ ਅੱਗੇ, ਜੋ ਹੁਣ ਸਾਬਕਾ ਪ੍ਰਧਾਨ ਹੋ ਚੁੱਕਾ ਹੈ ਤੇ ਸਾਡਾ ਜਾਣੂ ਵੀ ਹੈ, ਕਈ ਵਾਰੀ ਰੱਖ ਚੁੱਕੇ ਹਾਂ ਕਿ ਜੇ ਉਸ ਜਥੇਦਾਰ 'ਤੇ ਇਹੋ ਜਿਹੇ ਦੋਸ਼ ਦੋ ਸਾਲ ਪਹਿਲਾਂ ਸਾਬਤ ਹੋ ਚੁੱਕੇ ਸਨ ਤਾਂ ਮਾੜੇ ਕਿਰਦਾਰ ਦਾ ਸਾਬਤ ਹੋਣ ਤੋਂ ਦੋ ਸਾਲ ਬਾਅਦ ਵੀ ਸਤਿਕਾਰਤ ਪਦਵੀ 'ਤੇ ਰੱਖ ਕੇ ਕੀ ਇਕ ਗੁਨਾਹ ਤੁਸੀਂ ਵੀ ਨਹੀਂ ਕਰ ਗਏ? ਉਸ ਸਵਾਲ ਦਾ ਜਵਾਬ ਕਦੇ ਵੀ ਕਿਸੇ ਨੇ ਨਹੀਂ ਦਿੱਤਾ।

ਅੱਜ ਇਹੋ ਸਵਾਲ ਅਸੀਂ ਭਾਰਤ ਦੇ ਕਾਨੂੰਨ ਮੰਤਰੀ ਰਹਿ ਚੁੱਕੇ ਸੀਨੀਅਰ ਵਕੀਲ ਸ਼ਾਂਤੀ ਭੂਸ਼ਣ ਨੂੰ ਪੁੱਛਣ ਦੀ ਲੋੜ ਮਹਿਸੂਸ ਕਰਦੇ ਹਾਂ। ਕੀ ਉਨ੍ਹਾਂ ਨੂੰ ਅੱਜ ਇਹ ਇਲਹਾਮ ਹੋਇਆ ਹੈ ਕਿ ਭਾਰਤ ਦੇ ਹੁਣ ਤੱਕ ਦੇ ਅੱਧੇ ਮੁੱਖ ਜੱਜ ਬੇਈਮਾਨ ਲੱਗੇ ਰਹੇ ਸਨ? ਇਹ ਜਾਣਕਾਰੀ ਕੀ ਉਨ੍ਹਾਂ ਨੂੰ ਉਦੋਂ ਨਹੀਂ ਸੀ, ਜਦੋਂ ਉਹ ਕਾਨੂੰਨ ਮੰਤਰੀ ਸਨ? ਜੇ ਸੀ ਤਾਂ ਉਹ ਮੁਲਕ ਨੂੰ ਇਹ ਵੀ ਦੱਸ ਦੇਣ ਕਿ ਇਸ ਤਰ੍ਹਾਂ ਦੀ ਸੰਗੀਨ ਜਾਣਕਾਰੀ ਉਨ੍ਹਾਂ ਨੇ ਦੇਸ਼ ਦੇ ਨਾਗਰਿਕਾਂ ਤੋਂ ਲੁਕਾ ਕੇ ਕਿਉਂ ਰੱਖੀ ਸੀ? ਕੀ ਇਸ ਲਈ ਕਿ ਲੋੜ ਪਈ ਤੋਂ ਵਰਤੀ ਜਾਵੇਗੀ ਤੇ ਇਹ ਲੋੜ ਹੁਣ ਆਣ ਪਈ, ਜਦੋਂ ਉਨ੍ਹਾਂ ਦੇ ਆਪਣੇ ਪੁੱਤਰ ਵਿਰੁਧ ਮਾਣ-ਹਾਨੀ ਦਾ ਮੁਕੱਦਮਾ ਬਣ ਗਿਆ ਹੈ?

ਜਦੋਂ ਉਹ ਕੁਝ ਕਰ ਸਕਦੇ ਸਨ, ਓਦੋਂ ਕੁਝ ਕੀਤੇ ਬਿਨਾਂ ਡੰਗ ਟਪਾਉਂਦੇ ਰਹੇ ਤੇ ਹੁਣ ਆ ਕੇ ਉਹ ਗੱਲ ਕਹਿਣ ਤੁਰ ਪਏ ਹਨ, ਜਿਹੜੀ ਪਹਿਲਾਂ ਹੀ ਦੇਸ਼ ਦੇ ਅਖਬਾਰਾਂ ਵਿਚ ਕਈ ਵਾਰ ਵੱਡੀ ਚਰਚਾ ਦਾ ਮੁੱਦਾ ਬਣਦੀ ਰਹੀ ਹੈ। ਇਹ ਕਹਿਣ ਦਾ ਕੋਈ ਫਾਇਦਾ ਨਹੀਂ ਕਿ ਦੇਸ਼ ਦੀ ਸਰਬ ਉਚ ਅਦਾਲਤ ਦੇ ਐਨੇ ਜੱਜ ਬੇਈਮਾਨ ਸਨ, ਮੰਨਣ ਵਾਲੀ ਗੱਲ ਪੰਜਾਬੀ ਮੁਹਾਵਰੇ ਮੁਤਾਬਕ ਇਹ ਹੈ ਕਿ ਭਾਰਤ ਵਿਚ ਬੇਈਮਾਨਾਂ ਦੀ ਹਰ ਪਾਸੇ 'ਨਾਨੀ-ਦੋਹਤੀ' ਰਲੀ ਫਿਰਦੀ ਹੈ।

## ਠਾਕੁਰ ਤੁਮ ਸਰਣਾਈ ਆਇਆ॥

**ਗੁਰਬਾਣੀ ਗਿਆਨ**

ੴ ਸਤਿਗੁਰ ਪ੍ਰਸਾਦਿ
ਸਾਰੰਗ ਮਹਲਾ 5
ਠਾਕੁਰ ਤੁਮ ਸਰਣਾਈ ਆਇਆ॥
ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨ ਪਾਇਆ॥ ਰਹਾਉ॥
ਅਨਬੋਲਤ ਮੇਰੀ ਬਿਰਥਾ ਜਾਨੀ ਆਪਨਾ ਨਾਮ ਜਪਾਇਆ॥
ਦੁਖ ਨਾਠੇ ਸੁਖ ਸਹਿਜ ਸਮਾਏ ਅਨਦ ਅਨਦ ਗੁਣ ਗਾਇਆ॥
ਬਾਹ ਪਕਰਿ ਕਢਿ ਲੀਜੇ ਆਪਨੇ ਗ੍ਰਿਹ ਅੰਧ ਕੂਪ ਤੇ ਮਾਇਆ॥
ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ॥

ਸੰਸਾਰ ਨੂੰ ਤਾਰਨ ਵਾਲੇ ਸਤਿਗੁਰ ਇਸ ਸ਼ਬਦ ਵਿਚ ਭਗਤ ਵਛਲ ਪ੍ਰਭੂ ਦੇ ਗੁਣ ਗਾਇਨ ਕਰ ਰਹੇ ਹਨ। ਠਾਕੁਰ ਨਾਮ ਭੀ ਉਸ ਅਕਾਲ ਪੁਰਖ ਦਾ ਹੀ ਹੈ। ਹੇ ਮੇਰੇ ਪ੍ਰਭੂ ਜੀਉ, ਮੈਂ ਤੇਰੀ ਸ਼ਰਨ ਵਿਚ ਆ ਗਿਆ ਹਾਂ ਅਤੇ ਹੇ ਮੇਰੇ ਮਾਲਿਕ ਜਦੋਂ ਤੋਂ ਮੈਂ ਤੇਰਾ ਦੀਦਾਰ ਕੀਤਾ ਹੈ ਉਦੋਂ ਤੋਂ ਹੀ ਮੇਰੇ ਮਨ ਦਾ ਸੰਸਾ, ਭਰਮ ਮੁੱਕ ਗਿਆ ਹੈ ਕਿਉਂਕਿ ਹੁਣ ਮੈਂ ਤੇਰੀ ਸ਼ਰਨ ਵਿਚ ਹਾਂ।

ਅਨਬੋਲਤ ਮੇਰੀ ਬਿਰਥਾ ਜਾਨੀ ਆਪਨਾ ਨਾਮ ਜਪਾਇਆ॥
ਦੁਖ ਨਾਠੇ ਸੁਖ ਸਹਿਜ ਸਮਾਏ ਅਨਦ ਅਨਦ ਗੁਣ ਗਾਇਆ॥

ਤੇ ਮੇਰੇ ਪਤਿਤ ਪਾਵਨ ਪ੍ਰਭੂ, ਤੁਸੀਂ ਮੇਰੇ ਬੋਲਣ ਤੋਂ ਬਿਨਾਂ ਹੀ ਮੇਰਾ ਦੁੱਖ-ਦਰਦ ਸਮਝ ਲੈਂਦੇ ਹੋ ਅਤੇ ਮੇਰੇ ਕੋਲੋਂ ਆਪਣਾ ਨਾਂ ਭੀ ਜਪਾਉਂਦੇ ਹੋ। ਹੇ ਮੇਰੇ ਪ੍ਰਭੂ ਜੀਓ, ਜਦੋਂ ਤੋਂ ਮੈਂ ਅਨੰਦਮਈ ਅਵਸਥਾ ਵਿਚ ਆ ਕੇ ਤੇਰੇ ਗੁਣ ਗਾ ਰਿਹਾ ਹਾਂ, ਮੇਰੇ ਸਾਰੇ ਹੀ ਦੁੱਖ ਮੁੱਕ ਗਏ ਹਨ ਤੇ ਸੁੱਖਾਂ ਦੀ ਪ੍ਰਾਪਤੀ ਹੋ ਰਹੀ ਹੈ। ਆਪ ਦੀ ਬਖਸ਼ਿਸ਼ ਹੈ ਕਿ ਮੈਂ ਆਪ ਦੀ ਸ਼ਰਨ ਵਿਚ ਹਾਂ।

ਬਾਹ ਪਕਰਿ ਕਢਿ ਲੀਜੇ ਆਪਨੇ ਗ੍ਰਿਹ ਅੰਧ ਕੂਪ ਤੇ ਮਾਇਆ॥
ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ॥

ਸਤਿਗੁਰੂ ਸ਼ਬਦ ਦੀਆਂ ਅਖੀਰਲੀਆਂ ਪੰਕਤੀਆਂ ਵਿਚ ਉਸ ਮੇਹਰਵਾਨ ਪ੍ਰਭੂ ਦੀ ਸਿਫਤ ਕਰਦੇ ਹਨ ਕਿ ਹੇ ਭਾਈ, ਉਹ ਪਤਿਤ ਪਾਵਨ ਪ੍ਰਭੂ ਆਪ ਹੀ ਆਪਣੇ ਸੇਵਕਾਂ ਦੀ ਬਾਂਹ ਫੜਕੇ ਮੋਹ ਮਾਇਆ ਦੇ ਅੰਨੇ ਖੂਹ ਵਿਚੋਂ ਬਾਹਰ ਕਢਦਾ ਹੈ ਅਤੇ ਹੇ ਨਾਨਕ, ਪੂਰੇ ਗੁਰੂ ਦੀ ਮਿਹਰ ਸਦਕਾ ਹੀ ਮੋਹ ਮਾਇਆ ਦੇ ਫਾਹੇ ਕੱਟੇ ਜਾਂਦੇ ਹਨ ਤੇ ਨਾਮ ਦੀ ਪ੍ਰਾਪਤੀ ਹੁੰਦੀ ਹੈ ਤੇ ਜੋ ਇਹ ਜੀਵ ਆਤਮਾ ਮਾਲਕ ਨਾਲੋਂ ਵਿਛੜੀ ਹੋਈ ਸੀ, ਪ੍ਰਭੂ ਦੇ ਨਾਮ ਦਾ ਸਿਮਰਨ ਕਰਕੇ ਉਸ ਪਰਮਾਤਮਾ ਦੇ ਵਿਚ ਹੀ ਜਾ ਮਿਲਦੀ ਹੈ।

ਆਓ ਸ਼ਬਦ ਗੁਰੂ ਨਾਲ ਜੁੜੀਏ ਅਤੇ ਦੇਹਧਾਰੀ ਗੁਰੂਆਂ ਤੋਂ ਬਚੀਏ।

*–ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ*
*ਫੋਨ:916-687-3536*

# ਸ਼ੈਤਾਨ ਦੇ ਵਕੀਲ ਦੀ ਅਰੁੰਧਾਤੀ ਰਾਏ ਨਾਲ ਮੁਲਾਕਾਤ

**ਲੰਘੇ ਹਫਤੇ ਸੀ ਐਨ ਐਨ-ਆਈ ਬੀ ਐਨ (CNN-IBN) ਨਿਊਜ਼ ਚੈਨਲ ਦੇ ਬੜੇ ਹਰਮਨ ਪਿਆਰੇ ਸ਼ੋਅ 'ਦ ਡੇਵਿਲ'ਸ ਐਡਵੋਕੇਟ' (The Devil's Advocate) ਵਿਚ ਅੰਗਰੇਜ਼ੀ ਦੀ ਪ੍ਰਸਿਧ ਭਾਰਤੀ ਲੇਖਿਕਾ ਤੇ ਸੋਸ਼ਲ ਐਕਟੀਵਿਸਟ ਅਰੁੰਧਾਤੀ ਰਾਏ ਮੁਲਾਕਾਤੀ ਮਹਿਮਾਨ ਵਜੋਂ ਹਾਜ਼ਰ ਸੀ। ਇਸ ਸ਼ੋਅ ਦਾ ਐਂਕਰ ਤੇ ਮਸ਼ਹੂਰ ਪੱਤਰਕਾਰ ਕਰਨ ਥਾਪਰ ਆਪਣੇ ਮਹਿਮਾਨਾਂ ਕੋਲੋਂ ਬੜੇ ਟੇਡੇ ਤੇ ਸਪਾਟ ਸਵਾਲ ਪੁੱਛਣ ਲਈ ਜਾਣਿਆ ਜਾਂਦਾ ਹੈ। ਕੁਝ ਮਹੀਨੇ ਪਹਿਲਾਂ ਰਾਮ ਜੇਠਮਲਾਨੀ ਉਸਦੇ ਸਵਾਲਾਂ ਤੋਂ ਤੰਗ ਆ ਕੇ ਆਪਣੇ ਕੋਟ ਦੇ ਕਾਲਰ ਛੰਡਦਾ ਤੇ ਕੁਝ ਬੁਰਾ-ਭਲਾ ਬੋਲਦਾ ਸ਼ੋਅ ਦੇ ਵਿਚਾਲਿਓਂ ਉਠ ਕੇ ਬਾਹਰ ਚਲਾ ਗਿਆ ਸੀ।**



ਪ੍ਰੋ. ਕੁਲਵੰਤ ਸਿੰਘ ਰੋਮਾਣਾ
(ਅਨੁਵਾਦਕ ਤੇ ਪੇਸ਼ਕਾਰ)

**ਅਰੁੰਧਾਤੀ ਰਾਏ ਮੇਘਾਲਿਆ 'ਚ ਜੰਮੀ, ਕੇਰਲਾ 'ਚ ਪਲੀ ਤੇ 16 ਸਾਲ ਦੀ ਉਮਰ 'ਚ ਘਰ ਛੱਡ ਕੇ ਦਿੱਲੀ ਚਲੀ ਗਈ ਜਿਥੇ ਫਿਰੋਜ਼ ਸ਼ਾਹ ਕੋਟਲਾ ਵਿਖੇ ਉਹ ਇਕ ਝੁੱਗੀਨੁਮਾ ਲੋਹੇ ਦੇ ਟੀਨਾਂ ਦੇ ਕਮਰੇ 'ਚ ਰਹਿੰਦੀ ਰਹੀ, ਖਾਲੀ ਬੋਤਲਾਂ ਵੇਚ ਕੇ ਗੁਜ਼ਾਰਾ ਕਰਦੀ ਰਹੀ, ਨਾਲ ਨਾਲ ਪੜ੍ਹਦੀ ਵੀ ਰਹੀ ਤੇ ਆਰਕੀਟੈਕਟ ਦੀ ਡਿਗਰੀ ਹਾਸਲ ਕੀਤੀ। ਸ਼ੁਰੂ 'ਚ ਉਸ ਨੇ ਕੁਝ ਅੰਗਰੇਜ਼ੀ ਫਿਲਮਾਂ ਦੇ ਸਕਰੀਨਪਲੇਅ ਲਿਖੇ ਤੇ ਅੰਗਰੇਜ਼ੀ ਟੀ ਵੀ ਨਾਟਕਾਂ ਦੀਆਂ ਸਕਰਿਪਟਾਂ ਵੀ। ਇਸ ਸਬੰਧ 'ਚ ਉਸ ਨੂੰ ਫਿਲਮ 'In which Annie gives it those ones' ਲਈ ਰਾਸ਼ਟਰੀ ਪੁਰਸਕਾਰ ਮਿਲਿਆ। ਉਸਨੇ ਆਪਣੇ ਵਰਤਮਾਨ ਪਤੀ ਤੇ ਫ਼ਿਲਮ ਨਿਰਦੇਸ਼ਕ ਪ੍ਰਦੀਪ ਕ੍ਰਿਸ਼ਨ ਦੀਆਂ ਦੋ ਫਿਲਮਾਂ 'Electronic Moon' ਤੇ 'ਮੈਸੀ ਸਾਹਿਬ' ਵਿਚ ਐਕਟਿੰਗ ਵੀ ਕੀਤੀ। ਉਸ ਦੇ ਪਲੇਠੇ ਨਾਵਲ 'The god of Small Things' ਨੂੰ ਸੰਸਾਰ ਦਾ ਵੱਕਾਰੀ ਸਾਹਿਤਕ ਪੁਰਸਕਾਰ ਬੁਰਕਰਜ਼ ਪੁਰਸਕਾਰ ਪ੍ਰਾਪਤ ਹੋਇਆ। ਫਿਰ ਉਸ ਨੇ ਸਮਾਜਿਕ ਸਰਗਰਮੀਆਂ 'ਚ ਹਿੱਸਾ ਲੈਣਾ ਸ਼ੁਰੂ ਕੀਤਾ ਤੇ ਇਸੇ ਹਵਾਲੇ ਨਾਲ ਲੇਖ ਲਿਖਣ ਲੱਗੀ। ਉਸ ਦੇ ਅੰਗਰੇਜ਼ੀ ਦੇ ਲੇਖਾਂ ਦੀ ਕਿਤਾਬ 'The Algebra of Infinite Justice' ਨੂੰ ਸਾਹਿਤ ਅਕਾਦਮੀ ਅਵਾਰਡ ਦਿੱਤਾ ਗਿਆ ਜੋ ਉਸ ਨੇ ਇਹ ਕਹਿ ਕੇ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਜਿਸ ਸਰਕਾਰ ਦੀਆਂ ਨੀਤੀਆਂ ਨਾਲ ਉਹ ਸਹਿਮਤ ਹੀ ਨਹੀਂ, ਉਸ ਸਰਕਾਰ ਤੋਂ ਕੋਈ ਪੁਰਸਕਾਰ ਲੈਣ 'ਚ ਕੋਈ ਤੁਕ ਨਹੀਂ। ਉਸ ਨੇ ਕਸ਼ਮੀਰੀ ਲੋਕਾਂ ਦੇ ਹੱਕ 'ਚ ਲਿਖਿਆ ਤੇ ਬੋਲਿਆ ਅਤੇ ਉਨ੍ਹਾਂ ਦੇ ਮਾਰਚ 'ਚ ਹਿੱਸਾ ਲਿਆ। ਉਸ ਨੇ ਨਰਮਦਾ ਬਚਾਓ ਅੰਦੋਲਨ 'ਚ ਸਰਗਰਮ ਭੂਮਿਕਾ ਨਿਭਾਈ। ਅੱਜ ਕੱਲ੍ਹ ਉਹ ਮਾਓਵਾਦੀਆਂ ਦੇ ਹੱਕ 'ਚ ਲਿਖਣ ਤੇ ਬੋਲਣ ਲਈ ਚਰਚਾ 'ਚ ਹੈ। ਕੁਝ ਸਮਾਂ ਪਹਿਲਾਂ ਉਹ ਖੁਦ ਜੰਗਲਾਂ 'ਚ ਜਾ ਕੇ ਉਨ੍ਹਾਂ 'ਚ ਰਹਿ ਕੇ ਆਈ ਹੈ। ਛੱਤੀਸਗੜ੍ਹ 'ਚ ਉਸ 'ਤੇ ਇਕ ਪੁਲਿਸ ਕੇਸ ਵੀ ਦਰਜ ਹੋਇਆ ਸੀ।**

**ਹੇਠਾਂ ਕਰਨ ਥਾਪਰ ਵਲੋਂ ਉਸ ਨਾਲ ਕੀਤੀ ਗਈ ਲੰਬੀ ਇੰਟਰਵਿਊ ਨੂੰ ਥੋੜ੍ਹਾ ਸੰਖੇਪ ਕਰਕੇ ਪੇਸ਼ ਕੀਤਾ ਜਾ ਰਿਹਾ ਹੈ।**

**ਕਰਨ:** ਪ੍ਰੋਗਰਾਮ 'ਦ ਡੇਵਿਲ'ਸ ਐਡਵੋਕੇਟ' ਵਿਚ ਤੁਹਾਡਾ ਸਵਾਗਤ ਹੈ। ਮੈਂ ਅੱਜ ਜਾਨਣਾ ਚਾਹਵਾਂਗਾ ਕਿ ਮਾਓਵਾਦੀਆਂ ਬਾਰੇ ਤੁਹਾਡੇ ਵਿਚਾਰ ਕੀ ਹਨ ਤੇ ਇਹ ਵੀ ਜਾਨਣਾ ਚਾਹਵਾਂਗਾ ਕਿ ਤੁਹਾਡੇ ਅਨੁਸਾਰ ਉਨ੍ਹਾਂ ਪ੍ਰਤੀ ਸਰਕਾਰ ਦਾ ਰੁਖ ਕਿਹੋ ਜਿਹਾ ਹੋਣਾ ਚਾਹੀਦਾ ਹੈ? ਪਰ ਸਭ ਤੋਂ ਪਹਿਲਾਂ ਤੁਸੀਂ ਇਹ ਦੱਸੋ ਕਿ ਪਿਛਲੇ ਦਿਨੀਂ ਬਿਹਾਰ 'ਚ ਮਾਓਵਾਦੀਆਂ ਵਲੋਂ ਚਾਰ ਪੁਲਿਸ ਮੁਲਾਜ਼ਮਾਂ ਨੂੰ ਅਗਵਾ ਕਰ ਲਏ ਜਾਣ ਤੇ ਫਿਰ ਉਨ੍ਹਾਂ 'ਚੋਂ ਇਕ ਦੇ ਮਾਰੇ ਜਾਣ ਬਾਰੇ ਤੁਹਾਡਾ ਕੀ ਪ੍ਰਤੀਕਰਮ ਹੈ?

**ਰਾਏ:** ਇਸ ਸਬੰਧ 'ਚ ਮੈਂ ਪਹਿਲਾਂ ਹੀ ਬਿਆਨ ਦੇ ਚੁੱਕੀ ਹਾਂ ਕਿ ਕਿਸੇ ਵੀ ਧਿਰ ਵਲੋਂ ਬੰਧਕ ਜਾਂ ਗ੍ਰਿਫਤਾਰ ਕੀਤੇ ਬੰਦੇ ਨੂੰ ਮਾਰ ਦੇਣਾ ਬੁਰੀ ਗੱਲ ਹੈ। ਇਸ 'ਚ ਕੁਝ ਵੀ ਇਨਕਲਾਬੀ ਨਹੀਂ। ਪਰ ਇਸ ਘਟਨਾ ਬਾਰੇ ਸਾਡੇ ਟੀ.ਵੀ. ਸਕਰੀਨਾਂ 'ਤੇ ਜੋ ਸ਼ੋਰ ਮਚਿਆ ਹੈ ਉਹ ਲੋਕਾਂ ਦਾ ਧਿਆਨ ਇਸ ਵੱਡੇ ਸਵਾਲ ਤੋਂ ਲਾਂਭੇ ਕਰ ਰਿਹਾ ਹੈ ਕਿ ਇਹ ਜੰਗ ਕਿਉਂ ਲੜੀ ਜਾ ਰਹੀ ਹੈ? ਕੌਣ ਨੇ ਉਹ ਜੋ ਯੁੱਧ ਚਾਹੁੰਦੇ ਹਨ ਤੇ ਕੌਣ ਨੇ ਉਹ ਜਿਨ੍ਹਾਂ ਦੀ ਲੋੜ ਹੈ ਇਹ ਯੁੱਧ?

**ਕਰਨ:** ਤੁਹਾਡੇ ਇਸ ਸਵਾਲ ਵੱਲ ਵੀ ਆਵਾਂਗੇ ਪਰ ਪਹਿਲਾਂ ਇਹ ਦੱਸੋ ਕਿ ਪਿਛਲੇ ਇਕ ਸਾਲ 'ਚ ਮਾਓਵਾਦੀਆਂ ਨੇ ਕੁਝ ਲੋਕਾਂ ਦੇ ਸਿਰ ਕਲਮ ਕੀਤੇ, ਦਾਂਤੇਵਾੜਾ 'ਚ 86 ਸੀ.ਆਰ.ਪੀ.ਐਫ. ਦੇ ਬੰਦੇ ਮਾਰੇ, ਗਿਆਨੇਸ਼ਵਰੀ ਐਕਸਪ੍ਰੈਸ ਦੀ ਵਾਰਦਾਤ ਕੀਤੀ, ਕੀ ਇਹ ਠੀਕ ਨੀਤੀ ਜਾਂ ਪੈਂਤੜਾ ਹੈ ਜਾਂ ਇਹ ਉਨ੍ਹਾਂ ਦੇ ਆਪਣੇ ਮਿਸ਼ਨ ਤੋਂ ਭਟਕ ਜਾਣ ਦੀ ਨਿਸ਼ਾਨੀ ਹੈ?

**ਰਾਏ:** ਤੁਸੀਂ ਇਨ੍ਹਾਂ ਸਾਰੀਆਂ ਘਟਨਾਵਾਂ ਨੂੰ ਇਕੋ ਰੱਸੇ ਨਾਲ ਨਹੀਂ ਨਰੜ ਸਕਦੇ। ਮਿਸਾਲ ਵਜੋਂ ਗਿਆਨੇਸ਼ਵਰੀ ਵਾਲੀ ਘਟਨਾ ਹੀ ਲੈ ਲਓ। ਇਸ ਬਾਰੇ ਕੋਈ ਵੀ ਧਿਰ ਪੱਕ ਨਾਲ ਕੁਝ ਨਹੀਂ ਕਹਿ ਸਕਦੀ ਕਿ ਇਹ ਕਾਰਾ ਕਿਸ ਨੇ ਕੀਤਾ ਹੈ।

**ਕਰਨ:** ਹਰ ਕੋਈ ਇਹੋ ਮੰਨੀ ਬੈਠਾ ਹੈ ਕਿ ਇਹ ਕੰਮ ਮਾਓਵਾਦੀਆਂ ਦਾ ਹੈ।

**ਰਾਏ:** ਪਰ ਸਿਰਫ ਮੰਨ ਲੈਣਾ ਹੀ ਕਾਫੀ ਨਹੀਂ ਹੁੰਦਾ। ਸੱਚ ਨੂੰ ਨਿਤਾਰਨ ਲਈ ਤੱਥਾਂ ਦਾ ਹੋਣਾ ਬੜਾ ਜ਼ਰੂਰੀ ਹੈ ਤੇ ਇਸ ਸਬੰਧ 'ਚ ਹਰ ਰੋਜ਼ ਨਵੇਂ-ਨਵੇਂ ਤੱਥ ਸਾਹਮਣੇ ਆ ਰਹੇ ਹਨ।

**ਕਰਨ:** ਪਰ ਇਹ ਤਾਂ ਤੱਥ ਹੈ ਕਿ ਫਰਾਂਸਿਸ ਇੰਦੁਵਰ ਤੇ ਸੰਜੇ ਘੋਸ਼ ਵਰਗੇ ਲੋਕਾਂ ਦੇ ਸਿਰ ਕਲਮ ਕੀਤੇ ਗਏ। ਦਾਂਤੇਵਾੜਾ 'ਚ 86 ਸੁਰੱਖਿਆ ਕਰਮੀ ਮਾਰੇ ਗਏ। ਇਸ ਤਰ੍ਹਾਂ ਦੀਆਂ ਘਟਨਾਵਾਂ ਬਾਰੇ ਤੁਸੀਂ ਕੀ ਕਹੋਗੇ?

**ਰਾਏ:** ਅਸਲ 'ਚ ਜਿਥੇ ਇਹ ਕੁਝ ਵਾਪਰ ਰਿਹਾ ਹੈ, ਉਥੇ ਹਾਲਾਤ ਜੰਗ ਵਾਲੇ ਹਨ। ਤੁਸੀਂ ਇਕ ਧਿਰ ਵਲੋਂ ਕੀਤੀਆਂ ਜਾ ਰਹੀਆਂ ਹਿੰਸਕ ਕਾਰਵਾਈਆਂ ਦੀ ਤਾਂ ਗਿਣਤੀ ਕਰਦੇ ਹੋ ਪਰ ਇਸ ਤਸਵੀਰ ਦਾ ਦੂਜਾ ਪਾਸਾ ਨਹੀਂ ਵਿਖਾਉਂਦੇ ਕਿ ਕਿਵੇਂ ਲੱਖਾਂ ਦੀ ਤਾਦਾਦ 'ਚ ਤੁਹਾਡੇ ਮੁਸੱਲਾ ਨੀਮ ਫੌਜੀ ਦਸਤੇ ਅਤਿ ਗਰੀਬ ਨਿਹੱਥੇ ਪਿੰਡਾਂ ਦੀ ਘੇਰਾਬੰਦੀ ਕਰ ਰਹੇ ਹਨ। ਲੋਕਾਂ ਨੂੰ ਬੇਘਰ ਕਰ ਰਹੇ ਹਨ, ਉਨ੍ਹਾਂ 'ਤੇ ਜ਼ੁਲਮ ਢਾਹ ਰਹੇ ਹਨ। ਇਹ ਠੀਕ ਹੈ ਕਿ ਹਰ ਕਿਸਮ ਦੀ ਹਿੰਸਾ ਬੁਰੀ ਹੈ। ਪਰ ਜੇ ਤੁਸੀਂ ਇਸ ਸਭ ਕੁਝ ਬਾਰੇ ਅਸਲੀਅਤ ਜਾਣਨੀ ਚਾਹੁੰਦੇ ਹੋ ਤਾਂ ਸਾਨੂੰ ਇਸ ਸਬੰਧ 'ਚ ਵੇਰਵੇ ਨਾਲ ਗੱਲ ਕਰਨੀ ਚਾਹੀਦੀ ਹੈ।

**ਕਰਨ:** ਕੀ ਤੁਸੀਂ ਇਹ ਕਹਿਣਾ ਚਾਹੁੰਦੇ ਹੋ ਕਿ ਹਿੰਸਾ ਦੋਵਾਂ ਧਿਰਾਂ ਵਲੋਂ ਹੀ ਹੋ ਰਹੀ ਹੈ ਤੇ ਦੋਵੇਂ-ਸਰਕਾਰ ਤੇ ਮਾਓਵਾਦੀ ਇਕੋ ਜਿਹੇ ਦੋਸ਼ੀ ਹਨ?

**ਰਾਏ:** ਨਾ ਮੈਂ ਦੋਵਾਂ ਨੂੰ ਬਰਾਬਰ ਦੇ ਦੋਸ਼ੀ ਮੰਨਦੀ ਹਾਂ ਅਤੇ ਨਾ ਹੀ ਮੈਂ ਕਿਸੇ ਇਕ ਦੀ ਵਕਾਲਤ ਕਰ ਰਹੀ ਹਾਂ। ਮੇਰਾ ਮੌਕੂਫ ਹੈ ਕਿ ਭਾਰਤ ਦੀ ਹਕੂਮਤ ਕਬਾਇਲੀਆਂ ਦੇ ਮਾਮਲੇ ਵਿਚ ਬਣੇ ਸਭ ਕਾਨੂੰਨਾਂ ਦੀ ਉਲੰਘਣਾ ਕਰ ਰਹੀ ਹੈ ਤੇ ਉਨ੍ਹਾਂ ਲੱਖਾਂ ਲੋਕਾਂ ਦੇ ਘਰ-ਘਾਟ 'ਤੇ ਹਮਲੇ ਕਰ ਰਹੀ ਹੈ। ਇਸ ਹਮਲੇ ਦੀ ਮਾਰ 'ਚ ਆਏ ਲੋਕਾਂ 'ਚੋਂ ਕੁਝ ਇਸ ਲੁੱਟ ਤੇ ਹਮਲੇ ਦਾ ਵਿਰੋਧ ਕਰ ਰਹੇ ਹਨ। ਇਸ ਲਈ ਹਾਲਾਤ ਹਿੰਸਕ ਤੇ ਟਕਰਾਅ ਵਾਲੇ ਬਣੇ ਹੋਏ ਹਨ।

**ਕਰਨ:** ਕੀ ਤੁਸੀਂ ਇਹ ਸਮਝਦੇ ਹੋ ਕਿ ਇਸ ਟਕਰਾਅ 'ਚ ਮੁੱਖ ਦੋਸ਼ੀ ਹਕੂਮਤ ਹੈ ਤੇ ਮਾਓਵਾਦੀ ਸਿਰਫ ਜਵਾਬੀ ਕਾਰਵਾਈ ਹੀ ਕਰ ਰਹੇ ਹਨ?

**ਰਾਏ:** ਮੈਂ ਸਰਕਾਰ ਨੂੰ ਮੁੱਖ ਹਮਲਾਵਰ ਮੰਨਦੀ ਹਾਂ। ਮਾਓਵਾਦੀ ਤਾਂ ਸਪੱਸ਼ਟ ਹਨ ਕਿ ਉਨ੍ਹਾਂ ਨੇ ਹਥਿਆਰਾਂ ਨਾਲ ਭਾਰਤੀ ਸਟੇਟ 'ਤੇ ਕਬਜ਼ਾ ਕਰਨਾ ਹੈ। ਮੈਂ ਨਹੀਂ ਮੰਨਦੀ ਕਿ ਭਾਰਤੀ ਸਟੇਟ ਕੋਈ ਭਲੀ ਜਾਂ ਅਸੂਲੀ ਸਟੇਟ ਹੈ। ਆਮ ਲੋਕਾਂ ਨੂੰ ਜੇ ਕਿਸੇ ਪਾਸਿਓਂ ਕੋਈ ਉਮੀਦ ਦੀ ਕਿਰਨ ਦੀ ਤਵੱਕੋ ਹੈ ਤਾਂ ਉਹ ਹਨ ਹਥਿਆਰਬੰਦ ਮਾਓਵਾਦੀ ਜਿਨ੍ਹਾਂ ਨੂੰ ਅਜੇ ਆਵਾਮ ਦੀ ਬਹੁਤੀ ਹਮਾਇਤ ਹਾਸਲ ਨਹੀਂ ਹੈ।

**ਕਰਨ:** ਮਾਓਵਾਦੀਆਂ ਨੂੰ ਤਾਂ ਇਸ ਗੱਲ ਤੋਂ ਹੌਂਸਲਾ ਮਿਲੇਗਾ ਕਿ ਭਾਰਤੀ ਰਿਆਸਤ ਬੇਅਸੂਲੀ ਤੇ ਬੁਰੀ ਹੈ।

ਰਾਏ: ਤੁਸੀਂ ਭੁੱਲ ਜਾਓ ਮਾਓਵਾਦੀਆਂ ਨੂੰ। ਹਰ ਸਰਕਾਰ ਵਿਰੋਧੀ ਲਹਿਰ, ਭਾਵੇਂ ਉਹ ਹਿੰਸਕ ਹੈ ਜਾਂ ਅਹਿੰਸਕ, ਉਹ ਭਾਰਤੀ ਸੰਵਿਧਾਨ ਨੂੰ ਲਾਗੂ ਕਰਵਾਉਣ ਲਈ ਲੜੀ ਜਾ ਰਹੀ ਹੈ ਤੇ ਸਰਕਾਰ ਹੈ ਕਿ ਸੰਵਿਧਾਨ ਦੀਆਂ ਧੱਜੀਆਂ ਉਡਾ ਰਹੀ ਹੈ।

**ਕਰਨ:** ਮਤਲਬ ਕਿ ਮਾਓਵਾਦੀ ਸੰਵਿਧਾਨ ਦੇ ਪਾਲਣਹਾਰੇ ਹਨ ਤੇ ਸਰਕਾਰ ਇਸ ਦੀ ਉਲੰਘਣਾ ਕਰ ਰਹੀ ਹੈ?

**ਰਾਏ:** ਇਕੱਲੇ ਮਾਓਵਾਦੀ ਹੀ ਸੰਵਿਧਾਨਵਾਦੀ ਨਹੀਂ ਸਗੋਂ ਉਹ ਸਾਰੇ ਲੋਕ ਜਾਂ ਗਰੁਪ ਹੀ ਸੰਵਿਧਾਨ ਦੀ ਪਾਲਣਾ ਕਰ ਰਹੇ ਹਨ ਜੋ ਇਸ ਸਰਕਾਰ ਨਾਲ ਟਕਰਾਅ ਰਹੇ ਹਨ।

**ਕਰਨ:** ਮਾਓਵਾਦੀ ਅੰਤ 'ਚ ਕਰਨਾ ਕੀ ਚਾਹੁੰਦੇ ਹਨ ਤੇ ਉਨ੍ਹਾਂ ਕੋਲ ਇਸ ਦਾ ਤਰਕ ਕੀ ਹੈ?

**ਰਾਏ:** ਉਨ੍ਹਾਂ ਦਾ ਮਿਸ਼ਨ ਸਾਫ ਹੈ ਕਿ ਉਹ ਇਸ ਹਕੂਮਤ ਦਾ ਤਖਤਾ ਪਲਟ ਕੇ ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪ ਕਾਇਮ ਕਰਨਾ ਚਾਹੁੰਦੇ ਹਨ।

**ਕਰਨ:** ਤੁਸੀਂ ਉਨ੍ਹਾਂ ਦੇ ਇਸ ਮਿਸ਼ਨ ਦੀ ਪ੍ਰੋੜਤਾ ਕਰਦੇ ਹੋ?

**ਰਾਏ:** ਏਥੇ ਹੁਣ ਮੈਂ ਇਹ ਨਹੀਂ ਕਹਿ ਸਕਦੀ ਕਿ ਮੈਂ ਉਨ੍ਹਾਂ ਦੇ ਇਸ ਨਿਸ਼ਾਨੇ ਦੀ ਹਮਾਇਤ ਕਰਦੀ ਹਾਂ ਕਿਉਂਕਿ ਫਿਰ ਹੁਣੇ ਹੀ ਪੁਲਿਸ ਮੈਨੂੰ ਇਥੋਂ ਹੱਥਕੜੀ ਲਾ ਕੇ ਲੈ ਜਾਵੇਗੀ।

**ਕਰਨ:** ਮਤਲਬ ਤੁਸੀਂ ਉਨ੍ਹਾਂ ਦੀ ਹਮਾਇਤ ਤਾਂ ਕਰਦੇ ਹੋ?

**ਰਾਏ:** ਹਮਾਇਤ ਜਾਂ ਵਿਰੋਧ ਦੀ ਗੱਲ ਨਹੀਂ। ਮੇਰਾ ਵਿਸ਼ਵਾਸ ਹੈ ਕਿ ਭਾਰਤੀ ਸਟੇਟ ਲੋਕਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਤੋਂ ਪੂਰੀ ਤਰ੍ਹਾਂ ਪੱਲਾ ਛੁਡਾ ਚੁੱਕੀ ਹੈ। ਜਦੋਂ ਸਟੇਟ, ਅਸੂਲੀ ਜਾਂ ਨੈਤਿਕ ਤੌਰ 'ਤੇ, ਆਪਣੇ ਸੰਵਿਧਾਨ ਨੂੰ ਮੰਨਣ ਦੇ ਪਾਬੰਦ ਹੀ ਨਹੀਂ ਰਹੀ ਤਾਂ ਫਿਰ ਸਾਨੂੰ ਜਾਂ ਤਾਂ ਸੰਵਿਧਾਨ ਬਦਲ ਕੇ ਸਰਕਾਰ ਅਨੁਸਾਰ ਬਣਾ ਲੈਣਾ ਚਾਹੀਦਾ ਹੈ ਭਾਵ ਆਜ਼ਾਦ, ਲੋਕਤੰਤਰੀ ਤੇ ਧਰਮ ਨਿਰਪੱਖ ਸਟੇਟ ਦੀ ਥਾਂ ਕਾਰਪੋਰੇਟ, ਹਿੰਦੂ ਤੇ ਸੈਟੇਲਾਈਟ ਸਟੇਟ ਲਿਖ ਲੈਣਾ ਚਾਹੀਦਾ ਹੈ ਤੇ ਜਾਂ ਇਹ ਸਰਕਾਰ ਹਟਾ ਕੇ ਸੰਵਿਧਾਨ ਅਨੁਸਾਰ ਚੱਲਣ ਵਾਲੀ ਹਕੂਮਤ ਕਾਇਮ ਕਰ ਲੈਣੀ ਚਾਹੀਦੀ ਹੈ।

**ਕਰਨ:** ਮੈਂ ਤੁਹਾਨੂੰ ਸਪੱਸ਼ਟ ਸਵਾਲ ਕਰਦਾ ਹਾਂ ਕਿ ਤੁਸੀਂ ਮਾਓਵਾਦੀਆਂ ਦੀ ਹਥਿਆਰਾਂ ਨਾਲ ਸਟੇਟ 'ਤੇ ਕਾਬਜ਼ ਹੋਣ ਦੀ ਨੀਤੀ ਨਾਲ ਤਾਂ ਸਹਿਮਤ ਹੋ ਪਰ ਜੇਲ੍ਹ ਜਾਣ ਦੇ ਡਰੋਂ ਕਹਿ ਨਹੀਂ ਰਹੇ?

**ਰਾਏ:** ਜੇ ਮੈਂ ਕਹਾਂ 'ਹਾਂ, ਮੈਂ ਇਸ ਨੀਤੀ ਨਾਲ ਸਹਿਮਤ ਹਾਂ' ਤਾਂ ਮੈਂ ਵੀ ਮਾਓਵਾਦੀ ਹੋਈ ਪਰ ਮੈਂ ਮਾਓਵਾਦੀ ਨਹੀਂ।

**ਕਰਨ:** ਤੁਸੀਂ ਉਨ੍ਹਾਂ ਨਾਲ ਹਮਦਰਦੀ ਤਾਂ ਰੱਖਦੇ ਹੀ ਓ?

**ਰਾਏ:** ਮੈਂ ਉਨ੍ਹਾਂ ਸਭ ਲੋਕਾਂ ਨਾਲ ਹਮਦਰਦੀ ਰੱਖਦੀ ਹਾਂ ਜੋ ਲਾਈਨ ਦੇ ਇਸ ਪਾਰ ਖੜ੍ਹੇ ਹਨ। ਉਹ ਲੋਕ ਜੋ ਅੱਜ ਇਹ ਐਲਾਨ ਕਰ ਰਹੇ ਹਨ ਕਿ ਵੇਖੋ, ਇਹ ਹੈ ਭਾਰਤੀ ਸਟੇਟ ਜੋ ਨਾ ਸਿਰਫ ਭਾਰਤ ਦੇ ਸਗੋਂ ਸਾਰੇ ਸੰਸਾਰ ਦੇ ਗਰੀਬੀ ਮਾਰੇ ਲੋਕਾਂ 'ਤੇ ਫੌਜਾਂ ਚਾੜ੍ਹਨ ਦੀ ਇੱਛਾ ਰੱਖਦੀ ਹੈ।

**ਕਰਨ:** ਮਾਓਵਾਦੀ ਚੋਣਾਂ ਲੜ੍ਹਨ ਜਾਂ ਹੋਰ ਲੋਕਤੰਤਰੀ ਤਰੀਕੇ ਅਪਨਾਉਣ ਦੀ ਬਜਾਇ ਹਥਿਆਰਬੰਦ ਯੁੱਧ ਰਾਹੀਂ ਨਵਾਂ ਨਿਜ਼ਾਮ ਕਾਇਮ ਕਰਨਾ ਚਾਹੁੰਦੇ ਹਨ। ਬਹੁਤ ਲੋਕ ਇਸ ਨੂੰ ਇਕ ਘਰੇਲੂ ਜੰਗ ਵਜੋਂ ਵੇਖਦੇ ਹਨ। ਕੀ ਫਿਰ ਵੀ ਤੁਸੀਂ ਮਾਓਵਾਦੀਆਂ ਦੇ ਨਾਲ ਹੋ?

**ਰਾਏ:** ਘਰੇਲੂ ਜੰਗ ਤਾਂ ਜਾਰੀ ਹੈ। ਮੈਂ ਨਹੀਂ ਮੰਨਦੀ ਕਿ ਕੋਈ ਹਿੰਸਕ ਲਹਿਰ ਜ਼ਰੂਰੀ ਹੀ ਕੋਈ ਚੰਗਾ ਸਿਸਟਮ ਸਥਾਪਤ ਕਰ ਦੇਵੇਗੀ ਤੇ ਨਾ ਹੀ ਮੈਂ ਇਹ ਸਮਝਦੀ ਹਾਂ ਕਿ ਅਸੂਲੀ ਤੌਰ 'ਤੇ ਹਮੇਸ਼ਾ ਅਹਿੰਸਕ ਰਹਿਣਾ ਕੋਈ ਠੀਕ ਰਸਤਾ ਹੈ। ਹਿੰਸਾ ਜਾਂ ਅਹਿੰਸਾ ਦੀ ਵਰਤੋਂ ਜ਼ਰੂਰਤ ਅਨੁਸਾਰ ਹੋਣੀ ਚਾਹੀਦੀ ਹੈ। ਜੇ ਸੀ.ਆਰ.ਪੀ.ਐਫ. ਦੇ ਅੱਠ ਸੌ ਜਵਾਨ ਤੁਹਾਡੇ ਪਿੰਡ ਨੂੰ ਘੇਰ ਲੈਂਦੇ ਹਨ, ਉਥੇ ਔਰਤਾਂ ਦਾ ਬਲਾਤਕਾਰ ਕਰਦੇ ਹਨ, ਘਰਾਂ ਨੂੰ ਲੁੱਟ ਰਹੇ ਹਨ, ਫੂਕ ਰਹੇ ਹਨ ਤਾਂ ਤੁਸੀਂ ਨਹੀਂ ਕਹਿ ਸਕਦੇ ਕਿ ਮੈਂ ਉਥੇ ਜਾ ਕੇ ਭੁੱਖ ਹੜਤਾਲ 'ਤੇ ਬੈਠਾਂ? ਉਥੇ ਮੈਂ ਲੋਕਾਂ ਦੇ ਹਥਿਆਰਬੰਦ ਸੰਘਰਸ਼ ਦੇ ਹੱਕ 'ਚ ਖੜ੍ਹਾਂਗੀ।

**ਕਰਨ:** ਮੌਕੇ ਜਾਂ ਹਾਲਾਤ ਦੀ ਗੱਲ ਛੱਡੋ, ਤੁਸੀਂ ਮੈਨੂੰ ਇਹ ਦੱਸੋ ਕਿ ਤੁਸੀਂ ਮਾਓਵਾਦੀਆਂ ਦੇ ਹਥਿਆਰਬੰਦ ਸੰਘਰਸ਼ ਦੀ ਹਮਾਇਤ ਕਰਦੇ ਹੋ?

**ਰਾਏ:** ਤੁਸੀਂ ਮਾਓਵਾਦੀਆਂ ਦੇ ਪਿੱਛੇ ਕਿਉਂ ਪਏ ਹੋਏ ਹੋ? ਕੁਝ ਆਸੇ-ਪਾਸੇ ਵੀ ਵੇਖੋ।

**ਕਰਨ:** ਜਿਵੇਂ ਕਿਵੇਂ ਵੀ ਤੁਸੀਂ ਮਾਓਵਾਦੀਆਂ ਨਾਲ ਸਹਿਮਤ ਹੋ। ਫਿਰ ਤੁਸੀਂ ਇਹ ਕਿਉਂ ਕਹਿ ਰਹੇ ਹੋ ਕਿ ਸਰਕਾਰ ਆਪਣੇ ਬਚਾਅ ਲਈ ਫੌਜ ਜਾਂ ਹੋਰ ਤਾਕਤ ਦੀ ਵਰਤੋਂ ਨਾ ਕਰੇ?

**ਰਾਏ:** ਸਰਕਾਰ ਨੂੰ ਆਪਣੇ ਲੋਕਾਂ ਤੋਂ ਹੀ ਆਪਣੀ ਰੱਖਿਆ ਦੀ ਲੋੜ ਨਹੀਂ ਹੁੰਦੀ ਸਗੋਂ ਇਸਨੂੰ ਤਾਂ ਆਪਣੇ ਆਵਾਮ ਦੀ ਰੱਖਿਆ ਕਰਨੀ ਚਾਹੀਦੀ ਹੈ।

**ਕਰਨ:** ਹੱਛਾ, ਜੇ ਸਰਕਾਰ ਹੀ ਹਮਲੇ ਦੀ ਮਾਰ 'ਚ ਹੋਵੇ ਤਾਂ ਸਮਝਿਆ ਜਾਵੇ ਕਿ ਲੋਕ ਹੀ ਹਮਲੇ ਦੀ ਮਾਰ 'ਚ ਹਨ?

**ਰਾਏ:** ਸਰਕਾਰ ਹਮਲੇ ਦੀ ਮਾਰ 'ਚ ਨਹੀਂ, ਸਰਕਾਰ ਤਾਂ ਖੁਦ ਹਮਲਾਵਰ ਹੈ। ਆਪਣੇ ਹੀ ਸੰਵਿਧਾਨ ਦੀ ਉਲੰਘਣਾ ਕਰ ਰਹੀ ਹੈ। ਤੁਸੀਂ ਹੀ ਦੱਸੋ ਕਿ ਲੋਕਾਂ ਨੂੰ ਉਦੋਂ ਕੀ ਕਰਨਾ ਚਾਹੀਦਾ ਹੈ ਜਦੋਂ ਆਪਣੇ ਹੀ ਦੇਸ਼ ਦੇ ਹਵਾਈ ਤੇ ਜ਼ਮੀਨੀ ਬਲ ਗਰੀਬ ਲੋਕਾਂ ਵਿਰੁਧ ਜੰਗ ਹੀ ਛੇੜ ਦੇਣ? ਕੀ ਤੁਸੀਂ ਇਹ ਸੁਝਾਅ ਦੇਵੋਗੇ ਕਿ ਲੋਕਾਂ ਨੂੰ ਆਪਣੇ ਘਰ-ਬਾਰ ਛੱਡ ਕੇ ਕੈਂਪਾਂ 'ਚ ਚਲੇ ਜਾਣਾ ਚਾਹੀਦਾ ਹੈ ਤਾਂ ਕਿ ਵੱਡੀਆਂ ਕਾਰਪੋਰੇਸ਼ਨਾਂ ਤੇ ਖਾਨ-ਮਾਫੀਆ ਉਨ੍ਹਾਂ ਦੇ ਜਲ-ਜੰਗਲ ਅਤੇ ਜ਼ਮੀਨ 'ਤੇ ਕਾਬਜ਼ ਹੋ ਜਾਣ।

**ਕਰਨ:** ਤੁਹਾਡਾ ਖਿਆਲ ਹੈ ਕਿ ਹੁਣ ਮਾਓਵਾਦੀਆਂ ਤੇ ਹੋਰ ਸਰਕਾਰ ਵਿਰੋਧੀ ਗਰੁਪਾਂ ਕੋਲ ਜੰਗ ਬਿਨਾਂ ਕੋਈ ਚਾਰਾ ਨਹੀਂ ਰਹਿ ਗਿਆ?

**ਰਾਏ:** ਮੇਰਾ ਖਿਆਲ ਹੈ ਕਿ ਜੇ ਤੁਸੀਂ ਅਹਿੰਸਾ ਦੀ ਅਣਦੇਖੀ ਕਰਦੇ ਹੋ ਤਾਂ ਤੁਸੀਂ ਖੁਦ ਹੀ ਹਿੰਸਾ ਨੂੰ ਬੁਲਾਵਾ ਦੇ ਰਹੇ ਹੋ।

**ਕਰਨ:** ਮੁੱਦਾ ਇਹ ਹੈ ਕਿ ਕੀ ਮਾਓਵਾਦੀ, ਜਿਨ੍ਹਾਂ ਨਾਲ ਤੁਸੀਂ ਵੀ ਸਹਿਮਤ ਹੋ, ਹਿੰਸਕ ਤਰੀਕੇ ਵਰਤ ਰਹੇ ਹਨ ਜਾਂ ਅਹਿੰਸਕ?

**ਰਾਏ:** ਕਰਨ, ਤੁਸੀਂ ਮੈਨੂੰ ਸੁਣ ਹੀ ਨਹੀਂ ਰਹੇ ਹੋ। ਮੈਂ ਕਹਿ ਰਹੀ ਹਾਂ ਕਿ ਜੇ ਤੁਸੀਂ ਅਹਿੰਸਾ ਦੀ ਪ੍ਰਵਾਹ ਨਹੀਂ ਕਰਦੇ ਤਾਂ ਤੁਹਾਨੂੰ ਹਿੰਸਾ ਦਾ ਸਾਹਮਣਾ ਕਰਨਾ ਹੀ ਪੈਣਾ ਹੈ। ਵੇਖੋ, ਬੇਇਨਸਾਫੀ ਦਾ ਇਕ ਕਾਰਵਾਂ ਬੇਰੋਕ-ਟੋਕ ਤੇ ਲਗਾਤਾਰ ਅੱਗੇ ਵਧਦਾ ਜਾ ਰਿਹਾ ਹੈ ਜੋ ਲੱਖਾਂ ਲੋਕਾਂ ਨੂੰ ਉਜਾੜਦਾ ਤੇ ਲਿਤਾੜਦਾ ਜਾ ਰਿਹਾ ਹੈ। ਸਾਡੇ 83.6 ਕਰੋੜ ਲੋਕ ਕਿਉਂ ਰੋਜ਼ 20 ਰੁਪਏ ਨਾਲੋਂ ਵੀ ਘੱਟ ਨਾਲ ਗੁਜ਼ਾਰਾ ਕਰਨ ਲਈ ਮਜਬੂਰ ਹਨ। ਸਾਡੇ 6 ਕਰੋੜ ਲੋਕ ਕਿਉਂ ਬੇਘਰੇ ਹਨ? ਕਿਉਂਕਿ ਸਰਕਾਰ ਅਹਿੰਸਾ ਦੀ ਆਵਾਜ਼ ਸੁਣਨ ਤੋਂ ਇਨਕਾਰੀ ਹੈ।

**ਕਰਨ:** ਤੁਹਾਡੇ ਅਨੁਸਾਰ ਮਾਓਵਾਦੀ ਅਨਿਆਂ ਦਾ ਸ਼ਿਕਾਰ ਹਨ?

**ਰਾਏ:** ਮਾਓਵਾਦੀ ਬਿਲਕੁੱਲ ਵੀ ਨਹੀਂ। ਲੋਕ ਅਨਿਆਂ ਦਾ ਸ਼ਿਕਾਰ ਹਨ ਜੋ ਭਾਰਤੀ ਸਟੇਟ ਦੀ ਬੇਥਾਹ ਬੇਇਨਸਾਫੀ ਕਾਰਨ ਮਾਓਵਾਦੀਆਂ ਦੇ ਸਿਧਾਂਤ ਨੂੰ ਅਪਨਾ ਰਹੇ ਹਨ।

**ਕਰਨ:** ਤਾਂ ਕੀ ਇਸ ਸਭ ਕੁਝ ਲਈ ਸਰਕਾਰ ਹੀ ਪੂਰੀ ਦੀ ਪੂਰੀ ਜ਼ਿੰਮੇਵਾਰ ਹੈ?

**ਰਾਏ:** ਬਿਲਕੁਲ।

**ਕਰਨ:** ਕੀ ਤੁਸੀਂ ਇਹ ਗੱਲ ਸਪੱਸ਼ਟ ਤੇ ਬੇਖੌਫ ਕਹਿ ਰਹੇ ਹੋ?

**ਰਾਏ:** ਬਿਲਕੁਲ।

**ਕਰਨ:** ਚਲੋ, ਅੱਗੇ ਗੱਲ ਕਰਨ ਤੋਂ ਪਹਿਲਾਂ ਮੈਂ ਤੁਹਾਡੇ ਨਾਲ 'ਆਜ਼ਾਦ' ਦੇ ਮਾਮਲੇ 'ਤੇ ਗੱਲ ਕਰਨੀ ਚਾਹਾਂਗਾ। ਇਸੇ ਸਾਲ ਮਈ 'ਚ ਇਹ ਗੱਲ ਸਾਹਮਣੇ ਆਈ ਸੀ ਕਿ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਸਵਾਮੀ ਅਗਨੀਵੇਸ਼ ਨੂੰ ਮਾਓਵਾਦੀਆਂ ਨਾਲ ਗੱਲਬਾਤ ਸ਼ੁਰੂ ਕਰਨ ਲਈ ਕਿਹਾ ਸੀ। ਅੱਗੋਂ ਸਵਾਮੀ ਨੇ ਉਨ੍ਹਾਂ ਦੀ ਲੀਡਰਸ਼ਿਪ ਨਾਲ ਰਾਬਤਾ ਬਣਾਉਣ ਲਈ ਮਾਓਵਾਦੀ ਨੇਤਾ ਚੈਮਕੁਰੀ ਰਾਜਕੁਮਾਰ ਉਰਫ 'ਆਜ਼ਾਦ' ਨਾਲ ਸੰਪਰਕ ਕੀਤਾ। ਪਰ ਜੁਲਾਈ 'ਚ ਅਚਾਨਕ ਖਬਰ ਆਉਂਦੀ ਹੈ ਕਿ ਆਜ਼ਾਦ ਪੁਲਿਸ ਮੁਕਾਬਲੇ 'ਚ ਮਾਰਿਆ ਗਿਆ। ਇਸ ਹਵਾਲੇ ਨਾਲ ਕੀ ਤੁਸੀਂ ਸਮਝਦੇ ਹੋ ਕਿ ਗੱਲਬਾਤ ਦਾ ਢਕਵੰਜ ਸਰਕਾਰ ਨੇ ਸਿਰਫ 'ਆਜ਼ਾਦ' ਤੱਕ ਪਹੁੰਚਣ ਅਤੇ ਫਿਰ ਉਸਨੂੰ ਕਤਲ ਕਰਨ ਲਈ ਰਚਿਆ ਸੀ।

**ਰਾਏ:** ਬਿਲਕੁਲ ਮੈਂ ਇਹੋ ਸਮਝਦੀ ਹਾਂ ਤੇ ਤੱਥ ਤੇ ਸਬੂਤ ਵੀ ਇਹੋ ਕੁਝ ਕਹਿੰਦੇ ਹਨ।

**ਕਰਨ:** ਭਲਾ ਸਰਕਾਰ ਐਸੇ ਆਦਮੀ ਨੂੰ ਕਿਉਂ ਖਤਮ ਕਰੇਗੀ ਜਿਸ ਰਾਹੀਂ ਗੱਲਬਾਤ ਦਾ ਰਾਹ ਖੁੱਲ੍ਹਦਾ ਹੋਵੇ?



*ਅਰੁੰਧਾਤੀ ਰਾਏ ਦਾ ਇਕ ਅੰਦਾਜ਼*



*ਅਰੁੰਧਾਤੀ ਰਾਏ ਮਾਓਵਾਦੀ ਇਨਕਲਾਬੀਆਂ ਨਾਲ ਗੱਲ ਕਰਦੇ ਹੋਏ*

**ਰਾਏ:** ਕਿਉਂਕਿ ਸਰਕਾਰ ਨੂੰ ਗੱਲਬਾਤ ਦੀ ਨਹੀਂ, ਜੰਗ ਦੀ ਲੋੜ ਹੈ। ਇਸਨੂੰ ਕਬਾਇਲੀ ਲੋਕਾਂ ਦੇ ਜਲ-ਜੰਗਲ ਤੇ ਜ਼ਮੀਨ 'ਤੇ ਕਬਜ਼ੇ ਦੀ ਲੋੜ ਹੈ ਜੋ ਅੱਗੇ ਇਸ ਨੇ ਉਨ੍ਹਾਂ ਕਾਰਪੋਰੇਸ਼ਨਾਂ ਨੂੰ ਦੇਣੀ ਹੈ ਜਿਨ੍ਹਾਂ ਨਾਲ ਲਿਖਤੀ ਸਮਝੌਤੇ (MOU) ਹੋਏ ਹਨ। ਇਸ ਸਬੰਧ 'ਚ ਪੇਪਰ ਵਰਕ ਵੇਖਿਆ ਜਾ ਸਕਦਾ ਹੈ।

**ਕਰਨ:** ਜੇ ਸਰਕਾਰ ਨੂੰ ਜੰਗ ਦੀ ਲੋੜ ਹੈ ਤਾਂ ਫਿਰ ਹਰ ਵੇਲੇ ਇਹ ਗੱਲਬਾਤ ਦੀ ਜ਼ਰੂਰਤ 'ਤੇ ਕਿਉਂ ਜ਼ੋਰ ਦਿੰਦੀ ਹੈ?

**ਰਾਏ:** ਹਾਂ, ਇਸਨੂੰ ਜੰਗ ਦੀ ਵੀ ਫੌਰੀ ਲੋੜ ਹੈ ਤੇ ਆਪਣੇ ਲੋਕਤੰਤਰੀ ਚਿਹਰੇ ਨੂੰ ਬੇਦਾਗ ਰੱਖਣ ਲਈ ਗੱਲਬਾਤ ਦੇ ਢਕਵੰਜ ਦੀ ਵੀ। ਇਹ ਗੱਲਬਾਤ ਦੀ ਪੇਸ਼ਕਸ਼ ਕਰਦੀ ਹੈ ਤੇ ਅਗਲੇ ਪਲ ਹੀ ਉਸਨੂੰ ਸਾਬੋਤਾਜ਼ ਕਰ ਦਿੰਦੀ ਹੈ।

**ਕਰਨ:** ਚੱਲੋ, ਜੇ ਤੁਹਾਡੀ ਇਹ ਗੱਲ ਮੰਨ ਵੀ ਲਈਏ ਤਾਂ ਆਜ਼ਾਦ ਦਾ ਕਤਲ ਕਰਕੇ ਸਰਕਾਰ ਨੂੰ ਆਪਣਾ ਚਿਹਰਾ ਦਾਗੀ ਕਰਨ ਦੀ ਕੀ ਲੋੜ ਸੀ?

**ਰਾਏ:** ਆਜ਼ਾਦ ਨੂੰ ਮਾਰਨ ਦੀ ਲੋੜ ਇਸ ਲਈ ਸੀ ਕਿ ਉਹ ਸਰਕਾਰ ਨੂੰ ਖਤਰਨਾਕ ਹੱਦ ਤੱਕ ਬਾਦਲੀਲ ਤੇ ਤਰਕਸ਼ੀਲ ਲੱਗਣ ਲੱਗ ਪਿਆ ਸੀ। ਜੇ ਆਪਸ 'ਚ ਟਕਰਾ ਰਹੀਆਂ ਦੋ ਧਿਰਾਂ 'ਚੋਂ ਇਕ ਧਿਰ ਗੱਲਬਾਤ ਲਈ ਸਹਿਮਤੀ ਨਾਲ ਆਪਣਾ ਨੁਮਾਇੰਦਾ ਦੂਜੀ ਧਿਰ ਕੋਲ ਭੇਜਦੀ ਹੈ ਤੇ ਉਹ ਉਸਨੂੰ ਕਤਲ ਕਰ ਦਿੰਦੀ ਹੈ ਤਾਂ ਇਸਦਾ ਮਤਲਬ ਇਹੋ ਹੈ ਕਿ ਉਹ ਜੰਗ ਚਾਹੁੰਦੀ ਹੈ, ਗੱਲਬਾਤ ਨਹੀਂ।

**ਕਰਨ:** ਤਾਂ ਫਿਰ ਸਰਕਾਰ ਧੋਖੇਬਾਜ਼ ਹੈ?

**ਰਾਏ:** ਬਿਲਕੁੱਲ।

**ਕਰਨ:** ਅਗਲਾ ਅਹਿਮ ਮੁੱਦਾ ਜੋ ਮੈਂ ਤੁਹਾਡੇ ਨਾਲ ਵਿਚਾਰਨਾ ਚਾਹੁੰਦਾ ਹਾਂ, ਉਹ ਇਹ ਹੈ ਕਿ ਸਰਕਾਰ ਮਾਓਵਾਦੀਆਂ ਨਾਲ ਗੱਲਬਾਤ ਲਈ ਤਿਆਰ ਹੈ ਬਸ਼ਰਤੇ ਕਿ ਉਹ ਹਿੰਸਾ ਬੰਦ ਕਰ ਦੇਣ। ਹਥਿਆਰ ਸੁੱਟਣ ਲਈ ਨਹੀਂ ਕਹਿ ਰਹੀ। ਬਹੁਤੇ ਲੋਕ ਸਰਕਾਰ ਦੀ ਇਸ ਪੇਸ਼ਕਸ਼ ਨਾਲ ਸਹਿਮਤ ਹਨ। ਤੁਸੀਂ ਕਿਵੇਂ ਸੋਚਦੇ ਹੋ?

**ਰਾਏ:** ਮੇਰਾ ਖਿਆਲ ਹੈ ਕਿ ਇਸ ਮੁੱਦੇ ਬਾਰੇ ਸੋਚਣ ਤੋਂ ਪਹਿਲਾਂ ਤੁਹਾਨੂੰ ਖੁਦ ਜੰਗਲਾਂ 'ਚ ਜਾ ਕੇ ਵੇਖਣਾ ਚਾਹੀਦਾ ਹੈ ਕਿ ਉਥੇ ਹੋ ਕੀ ਰਿਹਾ ਹੈ। ਤੁਹਾਡੇ ਦੋ ਲੱਖ ਨੀਮ-ਫੌਜੀ ਗਸ਼ਤ ਦੇ ਨਾਂ 'ਤੇ ਕਬਾਇਲੀ ਪਿੰਡਾਂ 'ਚ ਹਰਲ-ਹਰਲ ਕਰਦੇ ਫਿਰਦੇ ਹਨ। ਪਿੰਡਾਂ ਦੀ ਘੇਰਾਬੰਦੀ ਕੀਤੀ ਹੋਈ ਹੈ। ਘਰਾਂ ਦੀ ਤਲਾਸ਼ੀ ਹੋ ਰਹੀ ਹੈ। ਬਲਾਤਕਾਰ ਹੋ ਰਹੇ ਹਨ। ਕਤਲ ਹੋ ਰਹੇ ਹਨ। ਉਨ੍ਹਾਂ ਨੂੰ ਤੁਸੀਂ ਕਹਿ ਰਹੇ ਹੋ ਕਿ ਹਿੰਸਾ ਛੱਡ ਕੇ ਗੱਲਬਾਤ ਕਰੋ। ਦੋਵੇਂ ਪਾਸਿਆਂ ਤੋਂ ਜੰਗਬੰਦੀ ਨਾਲ ਹੀ ਗੱਲਬਾਤ ਸ਼ੁਰੂ ਹੋ ਸਕਦੀ ਹੈ।

**ਕਰਨ:** ਮਾਓਵਾਦੀ ਵੀ ਤੁਹਾਡੇ 'ਤੇ ਇਤਬਾਰ ਕਰਦੇ ਹਨ। ਸਰਕਾਰ ਨਾਲ ਗੱਲਬਾਤ ਕਰਨ 'ਚ ਵੀ ਤੁਹਾਨੂੰ ਕੋਈ ਔਖ ਨਹੀਂ ਹੈ। ਤੁਸੀਂ ਗੱਲਬਾਤ ਲਈ ਵਿਚੋਲਗੀ ਕਰ ਸਕੋਗੇ?

**ਰਾਏ:** ਇਹ ਕਿਸੇ ਕੱਲੇ-ਕਾਰੇ ਬੰਦੇ ਦਾ ਕੰਮ ਨਹੀਂ ਹੈ। ਇਸ ਕੰਮ ਲਈ ਅਜਿਹੇ ਲੋਕਾਂ ਦੇ ਇਕ ਗਰੁਪ ਦੀ ਲੋੜ ਹੈ ਜੋ ਇਕੱਠੇ ਕੰਮ ਕਰ ਸਕਦੇ ਹੋਣ ਅਤੇ ਸਾਂਝਾ ਫੈਸਲਾ ਲੈਣ ਦੇ ਯੋਗ ਹੋਣ।

**ਕਰਨ:** ਤੁਹਾਡਾ ਮਤਲਬ ਵਿਚੋਲਗੀ ਲਈ ਇਕ ਕਮੇਟੀ ਹੋਵੇ। ਤੁਸੀਂ ਉਸ ਕਮੇਟੀ ਦੇ ਮੈਂਬਰ ਬਣਨਾ ਪਸੰਦ ਕਰੋਗੇ?

**ਰਾਏ:** ਨਹੀਂ, ਮੈਂ ਇਸ ਕੰਮ ਦੇ ਮੇਚ ਦੀ ਨਹੀਂ ਹਾਂ। ਪਰ ਹੋਰ ਲੋਕ ਹਨ ਜੋ ਇਹ ਕੰਮ ਬੜੀ ਚੰਗੀ ਤਰ੍ਹਾਂ ਕਰ ਸਕਦੇ ਹਨ, ਜਿਨ੍ਹਾਂ ਨੂੰ ਮੇਜ਼ 'ਤੇ ਗੱਲਬਾਤ ਕਰਨ ਦਾ ਚੰਗਾ ਤਜ਼ਰਬਾ ਹੈ।

**ਕਰਨ:** ਚਲੋ, ਅਗਲੀ ਗੱਲ ਕਰਦੇ ਹਾਂ। ਸਰਕਾਰ ਅਤੇ ਖਾਸ ਕਰਕੇ ਗ੍ਰਹਿ ਮੰਤਰੀ ਮਾਓਵਾਦੀਆਂ ਦੇ ਹਮਦਰਦਾਂ ਨੂੰ ਵੀ ਤਸਵੀਰ ਦਾ ਦੂਜਾ ਪਾਸਾ ਸਮਝਦੇ ਹਨ। ਉਨ੍ਹਾਂ ਦੀ ਧਾਰਨਾ ਹੈ ਕਿ ਇਹ ਦੋਵੇਂ ਇੱਕ-ਮਿੱਕ ਹਨ। ਇਸ ਸਬੰਧ 'ਚ ਸਰਕਾਰ ਦਾ ਹਮਖਿਆਲ ਮੀਡੀਆ ਤਾਂ ਉਨ੍ਹਾਂ ਨੂੰ ਦੇਸ਼ ਦੇ ਗੱਦਾਰ ਵੀ ਕਹਿੰਦਾ ਹੈ। ਇਸ ਕਤਾਰ 'ਚ ਅਰੁੰਧਾਤੀ ਰਾਏ ਦਾ ਨਾਂ ਪਹਿਲੇ ਨੰਬਰ 'ਤੇ ਹੈ, ਤੁਸੀਂ ਇਸ ਬਾਰੇ ਕੀ ਕਹੋਗੇ?

**ਰਾਏ:** ਇਹ ਬੜੀ ਪੁਰਾਣੀ ਚਾਲ ਹੈ। ਸੁਣੋ, ਜਦੋਂ ਸਰਕਾਰ ਨੇ ਗਰੀਨ ਹੰਟ ਅਪਰੇਸ਼ਨ ਸ਼ੁਰੂ ਕੀਤਾ ਤਾਂ ਦੇਸ਼ ਭਰ ਦੇ ਬੜੇ ਬੁੱਧੀਜੀਵੀ ਤੇ ਮਨੁੱਖੀ ਅਧਿਕਾਰਾਂ ਲਈ ਸਰਗਰਮ ਲੋਕ ਅੱਗੇ ਆਏ ਤੇ ਸਰਕਾਰ ਦੀ ਇਸ ਕਾਰਵਾਈ ਦਾ ਵਿਰੋਧ ਕੀਤਾ। ਇਸ ਵਿਰੋਧ ਨੇ ਸਰਕਾਰ ਤੇ ਉਸ ਦੇ ਪੱਖੀ ਮੀਡੀਏ ਨੂੰ ਬੇਚੈਨ ਕਰ ਦਿੱਤਾ, ਇਕ ਘਬਰਾਹਟ ਪੈਦਾ ਕਰ ਦਿੱਤੀ। ਇਸ ਤਕਲੀਫ ਕਾਰਨ ਉਨ੍ਹਾਂ ਮਾਓਵਾਦੀਆਂ ਦੀ ਪਰਿਭਾਸ਼ਾ ਦਾ ਘੇਰਾ ਜ਼ਰਾ ਫੈਲਾਅ ਦਿੱਤਾ ਹੈ। ਹੁਣ ਉਹ ਹਰ ਉਸ ਸਖਸ਼ ਨੂੰ ਮਾਓਵਾਦੀ ਗਰਦਾਨ ਦਿੰਦੇ ਹਨ ਜੋ ਉਨ੍ਹਾਂ ਨਾਲ ਸਹਿਮਤ ਨਹੀਂ ਹੈ ਪਰ ਮੈਨੂੰ ਇਸ ਦੀ ਕੋਈ ਪ੍ਰਵਾਹ ਨਹੀਂ ਹੈ।

**ਕਰਨ:** ਕਿਉਂਕਿ ਸਰਕਾਰ ਤੁਹਾਨੂੰ ਮਾਓਵਾਦੀਆਂ ਦੇ ਸੰਗੀ-ਸਾਥੀ ਕਹਿ ਰਹੀ ਹੈ, ਇਸ ਦਾ ਮਤਲਬ ਹੋਇਆ ਕਿ ਤੁਸੀਂ ਵੀ ਅੱਛਾ-ਖਾਸਾ ਬੇਚੈਨ ਕਰ ਰੱਖਿਆ ਹੈ ਸਰਕਾਰ ਨੂੰ।

**ਰਾਏ:** ਫਿਰ ਤਾਂ ਮੇਰੇ ਲਈ ਇਹ ਬੜੇ ਮਾਣ ਵਾਲੀ ਗੱਲ ਹੈ। ਇਹ ਹਕੂਮਤ ਜੋ ਕਾਰਨਾਮੇ ਕਰ ਰਹੀ ਹੈ, ਉਨ੍ਹਾਂ ਕਰਕੇ ਇਸਨੂੰ ਬੇਚੈਨ ਤੇ ਦੁਖੀ ਤਾਂ ਹੋਣਾ ਹੀ ਚਾਹੀਦਾ ਹੈ।

**ਕਰਨ:** ਤੁਹਾਡੇ ਨਾਲ ਗੱਲਬਾਤ ਕਰਕੇ ਬਹੁਤ ਖੁਸ਼ੀ ਹੋਈ ਹੈ।

# ਰੱਖ ਦੇ ਇੰਡੀਆ, ਚੱਕ ਦੇ ਅਰਜਨਟੀਨਾ

**ਸੁਖਵੀਰ ਗਰੇਵਾਲ***

ਭਾਰਤੀ ਮਹਿਲਾ ਹਾਕੀ ਨੂੰ ਨਵੇਂ ਰਾਹ ਦਿਖਾਉਣ ਦੇ ਮਕਸਦ ਨਾਲ ਬਣਾਈ ਗਈ ਫ਼ਿਲਮ 'ਚੱਕ ਦੇ ਇੰਡੀਆ' ਨੇ ਦਰਸ਼ਕਾਂ ਦੀਆਂ ਖੂਬ ਤਾੜੀਆਂ ਖੱਟੀਆਂ। ਇਹ ਫ਼ਿਲਮ ਹਿੱਟ ਹੋਣ ਤੋਂ ਬਾਅਦ ਭਾਰਤੀ ਹਾਕੀ ਜਗਤ ਵਿਚ ਬਹਿਸ ਵੀ ਛਿੜੀ ਕਿ ਹਾਕੀ ਨੂੰ ਲੋਕਾਂ ਵਿਚ ਹੋਰ ਮਕਬੂਲ ਕਰਨ ਲਈ ਅਜਿਹੀਆਂ ਫ਼ਿਲਮਾਂ ਬਣਨੀਆਂ ਚਾਹੀਦੀਆਂ ਹਨ। ਹਾਲ ਹੀ ਵਿਚ ਅਰਜਨਟੀਨਾ ਦੇ ਸ਼ਹਿਰ ਰੋਜ਼ਾਰੀਓ ਵਿਚ ਹੋਏ ਮਹਿਲਾ ਵਰਗ ਦੇ ਵਿਸ਼ਵ ਹਾਕੀ ਕੱਪ ਵਿਚ ਭਾਰਤ ਨੂੰ ਨੌਂਵਾਂ ਸਥਾਨ ਮਿਲਿਆ ਹੈ। 12 ਟੀਮਾਂ ਵਿਚੋਂ ਨੌਂਵਾਂ ਸਥਾਨ ਹਾਸਲ ਕਰਨ ਤੋਂ ਬਾਅਦ ਭਾਰਤੀ ਮੀਡੀਆ ਵਿਚ ਇਹ ਚਰਚੇ ਪੂਰੇ ਜ਼ੋਰਾਂ 'ਤੇ ਹਨ ਕਿ ਭਾਰਤ ਨੇ ਪਿਛਲੇ 32 ਸਾਲਾਂ ਦੌਰਾਨ ਬਿਹਤਰੀਨ ਕਾਰਗੁਜ਼ਾਰੀ ਦਿਖਾਈ ਹੈ। ਰਾਸ਼ਟਰਮੰਡਲ ਖੇਡਾਂ ਦੀ ਤਿਆਰੀ ਵਿਚ ਜੁਟੇ ਮੇਜ਼ਬਾਨ ਭਾਰਤ ਦੀ ਮਹਿਲਾ ਹਾਕੀ ਟੀਮ ਦਾ ਵਿਸ਼ਵ ਕੱਪ ਵਿਚੋਂ ਨੌਂਵੇਂ ਸਥਾਨ ਉਪਰ ਆਉਣਾ ਸ਼ੁਭ ਸੰਕੇਤ ਨਹੀਂ ਹੈ। ਭਾਰਤੀ ਟੀਮ ਦੀ ਮਾੜੀ ਕਾਰਗੁਜ਼ਾਰੀ ਤੋਂ ਸਪੱਸ਼ਟ ਹੋ ਗਿਆ ਕਿ ਫ਼ਿਲਮੀ ਪਰਦੇ ਉਪਰ 'ਚੱਕ ਦੇ ਇੰਡੀਆ' ਵਰਗੇ ਨਾਅਰੇ ਲਵਾ ਕੇ ਜ਼ਮੀਨੀ ਹਾਲਾਤ ਨਹੀਂ ਬਦਲ ਜਾਂਦੇ। ਅਜਿਹੀਆਂ ਫ਼ਿਲਮਾਂ ਦੇ ਨਿਰਮਾਣ ਤੋਂ ਬਾਅਦ ਫ਼ਿਲਮ ਨਿਰਮਾਤਾਵਾਂ ਦੀ ਮਾਲੀ ਹਾਲਤ ਤਾਂ ਸੁਧਰ ਜਾਂਦੀ ਹੈ ਪਰ ਭਾਰਤੀ ਮਹਿਲਾ ਹਾਕੀ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਨਿੱਤਰਦਾ।



*ਅਰਜਨਟੀਨਾ ਦੀਆਂ ਖਿਡਾਰਨਾਂ ਵਿਸ਼ਵ ਕੱਪ ਜਿੱਤਣ ਤੋਂ ਬਾਅਦ ਖੁਸ਼ੀ ਦੇ ਰੌਂਅ ਵਿਚ*

ਵਿਸ਼ਵ ਕੱਪ ਭਾਰਤੀ ਟੀਮ ਲਈ 'ਚੱਕ ਦੇ ਇੰਡੀਆ' ਦਾ ਨਾਅਰਾ ਨਹੀਂ ਲਵਾ ਸਕਿਆ ਪਰ ਇਸ ਕੱਪ ਦੇ ਮੇਜ਼ਬਾਨ ਮੁਲਕ ਨੇ 'ਚੱਕ ਦੇ ਅਰਜਨਟੀਨਾ' ਦੇ ਅਸਲ ਅਰਥਾਂ ਨੂੰ ਸਮਝਦਿਆਂ ਰੱਜਵੀਂ ਮਿਹਨਤ ਕੀਤੀ ਅਤੇ ਆਪਣੇ ਦਰਸ਼ਕਾਂ ਦੇ ਸਾਹਮਣੇ ਫਾਈਨਲ ਮੈਚ ਵਿਚ ਵਿਸ਼ਵ ਦੀ ਨੰਬਰ ਇਕ ਟੀਮ ਨੀਦਰਲੈਂਡ ਨੂੰ 3-1 ਦੇ ਫਰਕ ਨਾਲ ਹਰਾ ਕੇ ਵਿਸ਼ਵ ਜੇਤੂ ਬਣਨ ਦਾ ਮਾਣ ਹਾਸਲ ਕੀਤਾ। ਮੇਜ਼ਬਾਨ ਮੁਲਕ ਵਲੋਂ ਵਿਸ਼ਵ ਜੇਤੂ ਬਣਨ ਦਾ ਇਹ ਤੀਜਾ ਮੌਕਾ ਸੀ। ਇਸ ਤੋਂ ਪਹਿਲਾਂ ਜਰਮਨੀ (1976) ਅਤੇ ਨੀਦਰਲੈਂਡ (1986) ਇਹ ਮੁਕਾਮ ਹਾਸਲ ਕਰ ਚੁੱਕੇ ਹਨ। ਇਸ ਵਿਸ਼ਵ ਕੱਪ ਵਿਚ ਨੀਦਰਲੈਂਡ ਅਤੇ ਅਰਜਨਟੀਨਾ ਨੇ ਆਪੋ-ਆਪਣੇ ਪੂਲਾਂ ਵਿਚੋਂ ਸਿਖਰ 'ਤੇ ਰਹਿ ਕੇ ਸੈਮੀਫਾਈਨਲ ਵਿਚ ਦਾਖਲਾ ਪਾਇਆ। ਭਾਰਤ ਆਪਣੇ ਪੂਲ ਦੇ ਪੰਜ ਮੈਚਾਂ ਵਿਚੋਂ ਸਿਰਫ ਜਾਪਾਨ ਨੂੰ ਹੀ ਹਰਾ ਸਕਿਆ। ਵਿਸ਼ਵ ਦੀਆਂ ਮੋਹਰੀ ਟੀਮਾਂ ਨੇ ਭਾਰਤ ਸਿਰ ਗੋਲਾਂ ਦੀ ਝੜੀ ਲਾਈ ਰੱਖੀ। ਅਰਜਨਟੀਨਾ ਦੀ ਸਟਾਰ ਖਿਡਾਰਨ ਲੂਸੀਆਨਾ ਆਈਮਾਰ ਨੂੰ ਟੂਰਨਾਮੈਂਟ ਦੀ ਬਿਹਤਰੀਨ ਖਿਡਾਰਨ ਐਲਾਨਿਆ ਗਿਆ। ਭਾਰਤ ਦੀ ਰਾਣੀ ਰਾਮਪਾਲ ਨੂੰ ਬਿਹਤਰੀਨ ਯੁਵਾ ਖਿਡਾਰਨ ਦਾ ਖ਼ਿਤਾਬ ਮਿਲਿਆ, ਜਿਸ ਨੇ ਟੂਰਨਾਮੈਂਟ ਦੇ ਸਭ ਤੋਂ ਵੱਧ ਫੀਲਡ ਗੋਲ (6) ਕੀਤੇ।

ਵਿਸ਼ਵ ਕੱਪ ਦੇ ਹੋਰ ਰੌਚਕ ਅੰਕੜਿਆਂ ਵਲ ਨਿਗਾਹ ਮਾਰਦਿਆਂ ਪਤਾ ਲਗਦਾ ਹੈ ਕਿ ਕੱਪ ਦੌਰਾਨ ਕੁੱਲ 152 ਗੋਲ ਹੋਏ, ਜਿਨ੍ਹਾਂ ਵਿਚੋਂ



*ਭਾਰਤੀ ਖਿਡਾਰਨ ਰਾਣੀ ਰਾਮਪਾਲ ਬਿਹਤਰੀਨ ਯੁਵਾ ਖਿਡਾਰਨ ਦਾ ਐਵਾਰਡ ਹਾਸਲ ਕਰਨ ਤੋਂ ਬਾਅਦ*

95 ਫੀਲਡ ਗੋਲ ਸਨ। ਉਪ-ਜੇਤੂ ਨੀਦਰਲੈਂਡ ਨੇ ਕੱਪ ਦੌਰਾਨ ਸਭ ਤੋਂ ਵੱਧ 27 ਗੋਲ ਕੀਤੇ ਅਤੇ ਭਾਰਤ ਨੇ ਸਭ ਤੋਂ ਵੱਧ 23 ਗੋਲ ਖਾਧੇ। ਨੀਦਰਲੈਂਡ ਦੀ ਮਾਰਟਨੀ ਪੌਮੈਨ ਨੇ ਟਾਪ ਸਕੋਰਰ (12 ਗੋਲ) ਦਾ ਐਵਾਰਡ ਜਿੱਤਿਆ। ਚੀਨ ਦੀ ਟੀਮ ਨੂੰ ਸਭ ਤੋਂ ਵੱਧ 13 ਕਾਰਡ ਦਿਖੇ।

**ਕੈਲਗਰੀ, ਫੋਨ:403-719-4634*

# ਮਾਰਟਿਨ ਲੂਥਰ ਕਿੰਗ ਦਾ ਇਕ ਫੋਟੋਗ੍ਰਾਫਰ ਕਰਦਾ ਸੀ ਐਫ.ਬੀ.ਆਈ. ਦੀ ਜਾਸੂਸੀ

**ਲੰਡਨ :** ਅਮਰੀਕੀ ਸਿਵਲ ਅਧਿਕਾਰਾਂ ਸੰਬੰਧੀ ਨੇਤਾ ਮਾਰਟਿਨ ਲੂਥਰ ਕਿੰਗ ਦਾ ਵਿਸ਼ਵਾਸਪਾਤਰ ਫੋਟੋਗ੍ਰਾਫਰ ਅਰਨੈਸਟ ਵਿਦਰਸ ਅਸਲ ਵਿਚ ਅਮਰੀਕੀ ਖੁਫੀਆ ਏਜੰਸੀ ਐੱਫ.ਬੀ.ਆਈ ਦੀ ਜਾਸੂਸ ਸੀ।

ਹਾਲ ਹੀ ਵਿਚ ਜਾਰੀ ਹੋਏ ਦਸਤਾਵੇਜ਼ਾਂ ਤੋਂ ਪਤਾ ਲੱਗਾ ਹੈ ਕਿ ਅਮਰੀਕੀ ਸਿਵਲ ਅਧਿਕਾਰਾਂ ਦੇ ਰਹਿਨੁਮਾ ਦੇ ਬੇਹੱਦ ਹਰਮਨ ਪਿਆਰੇ ਫੋਟੋਗ੍ਰਾਫਰਾਂ ਵਿਚੋਂ ਇਕ ਵਿਦਰਸ ਦਾ 2007 ਵਿਚ 85 ਸਾਲ ਦੀ ਉਮਰ ਵਿਚ ਦਿਹਾਂਤ ਹੋ ਗਿਆ ਸੀ। ਉਸ ਨੇ ਲੂਥਰ ਕਿੰਗ ਦੀਆਂ ਕੁਝ ਬੇਹੱਦ ਹਰਮਨ ਪਿਆਰੀਆਂ ਫੋਟੋਆਂ ਲਈਆਂ ਸਨ। ਅਸਲੀ ਨਾਗਰਿਕ ਅਧਿਕਾਰ ਫੋਟੋਗ੍ਰਾਫਰ ਦੇ ਨਾਂ ਨਾਲ ਮਸ਼ਹੂਰ ਵਿਦਰਸ ਨੇ ਡੀਪ ਸਾਊਥ ਵਿਚ ਜਾਰੀ ਸੰਘਰਸ਼, ਦੰਗਿਆਂ ਅਤੇ ਅਪਰਾਧਿਕ ਸੁਣਵਾਈ ਦੀਆਂ ਹਜ਼ਾਰਾਂ ਫੋਟੋਆਂ ਖਿੱਚੀਆਂ ਸਨ। ਵਿਦਰਸ ਨੇ ਲੂਥਰ ਕਿੰਗ ਅਤੇ ਹੋਰ ਨੇਤਾਵਾਂ ਤੋਂ ਲੁਕ ਕੇ ਉਨ੍ਹਾਂ ਦੀਆਂ ਤਸਵੀਰਾਂ, ਵੇਰਵੇ ਅਤੇ ਉਨ੍ਹਾਂ ਦੀਆਂ ਕਾਰਾਂ ਦੇ ਨੰਬਰ ਐੱਫ. ਬੀ. ਆਈ. ਨੂੰ ਮੁਹੱਈਆ ਕਰਵਾਏ ਸਨ।



# ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

**ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ**

**ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ**

**ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ**

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



## Global Multi Services

**ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:**

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*
Insurance Lic No. 0G73739

**RAM Commercial Insurance**
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Financing Available For Buying Trucks

**Cell:(510) 557-6988, Ph:209-982-9996**

# ਜਬ ਹੀ ਪਾਈਅਹਿ ਪਾਰਖੂ ਤਬ ਹੀਰਨਿ ਕੀ ਸਾਟ

**ਡਾ. ਗੁਰਨਾਮ ਕੌਰ**



ਡਾ. ਗੁਰਨਾਮ ਕੌਰ

ਸ. ਦਲਜੀਤ ਸਿੰਘ ਆਈ.ਏ.ਐਸ. ਦਾ ਨਾਮ ਜ਼ਿਹਨ ਵਿਚ ਆਉਂਦਿਆਂ ਹੀ ਇੱਕ ਸ਼ਾਂਤ, ਸਹਿਜ, ਮਿੱਠ-ਬੋਲੜੀ ਪਰ ਇਰਾਦੇ ਦੀ ਦ੍ਰਿੜ ਸ਼ਖਸੀਅਤ ਦੀ ਤਸਵੀਰ ਮਨ ਵਿਚ ਉਜਾਗਰ ਹੋ ਜਾਂਦੀ ਹੈ। ਬਤੌਰ ਆਈ.ਏ.ਐਸ. ਬਹੁਤ ਸਾਰੇ ਉਚ-ਅਹੁਦਿਆਂ 'ਤੇ ਰਹਿਣ ਦੇ ਬਾਵਜੂਦ ਉਨ੍ਹਾਂ ਵਿਚ ਬੇਹੱਦ ਹਲੀਮੀ ਅਤੇ ਸਾਦਗੀ ਸੀ ਪਰ ਆਪਣੇ ਵਿਚਾਰਾਂ 'ਤੇ ਉਹ ਪੂਰੀ ਦ੍ਰਿੜਤਾ ਨਾਲ ਪਹਿਰਾ ਦਿੰਦੇ ਸਨ। ਸਿੱਖ ਧਰਮ ਅਧਿਐਨ ਵਿਚ ਉਨ੍ਹਾਂ ਦੀ ਬਹੁਤ ਗਹਿਰੀ ਦਿਲਚਸਪੀ ਸੀ। ਇਹ ਨਹੀਂ ਪਤਾ ਕਿ ਇਹ ਦਿਲਚਸਪੀ ਉਚ ਸਿੱਖਿਆ ਸਕੱਤਰ ਹੁੰਦਿਆਂ ਜਾਗੀ ਜਾਂ ਸ਼ੁਰੂ ਤੋਂ ਹੀ ਸੀ। ਇਸੇ ਲਈ ਸੇਵਾ ਮੁਕਤੀ ਤੋਂ ਬਾਅਦ ਆਪਣੇ ਘਰ ਚੰਡੀਗੜ੍ਹ ਦੇ ਨੌਂ ਸੈਕਟਰ ਵਿਚ ਰਹਿੰਦਿਆਂ ਉਨ੍ਹਾਂ ਨੇ ਆਪਣਾ ਸਾਰਾ ਧਿਆਨ ਸਿੱਖ ਇਤਿਹਾਸ ਅਤੇ ਸਿੱਖ ਫਲਸਫੇ ਨੂੰ ਸਮਝਣ ਅਤੇ ਘੋਖਣ ਵੱਲ ਲਾ ਦਿੱਤਾ। ਉਨ੍ਹਾਂ ਨੇ ਸਿਰਫ ਇਸ ਨੂੰ ਘੋਖਿਆ ਹੀ ਨਹੀਂ ਸਗੋਂ ਸਿੱਖ ਸਿਧਾਂਤ ਅਤੇ ਦਰਸ਼ਨ ਦੀ ਸੁਤੰਤਰ ਹੋਂਦ ਅਤੇ ਨਿਆਰੇਪਣ ਦੀ ਸਥਾਪਤੀ ਨੂੰ ਆਪਣੀਆਂ ਲਿਖਤਾਂ ਰਾਹੀਂ ਪਰਗਟ ਕਰਨ ਦਾ ਬੀੜਾ ਚੁੱਕ ਲਿਆ। ਉਹ ਦੂਸਰੇ ਵਿਦਵਾਨਾਂ ਨਾਲ ਵੀ ਵਿਚਾਰ-ਚਰਚਾ ਕਰਦੇ। ਇਸੇ ਸਬੰਧ ਵਿਚ ਉਹ ਪੰਜਾਬੀ ਯੂਨੀਵਰਸਿਟੀ ਵਿਚ ਡਾ. ਅਵਤਾਰ ਸਿੰਘ ਹੋਰਾਂ ਕੋਲ ਵੀ ਅਕਸਰ ਆਉਂਦੇ। ਜਦੋਂ ਵੀ ਆਉਂਦੇ ਤਾਂ ਡਾ. ਅਵਤਾਰ ਸਿੰਘ ਸਾਨੂੰ ਵੀ ਫਿਲਾਸਫੀ ਵਿਭਾਗ ਵਿਚ ਬੁਲਾ ਲੈਂਦੇ ਜਾਂ ਫਿਰ ਯੂਨੀਵਰਸਿਟੀ ਦੇ ਕਾਫੀ ਹਾਊਸ ਵਿਚ ਚਾਹ-ਕਾਫੀ ਪੀਂਦਿਆਂ ਵਾਰਤਾਲਾਪ ਹੁੰਦੀ। ਮੈਂ ਆਮ ਤੌਰ 'ਤੇ ਚੁੱਪ-ਚਾਪ ਸੁਣਦੀ। ਪਹਿਲਾਂ-ਪਹਿਲ ਸ. ਦਲਜੀਤ ਸਿੰਘ ਨਾਲ 'ਸਿੱਖ ਇਨਕਲਾਬ' ਦੇ ਲੇਖਕ ਸ. ਜਗਜੀਤ ਸਿੰਘ ਆਉਂਦੇ ਹੁੰਦੇ ਸਨ ਜੋ ਸ. ਦਲਜੀਤ ਸਿੰਘ ਦੇ ਬਹੁਤ ਨੇੜੇ ਦੇ ਰਿਸ਼ਤੇਦਾਰ ਵੀ ਸਨ। ਸ. ਦਲਜੀਤ ਸਿੰਘ ਦੀ ਸਾਦਗੀ ਦਾ ਅਲਮ ਇਹ ਸੀ ਕਿ ਉਹ ਚੰਡੀਗੜ੍ਹ ਤੋਂ ਆਪ ਕਾਰ ਚਲਾ ਕੇ ਆਉਂਦੇ ਅਤੇ ਲੰਚ ਲਈ ਸੈਂਡਵਿਚ ਬਣਾ ਕੇ ਪੈਕ ਕੀਤੇ ਹੁੰਦੇ। ਪਿੱਛੋਂ ਜਦੋਂ ਸ. ਜਗਜੀਤ ਸਿੰਘ ਦੀ ਸਿਹਤ ਬਹੁਤਾ ਸਫਰ ਕਰਨਯੋਗ ਨਾ ਰਹੀ ਤਾਂ ਡਾ. ਖੜਕ ਸਿੰਘ ਮਾਨ ਹਮੇਸ਼ਾ ਉਨ੍ਹਾਂ ਦੀ ਸੰਗਤ ਵਿਚ ਪਟਿਆਲੇ ਆਉਂਦੇ। ਉਨ੍ਹਾਂ ਦੇ ਘਰ ਵੀ ਜਦੋਂ ਜਾਣਾ ਤਾਂ ਉਥੇ ਸ. ਜਗਜੀਤ ਸਿੰਘ, ਸ. ਗੁਰਤੇਜ ਸਿੰਘ ਆਈ.ਏ.ਐਸ. ਜਾਂ ਸਿੱਖ ਧਰਮ ਚਿੰਤਨ ਦੀ ਵਿਲੱਖਣਤਾ ਦੀ ਸਥਾਪਤੀ ਦਾ ਯਤਨ ਕਰ ਰਹੇ ਕਿਸੇ ਹੋਰ ਵਿਦਵਾਨ ਨੂੰ ਮਿਲਣ ਦਾ ਮੌਕਾ ਮਿਲਦਾ। ਸਿੱਖ ਭਾਈਚਾਰੇ ਦੇ ਯਤਨਾਂ ਅਤੇ ਪੈਸੇ ਨਾਲ ਸਥਾਪਤ ਹੋਈ ਟੋਰਾਂਟੋ ਯੂਨੀਵਰਸਿਟੀ ਦੀ ਸਿੱਖ ਸਟੱਡੀਜ਼ ਚੇਅਰ 'ਤੇ ਬੈਠਿਆਂ, ਡਬਲਿਊ.ਐਚ ਮੈਕਲਿਉਡ, ਆਪਣੇ ਢੰਗ ਨਾਲ ਸਿੱਖ ਇਤਿਹਾਸ ਅਤੇ ਸਿਧਾਂਤਾਂ ਦੀ ਵਿਆਖਿਆ ਕਰ ਰਿਹਾ ਸੀ ਜੋ ਸਿੱਖ ਧਰਮ ਚਿੰਤਨ ਅਤੇ ਇਤਿਹਾਸ ਤੇ ਇੱਕ ਤਰ੍ਹਾਂ ਨਾਲ ਸਿੱਧਾ ਹਮਲਾ ਸੀ। ਉਸ ਨਾਲ ਉਸ ਦੀ ਨਿਗਰਾਨੀ ਹੇਠ ਪੀ.ਐਚ.ਡੀ ਕਰ ਰਹੇ ਉਸ ਦੇ ਵਿਦਿਆਰਥੀ ਅਤੇ ਸੰਗੀ-ਸਾਥੀ ਵੀ ਲੱਗੇ ਹੋਏ ਸਨ। ਸ. ਦਲਜੀਤ ਸਿੰਘ ਨੇ ਆਪਣਾ ਸਾਰਾ ਧਿਆਨ ਮੈਕਲਿਉਡ ਦੀਆਂ ਲਿਖਤਾਂ ਦੇ ਸਿਧਾਂਤਕ ਉਤਰ ਲੱਭਣ 'ਤੇ ਕੇਂਦਰਿਤ ਕੀਤਾ ਹੋਇਆ ਸੀ। ਇਸੇ ਸੰਦਰਭ ਵਿਚ ਅਮਰੀਕਾ ਨਿਵਾਸੀ ਡਾ. ਜਸਵੀਰ ਸਿੰਘ ਮਾਨ ਅਤੇ ਉਨ੍ਹਾਂ ਦੀਆਂ ਸਹਿਯੋਗੀ ਸਿੱਖ ਸੰਸਥਾਵਾਂ ਜਾਂ ਸੰਗਠਨਾਂ ਦੇ ਮਿਲਵਰਤਨ ਨਾਲ ਅਮਰੀਕਾ ਅਤੇ ਕੈਨੇਡਾ ਦੀ ਧਰਤੀ 'ਤੇ ਕਈ ਮਹੱਤਵਪੂਰਨ ਸੈਮੀਨਾਰ ਹੋਏ ਜਿਨ੍ਹਾਂ ਵਿਚ ਭਾਰਤ ਤੋਂ ਸਿੱਖ ਧਰਮ ਅਧਿਐਨ ਨਾਲ ਜੁੜੇ ਵਿਦਵਾਨਾਂ-ਡਾ. ਹਿੰਮਾਂਦਰੀ ਬੈਨਰਜੀ, ਡਾ. ਤ੍ਰਿਲੋਚਨ ਸਿੰਘ, ਡਾ. ਅਵਤਾਰ ਸਿੰਘ, ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਹਰਨਾਮ ਸਿੰਘ ਸ਼ਾਨ ਅਤੇ ਡਾ. ਮਦਨਜੀਤ ਕੌਰ ਆਦਿ ਨੇ ਹਿੱਸਾ ਲਿਆ। ਇਨ੍ਹਾਂ ਸੈਮੀਨਾਰਾਂ ਵਿਚ ਪੜ੍ਹੇ ਗਏ ਪਰਚਿਆਂ ਨੂੰ ਪੁਸਤਕ ਰੂਪ ਵਿਚ ਛਪਵਾਉਣ ਦੀ ਜਿੰਮੇਵਾਰੀ ਵੀ ਸ. ਦਲਜੀਤ ਸਿੰਘ ਆਪਣੇ ਸਿਰ ਲੈਂਦੇ ਸਨ। ਡਾ. ਹਜ਼ਾਰਾ ਸਿੰਘ (ਪਬਲੀਕੇਸ਼ਨ ਅਫਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ) ਨੂੰ ਪੁਸਤਕਾਂ ਦੀ ਵਧੀਆ ਛਪਾਈ ਸਬੰਧੀ ਬਹੁਤ ਜਾਣਕਾਰੀ ਸੀ। ਉਹ ਆਪਣੇ ਕੰਮ ਦੇ ਬਹੁਤ ਮਾਹਰ ਸਨ ਅਤੇ ਪੰਜਾਬੀ ਯੂਨੀਵਰਸਿਟੀ ਦੀਆਂ ਅਨੇਕਾਂ ਪੁਸਤਕਾਂ ਛਪਦੀਆਂ ਰਹਿਣ ਕਰਕੇ ਡਾ. ਹਜ਼ਾਰਾ ਸਿੰਘ ਦੀ ਜਾਣ-ਪਛਾਣ ਬਹੁਤ ਚੰਗੇ ਪਬਲਿਸ਼ਰਾਂ ਨਾਲ ਸੀ। ਇਸ ਲਈ ਉਨ੍ਹਾਂ ਦੀ ਸਲਾਹ ਲੈਣ ਵਾਸਤੇ ਅਤੇ ਪੁਸਤਕਾਂ ਦੀ ਪਰੂਫ ਰੀਡਿੰਗ ਦਾ ਪ੍ਰਬੰਧ ਕਰਨ ਲਈ ਵੀ ਸ. ਦਲਜੀਤ ਸਿੰਘ ਯੂਨੀਵਰਸਿਟੀ ਆਉਂਦੇ ਅਤੇ ਸਾਨੂੰ ਮਿਲ ਕੇ ਜਾਂਦੇ। ਕਈ ਵਾਰ ਡਾ. ਖੜਕ ਸਿੰਘ ਵੀ ਮੇਰੇ ਯੂਨੀਵਰਸਿਟੀ ਵਾਲੇ ਘਰ ਬੈਠ ਕੇ ਪਰੂਫ ਰੀਡਿੰਗ ਕਰਦੇ।

ਵਿਭਾਗ ਵਲੋਂ ਸਾਲ ਵਿਚ ਦੋ ਵਿਖਿਆਨ 'ਗੁਰੂ ਨਾਨਕ ਸਿਮਰਤੀ ਵਿਖਿਆਨ' ਅਤੇ 'ਗੁਰੂ ਤੇਗ ਬਹਾਦਰ ਸਿਮਰਤੀ ਵਿਖਿਆਨ' ਕਰਵਾਏ ਜਾਂਦੇ ਹਨ। ਇਨ੍ਹਾਂ ਵਿਖਿਆਨਾਂ ਤਹਿਤ ਹੀ ਸ. ਦਲਜੀਤ ਸਿੰਘ ਦਾ ਭਾਸ਼ਣ 'ਅਥੈਂਟੀਸਿਟੀ ਆਫ ਕਰਤਾਰਪੁਰੀ ਬੀੜ' ਵਿਸ਼ੇ 'ਤੇ ਕਰਵਾਇਆ ਗਿਆ ਜਿਸ ਵਿਚ ਉਨ੍ਹਾਂ ਨੇ ਕਰਤਾਰਪੁਰ ਵਾਲੀ ਬੀੜ ਦੀ ਪ੍ਰਮਾਣਿਕਤਾ ਦਲੀਲਾਂ ਰਾਹੀਂ ਸਿੱਧ ਕੀਤੀ। ਇਸ ਨੂੰ ਵਿਭਾਗ ਵਲੋਂ ਪੁਸਤਕ ਰੂਪ ਵਿਚ ਛਾਪਿਆ ਗਿਆ। ਜਿਸ ਤਰ੍ਹਾਂ ਸ. ਦਲਜੀਤ ਸਿੰਘ ਸਿੱਖ ਧਰਮ ਚਿੰਤਨ ਦੇ ਖੇਤਰ ਵਿਚ ਜੂਝ ਰਹੇ ਸਨ, ਡਾ. ਬਲਕਾਰ ਸਿੰਘ ਹੱਸਦੇ ਹੋਏ ਉਨ੍ਹਾਂ ਨੂੰ 'ਸ਼ਾਮ ਸਿੰਘ ਅਟਾਰੀਵਾਲਾ' ਕਹਿੰਦੇ ਜੋ ਆਖਰੀ ਦਮ ਤੱਕ ਸਿੱਖ ਰਾਜ ਨੂੰ ਬਚਾਉਣ ਲਈ ਜੂਝਦਾ ਰਿਹਾ। ਵਾਕਿਆ ਹੀ ਸ. ਦਲਜੀਤ ਸਿੰਘ ਸ. ਅਟਾਰੀਵਾਲਾ ਵਾਲੀ ਸਪਿਰਿਟ ਨਾਲ ਹੀ ਆਖਰੀ ਦਮ ਤੱਕ ਸਿੱਖ ਧਰਮ ਚਿੰਤਨ ਦੀ ਸੁਤੰਤਰ ਸਥਾਪਤੀ ਲਈ ਜੂਝਦੇ ਰਹੇ। ਇਸੇ ਮਕਸਦ ਲਈ ਉਨ੍ਹਾਂ ਨੇ ਡਾ. ਜਸਵੀਰ ਸਿੰਘ ਮਾਨ ਵਰਗੇ ਹਮਖਿਆਲ ਸਹਿਯੋਗੀਆਂ ਦੀ ਮਦਦ ਨਾਲ ਚੰਡੀਗੜ੍ਹ ਦੇ ਗੁਰਦੁਆਰਾ ਕੰਬਾਲਾ ਵਿਖੇ 'ਇਸਟੀਚਿਊਟ ਆਫ ਸਿੱਖ ਸਟੱਡੀਜ਼' ਦੀ ਸਥਾਪਨਾ ਕੀਤੀ।

ਮੈਂ ਜਦੋਂ ਆਪਣੀ ਪੀ.ਐਚ.ਡੀ ਦੀ ਰਜਿਸਟਰੇਸ਼ਨ ਕਰਾਈ ਤਾਂ ਡਾ. ਅਵਤਾਰ ਸਿੰਘ ਨੇ ਮੇਰੇ ਵਿਸ਼ੇ ਬਾਰੇ ਸ. ਦਲਜੀਤ ਸਿੰਘ ਨੂੰ ਦੱਸਿਆ ਤਾਂ ਉਹ ਪਹਿਲਾਂ ਚੁੱਪ ਕਰ ਗਏ ਫਿਰ ਬੋਲੇ, "ਮੁਸ਼ਕਿਲ ਹੈ ਇਸ ਵਿਸ਼ੇ 'ਤੇ ਕੰਮ ਕਰਨਾ।" ਇਥੇ ਇਹ ਦੱਸਣਾ ਕੁਥਾਂ ਨਹੀਂ ਕਿ ਭਾਰਤ ਵਿਚ ਇਸ ਵਿਸ਼ੇ 'ਤੇ ਸਿਰਫ ਡਾ. ਸਚਿੱਦਾਨੰਦ ਮੂਰਤੀ ਨੇ ਅਦਵੈਤ ਵੇਦਾਂਤ 'ਤੇ ਕੰਮ ਕੀਤਾ ਹੈ, ਹੋਰ ਕੋਈ ਕੰਮ ਨਹੀਂ ਹੋਇਆ ਭਾਵੇਂ ਸੈਮੇਟਕ ਧਰਮਾਂ ਤੇ ਰੀਜਨ ਅਤੇ ਰੈਵੇਲੇਸ਼ਨ ਦੀ ਸਥਾਪਤੀ ਲਈ ਬਹੁਤ ਕੰਮ ਹੋ ਚੁਕਾ ਹੈ। ਵੈਸੇ ਵੀ ਭਾਰਤੀ ਦਰਸ਼ਨ ਦੇ ਛੇ ਸ਼ਾਸਤਰਾਂ ਵਿਚ ਹਰ ਸ਼ਾਸਤਰ ਨੇ ਵੇਦਾਂ ਵਿਚ ਤਕਰੀਬਨ ਆਸਥਾ ਪ੍ਰਗਟ ਕੀਤੀ ਹੈ ਜਿਨ੍ਹਾਂ ਨੂੰ ਅਪੌਰਸ਼ਯ ਮੰਨਿਆ ਜਾਂਦਾ ਹੈ ਅਤੇ ਹਰ ਸ਼ਾਸਤਰ ਨੇ ਆਪਣਾ ਤਰਕ ਵਿਗਿਆਨ ਦਿੱਤਾ ਹੈ ਪਰ ਗੁਰੂ ਗ੍ਰੰਥ ਸਾਹਿਬ ਵਿਚ ਸਿੱਧਾ ਤਰਕ ਸ਼ਾਸਤਰ ਨਹੀਂ ਮਿਲਦਾ।

***ਮੈਂ ਜਦੋਂ ਆਪਣੀ ਪੀ.ਐਚ.ਡੀ ਦੀ ਰਜਿਸਟਰੇਸ਼ਨ ਕਰਾਈ ਤਾਂ ਡਾ. ਅਵਤਾਰ ਸਿੰਘ ਨੇ ਮੇਰੇ ਵਿਸ਼ੇ ਬਾਰੇ ਸ. ਦਲਜੀਤ ਸਿੰਘ ਨੂੰ ਦੱਸਿਆ ਤਾਂ ਉਹ ਪਹਿਲਾਂ ਚੁੱਪ ਕਰ ਗਏ ਫਿਰ ਬੋਲੇ, "ਮੁਸ਼ਕਿਲ ਹੈ ਇਸ ਵਿਸ਼ੇ 'ਤੇ ਕੰਮ ਕਰਨਾ।" ਇਥੇ ਇਹ ਦੱਸਣਾ ਕੁਥਾਂ ਨਹੀਂ ਕਿ ਭਾਰਤ ਵਿਚ ਇਸ ਵਿਸ਼ੇ 'ਤੇ ਸਿਰਫ ਡਾ. ਸਚਿੱਦਾਨੰਦ ਮੂਰਤੀ ਨੇ ਅਦਵੈਤ ਵੇਦਾਂਤ 'ਤੇ ਕੰਮ ਕੀਤਾ ਹੈ, ਹੋਰ ਕੋਈ ਕੰਮ ਨਹੀਂ ਹੋਇਆ ਭਾਵੇਂ ਸੈਮੇਟਕ ਧਰਮਾਂ ਤੇ ਰੀਜਨ ਅਤੇ ਰੈਵੇਲੇਸ਼ਨ ਦੀ ਸਥਾਪਤੀ ਲਈ ਬਹੁਤ ਕੰਮ ਹੋ ਚੁਕਾ ਹੈ।***

ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਨੇ 'ਧੁਰਿ ਕੀ ਬਾਣੀ' ਫੁਰਮਾਇਆ ਹੈ ਪਰ ਇਸ ਦੀ ਵਿਆਖਿਆ ਕਰਨ ਵੇਲੇ ਬਹੁਤ ਸਾਰੇ ਵਿਦਵਾਨ ਇਸ ਦਾ ਵੇਦਾਂਤੀਕਰਨ ਕਰ ਦਿੰਦੇ ਹਨ ਅਤੇ ਇਸ ਨੂੰ ਵੇਦਾਂ ਅਤੇ ਉਪਨਿਸ਼ਦਾਂ ਦੀ ਲਗਾਤਾਰਤਾ ਵਿਚ ਲੈ ਲੈਂਦੇ ਹਨ ਜਿਵੇਂ ਅੱਜ ਕੱਲ੍ਹ ਡਾ. ਜੋਧ ਸਿੰਘ ਪੰਜਾਬੀ ਟ੍ਰਿਬਿਊਨ ਵਿਚ ਛਪ ਰਹੇ ਆਪਣੇ ਲੇਖਾਂ ਵਿਚ ਕਰ ਰਹੇ ਹਨ। ਮੇਰਾ ਮਕਸਦ ਸਿੱਖ ਧਰਮ ਦੀ ਰੈਵੇਲੇਸ਼ਨ (ਇਲਹਾਮ) ਦੀ ਸੁਤੰਤਰਤਾ ਅਤੇ ਵਿਲੱਖਣਤਾ ਨੂੰ ਸਥਾਪਤ ਕਰਨਾ ਸੀ ਅਤੇ ਇਹ ਵੀ ਕਿ ਸਿੱਖ ਧਰਮ ਵਿਚ ਵਿਚਾਰ (ਰੀਜਨ) ਦਾ ਮਹੱਤਵਪੂਰਨ ਸਥਾਨ ਹੈ ਜਿਸ ਦਾ ਪ੍ਰਗਟਾਵਾ, 'ਖੋਜੀ ਉਪਜੈ ਬਾਦੀ ਬਿਨਸੈ' ਦੇ ਸੰਕਲਪ ਰਾਹੀਂ ਕੀਤਾ ਗਿਆ ਹੈ ਅਤੇ ਗਿਆਨ ਦੀ ਖੋਜ ਨੂੰ ਉਤਸ਼ਾਹਿਤ ਕੀਤਾ ਗਿਆ ਹੈ। ਸਿੱਖ ਦਾ ਮਤਲਬ ਹੀ ਸੱਚ ਦਾ ਖੋਜੀ ਯਾਨਿ ਸੀਕਰ ਆਫ ਟਰੁਥ ਬਣਦਾ ਹੈ। ਹੋਰ ਧਰਮਾਂ ਦੀ ਤਰ੍ਹਾਂ ਅਕਾਲ ਪੁਰਖ ਅਵਤਾਰਾਂ ਜਾਂ ਹੋਰ ਤਰੀਕਿਆਂ ਨਾਲ ਆਪਣੇ ਆਪ ਨੂੰ ਪ੍ਰਗਟ ਕਰਨ ਲਈ ਉਪਰੋਂ ਹੇਠਾਂ ਨਹੀਂ ਉਤਰਦਾ ਸਗੋਂ ਉਸ ਤੱਕ ਪਹੁੰਚਣ ਲਈ, ਇਲਹਾਮੀ ਸਤਿ ਨੂੰ ਪ੍ਰਾਪਤ ਕਰਨ ਲਈ ਉਸ ਤੱਕ ਉਪਰ ਉਠਣਾ ਪੈਂਦਾ ਹੈ। ਸਿੱਖ ਇਲਹਾਮ ਦੀ ਵਿਲੱਖਣਤਾ ਇਹ ਵੀ ਹੈ ਕਿ ਇਹ ਆਪਣੇ ਤੋਂ ਪਹਿਲੇ ਪ੍ਰਾਪਤ ਇਲਹਾਮ ਦੀ ਨਿਰੰਤਰਤਾ ਵਿਚ ਨਹੀਂ ਹੈ, ਬਲਕਿ ਪਹਿਲੀ ਨਾਨਕ ਜੋਤਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਵੀਂ ਜੋਤਿ ਗੁਰੂ ਗੋਬਿੰਦ ਸਿੰਘ ਤੱਕ ਲਗਾਤਾਰ ਹੈ, "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥" ਦਸ ਗੁਰੂ ਸਾਹਿਬਾਨ ਵਿਚ ਇੱਕੋ ਜੋਤਿ ਅਤੇ ਗੁਰੂ ਜੁਗਤਿ ਵੀ ਇੱਕੋ ਪ੍ਰਵਾਨ ਕੀਤੀ ਗਈ ਹੈ। ਇਸੇ ਸਿਧਾਂਤ ਅਨੁਸਾਰ ਦਸਮ ਗ੍ਰੰਥ ਵਿਚ ਸ਼ਾਮਲ ਜੋ

**ਰੰਗ-ਬੇਰੰਗ**

ਰਚਨਾਵਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਸਪਿਰਿਟ ਵਿਚ ਨਹੀਂ ਹਨ ਉਨ੍ਹਾਂ ਨੂੰ ਦਸਮ ਗੁਰੂ ਦੀ ਰਚਨਾ ਪ੍ਰਵਾਨ ਨਹੀਂ ਕੀਤਾ ਜਾ ਸਕਦਾ।

ਖੈਰ! ਇਸ ਚਰਚਾ ਦੀ ਇਥੇ ਗੁੰਜਾਇਸ਼ ਨਹੀਂ ਹੈ। ਅਸੀਂ ਗੱਲ ਕਰ ਰਹੇ ਸੀ ਸ. ਦਲਜੀਤ ਸਿੰਘ ਦੀ। ਮੇਰਾ ਵਾਈਵਾ ਹੋਣ ਤੋਂ ਬਾਅਦ ਜਦੋਂ ਸ. ਦਲਜੀਤ ਸਿੰਘ ਨੂੰ ਪਤਾ ਲੱਗਾ ਕਿ ਰਿਪੋਰਟਾਂ ਬਹੁਤ ਅੱਛੀਆਂ ਆਈਆਂ ਹਨ ਤਾਂ ਇੱਕ ਦਿਨ ਉਹ ਮਠਿਆਈ ਦਾ ਡੱਬਾ ਲੈ ਕੇ ਡਾ. ਖੜਕ ਸਿੰਘ ਨਾਲ ਪਟਿਆਲੇ ਆ ਪਹੁੰਚੇ ਅਤੇ ਆਪਣੀ ਧੀਮੀ ਸੁਰ ਵਿਚ ਬੋਲੇ, "ਮੈਂ ਬਹੁਤ ਖੁਸ਼ ਹਾਂ। ਮੈਨੂੰ ਲਗਦਾ ਸੀ ਇਹ ਕੰਮ ਮੁਸ਼ਕਿਲ ਹੈ ਪਰ ਸਫਲ ਹੋ ਗਏ। ਬੜੀ ਖੁਸ਼ੀ ਦੀ ਗੱਲ ਹੈ।" ਜਦੋਂ ਉਨ੍ਹਾਂ ਨੂੰ ਮੈਂ ਕੌਸਮੋ ਪਬਲੀਕੇਸ਼ਨ ਦੀ ਥੀਸਸ ਨੂੰ ਛਾਪਣ ਦੀ ਚਿੱਠੀ ਦਿਖਾਈ ਤਾਂ ਹੋਰ ਵੀ ਖੁਸ਼ ਹੋਏ। ਜਨਵਰੀ 1990 ਵਿਚ ਥੀਸਸ ਪੁਸਤਕ ਰੂਪ ਵਿਚ ਛਪ ਕੇ ਆ ਗਿਆ ਤਾਂ ਕੌਸਮੋ ਪਬਲੀਕੇਸ਼ਨ ਵਾਲਿਆਂ ਨੇ ਮੇਰੇ ਕੋਲੋਂ ਨਾਂਵਾਂ ਦੀ ਸੂਚੀ ਮੰਗੀ ਜਿਨ੍ਹਾਂ ਨੂੰ ਕੰਪਲੀਮੈਂਟਰੀ ਕਾਪੀਆਂ ਭੇਜਣੀਆਂ ਸਨ। ਮੈਂ ਡਾ. ਅਵਤਾਰ ਸਿੰਘ, ਹਰਿੰਦਰ ਸਿੰਘ ਮਹਿਬੂਬ, ਡਾ. ਐਸ ਐਸ ਜੌਹਲ ਅਤੇ ਕੁਝ ਹੋਰ ਨਾਂਵਾਂ ਦੇ ਨਾਲ ਸ. ਦਲਜੀਤ ਸਿੰਘ ਦਾ ਨਾਂ ਵੀ ਦਿੱਤਾ। ਉਨ੍ਹਾਂ ਨੇ ਪੂਰੀ ਕਿਤਾਬ ਪੜ੍ਹੀ ਅਤੇ ਇਨ੍ਹਾਂ ਦਿਨਾਂ ਵਿਚ ਹੀ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਵਿਚ ਸੈਮੀਨਾਰ ਕਰਨ ਦਾ ਪ੍ਰੋਗਰਾਮ ਬਣ ਗਿਆ। ਮਾਰਚ ਮਹੀਨੇ ਇੱਕ ਦਿਨ ਅਚਾਨਕ ਡਾ. ਅਵਤਾਰ ਸਿੰਘ ਦਾ ਵਿਭਾਗ ਵਿਚ ਡਾ. ਬਲਕਾਰ ਸਿੰਘ ਨੂੰ ਫੋਨ ਆਇਆ, "ਪ੍ਰੋਫੈਸਰ ਸਾਹਿਬ! ਬੀਬਾ ਗੁਰਨਾਮ ਕੌਰ ਨੂੰ ਨਾਲ ਲੈ ਕੇ ਕਾਫੀ ਹਾਊਸ ਪਹੁੰਚੋ।" ਜਦੋਂ ਕਾਫੀ ਹਾਊਸ ਪਹੁੰਚੇ ਤਾਂ ਡਾ. ਅਵਤਾਰ ਸਿੰਘ ਪਹਿਲਾਂ ਹੀ ਡਾ. ਕੇਹਰ ਸਿੰਘ ਅਤੇ ਡਾ. ਹਰੀ ਸਿੰਘ ਬੋਪਾਰਾਇ ਨਾਲ ਇੱਕ ਟੇਬਲ ਮੱਲੀ ਬੈਠੇ ਸਨ। ਸਤਿ ਸ੍ਰੀ ਅਕਾਲ ਬੁਲਾ ਕੇ ਜਿਉਂ ਹੀ ਮੈਂ ਸੀਟ ਲਈ ਤਾਂ ਬੋਲੇ, "ਬੀਬਾ ਜੀ! ਭਾਈ ਸਾਹਿਬ ਦਾ ਤੁਹਾਡੇ ਲਈ ਸੁਨੇਹਾ ਹੈ। ਤੁਸੀਂ ਆਪਣੀ ਕਿਤਾਬ 'ਤੇ ਦੋ ਪੇਪਰ ਤਿਆਰ ਕਰਨੇ ਹਨ। ਨਵੰਬਰ ਦੇ ਮਹੀਨੇ ਅਮਰੀਕਾ ਅਤੇ ਕੈਨੇਡਾ ਵਿਚ ਸੈਮੀਨਾਰ ਹੋਣੇ ਹਨ, ਤੁਸੀਂ ਵੀ ਜਾਣਾ ਹੈ।"

ਡਾ. ਅਵਤਾਰ ਸਿੰਘ ਸ. ਦਲਜੀਤ ਸਿੰਘ ਨੂੰ ਭਾਈ ਸਾਹਿਬ ਕਹਿੰਦੇ ਹੁੰਦੇ ਸਨ। ਸਾਡੇ ਵਿਚ ਡਾ. ਅਵਤਾਰ ਸਿੰਘ ਹੀ ਸਨ ਜੋ ਸੈਮੀਨਾਰਾਂ ਦੇ ਸਿਲਸਿਲੇ ਵਿਚ ਜਾਂ ਇੰਟਰ ਫੇਥ ਦੀਆਂ ਕਾਨਫਰੰਸਾਂ ਲਈ ਕਈ ਮੁਲਕਾਂ-ਜਰਮਨੀ, ਜਪਾਨ, ਇੰਗਲੈਂਡ ਅਤੇ ਕੈਨੇਡਾ ਕਈ ਵਾਰ ਜਾ ਆਏ ਸਨ ਪਰ ਹੋਰ ਕਿਸੇ ਨੂੰ ਹਾਲੇ ਮੌਕਾ ਨਹੀਂ ਸੀ ਮਿਲਿਆ। ਡਾ. ਕੇਹਰ ਸਿੰਘ ਇੱਕ ਦਮ ਬੋਲੇ, "ਡਾ. ਸਾਹਿਬ ਮੇਰਾ ਮਤਲਬ ਫੇਰ, ਜਿਵੇਂ ਕਹਿੰਦੇ ਹੁੰਦੇ ਐ, ਮੈਡਮ ਜੀ ਅਮਰੀਕਾ ਜਾ ਰਹੇ ਹਨ।" ਲਾਈਟ ਮੂਡ ਵਿਚ ਜੇ ਗੱਲ ਕਰਨੀ ਹੋਵੇ ਤਾਂ ਕੁਝ ਏਸ ਤਰ੍ਹਾਂ ਦੇ ਹੀ ਢੰਗ ਤਰੀਕੇ ਨਾਲ ਗੱਲ ਕਰਨ ਦਾ ਸੁਭਾ ਹੈ ਡਾ. ਕੇਹਰ ਸਿੰਘ ਦਾ। ਡਾ. ਅਵਤਾਰ ਸਿੰਘ ਦਾ ਸੁਭਾ ਹਾਜ਼ਰ ਜਵਾਬੀ ਹੋਣ ਕਰਕੇ ਬੋਲੇ, "ਕੋਈ ਮਜ਼ਾਕ ਹੈ ਪ੍ਰੋਫੈਸਰ ਸਾਹਿਬ? ਬੀਬਾ ਜੀ ਨੇ ਰੀਜਨ ਐਂਡ ਰੈਵੇਲੇਸ਼ਨ ਤੇ ਅੰਗਰੇਜ਼ੀ ਵਿਚ ਕੰਮ ਕੀਤਾ ਹੈ, ਜਿਸ ਦੀ ਕਿਤਾਬ ਵੀ ਛਪ ਗਈ ਹੈ।" ਨਾਲ ਹੀ ਉਨ੍ਹਾਂ ਵੱਖ ਵੱਖ ਥਾਂਵਾਂ 'ਤੇ ਉਲੀਕੇ ਗਏ ਸੈਮੀਨਾਰ ਦੇ ਸੱਦੇ ਪੱਤਰ ਮੈਨੂੰ ਸੌਂਪ ਦਿੱਤੇ। ਮੈਂ ਇਕਦਮ ਬੋਲੀ, "ਡਾ. ਸਾਹਿਬ ਮੇਰਾ ਤਾਂ ਪਾਸਪੋਰਟ ਵੀ ਨਹੀਂ ਬਣਿਆ ਹੋਇਆ।" ਉਹ ਬੋਲੇ, "ਬੀਬਾ ਜੀ ਸਭ ਤੋਂ ਪਹਿਲਾਂ ਪਾਸਪੋਰਟ ਅਪਲਾਈ ਕਰੋ।" ਮੈਂ ਬਹੁਤ ਖੁਸ਼ ਹੋਣ ਦੇ ਨਾਲ ਨਾਲ ਹੈਰਾਨ ਜਿਆਦਾ ਸੀ ਕਿਉਂਕਿ ਹੁਣ ਤੱਕ ਮੈਂ ਸਿਰਫ ਡਾ. ਤਾਰਨ ਸਿੰਘ ਵਲੋਂ ਕਰਾਏ ਯੂ.ਜੀ.ਸੀ ਸੈਮੀਨਾਰ ਵਿਚ ਹੀ ਪਰਚਾ ਪੜ੍ਹਿਆ ਸੀ ਜਾਂ ਵਿਭਾਗ ਵਿਚ 'ਸਿੱਖ ਧਰਮ ਵਿਚ ਸੇਵਾ ਦਾ ਸੰਕਲਪ' ਸੈਮੀਨਾਰ ਵੇਲੇ ਆਖਰੀ ਸੈਸ਼ਨ ਵੇਲੇ ਸਟੇਜ ਦੀ ਸੇਵਾ ਨਿਭਾਈ ਸੀ।

ਇਸ ਤਰ੍ਹਾਂ ਮੈਂ ਦੋ ਪੇਪਰ ਆਪਣੇ ਥੀਸਸ 'ਤੇ ਆਧਾਰਤ ਤਿਆਰ ਕੀਤੇ। ਪਾਸਪੋਰਟ ਬਣਾ ਲਿਆ ਅਤੇ ਭੱਜ-ਨੱਸ ਕਰਕੇ ਦਿੱਲੀ ਜਾ ਕੇ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਦਾ ਵੀਜ਼ਾ ਲਗਵਾਇਆ। ਡਾ. ਅਵਤਾਰ ਸਿੰਘ ਨੇ ਵੀ ਇਸ ਸੈਮੀਨਾਰ 'ਤੇ ਜਾਣਾ ਸੀ ਪਰ ਸਿਹਤ ਕੁਝ ਢਿੱਲੀ ਹੋਣ ਕਰਕੇ ਉਨ੍ਹਾਂ ਨੇ ਇਰਾਦਾ ਬਦਲ ਲਿਆ।

ਨਵੰਬਰ ਵਿਚ ਸਾਡੀ ਫਲਾਈਟ ਤੋਂ ਇੱਕ ਜਾਂ ਦੋ ਦਿਨ ਪਹਿਲਾਂ ਸਾਡੇ ਵਿਭਾਗ ਅਤੇ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਵਿਚ ਪ੍ਰੋਫੈਸਰ ਦੀਆਂ ਅਸਾਮੀਆਂ ਦੀ ਇੰਟਰਵਿਊ ਸੀ। ਮੈਨੂੰ ਭਾਵੇਂ ਰੀਡਰ ਬਣਿਆਂ ਚਾਰ ਸਾਲ ਹੀ ਹੋਏ ਸੀ ਪਰ ਮੈਂ ਦੋਹਾਂ ਵਿਭਾਗਾਂ ਲਈ ਅਪਲਾਈ ਕੀਤਾ ਸੀ, ਆਪਣੇ ਲਈ ਕਵਰਿੰਗ ਕੈਂਡੀਡੇਟ ਵਜੋਂ ਅਤੇ ਭਵਨ ਵਿਚ ਫਿਲਾਸਫੀ ਆਫ ਰਿਲੀਜੀਅਨ ਵਿਚ ਮੁਹਾਰਤ ਹੋਣ ਕਾਰਨ ਆਪਣਾ ਹੱਕ ਜਤਾਉਣ ਲਈ। ਪੋਸਟਾਂ ਤਿੰਨ ਸਨ ਅਤੇ ਮੇਰੇ ਤਿੰਨ ਸੀਨੀਅਰ ਕੁਲੀਗ-ਡਾ. ਬਲਕਾਰ ਸਿੰਘ, ਡਾ. ਨਿਰਭੈ ਸਿੰਘ ਅਤੇ ਡਾ. ਜੋਧ ਸਿੰਘ ਉਮੀਦਵਾਰਾਂ ਦੀ ਸੂਚੀ ਵਿਚ ਸ਼ਾਮਲ ਸਨ। ਮੈਂ ਇੰਟਰਵਿਊ ਤੋਂ ਬਾਅਦ ਡਾ. ਅਵਤਾਰ ਸਿੰਘ ਨੂੰ ਮਿਲ ਕੇ ਦਿੱਲੀ ਜਾਣਾ ਸੀ। ਜਦੋਂ ਸਾਰੀ ਕਾਰਵਾਈ ਤੋਂ ਬਾਅਦ ਡਾ. ਅਵਤਾਰ ਸਿੰਘ ਬਾਹਰ ਆਏ ਤਾਂ ਬੋਲੇ, "ਬੀਬਾ ਜੀ ਭਾਈ ਸਾਹਿਬ ਨੂੰ ਕਹਿਣਾ ਕਿ ਜੇ ਮੇਰੀ ਤਬੀਅਤ ਕੁਝ ਠੀਕ ਹੋ ਗਈ ਤਾਂ ਮੈਂ ਸਿੱਧਾ ਅਮਰੀਕਾ ਆ ਜਾਵਾਂਗਾ। ਦੂਸਰੀ ਗੱਲ ਤੁਸੀਂ ਨੰਬਰ ਤਿੰਨ 'ਤੇ ਆ ਰਹੇ ਸੀ। ਚੋਣ ਕਮੇਟੀ ਤੁਹਾਡੇ ਹੱਕ ਵਿਚ ਸੀ ਪਰ ਵਾਈਸ ਚਾਂਸਲਰ ਅਤੇ ਪ੍ਰਿੰਸੀਪਲ ਸਤਵੀਰ ਸਿੰਘ (ਸਿੰਡਕ) ਕਮੇਟੀ ਨੂੰ ਕਹਿੰਦੇ ਕਿ ਗੁਰਨਾਮ ਹਾਲੇ ਬੜੀ ਛੋਟੀ ਹੈ, ਇਸ ਕੋਲ ਬੜਾ ਟਾਈਮ ਪਿਆ ਹੈ ਪ੍ਰੋਫੈਸਰ ਬਣਨ ਲਈ। ਮੈਨੂੰ ਅਫਸੋਸ ਹੈ ਮੈਂ ਤੁਹਾਡੀ ਇਸ ਕਰਕੇ ਕੋਈ ਮਦਦ ਨਹੀਂ ਕਰ ਸਕਿਆ ਕਿਉਂਕਿ ਦੂਸਰੇ ਦੋਵੇਂ ਪ੍ਰੋਫੈਸਰ ਵੀ ਮੇਰੇ ਵਿਦਿਆਰਥੀ ਹਨ। ਮੈਂ ਸੋਚਿਆ ਸਾਰੇ ਸੋਚਣਗੇ ਆਪਣੇ ਹੀ ਤਿੰਨੇ ਵਿਦਿਆਰਥੀ ਪ੍ਰੋਫੈਸਰ ਬਣਾ ਲਏ।" ਮੈਂ ਹੱਸ ਕੇ ਕਿਹਾ, "ਡਾ. ਸਾਹਿਬ ਕੋਈ ਗੱਲ ਨਹੀਂ। ਤੁਹਾਡਾ ਅਸ਼ੀਰਵਾਦ ਹੀ ਮੇਰੇ ਲਈ ਕਾਫੀ ਹੈ।"

ਇਸ ਤਰ੍ਹਾਂ ਦਿੱਲੀ ਪਹੁੰਚ ਕੇ ਪਤਾ ਲੱਗਿਆ ਕਿ ਡਾ. ਖੜਕ ਸਿੰਘ ਅਤੇ ਸ. ਦਲਜੀਤ ਸਿੰਘ ਅਲੱਗ ਫਲਾਈਟ ਤੇ ਇੱਕ ਦਿਨ ਪਹਿਲਾਂ ਇੰਗਲੈਂਡ ਚਲੇ ਗਏ ਸਨ ਅਤੇ ਮੈਂ ਤੇ ਡਾ. ਮਦਨਜੀਤ ਕੌਰ ਬ੍ਰਿਟਿਸ਼ ਏਅਰਵੇਜ਼ 'ਤੇ ਇਕੱਠੀਆਂ ਜਾ ਰਹੀਆਂ ਸਾਂ। 16 ਨਵੰਬਰ 1990 ਨੂੰ ਲੰਡਨ ਦੇ ਹੀਥਰੋ ਏਅਰਪੋਰਟ 'ਤੇ ਪਹੁੰਚੇ ਤਾਂ ਪ੍ਰਬੰਧਕ ਅਗੋਂ ਲੈਣ ਆਏ ਹੋਏ ਸਨ, ਜਿਨ੍ਹਾਂ ਨੇ ਪਤਾ ਨਹੀਂ ਝੱਟ ਹੀ ਸਾਨੂੰ ਕਿਵੇਂ ਪਛਾਣ ਲਿਆ। ਸਾਡੀ ਰਿਹਾਇਸ਼ ਦਾ ਪ੍ਰਬੰਧ ਲੰਡਨ ਤੋਂ ਸੌ ਕੁ ਮੀਲ ਦੂਰ ਹਿਚਨ ਟਾਊਨ ਵਿਚ ਪਰਗਟ ਸਿੰਘ ਦੇ ਘਰ ਸੀ ਜੋ ਸੈਮੀਨਾਰ ਦਾ ਕਰਤਾਧਰਤਾ ਵੀ ਸੀ ਅਤੇ ਸਾਨੂੰ ਲੈਣ ਆਪ ਆਇਆ ਸੀ। ਰਾਤ ਦਾ ਖਾਣਾ ਸ਼ਾਇਦ ਡਾ. ਖੜਕ ਸਿੰਘ ਦੇ ਇੰਗਲੈਂਡ ਰਹਿ ਰਹੇ ਲੜਕੇ ਦੇ ਘਰ ਸੀ ਜਿਥੇ ਡਾ. ਗੋਬਿੰਦ ਸਿੰਘ ਮਨਸੁਖਾਨੀ, ਡਾ. ਸੁਰਿੰਦਰ ਸਿੰਘ ਕੋਹਲੀ ਅਤੇ ਮਿਸਿਜ ਕੋਹਲੀ ਅਤੇ ਡਾ. ਹਰਨਾਮ ਸਿੰਘ ਸ਼ਾਨ ਨਾਲ ਮੁਲਾਕਾਤ ਹੋਈ। ਪਰਗਟ ਸਿੰਘ ਕਿਸੇ ਕਾਲਜ ਵਿਚ ਹਿਸਾਬ ਦਾ ਅਧਿਆਪਕ ਸੀ ਅਤੇ ਉਸਦੀ ਪਤਨੀ ਬੀਬੀ ਜਗਦੀਸ਼ ਕੌਰ ਭਾਰਤ ਤੋਂ ਇੰਜੀਨੀਅਰਿੰਗ ਪਾਸ ਸੀ ਅਤੇ ਉਨ੍ਹਾਂ ਦਾ ਇੱਕ ਉਦੋਂ ਤਿੰਨ ਕੁ ਸਾਲ ਦਾ ਪਿਆਰਾ ਜਿਹਾ ਪੁੱਤਰ ਸੀ। ਦੋ ਦਿਨਾਂ ਸੈਮੀਨਾਰ ਮਿਡ ਲੰਡਨ ਦੇ ਕਿਸੇ ਯੂਨਾਈਟਡ ਚਰਚ ਦੇ ਹਾਲ ਵਿਚ ਰੱਖਿਆ ਗਿਆ ਸੀ ਜੋ ਬਹੁਤ ਕਾਮਯਾਬ ਰਿਹਾ।

## ਸਿਆਣਿਆਂ ਦਾ ਕਿਹਾ

(1) ਧਿਆਨ ਨਾਲ ਸੁਣਨ ਤੋਂ ਜ਼ਿਆਦਾ-ਉਸ ਨੂੰ ਸਮਝੋ।

(2) ਜਿੱਤ ਦੀ ਅਵਸਥਾ ਪੈਦਾ ਕਰਨ ਲਈ ਉਤਮਤਾ ਪ੍ਰਾਪਤ ਕਰਨ ਦਾ ਸਖਤ ਯਤਨ ਕਰਨਾ ਚਾਹੀਦਾ ਹੈ।

(3) ਸਫਲ ਵਿਅਕਤੀ ਹਾਰਨ ਵਾਲਿਆਂ ਤੋਂ ਦਸ ਗੁਣਾ ਜ਼ਿਆਦਾ ਚੁਸਤ ਨਹੀਂ ਹੁੰਦੇ ਪਰ ਇਨਾਮ ਦਸ ਗੁਣਾ ਜ਼ਿਆਦਾ ਪ੍ਰਾਪਤ ਕਰਦੇ ਹਨ।

(4) ਜ਼ਿੰਦਗੀ ਦੇ ਇਮਤਿਹਾਨ ਦੁਖਦਾਇਕ ਜਾਂ ਸੁਖਦਾਇਕ-ਦੋਵੇਂ ਹੋ ਸਕਦੇ ਹਨ, ਇਹ ਇਸ ਗੱਲ 'ਤੇ ਨਿਰਭਰ ਹੈ ਕਿ ਇਨ੍ਹਾਂ ਨਾਲ ਅਸੀਂ ਜੁੜਦੇ ਕਿਵੇਂ ਹਾਂ।

(5) ਸੁਖਦਾਇਕ ਪਲ ਬਿਨਾਂ ਕੋਸ਼ਿਸ਼ ਹੱਥ ਨਹੀਂ ਆਉਂਦੇ।

(6) ਤੰਦੂਆ ਐਸਾ ਜੀਵ ਹੈ ਕਿ ਜਦੋਂ ਕੋਈ ਜਾਨਵਰ ਇਸ 'ਤੇ ਹਮਲਾ ਕਰਦਾ ਹੈ ਤਾਂ ਇਹ ਆਪਣੇ ਅੰਦਰੋਂ ਸਿਆਹੀ ਵਰਗਾ ਤਰਲ ਪਦਾਰਥ ਕੱਢ ਕੇ ਹਮਲਾਵਰ ਦੀਆਂ ਅੱਖਾਂ ਬੰਦ ਕਰ ਦਿੰਦਾ ਹੈ।

(7) ਮੈਕਸੀਕੋ ਅਤੇ ਅਮਰੀਕਾ ਦੇ ਪੱਛਮ ਪੂਰਬੀ ਭਾਗ ਵਿਚ (ਸਿੰਗੀ ਕਿਰਲੀ ਨਾਂ ਦਾ) ਐਸਾ ਜੀਵ ਹੈ ਜੋ ਆਪਣੇ 'ਤੇ ਹਮਲਾ ਹੋਣ ਦੀ ਸੂਰਤ ਵਿਚ ਆਪਣੀਆਂ ਅੱਖਾਂ ਵਿਚੋਂ ਲਹੂ ਦੀਆਂ ਤੇਜ ਧਾਰਾਂ ਦੁਸ਼ਮਣ 'ਤੇ ਸੁਟਦਾ ਹੈ।

(8) ਸੰਸਾਰ ਵਿਚ ਬਾਘ ਸਭ ਤੋਂ ਜ਼ਿਆਦਾ ਭਾਰਤ ਵਿਚ ਹਨ।

(9) ਸੰਸਾਰ ਵਿਚ ਸਭ ਤੋਂ ਵੱਡਾ ਰੇਲਵੇ ਸਟੇਸ਼ਨ ਨਿਊ ਯਾਰਕ (ਅਮਰੀਕਾ) ਵਿਚ ਹੈ, ਜਿੱਥੇ 600 ਗਡੀਆਂ ਆਉਂਦੀਆਂ ਹਨ।

(10) ਸੰਸਾਰ ਦਾ ਸਭ ਤੋਂ ਵੱਡਾ ਹੋਟਲ ਸ਼ਿਕਾਗੋ (ਅਮਰੀਕਾ) ਵਿਚ ਹੈ, ਜਿਸ ਦੇ ਤਿੰਨ ਹਜ਼ਾਰ ਕਮਰੇ ਹਨ।

(11) ਮਨੁੱਖ ਦੇ ਮਰਨ ਤੋਂ ਬਾਅਦ-ਅੱਖਾਂ ਚਾਰ ਘੰਟੇ, ਕੰਨ ਇੱਕ ਘੰਟਾ, ਬਾਹਾਂ ਤੇ ਲੱਤਾਂ ਚਾਰ ਘੰਟੇ, ਦਿਲ ਵੀਹ ਮਿੰਟ, ਦਿਮਾਗ ਦੱਸ ਮਿੰਟ, ਚਮੜੀ ਦਸ ਦਿਨ ਅਤੇ ਹੱਡੀਆਂ ਤੀਹ ਦਿਨ ਬਾਅਦ ਬਿਲਕੁਲ ਖਤਮ ਹੋ ਜਾਂਦੀਆਂ ਹਨ।

(12) ਬਿੱਲੀ ਆਪਣਾ ਅੱਧਾ ਸਮਾਂ ਸੌਂ ਕੇ ਗੁਜਾਰ ਦਿੰਦੀ ਹੈ।

(13) ਜਿਰਾਫ ਕੋਈ ਵੀ ਆਵਾਜ਼ ਨਹੀਂ ਕੱਢ ਸਕਦਾ।

(14) ਕੀੜੀ ਆਪਣੇ ਵਜਨ ਤੋਂ ਤਿੰਨ ਗੁਣਾ ਵੱਧ ਭਾਰ ਉੱਠਾ ਸਕਦੀ ਹੈ।

(15) ਕਾਕਰੋਚ ਬਿਨ੍ਹਾਂ ਭੋਜਨ ਦੇ 46 ਦਿਨ ਜਿਉਂਦਾ ਰਹਿ ਸਕਦਾ ਹੈ।

(16) ਕਿਰਲੀ ਕਦੇ ਵੀ ਪਾਣੀ ਨਹੀਂ ਪੀਂਦੀ।

(17) ਸੰਘਰਸ਼ ਬਿਨਾਂ ਕੋਈ ਵੀ ਪ੍ਰਾਪਤੀ ਮੁੱਲਵਾਨ ਨਹੀਂ ਬਣਦੀ।

(18) ਜਿਨ੍ਹਾਂ ਲੋਕਾਂ ਨੇ ਮੁਸੀਬਤਾਂ 'ਤੇ ਕਾਬੂ ਪਾਇਆ ਹੈ ਉਹ ਉਨ੍ਹਾਂ ਤੋਂ ਜ਼ਿਆਦਾ ਸੁਰਖਿਅਤ ਹਨ ਜਿਨ੍ਹਾਂ ਨੇ ਕਦੇ ਵੀ ਮੁਸੀਬਤਾਂ ਦਾ ਸਾਹਮਣਾ ਨਹੀਂ ਕੀਤਾ।

(19) ਹਰ ਚੀਜ਼ ਸੌਖੀ ਹੋਣ ਤੋਂ ਪਹਿਲਾਂ ਮੁਸ਼ਕਿਲ ਹੁੰਦੀ ਹੈ।

(20) ਖੁਦਕੁਸ਼ੀ-ਥੋੜੇ ਚਿਰ ਦੀ ਸਮੱਸਿਆ ਦਾ ਸਥਾਈ ਹੱਲ ਹੈ।

(21) ਸਫਲਤਾ ਇਸ ਗੱਲ ਨਾਲ ਨਿਰਧਾਰਤ ਨਹੀਂ ਕੀਤੀ ਜਾਂਦੀ ਕਿ ਦੂਸਰਿਆਂ ਦੇ ਮੁਕਾਬਲੇ ਅਸੀਂ ਕੀ ਕਰ ਰਹੇ ਹਾਂ, ਸਗੋਂ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਅਸੀਂ ਡਿੱਗ ਕੇ ਕਿੰਨੀ ਵਾਰ ਉਪਰ ਉਠਦੇ ਹਾਂ।

(22) ਸਫਲ ਵਿਅਕਤੀ ਆਪਣੇ ਆਪ ਨਾਲ ਹੀ ਮੁਕਾਬਲਾ ਕਰਦੇ ਹਨ ਉਹ ਆਪਣੇ ਰਿਕਾਰਡ ਆਪ ਹੀ ਤੋੜਦੇ ਹਨ ਅਤੇ ਕੰਮ 'ਚ ਲਗਾਤਾਰ ਸੁਧਾਰ ਲਿਆਉਂਦੇ ਰਹਿੰਦੇ ਹਨ।

(23) ਡਿਗਣਾ ਤੇ ਫਿਰ ਉਠਣਾ, ਅਸਫਲਤਾ ਹੀ ਸਫਲਤਾ ਦਾ ਇੱਕ ਵੱਡਾ ਰਾਹ ਹੈ।

(24) ਸਫਲ ਲੋਕ ਕੋਈ ਮਹਾਨ ਕੰਮ ਨਹੀਂ ਕਰਦੇ ਸਗੋਂ ਉਹ ਤਾਂ ਛੋਟੇ ਕੰਮਾਂ ਨੂੰ ਹੀ ਮਹਾਨ ਤਰੀਕੇ ਨਾਲ ਕਰਦੇ ਹਨ।

(25) ਤੁਸੀਂ ਦੂਸਰਿਆਂ ਤੋਂ ਕੁਝ ਸਿੱਖਦੇ ਹੋ ਤਾਂ ਹੀ ਅੱਗੇ ਵੱਧਦੇ ਹੋ, ਹੋਰ ਅੱਗੇ ਵਧਣ ਲਈ ਤੁਸੀਂ ਆਪਣੀ ਜ਼ਿੰਦਗੀ ਵਿਚੋਂ ਹੀ ਕੁਝ ਸਿੱਖੋ ਅਤੇ ਅੱਗੇ ਵੱਧੋ।

(26) ਹੋਏ ਨੁਕਸਾਨ ਤੋਂ ਘਬਰਾਉਣਾ ਨਹੀਂ ਕਿਉਂਕਿ ਨੁਕਸਾਨ ਵਿਚ ਵੀ ਬਹੁਤ ਕੁਝ ਚੰਗਾ ਛੁਪਿਆ ਹੁੰਦਾ ਹੈ।

(27) ਅਸਫਲਤਾ ਦੀ ਹਾਲਤ ਵਿਚ ਵਿਜੇਤਾ ਬਣਨ ਦੀ ਲੋੜ ਹੈ ਨਾ ਕਿ ਉਸ ਦਾ ਸ਼ਿਕਾਰ।

***ਪੇਸ਼ਕਾਰ-ਪਰਮਜੀਤ ਸਿੰਘ ਦਾਖਾ***

# ਹਾਏ ਹਾਏ ਮਿਰਚੀ!

## ਸ਼ਬਦ-ਝਰੋਖਾ

ਬਲਜੀਤ ਬਾਸੀ
ਫੋਨ:734-454-4958

ਮਿਰਚ ਦਾ ਨਾਂ ਸੁਣਦਿਆਂ ਹੀ ਮੂੰਹ ਦੇ ਨਾਲ ਨਾਲ ਅੱਖਾਂ ਵਿਚ ਵੀ ਪਾਣੀ ਭਰ ਜਾਂਦਾ ਹੈ; ਗੁਰਦਾਸ ਮਾਨੀ ਲੋਚਾ ਜਾਗਦੀ ਹੈ ਕਿਤੇ ਸ਼ੇਰੇ ਪੰਜਾਬ ਦਾ ਢਾਬਾ ਹੋਵੇ, ਮਾਂਹ ਦੀ ਤੜਕੀ ਦਾਲ ਹੋਵੇ ਤੇ ਥਾਲੀ ਵਿਚ ਹਰੀਆਂ ਮਿਰਚਾਂ ਤੇ ਗੰਢੇ। ਗੁਜਰਾਤੀ ਲੋਕ ਤਾਂ ਮਿਰਚਾਂ ਦੀ ਚਟਣੀ ਜਾਂ ਸੁੱਕੀਆਂ ਦਰਜਨ ਭਰ ਹਰੀਆਂ ਮਿਰਚਾਂ ਨਾਲ ਹੀ ਦੋ ਰੋਟਲਿਆਂ ਦਾ ਨਬੇੜਾ ਕਰ ਜਾਂਦੇ ਹਨ। ਸਾਡੇ ਸਭਿਆਚਾਰ ਵਿਚ ਮਿਰਚ ਦੀ ਦੁੱਖ-ਨਿਵਾਰਕ ਦੇ ਤੌਰ 'ਤੇ ਬੜੀ ਮਹਿਮਾ ਹੈ। ਕਿਸੇ ਨੂੰ ਨਜ਼ਰ ਲੱਗ ਜਾਣ 'ਤੇ ਲਾਲ ਮਿਰਚਾਂ ਉੱਤੋਂ ਦੀ ਵਾਰ ਕੇ ਅੱਗ ਵਿਚ ਸੁੱਟ ਦੇਵੋ, ਮਿਰਚਾਂ ਝੱਟ ਸਾਰੀ ਕੌੜੀ ਨਜ਼ਰ ਆਪਣੇ ਕੌੜੇਪਣ ਵਿਚ ਜਜ਼ਬ ਕਰ ਲੈਣਗੀਆਂ। ਸੁਰਜੀਤ ਪਾਤਰ ਤਾਂ ਪੰਜਾਬ ਨੂੰ ਲੱਗੀ ਨਜ਼ਰ ਉਤਾਰਨ ਲਈ ਵੀ ਇਨ੍ਹਾਂ ਮਿਰਚਾਂ ਵੱਲ ਤੱਕਦਾ ਹੈ:

ਲੱਗੀ ਨਜ਼ਰ ਪੰਜਾਬ ਨੂੰ,
ਏਦ੍ਹੀ ਨਜ਼ਰ ਉਤਾਰੋ।
ਲੈ ਕੇ ਮਿਰਚਾਂ ਕੌੜੀਆਂ,
ਏਹਦੇ ਸਿਰ ਤੋਂ ਵਾਰੋ।
ਸਿਰ ਤੋਂ ਵਾਰੋ, ਵਾਰ ਕੇ,
ਅੱਗ ਦੇ ਵਿਚ ਸਾੜੋ।

ਕਿਸੇ ਕੁਪੱਤੀ ਜਾਂ ਤੇਜ਼-ਤ੍ਰਾਟ ਕੁੜੀ ਨੂੰ ਮਿਰਚ ਕਹਿ ਦਿੱਤਾ ਜਾਂਦਾ ਹੈ। ਮਿਰਚ-ਮਸਾਲਾ ਲਾਉਣਾ, ਅੱਖਾਂ-ਅੱਖਾਂ 'ਚ ਮਿਰਚਾਂ ਭੋਰਨਾ, ਵੱਡੇ ਘਰ ਦੀਆਂ ਵੱਡੀਆਂ ਮਿਰਚਾਂ-ਡਾਢੇ ਬਿੰਬਮਈ ਮੁਹਾਵਰੇ ਹਨ। ਹੁਣ ਜ਼ਰਾ ਬਚੋ, ਮੈਂ ਤੁਹਾਨੂੰ ਮਿਰਚਾਂ ਲੜਾਉਣ ਲੱਗਾ ਹਾਂ: ਲਾਲਾਂ ਜਿਹੀਆਂ ਇਹ ਮਿਰਚਾਂ ਅਸਲੋਂ ਅਸਲੀ ਭਾਰਤ ਦੀ ਜੱਦੀ ਚੀਜ਼ ਨਹੀਂ ਹਨ। ਬਾਬੇ ਨਾਨਕ ਨੇ ਭਾਈ ਲਾਲੋ ਹੱਥੋਂ ਕੋਧਰੇ ਦੀ ਰੋਟੀ ਖਾਧੀ ਸੀ ਪਰ ਨਾਲ ਹਰੀਆਂ ਮਿਰਚਾਂ ਦੀ ਐਸ਼ ਨਹੀਂ ਸੀ। ਦਰਅਸਲ ਮੱਕੀ ਦੀ ਤਰ੍ਹਾਂ ਲਾਲ ਮਿਰਚ ਵੀ ਦੱਖਣੀ ਅਮਰੀਕਾ ਦਾ ਜੱਦੀ ਬੂਟਾ ਹੈ ਜਿਸ ਦਾ ਇਲਮ ਕੋਲੰਬਸ ਦੇ ਏਧਰ ਆਉਣ ਨਾਲ ਹੀ ਬਾਕੀ ਦੁਨੀਆਂ ਨੂੰ ਹੋਇਆ। ਸੋਲ੍ਹਵੀਂ ਸਦੀ ਦੌਰਾਨ ਹੀ ਇਸ ਨੇ ਸਪੇਨ



ਦੁਨੀਆਂ ਦੀ ਸਭ ਤੋਂ ਕੌੜੀ ਮਿਰਚ:ਆਸਾਮ ਦੀ ਭੂਤ ਜੋਲੋਕੀਆ

ਦੀ ਧਰਤੀ ਨੂੰ ਭਾਗ ਲਾਏ। ਪਰ ਫਿਰ ਸਵਾਲ ਉਠਦਾ ਹੈ ਕਿ ਭਾਰਤੀ 'ਮਿਰਚ' ਸ਼ਬਦ ਕਿਸ ਬਲਾ ਦਾ ਨਾਂ ਹੈ? ਭਾਸ਼ਾ ਬੜੇ ਉਲੱਦ-ਪੁਲੱਦ ਕਰਦੀ ਹੈ, ਇਹ ਅਲਕ ਵਹਿੜੀ ਅਕਸਰ ਕੌਤਕ ਹੀ ਵਰਤਾ ਦਿੰਦੀ ਹੈ। 'ਮਿਰਚ' ਦਾ ਸੰਸਕ੍ਰਿਤ ਰੂਪ 'ਮਰਿਚ' ਹੈ ਤੇ ਇਹ ਸ਼ਬਦ ਪੁਰਾਣੇ ਜ਼ਮਾਨਿਆਂ ਤੋਂ ਉਸ ਚੀਜ਼ ਲਈ ਵਰਤਿਆ ਜਾਂਦਾ ਸੀ ਜਿਸ ਨੂੰ ਅੱਜ ਅਸੀਂ ਕਾਲੀ ਮਿਰਚ ਆਖਦੇ ਹਾਂ। ਬਾਹਰੋਂ ਆਈ ਚੀਜ਼ ਜਿਸ ਨੂੰ ਉਥੋਂ ਦੀ ਨਾਹੁਟਲ ਭਾਸ਼ਾ ਵਿਚ ਚਿਲੀ (chili) ਕਿਹਾ ਜਾਂਦਾ ਸੀ, ਭਾਰਤ ਆ ਕੇ ਰਾਣੀ ਬਣ ਬੈਠੀ ਤੇ ਸਾਡੀ ਮਿਰਚ ਦਾ ਨਾਂ ਖੋਹ ਲਿਆ। ਵਿਚਾਰੀ ਦੇਸੀ ਮਿਰਚ ਨੂੰ ਕਾਲੀ ਮਿਰਚ ਦੇ ਕੁਨਾਂ 'ਤੇ ਗੁਜ਼ਾਰਾ ਕਰਨਾ ਪਿਆ।

ਅਸਲ ਵਿਚ ਪਿਪਲਾ, ਮਘਪਿਪਲਾ ਜਾਂ ਸਿਰਫ਼ ਮਘਾਂ ਕਹਾਉਂਦਾ ਇਕ ਅਜਿਹਾ ਮੂਲੋਂ ਭਾਰਤੀ ਪੌਦਾ ਹੈ ਜਿਸ ਦੇ ਫਲ ਨੂੰ ਮਸਾਲੇ ਦੇ ਤੌਰ 'ਤੇ ਕੋਈ ਚਾਰ ਹਜ਼ਾਰ ਸਾਲ ਤੋਂ ਭਾਰਤੀ ਆਪਣੇ ਭੋਜਨ ਵਿਚ ਤਿੱਖਾਪਣ ਲਿਆਉਣ ਲਈ ਵਰਤਦੇ ਰਹੇ ਸਨ। ਇਉਂ ਲਗਦਾ ਹੈ ਕਿ ਘੱਟੋ ਘਟ ਉਤਰੀ ਭਾਰਤ ਵਿਚ ਇਸ ਦੀ ਵਰਤੋਂ (ਕਾਲੀਆਂ) ਮਿਰਚਾਂ ਤੋਂ ਵੀ ਪਹਿਲਾਂ ਹੁੰਦੀ ਰਹੀ ਸੀ। ਹੁਣ ਤਾਂ ਸਿਰਫ 'ਹਰ ਮਸਾਲੇ ਪਿਪਲਾਮੂਲ' ਮੁਹਾਵਰੇ ਵਿਚ ਹੀ ਇਹ ਸ਼ਬਦ ਰਹਿ ਗਿਆ ਹੈ ਤੇ ਲਗਦੇ ਹੱਥ ਦੱਸ ਦਿਆਂ ਕਿ ਆਮ ਸਮਝ ਤੋਂ ਉਲਟ ਪਿਪਲਾਮੂਲ ਪਿੱਪਲ ਦਰਖਤ ਦੀ ਜੜ੍ਹ ਨਹੀਂ ਬਲਕਿ ਪਿਪਲਾ ਵੇਲ ਦੀ ਜੜ੍ਹ ਹੈ। ਮੈਨੂੰ ਸ਼ੱਕ ਹੈ, ਅੱਜ ਦੀ ਪੀੜੀ ਨੂੰ ਨਾ ਇਸ ਮੁਹਾਵਰੇ ਬਾਰੇ ਕੁਝ ਪਤਾ ਹੈ ਤੇ ਨਾ ਇਸ ਸ਼ੈਅ ਬਾਰੇ। ਪਰ ਆਪਣੀ ਚੜ੍ਹਤ ਸਮੇਂ ਇਹ ਕੋਈ ਨਿੱਕੀ ਮੋਟੀ ਚੀਜ਼ ਨਹੀਂ ਸੀ। ਭਾਰਤੀ ਪਿਪਲਾ ਪ੍ਰਾਚੀਨ ਯੁੱਗ ਵਿਚ ਯੂਨਾਨ ਵਿਚ ਚਲੇ ਗਿਆ ਜਿਥੇ ਇਸਨੇ peperi ਦਾ ਰੂਪ ਲਿਆ। ਫਿਰ ਜਦ ਰੋਮਨਾਂ ਦੀ ਭੂਮਧ ਸਾਗਰ ਦੁਆਲੇ ਹਕੂਮਤ ਹੋਈ ਤਾਂ ਯੂਨਾਨੀਆਂ ਦੀ ਤਰ੍ਹਾਂ ਉਨ੍ਹਾਂ ਨੇ ਵੀ ਭੋਜਨਾਂ ਵਿਚ ਇਸ ਨੂੰ ਸ਼ਾਮਿਲ ਕੀਤਾ ਪਰ ਉਨ੍ਹਾਂ ਦੀ ਭਾਸ਼ਾ ਲਾਤੀਨੀ 'ਚ ਸ਼ਬਦ ਬਣ ਗਿਆ piper.

ਪੁਰਾਣੇ ਜ਼ਮਾਨੇ 'ਚ ਯੂਰਪ ਭਾਰਤੀ ਮਸਾਲਿਆਂ ਪਿਛੇ ਸ਼ੈਦਾਈ ਹੋਇਆ ਫਿਰਦਾ ਸੀ। ਭਾਰਤੀ ਉਪਮਹਾਦੀਪ ਵਿਚ ਯੂਰਪੀਅਨਾਂ ਦੀ ਰੁਚੀ ਦਾ ਅੱਧਾ ਕਾਰਨ ਭਾਰਤੀ ਮਸਾਲੇ ਹੀ ਸਨ। ਕਾਲੀ ਮਿਰਚ ਕੇਰਲਾ ਦੇ ਮਾਲਾਬਾਰ ਘਾਟਾਂ 'ਤੇ ਹੁੰਦੀ ਸੀ। ਇਤਿਹਾਸਕਾਰਾਂ ਦਾ ਅਨੁਮਾਨ ਹੈ ਕਿ ਇਹ ਮਿਰਚ ਭਾਰਤ ਤੋਂ ਯੂਰਪੀ ਦੇਸ਼ਾਂ ਵਿਚ ਪਿਪਲਾ ਨਾਲੋਂ ਪਿੱਛੜ ਕੇ ਗਈ ਕਿਉਂਕਿ ਰੋਮਨਾਂ ਨੇ ਆਪਣੀ ਭਾਸ਼ਾ ਵਿਚ ਦੋਨੋਂ ਚੀਜ਼ਾਂ ਲਈ piper ਨਾਂ ਦਿਤਾ ਜੋ 'ਪਿਪਲਾ' ਦਾ ਵਿਗੜਿਆ ਰੂਪ ਹੈ। ਹਾਂ, ਫਰਕ ਪਾਉਣ ਲਈ ਇਕ ਦੇ ਅੱਗੇ ਕਾਲਾ ਤੇ ਦੂਜੀ ਦੇ ਅੱਗੇ ਲੰਮਾ ਵਿਸ਼ੇਸ਼ਣ ਲਾ ਦਿੱਤੇ ਕਿਉਂਕਿ ਪਿਪਲੇ ਦਾ ਫਲ ਲੰਬੂਤਰਾ ਹੁੰਦਾ ਹੈ। ਏਹੀ ਸ਼ਬਦ ਅੰਗਰੇਜ਼ੀ ਵਿਚ ਜਾ ਕੇ ਕ੍ਰਮਵਾਰ long pepper (Piper longum) ਅਤੇ black pepper (Piper nigrum) ਅਖਵਾਏ। ਦਰਅਸਲ 'ਪਿਪਲਾ' ਅਤੇ 'ਕਾਲੀ ਮਿਰਚ' ਇਕੋ ਜੱਦ (piperacea) ਦੇ ਪੌਦੇ ਹਨ। ਵਾਰਿਸ ਸ਼ਾਹ ਨੇ ਹੀਰ ਦੇ ਨੱਕ ਦੀ ਤੁਲਨਾ ਪਿਪਲਾ ਨਾਲ ਕੀਤੀ ਹੈ:

ਹੋਠ ਸੁਰਖ ਯਾਕੂਤ ਜਿਉਂ ਲਾਲ ਚਮਕਣ,
ਠੋਡੀ ਸੇਬ ਵਲਾਇਤੀ ਸਾਰ ਵਿਚੋਂ।
ਨੱਕ ਅਲਫ ਹੁਸੈਨੀ ਦਾ ਪਿਪਲਾ ਸੀ,
ਜ਼ੁਲਫ ਨਾਗ ਖ਼ਜ਼ਾਨੇ ਦੀ ਬਾਰ ਵਿਚੋਂ।

ਪਰ ਯੂਰਪ ਦੀ ਮੰਡੀ ਵਿਚ ਬਾਰਵੀਂ ਸਦੀ ਵਿਚ ਕਾਲੀ ਮਿਰਚ ਨੇ ਪਿਪਲਾ ਨੂੰ ਖਦੇੜ ਦਿੱਤਾ। ਈਸਵੀ ਸੰਮਤ ਤੋਂ ਤਿੰਨ ਸਦੀਆਂ ਪਹਿਲਾਂ ਫਰਾਂਸ ਵਿਚ ਪਿਪਲਾ ਦੀ ਕੀਮਤ ਕਾਲੀ ਮਿਰਚ ਨਾਲੋਂ ਚਾਰ ਗੁਣਾ ਸੀ ਪਰ ਸਤਾਰਵੀਂ ਸਦੀ ਦੇ ਸ਼ੁਰੂ ਵਿਚ ਕਾਲੀ ਮਿਰਚ ਦੀ ਕੀਮਤ ਪਿਪਲਾ ਨਾਲੋਂ 12 ਗੁਣਾ ਵਧ ਗਈ ਤੇ ਹੌਲੀ ਹੌਲੀ ਯੂਰਪ 'ਚ ਪਿਪਲਾ ਦੀ ਮੰਗ ਖਤਮ ਹੀ ਹੋ ਗਈ। ਅੱਜ ਭਾਰਤ ਸਮੇਤ ਸ਼ਾਇਦ ਹੀ ਕੋਈ ਪਿਪਲਾ ਨੂੰ ਜਾਣਦਾ ਹੈ, ਕਾਲੀ ਤੇ ਲਾਲ ਮਿਰਚ ਦਾ ਹੀ ਰਾਜ ਹੈ। ਪਿਪਲਾ ਭਾਵੇਂ ਕਾਲੀ ਮਿਰਚ ਨਾਲੋਂ ਵਧੇਰੇ ਤਿੱਖੀ, ਕੁੜਾਂਗੀ ਅਤੇ ਮਿੱਠੀ ਸੀ ਪਰ ਇਸ ਨੂੰ ਕਾਲੀ ਮਿਰਚ ਨਾਲੋਂ ਵਧੇਰੇ ਸੁਆਦੀ ਮੰਨਿਆ ਗਿਆ ਸੀ। ਦਰਅਸਲ ਕੁੜਾਂਗ ਕਾਇਮ ਰੱਖਣ ਲਈ ਪਿਪਲਾ ਦੇ ਫਲ ਨੂੰ ਹਰੇ ਹਰੇ ਤੋੜ ਕੇ ਹੀ ਸੁਕਾਇਆ ਜਾਂਦਾ ਸੀ। ਇਸ ਤਰ੍ਹਾਂ ਇਸ ਵਿਚ ਨਮੀ ਰਹਿ ਜਾਣ ਕਰਕੇ ਦੂਰ ਦੁਰਾਡੇ ਜਹਾਜ਼ਾਂ ਰਾਹੀਂ ਲਿਜਾਂਦਿਆਂ ਉਲੀ ਲੱਗ ਜਾਂਦੀ ਸੀ। ਸੋ, ਸਹਿਜੇ ਸਹਿਜੇ ਕਾਲੀ ਮਿਰਚ ਨੇ ਪੈਰ ਜਮਾ ਲਏ। ਇਹ ਦੁਨੀਆਂ ਭਰ ਦੇ ਪਕਵਾਨ ਵਿਅੰਜਨਾਂ ਅਤੇ ਦਵਾਈਆਂ ਵਿਚ ਵਰਤੀ ਜਾਣ ਲੱਗੀ। ਯੂਰਪ ਵਿਚ ਕਾਲੀ ਮਿਰਚ ਰੱਖਣਾ ਇਕ ਸ਼ਾਨ ਸਮਝੀ ਜਾਂਦੀ ਸੀ। ਵੱਡੇ ਅਹਿਲਕਾਰ ਤੇ ਅਮੀਰ ਲੋਕ ਇਸ ਨੂੰ ਡੱਬੀਆਂ ਵਿਚ ਪਾ ਕੇ ਰੱਖਦੇ ਸਨ ਤੇ ਆਏ-ਗਿਆਂ ਨੂੰ ਡੱਬੀਆਂ ਖੋਲ੍ਹ ਕੇ ਫ਼ਖਰ ਨਾਲ ਦਿਖਾਇਆ ਕਰਦੇ ਸਨ, ਮੇਰੇ ਕੋਲ ਏਨੀਆਂ ਮਿਰਚਾਂ ਹਨ।

ਇਕ ਵੇਲੇ ਇਸ ਦੀ ਕੀਮਤ ਸੋਨੇ ਦੇ ਬਰਾਬਰ ਹੋ ਗਈ ਤੇ ਇਸ ਨੂੰ ਕਾਲਾ ਸੋਨਾ ਕਿਹਾ ਜਾਣ ਲੱਗਾ, ਏਥੋਂ ਤੱਕ ਕਿ ਇਸ ਨੂੰ ਕਰੰਸੀ ਦੇ ਤੌਰ 'ਤੇ ਵਰਤਿਆ ਜਾਣ ਲੱਗਾ। ਇਸ ਨੂੰ ਦਾਜ ਵਿਚ ਦਿੱਤਾ ਜਾਂਦਾ ਸੀ। ਅੱਜ ਇਸ ਦੇ ਅਰਥਾਂ ਵਿਚ ਗਿਰਾਵਟ ਆ ਗਈ ਦਿਸਦੀ ਹੈ ਜਿਸ ਦਾ ਸਬੂਤ peppercorn ਦੇ ਇਕ ਲਾਖਣਿਕ ਅਰਥ, ਚਾਰ ਛਿਲੜ ਯਾਨਿ ਥੋੜੇ ਜਿਹੇ ਪੈਸੇ ਤੋਂ ਲਗਦਾ ਹੈ। peppercorn rent ਦਾ ਭਾਵ ਮਲਕੀਅਤ 'ਤੇ ਦਾਅਵਾ ਕਾਇਮ ਰੱਖਣ ਲਈ ਲਿਆ ਜਾਂਦਾ ਮਾਮੂਲੀ ਕਿਰਾਇਆ ਹੈ। ਪੰਜਵੀਂ ਸਦੀ ਦੇ ਸ਼ੁਰੂ ਵਿਚ ਜਦ ਐਟੀਲਾ ਦੀ ਅਗਵਾਈ ਵਿਚ ਹੂਨਾਂ ਨੇ ਰੋਮ ਨੂੰ ਘੇਰ ਲਿਆ ਤਾਂ ਉਨ੍ਹਾਂ ਨੇ ਛੱਡਣ ਲਈ 3000 ਪੌਂਡ ਕਾਲੀਆਂ ਮਿਰਚਾਂ ਦੀ ਫਿਰੌਤੀ ਮੰਗੀ ਸੀ। ਏਨੀ ਕੀਮਤੀ ਚੀਜ਼ ਹੋਣ ਕਾਰਨ ਇਸ ਵਿਚ ਹੋਰ ਮਿਲਦੇ-ਜੁਲਦੇ ਬੀਜਾਂ ਤੇ ਨਿਕ-ਸੁਕ ਦੀ ਮਿਲਾਵਟ ਵੀ ਹੋਣ ਲੱਗੀ।

ਪਰ ਓੜਕ ਮੈਕਸੀਕੋ ਦੀ ਚਿਲੀ ਨੇ ਕੌੜ-ਦੌੜ ਵਿਚ ਕਾਲੀ ਮਿਰਚ ਦੀ 'ਸੀ-ਸੀ' ਕਰਾ ਦਿੱਤੀ। ਕੋਲੰਬਸ ਨੇ ਜਦ ਇਸ ਨੂੰ ਦੱਖਣੀ ਅਮਰੀਕਾ ਵਿਚ ਦੇਖਿਆ ਤਾਂ ਇਸ ਨੂੰ pepper ਹੀ ਸਮਝਿਆ ਤੇ ਕਿਹਾ ਕਿਉਂਕਿ ਇਹ ਕਾਲੀ ਮਿਰਚ ਦੀ ਤਰ੍ਹਾਂ ਕੌੜੀ ਸੀ। ਅੱਜ ਇਸ ਨੂੰ ਅੰਗਰੇਜ਼ੀ ਵਿਚ chili, pepper ਜਾਂ chili pepper ਕਿਹਾ ਜਾਂਦਾ ਹੈ। ਇਸਦਾ ਵਿਗਿਆਨਕ ਨਾਂ capsicum ਹੈ ਤੇ ਬਨਸਪਤੀ-ਵਿਗਿਆਨ ਅਨੁਸਾਰ ਇਸ ਦਾ ਪੈਪਰਾਂ-ਸ਼ੈਪਰਾਂ ਨਾਲ ਦੂਰ ਦਾ ਵੀ ਵਾਸਤਾ ਨਹੀਂ। ਇਹ ਯੂਰਪ ਵਿਚ ਸੌਖੀ ਤਰ੍ਹਾਂ ਉਗ ਸਕਦੀ ਸੀ। ਸਪੇਨ ਤੋਂ ਪੁਰਤਗਾਲ ਗਈ ਤਾਂ ਪੁਰਤਗੇਜ਼ਾਂ ਨੇ ਆਪਣੇ ਰਾਜ ਦੌਰਾਨ ਇਸਨੂੰ ਭਾਰਤ ਭੇਜ ਦਿੱਤਾ। ਇਸ ਤਰ੍ਹਾਂ ਭਾਰਤ ਵਿਚ ਆਖਰ ਵੱਡੇ ਘਰ ਅਰਥਾਤ ਯੂਰਪ ਅਮਰੀਕਾ ਦੀ ਮਿਰਚ ਨੇ (ਕਾਲੀ) ਮਿਰਚ ਦਾ ਨਾਂ ਖੋਹ ਲਿਆ। ਭਾਰਤ ਤੋਂ ਤੁਰ ਕੇ ਇਹ ਮਿਰਚ ਮਧ ਏਸ਼ੀਆ, ਤੁਰਕੀ ਤੋਂ ਹੁੰਦੀ ਹੋਈ ਹੰਗਰੀ ਪਹੁੰਚ ਗਈ ਜਿਥੇ ਇਹ 'ਪਾਪਰਿਕਾ' ਅਖਵਾਈ। ਹੁਣ ਤਾਂ ਇਸ ਦੀਆਂ ਕਿਸਮਾਂ ਹੀ ਬੇਸ਼ੁਮਾਰ ਹਨ। ਉਤਰੀ ਭਾਰਤ ਵਿਚ 'ਸ਼ਿਮਲਾ ਮਿਰਚ' ਤੇ ਅਮਰੀਕਾ ਵਿਚ 'ਬੈਲ ਪੈਪਰ' ਅਖਵਾਉਂਦੀ ਇਕ ਕਿਸਮ ਤਾਂ ਹੁਣ ਸੁਆਦ ਤੇ ਆਕਾਰ ਪੱਖੋਂ ਮਿਰਚ ਲਗਦੀ ਹੀ ਨਹੀਂ ਇਸ ਲਈ ਇਸਨੂੰ sweet pepper ਵੀ ਕਿਹਾ ਜਾਂਦਾ ਹੈ।

ਦੁਨੀਆਂ ਭਰ ਦੀਆਂ ਬੋਲੀਆਂ 'ਚ ਇਨ੍ਹਾਂ ਕੌੜੇ ਫਲਾਂ ਲਈ 'ਪਿਪਲਾ' ਤੋਂ ਹੀ ਵਿਗੜੇ ਹੋਏ ਸ਼ਬਦ ਪ੍ਰਚਲਤ ਹਨ ਪਰ ਫਰਕ ਪਾਉਣ ਲਈ ਕਾਲਾ ਜਾਂ ਵੱਡਾ ਵਿਸ਼ੇਸ਼ਣ ਲਾ ਦਿੱਤੇ ਹਨ। ਐਪਰ ਭਾਰਤੀ ਬੋਲੀਆਂ ਨੇ ਵਖਰੇ ਸ਼ਬਦ ਕਾਇਮ ਰੱਖੇ ਹਨ ਜਿਵੇਂ ਕਾਲੀ ਮਿਰਚ ਨੂੰ ਉਰਦੂ ਵਿਚ 'ਪਿਪਲ' ਅਤੇ 'ਪਿਪਲਾ' ਲਈ ਬਰਾਸਤਾ ਅਰਬੀ 'ਫਿਲਫਿਲ'; ਗੁਜਰਾਤੀ ਵਿਚ 'ਪੀਪਰੀ' ਤੇ 'ਮਰੀ', ਅਤੇ ਮਰਾਠੀ ਵਿਚ 'ਪਿਪਲ਼ੀ' ਤੇ 'ਮਿਰੇ', ਪੰਜਾਬੀ ਵਿਚ 'ਪਿਪਲਾ'/'ਮਘਾਂ' ਅਤੇ 'ਕਾਲੀ ਮਿਰਚ' ਕਿਹਾ ਜਾਂਦਾ ਹੈ। ਸੰਸਕ੍ਰਿਤ ਵਿਚ ਤਾਂ ਦੋਵਾਂ ਲਈ



ਪਿਪਲਾ ਜਾਂ ਮਘਾਂ

ਅਨੇਕਾਂ ਨਾਂ ਹਨ ਜਿਵੇਂ ਪਿਪਲਾ ਲਈ ਉਸ਼ਨ, ਏਰੰਡਾ, ਕਟੀ, ਕਟੂਮੂਲ, ਕੁਕਰਾ, ਮਾਗਧ (ਜਿਸ ਤੋਂ ਪੰਜਾਬੀ ਮਘਾਂ ਬਣਿਆ) ਅਤੇ ਕਾਲੀ ਮਿਰਚ ਲਈ ਉਲਾਘ, ਊਸ਼ਣ, ਕ੍ਰਿਸ਼ਣ, ਕੋਲ, ਚੰਦਰਕ, ਤੀਖਣ, ਮਰਿਚ, ਮਰੀਚ, ਵਲਿਤ ਆਦਿ। ਇਨ੍ਹਾਂ ਦੋਨਾਂ ਮਸਾਲਿਆਂ ਵਿਚ ਸੁੰਢ ਪਾ ਕੇ ਆਯੁਰਵੈਦਿਕ ਔਸ਼ਧੀ ਬਣਾਈ ਜਾਂਦੀ ਹੈ ਜਿਸ ਨੂੰ ਤਿਰਕੁਟਾ ਕਿਹਾ ਜਾਂਦਾ ਹੈ।

## ਸੰਪਾਦਕ ਦੀ ਡਾਕ

# ਕਿੰਨਾ ਸੱਚ ਹੈ 'ਮੈਂ ਪਾਪੜਿਆਂ ਤੋਂ ਨੱਸਨਾ ਹਾਂ' ਵਿਚ

'ਪੰਜਾਬ ਟਾਈਮਜ਼' ਦੇ ਪਿਛਲੇ ਅੰਕ 'ਚ ਹਰਜਿੰਦਰ ਕੰਗ ਦਾ ਲੇਖ 'ਮੈਂ ਪਾਪੜਿਆਂ ਤੋਂ ਨੱਸਨਾ ਹਾਂ' ਪੜ੍ਹਿਆ ਤਾਂ ਲੱਗਿਆ ਜਿਵੇਂ ਉਸ ਨੇ ਅਮਰੀਕਾ ਵਸਦੇ ਬਹੁਤ ਸਾਰੇ ਸੁਹਿਰਦ ਪੰਜਾਬੀਆਂ ਦੇ ਮਨ ਦੀ ਗੱਲ ਕਹਿ ਦਿੱਤੀ ਹੋਵੇ। ਮੈਂ ਕਈ ਸਾਲਾਂ ਤੋਂ 6 ਮਹੀਨੇ ਅਮਰੀਕਾ ਰਹਿੰਦਾ ਹਾਂ ਤੇ 6 ਮਹੀਨੇ ਆਪਣੇ ਦੇਸ਼। ਮੈਂ ਸਮਝਨਾ ਆਂ ਕਿ ਇਹ ਭੀੜ ਤੇ ਹੜਬੜਾਹਟ ਵਾਲੀ ਗੱਲ ਇਥੇ ਅਮਰੀਕੀ ਸਮਾਜ ਦੇ ਹਰ ਸ਼ੋਹਬੇ 'ਚ ਪੰਜਾਬੀ ਸਮਾਜ ਵਾਂਗ ਹਾਵੀ ਨਹੀਂ ਹੈ। ਮੈਂ ਇਥੇ ਵਸਦੇ ਜੱਦੀ ਅਮਰੀਕੀ, ਅਮਰੀਕੀ-ਅਫਰੀਕਨ, ਅਮਰੀਕੀ-ਮੈਕਸੀਕਨ ਜਾਂ ਅਮਰੀਕੀ-ਏਸ਼ੀਅਨ ਸਮਾਜਾਂ ਨੂੰ ਇਸ ਅਲਾਮਤ ਪੱਖੋਂ ਬੜੇ ਗਹੁ ਨਾਲ ਵਾਚਣ ਦੀ ਕੋਸ਼ਿਸ਼ ਕਰਦਾ ਹਾਂ। ਉਨ੍ਹਾਂ 'ਚ ਸਾਡੇ ਅਮਰੀਕੀ-ਪੰਜਾਬੀ ਸਮਾਜ ਵਾਂਗ 'ਆਪੂੰ ਬਣੇ ਚੌਧਰੀਆਂ' ਦੀ ਏਨੀ ਚੜ੍ਹਤ ਨਹੀਂ ਹੈ। ਮੈਨੂੰ ਨਹੀਂ ਲੱਗਾ ਕਿ ਪਾਪੜੇ ਇਨ੍ਹਾਂ ਸਮਾਜਾਂ 'ਚ ਵੀ ਸਾਡੇ ਸਮਾਜ ਵਾਂਗ ਦਗੜ-ਦਗੜ ਕਰਦੇ ਫਿਰਦੇ ਹਨ। ਜਿੱਥੋਂ ਤੱਕ ਭਾਰਤੀ ਪੰਜਾਬ ਦਾ ਸਬੰਧ ਹੈ, ਉਥੇ ਵੀ ਐਸੇ ਜਰਨੈਲ ਹਰ ਖਿਤੇ 'ਚ ਹੱਥਅਜਮਾਈ ਤਾਂ ਕਰਦੇ ਹਨ ਪਰ ਜਦੋਂ ਪ੍ਰਵਾਨ ਨਹੀਂ ਹੁੰਦੇ ਤਾਂ ਸ਼ਰਮੋ-ਕੁਸ਼ਰਮੀ ਆਪਣੇ ਅੰਦਰ ਝਾਤੀ ਮਾਰ ਲੈਂਦੇ ਹਨ ਤੇ ਆਪਣੀ ਆਨੇ ਵਾਲੀ ਥਾਂ 'ਤੇ ਜਾ ਬਹਿੰਦੇ ਹਨ। ਉਦਾਹਰਣ ਵਜੋਂ ਜੇ ਕੋਈ ਲੇਖਕ ਹੈ ਤਾਂ ਆਪਣੀ ਕਿਤਾਬ ਆਪ ਛਪਵਾ ਕੇ ਮੁਫਤ ਵੰਡ ਲੈਂਦਾ ਹੈ, ਜੇ ਕੋਈ ਗਾਇਕ ਹੈ ਤਾਂ ਆਪਣੇ ਘਰੇਲੂ ਪ੍ਰੋਗਰਾਮਾਂ 'ਚ ਆਪਣਾ ਝੱਸ ਪੂਰਾ ਕਰ ਲੈਂਦਾ ਹੈ ਤੇ ਜੇ ਕੋਈ ਬੁਲਾਰਾ ਹੈ ਤਾਂ ਦੋਸਤਾਂ, ਰਿਸ਼ਤੇਦਾਰਾਂ ਦੇ ਵਿਆਹ-ਸਾਹਿਆਂ ਜਾਂ ਪਿੰਡ ਦੇ ਮੈਚਾਂ 'ਚ ਆਪਣਾ ਅਮਲ ਪੂਰਾ ਕਰ ਲੈਂਦਾ ਹੈ। ਪਰ ਇਥੇ ਵਾਂਗ ਸ਼ਹਿਰ ਦੇ ਵੱਡੇ ਜਨਤਕ ਪ੍ਰੋਗਰਾਮਾਂ 'ਚ ਪੂਰੇ ਸ਼ਹਿਰ ਦੇ ਸਰੋਤਿਆਂ ਨੂੰ ਦੋਜ਼ਖ 'ਚ ਨਹੀਂ ਪਾ ਸਕਦਾ। ਇਸਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਇਥੇ ਸਰੋਤਿਆਂ, ਦਰਸ਼ਕਾਂ ਤੇ ਪਾਠਕਾਂ ਕੋਲ ਕੋਈ ਆਪਸ਼ਨ ਨਹੀਂ ਹੁੰਦੀ, ਸਮਾਂ ਹੁੰਦਾ ਹੈ, ਹਫਤੇ ਦੇ ਆਖਰੀ ਦੋ ਦਿਨ।

ਸਧਾਰਣ ਬੁੱਧੀ ਦੇ ਬੰਦੇ ਕੋਲ ਥੋੜ੍ਹਾ ਜਿਹਾ ਪੈਸਾ ਹੋਵੇ ਜਾਂ ਪੈਸੇ ਵਾਲਿਆਂ ਦਾ ਸਾਥ ਹੋਵੇ ਤਾਂ ਹੀਰੋ ਬਣਨ ਲਈ ਕਾਫੀ ਹੈ, ਭਾਵੇਂ ਟੋਭੇ ਦਾ ਹੀ ਸਹੀ। ਇਥੋਂ ਦੇ ਮੁਕਾਬਲੇ 'ਤੇ ਭਾਰਤੀ ਪੰਜਾਬ 'ਚ ਚੰਗੇ ਪ੍ਰੋਗਰਾਮ ਮਿਲਣ ਦਾ ਕਾਰਨ ਹੈ ਕਿ ਉਥੇ ਆਪਸ਼ਨ ਹੈ। ਚੰਗੇ ਕਲਾਕਾਰ ਤੇ ਮਿਸ਼ਨ ਨੂੰ ਪ੍ਰਣਾਏ ਅਦਾਰੇ ਹਨ। ਉਥੇ ਤੁਸੀਂ ਕਵੀ ਦਰਬਾਰ 'ਚ ਪਾਤਰ ਤੇ ਪ੍ਰਮਿੰਦਰਜੀਤ ਨੂੰ ਸੁਣ ਸਕਦੇ ਹੋ, ਗੁਰਸ਼ਰਨ, ਕੰਵਲ ਧਾਲੀਵਾਲ, ਅਜਮੇਰ ਔਲਖ ਦੇ ਨਾਟਕ ਵੇਖ ਸਕਦੇ ਹੋ। ਮਿਸ਼ਨ ਨੂੰ ਪ੍ਰਣਾਈਆਂ ਜਥੇਬੰਦੀਆਂ ਤੇ ਅਦਾਰਿਆਂ ਦੇ ਸੈਮੀਨਾਰਾਂ 'ਚ ਮਾਹਰਾਂ ਦੇ ਵਿਚਾਰ ਸੁਣ ਸਕਦੇ ਹੋ, ਸੋਵੀਨਾਰਾਂ 'ਚ ਸੋਮਾ ਚੌਧਰੀ, ਅਰੁੰਧਤੀ ਰਾਏ, ਪ੍ਰਫੁੱਲ ਬਿਦਵਈ ਜਾਂ ਜੋਗਿੰਦਰ ਯਾਦਵ ਵਰਗਿਆਂ ਦੇ ਲੇਖ ਪੜ੍ਹ ਸਕਦੇ ਹੋ। ਇਥੇ ਤਾਂ ਪ੍ਰਬੰਧਕਾਂ ਬਿਨਾਂ ਕਿਸੇ ਲਈ ਸਪੇਸ ਹੀ ਨਹੀਂ ਬਣਦੀ।

ਕੰਗ ਅਨੁਸਾਰ ਇਹ ਸਭ ਘੜਮੱਸ ਹਰ ਜੀਅ ਦੀ ਹੀਰੋ ਬਣਨ ਦੀ ਬਹੁਤ ਉਤਸੁਕਤਾ ਭਰੀ ਰੀਝ 'ਚੋਂ ਪੈਦਾ ਹੋਈ ਹੈ ਤੇ ਗੱਲ ਹੈ ਵੀ ਦਰੁਸਤ। ਭਲਾ ਕੌਣ ਨਹੀਂ ਚਾਹੇਗਾ ਕਿ ਨਾਇਕ ਦੀ ਕਲਗੀ ਸਿਰ ਤੇ ਸਜਾਉਣਾ, ਜਦੋਂ ਬਿਨਾਂ ਕੋਈ ਕਾਰਨਾਮਾ ਕੀਤੇ ਇਹ ਕਲਗੀ ਹਾਸਲ ਹੋ ਸਕਦੀ ਹੋਵੇ। ਥੋੜ੍ਹੇ-ਬਹੁਤੇ ਪੈਸੇ-ਧੇਲੇ ਦੀ ਤਾਂ ਹੀ ਲੋੜ ਹੈ। ਭਾਵੇਂ ਨਾਇਕੀ ਦੀ ਦੁਨੀਆਂ ਬੜੀ ਛੋਟੀ ਹੀ ਕਿਉਂ ਨਾ ਹੋਵੇ। ਹੁਣ ਤਾਂ ਪੈਸੇ ਨਾਲ ਲੋਕਾਂ 'ਚ ਆਪਣੇ ਨਿੱਜੀ ਮਹਿਮਾਨ ਨੂੰ ਜਨਤਕ ਮਹਿਮਾਨ ਬਣਾਉਣ ਦਾ ਰਿਵਾਜ ਵੀ ਸ਼ੁਰੂ ਹੋ ਗਿਆ ਹੈ ਭਾਵੇਂ ਉਹ ਆਪਣੇ ਇਲਾਕੇ ਦਾ ਥਾਣੇਦਾਰ ਹੈ ਜਾਂ ਪਿੰਡ ਦਾ ਸਰਪੰਚ ਹੈ ਤੇ ਭਾਵੇਂ ਇਲਾਕੇ ਦਾ ਸਿਆਸੀ ਲੀਡਰ ਹੈ।

ਇਸ ਸਾਰੀ ਕੁਆਲਿਟੀ ਦੇ ਵਿਗਾੜ ਦਾ ਕਾਰਨ ਇਥੇ ਛਪਦੇ ਪੰਜਾਬੀ ਅਖਬਾਰ ਹਨ ਤੇ ਸੋਨੇ ਤੇ ਸੁਹਾਗਾ ਕਿ ਉਹ ਮੁਫਤ ਮਿਲਦੇ ਹਨ। ਅਜਿਹੇ ਹਾਲਾਤ ਵਿਚ ਜੇ ਕੋਈ ਅਖਬਾਰ ਸੰਕੋਚ ਵੀ ਕਰਨਾ ਚਾਹੇ ਤਾਂ ਜਣੇ-ਖਣੇ ਵਲੋਂ ਕੱਢੇ ਗਏ ਅਖਬਾਰ ਅਜਿਹਾ ਕਰਨ ਨਹੀਂ ਦਿੰਦੇ। ਸਾਡੇ ਟੀ.ਵੀ. ਸ਼ੋਅ ਵੀ ਇਸ ਕੰਮ 'ਚ ਬਹੁਤਾ ਪਿੱਛੇ ਨਹੀਂ। ਸਧਾਰਣ ਬੰਦਾ ਜਦੋਂ ਆਪਣੇ ਆਪ ਨੂੰ ਪ੍ਰਿੰਟ ਮੀਡੀਏ ਜਾਂ ਬਿਜਲਈ ਮੀਡੀਏ 'ਚ ਵੇਖਦਾ ਹੈ ਤਾਂ ਫੁੱਲਿਆ ਨਹੀਂ ਸਮਾਉਂਦਾ। ਉਸਨੂੰ ਆਪਣਾ-ਆਪ ਖਾਸ ਲੱਗਣ ਲੱਗ ਜਾਂਦਾ ਹੈ, ਉਸੇ ਨੂੰ ਆਮ ਬੋਲੀ 'ਚ ਚੌਧਰੀ ਜਾਂ ਨਾਇਕ ਕਹਿੰਦੇ ਹਨ। ਅਮਰੀਕਾ 'ਚ ਜਿਵੇਂ ਹੋਰ ਕਿੱਤਿਆਂ 'ਚ ਪ੍ਰਵੇਸ਼ ਕਰਨ ਲਈ ਰਜ਼ਿਊਮ ਮੰਗਿਆ ਜਾਂਦਾ ਹੈ ਤੇ ਇੰਟਰਵਿਊ ਲਈ ਜਾਂਦੀ ਹੈ। ਨਵਾਂ ਅਖ਼ਬਾਰ ਜਾਂ ਨਵਾਂ ਟੀ ਵੀ ਸ਼ੋਅ ਜਾਂ ਰੇਡੀਓ ਸ਼ੁਰੂ ਕਰਨ ਲਈ ਭਾਵੇਂ ਉਹ ਪੰਜਾਬੀ ਦਾ ਹੈ, ਇਸੇ ਤਰ੍ਹਾਂ ਦਾ ਪ੍ਰਬੰਧ ਹੋਵੇ ਤਾਂ ਅਖ਼ਬਾਰ, ਟੀ.ਵੀ. ਆਦਿ ਵੱਧ ਜ਼ਿੰਮੇਵਾਰੀ ਨਾਲ ਕੰਮ ਕਰਨਗੇ। ਕੋਈ ਪਬਲਿਸ਼ਿੰਗ ਬੋਰਡ ਆਦਿ ਹੋਵੇ ਜੋ ਪੁੱਛੇ, "ਭਾਈ ਜੀ, ਕੋਈ ਜਰਨਲਿਜ਼ਮ ਦੀ ਡਿਗਰੀ ਹੈ ਤਾਂ ਵਿਖਾਓ? ਜੇ ਧਰਤੀ ਦੇ ਕਿਸੇ ਹਿੱਸੇ 'ਚ ਕਿਸੇ ਟੀ.ਵੀ., ਰੇਡੀਓ ਜਾਂ ਅਖਬਾਰ, ਰਸਾਲੇ ਨਾਲ ਕੰਮ ਕੀਤਾ ਹੈ ਤਾਂ ਮਿਹਰਬਾਨੀ ਕਰਕੇ ਉਹ ਵੀ ਸਾਡੀ ਨਜ਼ਰ ਕਰੋ?"

ਪਰ ਜੇ ਅਸੀਂ ਇਸ ਦ੍ਰਿਸ਼ਟੀਕੋਣ ਤੋਂ ਵੇਖੀਏ ਕਿ ਇਹ ਜੋ ਮਿਲ ਰਿਹਾ ਹੈ, ਇਹ ਵੀ ਨਾ ਹੋਵੇ ਤੇ ਇਹ ਮੇਲੇ, ਦਿਨ, ਤਿਉਹਾਰ ਜਿਵੇਂ ਮਨਾਏ ਜਾਂਦੇ ਨੇ, ਭਾਵੇਂ ਆਪੋ ਆਪਣੀ ਮਸ਼ਹੂਰੀ ਲਈ ਹੀ ਸਹੀ, ਨਾ ਹੋਣ ਤਾਂ ਮੇਰਾ ਖਿਆਲ ਹੈ ਸੱਤ ਸਮੁੰਦਰੋਂ ਪਾਰ ਬੈਠੇ ਅਸੀਂ ਤਾਂ ਆਫਰ ਜਾਵਾਂਗੇ। ਸੋ ਜਿਹੜੇ ਲੋਕ ਇਨ੍ਹਾਂ ਕੰਮਾਂ 'ਚ ਲੱਗੇ ਹੋਏ ਹਨ, ਉਹ ਇਸ ਭੀੜ ਨੂੰ ਗੁਣਾਤਮਿਕ ਭੀੜ 'ਚ ਬਦਲਣ ਦੀ ਕੋਸ਼ਿਸ਼ ਕਰਨ ਤਾਂ ਕਿ ਆਉਣ ਵਾਲੀ ਪੰਜਾਬੀ ਪੀੜ੍ਹੀ ਦੇ ਪੰਜਾਬੀ ਸਮਾਜ ਤੇ ਸਭਿਆਚਾਰ ਬਾਰੇ ਚੰਗੇ ਟੇਸਟ ਬਣਨ। ਉਨ੍ਹਾਂ ਨੂੰ ਆਪਣੇ ਸਭਿਆਚਾਰ ਬਾਰੇ ਚੰਗਾ ਵੇਖਣ ਤੇ ਸੁਣਨ ਦੀ ਆਦਤ ਪੈ ਜਾਵੇ। ਦੂਜਾ ਜਿਵੇਂ ਇਥੇ ਸਾਡਾ ਮੀਡੀਆ ਹਰ ਚੰਗੇ-ਮਾੜੇ ਲੇਖਕ, ਕਲਾਕਾਰ, ਸਮਾਜ ਸੇਵੀ ਨੂੰ ਇਕੋ ਜਿਹੀਆਂ ਸ਼ੀਰਨੀਆਂ ਵੰਡ ਰਿਹਾ ਹੈ ਤੇ ਕਈ ਵਾਰ ਸਾਰੀਆਂ ਸ਼ੀਰਨੀਆਂ ਫਾਈਨਾਂਸਰਾਂ ਦੀ ਝੋਲੀ ਹੀ ਪਾ ਦਿੰਦਾ ਹੈ, ਇਸ ਨਾਲ ਵੰਨਗੀ ਸੁਧਰਨ ਨਾਲੋਂ ਵਿਗੜੇਗੀ ਵਧੇਰੇ।

-ਸ਼ੈਰੀ ਸੰਧੂ, ਨਿਊ ਯਾਰਕ

# ਗੱਲ ਹਜਮ ਨਹੀਂ ਹੁੰਦੀ

ਸਮੇਂ-ਸਮੇਂ ਤੇ ਵੱਖਰੀ ਵਿਚਾਰਧਾਰਾ ਦੇ ਲੇਖ ਲੇਖਕਾਂ ਦੇ ਆਪਸੀ ਵਿਚਾਰ-ਵਟਾਂਦਰੇ ਲਈ ਛਪਣਾ ਭਵਿੱਖ ਦੀ ਇਕਸੁਰਤਾ ਦੀ ਉਮੀਦ ਲਈ ਚੰਗੀ ਪਿਰਤ ਹੈ। ਪੰਜਾਬ ਟਾਈਮਜ਼ ਦੇ 11 ਸਤੰਬਰ ਦੇ ਅੰਕ ਵਿਚ ਛਪੇ ਲੇਖ ਵਿਚ ਡਾ. ਹਰਭਜਨ ਸਿੰਘ ਦਾ ਤ੍ਰੀਆ-ਚਰਿਤਰ ਦੇ 21-22-23 ਚਰਿਤਰ ਨੂੰ ਗੁਰੂ ਗੋਬਿੰਦ ਸਿੰਘ ਦੀ ਲਿਖਤ ਹੀ ਨਹੀਂ ਸਗੋਂ ਉਨ੍ਹਾਂ ਦੇ ਆਪਣੇ ਨਾਲ ਬੀਤੀ ਘਟਨਾ ਸਾਬਿਤ ਕਰਦਿਆਂ ਕਹਿਣਾ ਕਿ ਇਸ ਤੋਂ ਵਧੀਆ ਉਦਾਹਰਣ ਕੋਈ ਹੋ ਹੀ ਨਹੀਂ ਸਕਦੀ, ਬੜਾ ਅਜੀਬ ਲੱਗਾ। ਇੱਥੋਂ ਤੱਕ ਕਿ ਦਸਮ ਗ੍ਰੰਥ ਦੇ ਪ੍ਰਸ਼ੰਸਕ ਵੀ ਇਸਨੂੰ ਗੁਰੂ ਜੀ ਦੀ ਨਿਜੀ ਜਿੰਦਗੀ ਨਾਲ ਨਹੀਂ ਜੋੜਦੇ ਪਰ ਵਿਦਵਾਨ ਡਾ. ਹਰਭਜਨ ਸਿੰਘ ਨੇ ਕਹਾਣੀ ਵਿਚ ਟਵਿਸਟ ਲਿਆ ਕੇ ਪੱਗ ਉਤਰਵਾਉਣ ਵੇਲੇ ਅਨੂਪ ਕੌਰ ਦਾ ਭਰਾ ਖੜ੍ਹਾ ਕਰ ਦਿੱਤਾ ਹੈ ਜਿਸ ਤਰ੍ਹਾਂ ਉਸਦਾ ਭਰਾ ਲੁਕ ਕੇ ਸੀਨ ਦੇਖ ਰਿਹਾ ਹੋਵੇ ਜਾਂ ਭੈਣ ਦੀ ਸਹਿਮਤੀ ਨਾਲ, ਨਾਲ ਦੇ ਕਮਰੇ ਵਿਚ ਬੈਠਾ ਰੌਲਾ ਪੈਣ ਦੀ ਉਡੀਕ ਕਰ ਰਿਹਾ ਹੋਵੇ। ਧਨਾਢਾਂ ਨੂੰ ਤਾਂ ਲੋਕ ਦੂਰ-ਦੂਰ ਤੱਕ ਜਾਣਦੇ ਹੁੰਦੇ ਹਨ ਪਰ ਅਨੂਪ ਕੌਰ ਦੇ ਭਰਾ ਨੂੰ ਗਵਾਂਢੀਆਂ ਨੇ ਵੀ ਨਾ ਪਛਾਣਿਆ ਸਗੋਂ ਗੁਰੂ ਜੀ ਦੇ ਕਹਿਣ 'ਤੇ ਚੋਰ ਸਮਝ ਕੇ ਫੜ ਲਿਆ ਪਰ ਗੁਰੂ ਜੀ ਵੱਲ ਦੇਖਦੇ ਹੀ ਨਹੀਂ। ਉਹ ਗੂੰਗਾ ਵੀ ਨਹੀਂ ਸੀ। ਲੇਖਕ ਨੇ ਕਿਸੇ ਕਮੇਡੀ ਫਿਲਮ ਦਾ ਸੀਨ ਬਣਾਉਣ ਦੀ ਕੋਸ਼ਿਸ਼ ਕੀਤੀ ਜਾਪਦੀ ਹੈ।

ਸਵਾਲ ਹੈ ਕਿ ਕੀ ਜਾਣੀ ਜਾਣ ਪਿਤਾ ਉਸ ਔਰਤ ਦੇ ਇਰਾਦੇ ਵੀ ਨਹੀਂ ਸੀ ਜਾਣਦੇ ਜਾਂ ਗੁਰੂ ਜੀ ਗੁਰੂ ਨਾਨਕ ਸਾਹਿਬ ਦੀ ਬਾਣੀ ਦੇ ਵਿਰੁਧ ਜਾ ਕੇ ਮੰਤਰਾਂ ਵਿਚ ਵਿਸ਼ਵਾਸ ਕਰਦੇ ਸਨ ਕਿ ਔਰਤ ਦੇ ਇਹ ਕਹਿਣ ਤੇ ਕਿ "ਜੋ ਮੰਤਰ ਤੁਹਾਨੂੰ ਚਾਹੀਦਾ ਹੈ ਉਹ ਮੇਰੇ ਕੋਲ ਹੈ" ਗੁਰੂ ਜੀ ਉਸ ਔਰਤ ਦੇ ਘਰ ਚਲੇ ਗਏ। ਕੀ ਕਿਤੇ ਹੋਰ ਵੀ ਗੁਰ ਇਤਿਹਾਸ ਵਿਚੋਂ ਕੋਈ ਕਹਾਣੀ ਸੁਣੀ ਹੈ। ਅਸੀਂ ਸਮਝਦੇ ਹਾਂ ਕਿ ਨਾ ਤਾਂ ਗੁਰੂ ਜੀ ਅਜਿਹੀਆਂ ਕਹਾਣੀਆਂ ਲਿਖ ਸਕਦੇ ਸਨ ਅਤੇ ਨਾ ਲਿਖਵਾ ਸਕਦੇ ਸਨ।

-ਡਾ. ਗੁਰਮੀਤ ਸਿੰਘ ਬਰਸਾਲ, ਕੈਲੀਫੋਰਨੀਆ, ਫੋਨ:408-209-7072

# ਗੁਰੂ ਗ੍ਰੰਥ ਸਾਹਿਬ ਦਾ ਵਿਸ਼ਵ-ਵਿਆਪੀ ਸੰਦੇਸ਼

**ਡਾ. ਹਰਭਜਨ ਸਿੰਘ**

ਧਰਮ ਤਾਂ ਇੱਕੋ ਹੈ, ਉਸ ਦੇ ਅਨੇਕਾਂ ਪ੍ਰਗਟਾਵੇ ਹਨ। ਗੁਰੂ ਨਾਨਕ ਸਾਹਿਬ ਦੇ ਅਵਤਰਨ ਨਾਲ ਆਦਿ ਕਾਲ ਤੋਂ ਪ੍ਰਵਾਹਿਤ ਅਤੇ ਨਿਰੰਤਰ ਵਿਕਾਸ ਵਲ ਵਧ ਰਹੇ ਧਰਮ ਦੀ ਸੰਪੂਰਨਤਾ ਹੋ ਗਈ, ਕਿਉਂਕਿ ਉਹ ਉਸ ਵਿਕਸਿਤ ਸਮੇਂ ਵਿਚ ਅਵਤ੍ਰਿਤ ਹੋਏ ਸਨ, ਜਦੋਂ ਮਨੁੱਖਤਾ ਨੇ ਸੰਕੁਚਿਤ ਰਾਸ਼ਟਰਵਾਦੀ ਸੋਚਾਂ ਤੋਂ ਉਪਰ ਉਠ ਕੇ ਅੰਤਰਰਾਸ਼ਟਰੀ ਸਰੋਕਾਰਾਂ ਵਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਸੀ। ਲੋਕ ਦੇਸ਼ਾਂ ਦੀਆਂ ਹੱਦਬੰਦੀਆਂ ਤੋਂ ਪਰ੍ਹੇ ਦੂਰ ਤਕ ਵੇਖਣ ਦੇ ਇੱਛੁਕ ਸਨ। ਗੁਰੂ ਹਰਿਗੋਬਿੰਦ ਸਾਹਿਬ ਦੇ ਵਕਤ ਵਿਚ ਹੋਇਆ ਮੁਹਸਿਨਫਾਨੀ ਪਹਿਲਾ ਅਜਿਹਾ ਲੇਖਕ ਸੀ, ਜਿਸ ਨੇ ਵਿਸ਼ਵ ਦੇ ਵੱਖ-ਵੱਖ ਧਰਮਾਂ ਦੀ ਸਮੀਖਿਆ ਕਰਨ ਦਾ ਯਤਨ ਕੀਤਾ ਸੀ। ਉਸ ਦੀ ਪੁਸਤਕ 'ਦਬਿਸਤਾਨੇ-ਮਜ਼ਾਹਿਬ' ਇਸ ਗੱਲ ਦੀ ਸੂਚਕ ਹੈ ਕਿ ਉਸ ਸਮੇਂ ਤੱਕ ਅੰਤਰ-ਰਾਸ਼ਟਰੀਅਤਾਵਾਦ ਦੇ ਵਿਚਾਰ ਦੀ ਆਮਦ ਦੇ ਚਿੰਨ੍ਹ ਪ੍ਰਗਟ ਹੋ ਚੁੱਕੇ ਸਨ। ਅਜਿਹੇ ਸਮੇਂ ਵਿਚ ਸਿੱਖ ਧਰਮ ਦੇ ਉਦਗਮ ਦਾ ਭਾਵ ਸੀ, ਸਾਰੀ ਮਨੁੱਖਤਾ ਲਈ ਸਰਬ-ਸਾਂਝੇ ਧਰਮ ਦਾ ਧਰਤੀ 'ਤੇ ਅਵਤਰਨ। ਇਸ ਕਾਰਨ ਉਹ ਸੰਕੀਰਨ ਦ੍ਰਿਸ਼ਟੀਆਂ ਜੋ ਪੁਰਾਣੇ ਧਰਮਾਂ ਵਿਚ ਹੋਣੀਆਂ ਲਾਜ਼ਮੀ ਸਨ, ਉਨ੍ਹਾਂ ਦਾ ਸਿੱਖ ਮੱਤ ਵਿਚ ਅਭਾਵ ਹੋਣਾ ਅਤੇ ਸਾਰੀ ਮਾਨਵਤਾ ਨੂੰ ਇਕ ਸੂਤਰ ਵਿਚ ਪਰੋਣ ਵਾਲੇ ਵਿਚਾਰਾਂ ਦਾ ਆਗਮਨ ਹੋਣਾ ਇਕ ਸੁਭਾਵਿਕ ਗੱਲ ਸੀ। ਇਸੇ ਕਾਰਨ ਗੁਰੂ ਨਾਨਕ ਦੇਵ ਜੀ ਧਰਤੀ ਦੇ ਕਿਸੇ ਇਕ ਖਿੱਤੇ ਨਾਲ ਨਹੀਂ ਜੁੜੇ, ਸਗੋਂ ਦੂਰ ਦੇਸ਼ਾਂ ਵਿਚ ਗਏ ਅਤੇ ਹਰ ਦੇਸ਼, ਜਾਤ, ਧਰਮ, ਨਸਲ ਅਤੇ ਲਿੰਗ ਦੇ ਵਿਅਕਤੀ ਨੇ ਉਨ੍ਹਾਂ ਦੇ ਧਰਮ ਨੂੰ ਆਦਰ ਦੀ ਦ੍ਰਿਸ਼ਟੀ ਨਾਲ ਵੇਖਿਆ। ਜਦੋਂ ਅਸੀਂ ਅੰਤਰਰਾਸ਼ਟਰੀ ਸਰੋਕਾਰਾਂ ਦੀ ਗੱਲ ਕਰਦੇ ਹਾਂ ਤਾਂ ਭਰਾਤਰੀਭਾਵ, ਵਿਸ਼ਵ-ਭਾਈਚਾਰਾ, ਸੁਤੰਤਰਤਾ, ਸਮਾਨਤਾ, ਵਿਸ਼ਵ-ਸ਼ਾਂਤੀ ਇਸ ਦੇ ਜ਼ਰੂਰੀ ਲੱਛਣ ਮੰਨੇ ਗਏ ਹਨ। ਵਿਸ਼ਵ-ਵਿਆਪੀ ਵਿਚਾਰਧਾਰਾ ਉਹੀ ਹੋ ਸਕਦੀ ਹੈ ਜੋ ਧਰਮ ਆਧਾਰਿਤ ਭੇਦ-ਭਾਵ, ਸੰਕੀਰਨ ਰਾਸ਼ਟਰਵਾਦੀ ਸੋਚ, ਰੰਗ-ਭੇਦ, ਨਸਲ-ਭੇਦ, ਲਿੰਗ-ਭੇਦ, ਆਰਥਿਕ ਅਸੰਤੁਲਨ, ਰਾਜਨੀਤਕ ਆਧਾਰ 'ਤੇ ਕੀਤੇ ਜਾਂਦੇ ਭੇਦ-ਭਾਵ ਦਾ ਨਾ ਸਿਰਫ਼ ਨਿਖੇਧ ਕਰਦੀ ਹੋਵੇ, ਸਗੋਂ ਸਮੂਹ ਧਰਮਾਂ, ਸਾਰੇ ਰਾਸ਼ਟਰਾਂ, ਹਰ ਰੰਗ ਅਤੇ ਨਸਲ ਦੇ ਇਸਤਰੀ-ਪੁਰਖਾਂ, ਵਿਭਿੰਨ ਸੰਸਕ੍ਰਿਤੀਆਂ, ਖਾਣ-ਪੀਣ-ਪਹਿਨਣ ਦੇ ਨਿਆਰੇ ਢੰਗਾਂ ਨੂੰ ਪ੍ਰਵਾਨ ਕਰ ਕੇ ਆਰਥਿਕ ਸਮਾਨਤਾ ਅਤੇ ਰਾਜਨੀਤਕ ਸੁਤੰਤਰਤਾ ਪ੍ਰਤੀ ਸਮਰਪਿਤ ਸਮਰੱਥ ਕੌਮ ਦਾ ਨਿਰਮਾਣ ਕਰ ਸਕੇ। ਇਥੇ ਅਸੀਂ ਇਸੇ ਆਧਾਰ 'ਤੇ ਵਿਚਾਰ ਕਰਨੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਕਿਵੇਂ ਵਿਸ਼ਵ-ਵਿਆਪੀ ਸੋਚ ਦੀ ਪ੍ਰਤੀਨਿਧਤਾ ਕਰਦੀ ਹੈ। ਸਿੱਖ ਧਰਮ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਅਸੀਂ ਕੁਝ ਵੱਡੇ ਧਰਮਾਂ ਦਾ ਬਹੁਤ ਸੀਮਤ ਸਰਵੇਖਣ ਕਰਾਂਗੇ ਕਿ ਉਨ੍ਹਾਂ ਦੀ ਸੋਚ ਕਿਸ ਹੱਦ ਤਕ ਵਿਸ਼ਵ-ਵਿਆਪੀ ਸੀ?

ਯਹੂਦੀਆਂ ਦੀਆਂ ਧਰਮ ਪੋਥੀਆਂ ਵਿਚੋਂ 'ਜ਼ਬੂਰਾਂ ਦੀ ਪੋਥੀ' ਵਿਚ ਮਾਨਵਤਾ ਨੂੰ ਸਦੀਪਕ (ਪ੍ਰਕਾਸ਼ਮਈ) ਜੀਵਨ ਜੀਣ ਦਾ ਰਹੱਸ ਸਮਝਾਉਂਦਿਆਂ 'ਯਹੋਵਾਹ' ਆਖਦਾ ਹੈ:

"ਵੇਖੋ ਕਿੰਨਾ ਚੰਗਾ ਤੇ ਸੋਹਣਾ ਹੈ, ਭਈ ਭਰਾ ਮਿਲ ਜੁਲ ਕੇ ਵੱਸਣ"

'ਕਹਾਵਤਾਂ' ਨਾਮ ਦੀ ਪੋਥੀ ਵਿਚ ਕਿਹਾ ਹੈ:

"ਜਦ ਤੇਰਾ ਵੈਰੀ ਡਿੱਗੇ ਤਾਂ ਤੂੰ ਪ੍ਰਸੰਨ ਨਾ ਹੋਵੀਂ ਅਤੇ ਜੇ ਉਹ ਠੋਕਰ ਖਾਵੇ ਤਾਂ ਤੇਰਾ ਮਨ ਖੁਸ਼ ਨਾ ਹੋਵੇ...।"

ਇਹ ਵਿਚਾਰ ਨਿਸ਼ਚਿਤ ਤੌਰ 'ਤੇ 'ਮਾਨਵਤਾਵਾਦੀ' ਰੁਚੀਆਂ ਨਾਲ ਭਰਪੂਰ ਹਨ, ਪਰ ਯਹੂਦੀ ਲੋਕ ਆਪਣੀ ਕੌਮ ਨੂੰ ਵਿਸ਼ੇਸ਼ ਦਰਜਾ ਦਿੰਦੇ ਹਨ ਅਤੇ ਗੈਰ-ਧਰਮੀ ਲੋਕਾਂ ਨੂੰ ਯਹੂਦੀ ਧਰਮ ਵਿਚ ਪ੍ਰਵੇਸ਼ ਕਰਨ ਦੀ ਆਗਿਆ ਨਹੀਂ ਦਿੰਦੇ।

ਹਜ਼ਰਤ ਈਸਾ ਕਿਹਾ ਕਰਦੇ ਸਨ ਕਿ ਉਹ ਇਸਰਾਈਲ ਦੀਆਂ ਗੁਆਚੀਆਂ ਭੇਡਾਂ ਨੂੰ ਸੰਭਾਲਣ ਵਾਸਤੇ ਆਏ ਹਨ। ਪਵਿੱਤਰ 'ਕੁਰਾਨ' ਦੀ ਦੂਜੀ ਸੂਰਤ ਵਿਚ ਆਇਆ ਹੈ "ਵਿਸ਼ਵਾਸ ਰੱਖੋ ਕਿ ਅਰਬੀ ਨਬੀ ਨੂੰ ਮੰਨਣ ਵਾਲੇ ਹੋਣ ਜਾਂ ਯਹੂਦੀ, ਈਸਾਈ ਹੋਣ ਜਾਂ ਸਾਬੀ, ਜੋ ਭੀ ਅੱਲਾਹ ਅਤੇ ਅੰਤਿਮ ਦਿਨ 'ਤੇ ਈਮਾਨ ਲਿਆਵੇਗਾ ਅਤੇ ਸੱਤਕਰਮ ਕਰੇਗਾ ਉਸ ਦਾ ਪ੍ਰਤੀਦਾਨ ਉਸ ਦੇ ਪ੍ਰਭੂ ਦੇ ਕੋਲ ਹੈ ਅਤੇ ਉਸ ਦੇ ਲਈ ਕਿਸੇ ਸ਼ੋਕ ਅਤੇ ਭੈਅ ਦਾ ਮੌਕਾ ਨਹੀਂ।" ਮਾਨਵੀ ਬਰਾਬਰੀ ਦੇ ਸੰਬੰਧ ਵਿਚ ਹਦੀਸ ਤਿਰਮਿਜ਼ੀ ਦਾ ਕਥਨ ਹੈ, "ਪੈਗ਼ੰਬਰ ਸਾਹਿਬ ਨੇ ਕਿਹਾ, ਮੈਂ ਗਵਾਹੀ ਦਿੰਦਾ ਹਾਂ ਕਿ ਸਭ ਮਨੁੱਖ ਭਰਾ-ਭਰਾ ਹਨ।" ਪਰ ਅਜਿਹੇ ਕਥਨ ਸੀਮਤ ਹੀ ਹਨ। ਮੋਮਿਨ ਅਤੇ ਕਾਫ਼ਿਰ ਦਾ ਪਾੜਾ ਮਾਨਵਤਾ ਦੇ ਹੱਕ ਵਿਚ ਨਹੀਂ ਜਾ ਸਕਦਾ। ਕਾਫ਼ਿਰ ਦਾ ਮਤਲਬ ਅਧਰਮੀ ਨਹੀਂ, ਬਲਕਿ ਗੈਰ-ਮੁਸਲਮਾਨ ਹੈ। ਅੰਦਰਲੀ ਬਰਾਬਰੀ ਤਾਂ ਸ਼ਲਾਘਾਯੋਗ ਹੈ ਪਰ ਇਸ ਵਿਚ ਮਾਨਵਵਾਦੀ ਤੱਤਾਂ ਦੀ ਕਮੀ ਹੈ। ਹਿੰਦੂ ਧਰਮ ਵਿਚ ਸਰਵਾਤਮਵਾਦ ਦਾ ਜ਼ੋਰ ਰਿਹਾ ਹੈ। 'ਈਸ਼ਾਵਾਸਯ' ਉਪਨਿਸ਼ਦ ਕਹਿੰਦਾ ਹੈ:

ਇਸ ਤਰ੍ਹਾਂ, ਜੋ ਵਿਅਕਤੀ ਅੰਤਰਆਤਮਾ ਦੁਆਰਾ ਸਭ ਪ੍ਰਾਣੀਆਂ ਨੂੰ ਆਤਮਾ ਵਿਚ ਦੇਖਦਾ ਹੈ ਅਤੇ ਆਤਮਾ ਨੂੰ ਸਭ ਪ੍ਰਾਣੀਆਂ ਵਿਚ ਦੇਖਦਾ ਹੈ, ਉਹ ਫਿਰ ਕਿਸੇ ਨੂੰ ਘ੍ਰਿਣਾ ਨਹੀਂ ਕਰ ਸਕਦਾ। ਫਿਰ ਵੀ ਦੇਵ ਅਤੇ ਅਦੇਵ ਦਾ ਵਿਚਾਰ, ਵਰਨ ਵਿਵਸਥਾ ਦਾ ਸਮਰਥਨ, ਇਸਤਰੀ ਪ੍ਰਤੀ ਸੰਕੀਰਨ ਸੋਚ ਆਦਿ ਦੇ ਹੁੰਦਿਆਂ ਅਤੇ ਕਿਸੇ ਇਕ ਨਿਸ਼ਚਿਤ ਵਿਚਾਰਧਾਰਾ ਦੇ ਅਭਾਵ ਵਿਚ ਵੈਦਿਕ ਮੱਤ ਨੂੰ ਵਿਸ਼ਵ ਵਿਆਪੀ ਸੋਚ ਦਾ ਪ੍ਰਤੀਨਿਧ ਕਹਿਣਾ ਮੁਸ਼ਕਿਲ ਹੈ। ਬੁੱਧ ਧਰਮ ਅਤੇ ਜੈਨ ਧਰਮ ਦੀਆਂ ਤਿਆਗਵਾਦੀ ਰੁਚੀਆਂ ਅਤੇ ਇਸਤਰੀ ਪ੍ਰਤੀ ਨਜ਼ਰੀਆ ਮਾਨਵਤਾਵਾਦੀ ਸੋਚ ਦੇ ਵਿਰੁਧ ਹੈ, ਕਿਉਂਕਿ ਤਿਆਗਵਾਦੀ ਵਿਚਾਰ ਵਿਕਾਸ ਦੇ ਰਸਤੇ ਦੀ ਰੁਕਾਵਟ ਤਾਂ ਹੈ ਹੀ, ਕੁਦਰਤ ਦੇ ਉਲਟ ਚੱਲਣ ਦਾ ਵੀ ਯਤਨ ਹੈ, ਜੋ ਸੰਭਵ ਨਹੀਂ ਹੋ ਸਕਦਾ। ਇਸਤਰੀ ਨਾ ਕੇਵਲ ਅੱਧੀ ਮਨੁੱਖਤਾ ਹੈ, ਬਲਕਿ ਉਹ ਪੁਰਖ ਦਾ ਅੱਧਾ ਅੰਗ ਹੈ। ਉਸ ਲਈ ਮੁਕਤੀ ਦੇ ਦਰਵਾਜ਼ੇ ਬੰਦ ਕਰਨੇ ਜਾਂ ਉਸ ਨੂੰ ਭਿਕਸ਼ੂ ਸੰਘ ਵਿਚ ਤੁੱਛ ਦਰਜਾ ਦੇਣਾ ਵਿਸ਼ਵਵਿਆਪੀ ਸੋਚ ਨਹੀਂ ਕਹੀ ਜਾ ਸਕਦੀ। ਮਨੁੱਖਾ ਜਾਤੀ ਦੇ ਕਿਸੇ ਵੀ ਵਰਗ ਨੂੰ ਨਜ਼ਰਅੰਦਾਜ਼ ਕਰਨਾ ਉਚਿਤ ਨਹੀਂ।

ਸੋ ਪੂਰੀ ਮਾਨਤਾ ਦੀ ਆਦਰਸ਼ ਅਗਵਾਈ ਕਰਨ ਲਈ ਗੁਰੂ ਨਾਨਕ ਸਾਹਿਬ ਦੁਆਰਾ ਅਜਿਹੇ ਮਾਨਵੀ ਧਰਮ ਦਾ ਆਗਮਨ ਹੋਇਆ, ਜਿਸ ਦਾ ਪ੍ਰਥਮ ਨਾਅਰਾ 'ਨਾ ਕੋਈ ਹਿੰਦੂ ਨਾ ਮੁਸਲਮਾਨ' ਧਾਰਮਿਕ ਭੇਦ-ਭਾਵ ਨੂੰ ਮੂਲੋਂ ਨਕਾਰਦਾ ਸੀ। ਇਸੇ 'ਨਾ ਕੋਈ ਹਿੰਦੂ ਨਾ ਮੁਸਲਮਾਨ' ਦੇ ਵਿਚਾਰ ਦਾ ਅੰਤਿਮ ਫਲ 'ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ' ਦੇ ਵਾਕ ਵਿਚ ਪ੍ਰਗਟ ਹੋਇਆ। ਸ੍ਰੀ ਗੁਰੂ ਨਾਨਕ ਦੇਵ ਬਾਰੇ ਜਨਮ



ਸਾਖੀਆਂ ਵਿਚ ਉਲਿਖਿਤ ਹੋਇਆ ਹੈ ਕਿ ਜਦੋਂ ਸ਼ੇਖ ਆਦੁਮਾਨ ਨੂੰ ਉਬਾਰੇ ਖਾਂ ਨੇ ਗੁਰੂ ਨਾਨਕ ਦੇਵ ਦਾ ਪਰਿਚੈ ਦਿੱਤਾ ਤਾਂ ਆਦੁਮਾਨ ਨੇ ਗੁਰੂ ਨਾਨਕ ਦੇ ਧਰਮ ਬਾਰੇ ਪੁੱਛਿਆ। ਉਬਾਰੇ ਖਾਂ ਨੇ ਕਿਹਾ, "ਉਹ ਹਿੰਦੂ ਅਰ ਮੁਸਲਮਾਨ ਦੋਨੋਂ ਸੇ ਫਾਰਕ (ਫ਼ਾਰਗ) ਹੈ।" ਜਦੋਂ ਸ਼ੇਖ ਸਾਹਿਬ ਨੇ ਗੁਰੂ ਸਾਹਿਬ ਨਾਲ ਮੁਲਾਕਾਤ ਕੀਤੀ ਤਾਂ ਉਸ ਨੇ ਫਿਰ ਪੁੱਛਿਆ, "ਕਹੁ ਤਪਾ ਜੀ, ਤੂੰ ਹਿੰਦੂ ਹੈਂ ਕਿ ਮੁਸਲਮਾਨ" ਤਾਂ ਗੁਰੂ ਨਾਨਕ ਦੇਵ ਨੇ ਕਿਹਾ:

"ਨ ਹਮ ਹਿੰਦੂ ਨ ਮੁਸਲਮਾਨ॥
ਨ ਬੇਦ ਪੜਿਆ ਨਾ ਕੁਰਾਨ॥...
ਮਜਬ ਹਮਾਰਾ ਸਚਾ ਨਾਉ॥
ਜਿਨਿ ਏਕ ਤੇ ਕੀਏ ਅਨੇਕ ਉਪਾਉ॥"

ਜਨਮ ਸਾਖੀ ਭਾਈ ਬਾਲਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੇ ਮਾਨਵਤਾਵਾਦੀ ਦ੍ਰਿਸ਼ਟੀਕੋਣ ਦੇ ਦੋ ਮਹੱਤਵਪੂਰਨ ਪਹਿਲੂ ਹਨ। ਪਹਿਲਾ ਸਰਬ-ਸਾਂਝਾ ਉਪਦੇਸ਼ ਅਤੇ ਦੂਜਾ ਸਰਬ-ਸਾਂਝਾ ਸਰੂਪ। ਸਰਬ-ਸਾਂਝੇ ਉਪਦੇਸ਼ ਦੇ ਅੰਸ਼ ਇਕ ਸੀਮਤ ਦਾਇਰੇ ਅੰਦਰ ਹੋਰ ਧਰਮ-ਗ੍ਰੰਥਾਂ ਵਿਚ ਵੀ ਮੌਜੂਦ ਹਨ। ਗੁਰੂ ਗ੍ਰੰਥ ਸਾਹਿਬ ਇਸ ਪੱਖੋਂ ਵੀ ਵਿਸ਼ਿਸ਼ਟ ਸਥਾਨ ਰੱਖਦੇ ਹਨ, ਕਿਉਂਕਿ ਇਸ ਅਦੁੱਤੀ ਗ੍ਰੰਥ ਅੰਦਰ ਸਾਂਝੀਵਾਲਤਾ ਅੰਸ਼ ਰੂਪ ਵਿਚ ਵਰਣਿਤ ਨਹੀਂ ਹੋਈ, ਬਲਕਿ ਸਮੱਗਰ ਰੂਪ ਵਿਚ ਆਈ ਹੈ। ਇਸ ਅੰਦਰ ਵਰਣਿਤ ਸਤਿ, ਸੰਤੋਖ ਅਤੇ ਅੰਮ੍ਰਿਤ ਨਾਮ ਕਿਸੇ ਵਿਸ਼ੇਸ਼ ਧਰਮ ਨਾਲ ਸਬੰਧਤ ਨਹੀਂ, ਬਲਕਿ ਇਹ ਸਾਰੀ ਮਾਨਵਤਾ ਦਾ ਧਰਮ ਹੈ। ਗੁਰੂ ਗ੍ਰੰਥ ਸਾਹਿਬ ਦੀ ਦੂਜੀ ਵਿਸ਼ੇਸ਼ਤਾ ਹੈ, ਇਸ ਦਾ ਸਰਬ-ਸਾਂਝਾ ਸਰੂਪ। ਜਦੋਂ ਕਿ ਇਸ ਪੱਖੋਂ ਗੁਰੂ ਗ੍ਰੰਥ ਸਾਹਿਬ ਆਦਿ (ਸਿਰੀਰਾਗੁ) ਤੋਂ ਅੰਤ (ਮੁੰਦਾਵਣੀ) ਤੱਕ ਸਰਬ-ਸਾਂਝੀਵਾਲਤਾ ਦਾ ਪ੍ਰਤੀਕ ਹੈ (ਜੋ ਸਰਬ ਵਿਦਿਤ ਹੈ ਅਤੇ ਉਸ ਦੇ ਦੁਹਰਾਉ ਦੀ ਜ਼ਰੂਰਤ ਨਹੀਂ), ਇਸ ਕਰਕੇ ਇਹ ਹਰ ਪੱਖੋਂ ਮਾਨਵਤਾ ਦਾ ਗ੍ਰੰਥ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਇਕ ਪਰਿਪੂਰਨ ਗੁਣ-ਸੰਪੰਨ ਵਿਅਕਤੀ ਬਣਨਾ ਹੀ ਇਸ ਦਾ ਕੇਂਦਰੀ ਨੁਕਤਾ ਹੈ। ਸਾਰੇ ਗੁਰੂ ਗ੍ਰੰਥ ਸਾਹਿਬ ਦਾ ਸਾਰ ਰੂਪ 'ਜਪੁ' ਬਾਣੀ ਦੀ ਬੁਨਿਆਦੀ ਸਮੱਸਿਆ ਝੂਠ-ਰਹਿਤ 'ਸਚਿਆਰ' ਮਨੁੱਖ ਦਾ ਪ੍ਰਤਿਪਾਦਨ ਹੈ ਅਤੇ ਸਚਿਆਰਤਾ ਦਾ ਅੰਤਿਮ ਫਲ ਸੱਚਖੰਡ ਕੋਈ ਪਰਲੋਕ ਨਹੀਂ, ਬਲਕਿ ਸਚਿਆਰ ਮਨੁੱਖ ਦੀ ਉਹ ਅਧਿਆਤਮਿਕ ਅਵਸਥਾ ਹੈ, ਜਿੱਥੇ ਉਸ ਦਾ ਚਿੰਤਨ ਸੰਕੀਰਨਤਾ ਮੁਕਤ ਹੋ ਕੇ ਪੂਰੇ ਬ੍ਰਹਿਮੰਡ ਨਾਲ, ਧਰਤੀ ਦੇ ਨੌਂ-ਖੰਡਾਂ ਨਾਲ, ਅਨੇਕ ਲੋਕਾਂ ਦੇ ਸਰਬ ਆਕਾਰਾਂ ਨਾਲ ਅਤੇ ਆਕਾਰਾਂ ਦੇ ਸਿਰਜਕ ਨਿਰੰਕਾਰ ਨਾਲ ਇਕਮਿਕ ਹੋ ਜਾਂਦਾ ਹੈ। ਇਸ ਸਚਿਆਰਤਾ ਦੀ ਪ੍ਰਾਪਤੀ ਲਈ ਦੂਰ-ਦ੍ਰਿਸ਼ਟੀ ਨਾਲ ਸਾਰੇ ਵਿਸ਼ਵ ਨੂੰ ਇਕ ਧਰਮਸਾਲ ਮੰਨਣਾ ਪੈਂਦਾ ਹੈ। ਉਸ 'ਤੇ ਸਥਾਪਿਤ ਸਭ ਅਨੇਕਾਂ ਪ੍ਰਕਾਰਾਂ ਦੇ ਵਿਭਿੰਨ ਨਾਂਵਾਂ ਵਾਲੇ ਸਰਬ ਜੀਆਂ ਨੂੰ ਇਕੋ ਵਿਧਾਨ ਵਿਚ ਇਕ ਸਮਾਨ ਦ੍ਰਿਸ਼ਟੀ ਨਾਲ ਵੇਖਣਾ ਪੈਂਦਾ ਹੈ। ਸਚਿਆਰ ਸਮਾਜ ਦੇ ਨਿਰਮਾਣ ਵਾਸਤੇ ਗਿਆਨ ਦੇ ਸਮੁੱਚਿਤ ਵਿਕਾਸ ਦੀ ਪਰਮ ਅਵੱਸ਼ਕਤਾ ਹੈ। ਗੁਰੂ ਜੀ ਦਾ 'ਉਪਰਿ ਸਚੁ ਆਚਾਰੁ' ਦੀ ਮਨੌਤ ਵਾਲਾ ਸੱਚ ਦਾ ਸਾਧਕ ਹੀ ਆਦਰਸ਼ਕ ਮਨੁੱਖ ਹੈ, ਜਿਸ ਦਾ ਕਿਸੇ ਕੌਮੀਅਤ ਜਾਂ ਕਿਸੇ ਦੇਸ਼-ਧਰਮ ਨਾਲ ਕੋਈ ਸੰਬੰਧ ਨਹੀਂ। ਇਸਤਰੀ ਹੋਵੇ ਜਾਂ ਪੁਰਖ ਸ਼ੁਭ ਅਮਲ ਦਾ ਧਾਰਨੀ ਹੀ 'ਸਚਿਆਰ' ਮਨੁੱਖ ਹੈ।

ਗੁਰਬਾਣੀ ਵਿਚ ਪੂਰੇ ਜਗਤ ਨੂੰ ਇਕ ਵਿਸ਼ਾਲ ਫੁਲਵਾੜੀ ਕਿਹਾ ਗਿਆ ਹੈ। ਸਾਰੇ ਜੀਵ ਫੁੱਲ ਹਨ। ਇਸ ਦਾ ਮਾਲੀ ਪਰਮੇਸ਼ਰ ਆਪ ਹੈ ਅਤੇ ਉਹੋ ਸਭ ਦੀ ਸੰਭਾਲ ਕਰਦਾ ਹੈ। ਸਭ ਅੰਦਰ ਉਸੇ ਦੀ ਸੁਗੰਧੀ ਕੰਮ ਕਰਦੀ ਹੈ, ਕੋਈ ਵੀ ਖਾਲੀ ਨਹੀਂ;

ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ॥
ਸਦਾ ਸਮਾਲੇ ਕੋ ਨਾਹੀ ਖਾਲੀ॥ (ਪੰਨਾ 118)

ਗੁਰਬਾਣੀ ਦਾ ਦਾਇਰਾ ਧਰਤੀ ਦੇ ਕਿਸੇ ਇਕ ਖਿੱਤੇ ਤੱਕ ਸੀਮਤ ਨਹੀਂ, ਨਾ ਹੀ ਕਿਸੇ ਇਕ ਨਸਲ ਤੱਕ, ਨਾ ਕਿਸੇ ਇਕ ਜਾਤੀ ਤੱਕ। ਇਸ ਦੀ ਵਿਸ਼ਾਲਤਾ ਦੇ ਘੇਰੇ ਵਿਚ ਸਾਰੀ ਕੁਦਰਤ ਹੈ। ਉਸ ਕੁਦਰਤ ਵਿਚ ਅਣਗਿਣਤ ਜੀਵ-ਜੰਤੂ ਹਨ, ਉਨ੍ਹਾਂ ਦੇ ਕਈ ਪ੍ਰਕਾਰ ਦੇ ਰੂਪ-ਰੰਗ ਹਨ, ਕਈ ਜਾਤਾਂ ਹਨ, ਕਈ ਸ਼੍ਰੇਣੀਆਂ ਹਨ। ਸਭ ਦਾ ਦਾਤਾਰ ਉਹ ਆਪ ਹੈ। ਉਸ ਦੀ ਕਿਰਪਾ ਦੇ ਪਾਤਰ ਕੁਝ ਹੀ ਲੋਕ ਨਹੀਂ, ਬਲਕਿ ਵਿਸ਼ਾਲ ਜੀਵ-ਸਮੁਦਾਇ ਉਸੇ ਦੀ ਬਖ਼ਸ਼ਿਸ਼ ਦੇ ਆਸਰੇ ਹਨ:

ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ॥
ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ॥
ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ॥3॥ (ਪੰਨਾ 18)

ਜਿਸ ਕਰਤਾਰ ਨੇ ਕੁਦਰਤ ਨੂੰ ਸਾਜਿਆ ਹੈ, ਉਸੇ ਨੇ ਅਨੇਕਾਂ ਰੂਪਾਂ ਵਿਚ ਅਤੇ ਬਹੁਤ ਸਾਰੀਆਂ ਨਸਲਾਂ ਵਿਚ ਇਸ ਨੂੰ ਸੁੰਦਰ ਸਰੂਪ ਦੇਣ ਵਾਸਤੇ ਵੰਡਿਆ ਹੈ:

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥ (ਪੰਨਾ 6)

ਗੁਰੂ ਗ੍ਰੰਥ ਸਾਹਿਬ ਅਨੁਸਾਰ ਨਾ ਕੇਵਲ ਪਰਮੇਸ਼ਰ ਨੇ ਨਾਨਾ ਰੂਪਾਂ ਵਾਲੀ ਖ਼ੂਬਸੂਰਤ ਕੁਦਰਤ ਸਿਰਜੀ ਹੈ, ਬਲਕਿ ਇਹ ਬੇਅੰਤ ਰੂਪ ਅਤੇ ਬੇਅੰਤ ਨਾਮ ਉਸੇ ਦੇ ਹਨ। ਇੰਵ ਸਾਰਾ ਵਿਸ਼ਵ ਇੱਕੋ ਰੂਪ ਹੋ ਜਾਂਦਾ ਹੈ। ਸਮਸਤ ਭੇਦ-ਭਾਵ ਸਮਾਪਤ ਹੋ ਜਾਂਦੇ ਹਨ। ਸਭ ਕੁਝ ਕਰਤਾਰ ਆਪ ਹੋ ਜਾਂਦਾ ਹੈ।

ਗੁਰਬਾਣੀ ਦਾ ਸਰੋਕਾਰ ਸਮੁੱਚੇ ਮਾਨਵੀ ਜੀਵਨ ਨਾਲ ਹੈ। ਗੁਰਮੁਖ-ਜੀਵਨ ਦਾ ਸੰਬੰਧ ਕਿਸੇ ਵਿਸ਼ੇਸ਼ ਧਰਮ ਨਾਲ ਨਹੀਂ, ਸਗੋਂ ਮਾਨਵ-ਜਾਤ ਵਿਚੋਂ ਜੋ ਵੀ ਗੁਰੂ ਦੇ ਚਾਨਣ ਦੀ ਅਗਵਾਈ ਵਿਚ ਚਲਦਾ ਹੈ, ਉਹ ਗੁਰਮੁਖ ਹੈ:

ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ॥
ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ॥ (ਪੰਨਾ 751)

ਗੁਰੂ ਜੀ ਦਾ ਮਾਨਵੀ ਏਕਤਾ ਵਿਚ ਇਤਨਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਉਹ ਕਹਿੰਦੇ ਹਨ ਕਿ ਧਰਤੀ ਅਤੇ ਆਕਾਸ਼ ਵਿਚ ਕੋਈ ਵੀ ਵਸਤੂ ਦੂਜੀ ਨਹੀਂ, ਸਭ ਕੁਝ ਇਕ ਹੈ। ਇਸਤਰੀ ਅਤੇ ਪੁਰਖ ਦੇ ਭੇਦ ਨਿਰਾਧਾਰ ਹਨ। ਸਾਰਿਆਂ ਵਿਚ ਇਕ ਦਾ ਨਿਵਾਸ ਹੈ। ਦੂਜਾ ਕੌਣ ਹੈ, ਦੂਜਾ ਕਿਸ ਨੂੰ ਆਖਾਂ? ਦ੍ਵੈਤ-ਭਾਵ ਤਾਂ ਖੋਟੀ ਮੱਤ ਦੀ ਉਪਜ ਹੈ। ਪ੍ਰਿਥਵੀ ਉਪਰ ਹੀ ਕੀ ਸੂਰਜ ਅਤੇ ਚੰਦ੍ਰਮਾ ਤੱਕ ਉਸ ਸਦਾ ਨਵੀਨ ਪਾਰਬ੍ਰਹਮ ਦਾ ਹੀ ਪ੍ਰਕਾਸ਼ ਹੈ। ਪਰਮਾਤਮਾ ਸਾਰੇ ਹੀ ਰੂਪਾਂ ਵਿਚ ਅਤੇ ਸਾਰੇ ਰੰਗ ਦੇ ਲੋਕਾਂ ਵਿਚ ਨਿਵਾਸ ਕਰਦਾ ਹੈ। ਇੱਕੋ ਹੋਂਦ ਵਿਚ ਵੰਡੀਆਂ ਪਾਉਣ ਵਾਲੇ ਵਿਅਕਤੀ ਦੀ ਆਤਮਾ ਮਰ ਚੁਕੀ ਹੈ;

ਦੂਜਾ ਕਉਣੁ ਕਹਾ ਨਹੀ ਕੋਈ॥
ਸਭ ਮਹਿ ਏਕੁ ਨਿਰੰਜਨੁ ਸੋਈ॥1॥ ਰਹਾਉ॥
ਦੂਜੀ ਦੁਰਮਤਿ ਆਖੈ ਦੋਇ॥
ਆਵੈ ਜਾਇ ਮਰਿ ਦੂਜਾ ਹੋਇ॥2॥ (ਪੰਨਾ 223)

ਹੋਰ ਧਰਮ-ਗ੍ਰੰਥਾਂ ਦੀ ਬੁਨਿਆਦੀ ਸਮੱਸਿਆ ਇਹ ਸੀ ਕਿ ਧਰਮ ਦੀ ਸ਼ਰ੍ਹਾ ਜਾਂ ਰਹਿਤ-ਮਰਯਾਦਾ ਉਨ੍ਹਾਂ ਦੇ ਮੂਲ-ਪਾਠ ਦਾ ਅਹਿਮ ਹਿੱਸਾ ਰਹੀ ਹੈ। ਸਾਰੇ ਧਰਮਾਂ ਦੀ ਰਹਿਣੀ ਵਿਚ ਅੰਤਰ ਹੋਣ ਕਰਕੇ ਕਿਸੇ ਧਰਮ ਦਾ ਸ਼ਰ੍ਹਾ ਭਾਗ ਦੂਜੇ ਧਰਮ ਲਈ ਮਾਨਯ ਨਹੀਂ ਹੋ ਸਕਦਾ। ਇਸ ਕਰਕੇ ਇਹ ਧਰਮ-ਗ੍ਰੰਥ ਸਰਵ ਪ੍ਰਵਾਨਿਤ ਨਹੀਂ ਹੋ ਸਕੇ। ਸਿੱਖ ਧਰਮ ਦੀ ਇਹ ਵਿਸ਼ੇਸ਼ ਗੱਲ ਹੈ ਕਿ ਧਾਰਮਿਕ ਰਹੁਰੀਤੀ ਗੁਰੂ ਗ੍ਰੰਥ ਸਾਹਿਬ ਤੋਂ ਪੂਰੀ ਤਰ੍ਹਾਂ ਵੱਖ ਰੱਖੀ ਗਈ ਹੈ, ਜਿਸ ਕਾਰਨ ਦੂਜੇ ਧਰਮ ਦੇ ਲੋਕਾਂ ਨੂੰ ਇਸ ਦਾ ਪਾਠ ਓਪਰਾ ਨਹੀਂ ਲਗਦਾ। ਗੁਰੂ ਗ੍ਰੰਥ ਸਾਹਿਬ ਦੀ ਇਹ ਵਿਲੱਖਣਤਾ ਹੈ ਕਿ ਇਸ ਵਿਚ ਨਾ ਸਿਰਫ਼ ਸਰਬ-ਸਾਂਝਾ ਉਪਦੇਸ਼ ਹੀ ਦਿੱਤਾ ਗਿਆ ਹੈ, ਬਲਕਿ ਸਾਂਝੀਵਾਲਤਾ ਨੂੰ ਸਥੂਲ ਰੂਪ ਦਿੰਦਿਆਂ ਵੱਖ-ਵੱਖ ਧਰਮਾਂ ਦਾ ਨਾਮ ਲੈ ਕੇ ਉਨ੍ਹਾਂ ਦੇ ਮੰਨਣ ਵਾਲਿਆਂ ਨੂੰ ਆਪਣੇ ਧਰਮ ਦੇ ਸਾਰ ਨਾਲ ਸਾਂਝ ਪਰਿਪੱਕ ਕਰਨ ਦਾ ਉਪਦੇਸ਼ ਤਕ ਦਿੱਤਾ ਗਿਆ ਹੈ। ਇਸ ਵਿਚ ਜਿੱਥੇ ਹਿੰਦੂ ਧਰਮ ਦੇ ਚਾਰ ਵਰਨਾਂ ਨੂੰ ਸਰਬ-ਸਾਂਝਾ ਉਪਦੇਸ਼ ਦੇਣ ਦੀ ਗੱਲ ਕੀਤੀ ਗਈ ਹੈ, ਉਥੇ 'ਹਿੰਦੂ ਤੁਰਕ ਦੋਊ ਸਮਝਾਵਉ' ਦੀ ਉਚਤਮ ਪਰਿਪਾਟੀ ਦੀ ਸਥਾਪਨਾ ਵੀ ਕੀਤੀ ਗਈ। ਮੁਸਲਮਾਨ ਨੂੰ ਸੁੰਨਤ, ਰੋਜ਼ਾ, ਕਾਅਬੇ, ਕਲਮਾ, ਨਿਵਾਜ, ਤਸ਼ਬੀਹ ਆਦਿ ਦੇ ਵਾਸਤਵਿਕ ਅਰਥ ਸਮਝਾਉਂਦਿਆਂ ਬਾਣੀ ਕਹਿੰਦੀ ਹੈ:

ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥1॥
(ਪੰਨਾ 140-141)

ਇਸੇ ਤਰ੍ਹਾਂ ਯੋਗ ਦੇ ਵਾਸਤਵਿਕ ਉਦੇਸ਼ ਤੋਂ ਪਥ-ਭ੍ਰਸ਼ਟ ਹੋਏ ਜੋਗੀਆਂ ਨੂੰ ਯੋਗ ਦੇ ਸਹੀ ਅਰਥ ਸਮਝਾਏ ਹਨ। 'ਜਪੁ' ਤੋਂ ਲੈ ਕੇ ਸਾਰੀ ਗੁਰਬਾਣੀ ਵਿਚ ਯੋਗ ਮੱਤ ਦੇ ਬਾਹਰੀ ਭੇਖ ਦੇ ਅੰਤ੍ਰੀਵ ਅਰਥਾਂ ਨੂੰ ਪ੍ਰਤੀਪਾਦਨ ਹੀ ਨਹੀਂ ਕੀਤਾ ਗਿਆ, ਬਲਕਿ ਅਤਿ ਪ੍ਰਭਾਵਸ਼ਾਲੀ ਢੰਗ ਨਾਲ ਅੰਦਰ ਝਾਤੀ ਮਾਰਨ ਅਤੇ ਦੈਵੀ-ਗੁਣਾਂ ਨੂੰ ਗ੍ਰਹਿਣ ਕਰਨ ਲਈ ਪ੍ਰੇਰਿਆ ਗਿਆ ਹੈ। ਇਹ ਪ੍ਰੇਰਨਾਮਈ ਬਚਨ ਕਿਸੇ ਪੰਥ ਨੂੰ ਛੋਟਾ ਵਖਾਣ ਵਾਲੇ ਨਹੀਂ, ਬਲਕਿ ਧਰਮ ਦੇ ਰਸਤੇ ਤੋਂ ਦੂਰ ਜਾ ਚੁੱਕੇ ਲੋਕਾਂ ਪ੍ਰਤੀ ਸਹਾਨੁਭੂਤੀ ਅਤੇ ਪਿਆਰ ਵਿਖਾਉਂਦਿਆਂ ਉਚਾਰਨ ਕੀਤੇ ਗਏ ਹਨ। ਰਾਮਕਲੀ ਯੋਗੀਆਂ ਦਾ ਪਿਆਰਾ ਰਾਗ ਹੈ। ਇਸ ਕਾਰਨ ਰਾਮਕਲੀ ਦੇ ਸ਼ਬਦਾਂ ਵਿਚ ਯੋਗ ਮੱਤ ਦਾ ਵਿਸ਼ੇਸ਼ ਉਲੇਖ ਹੈ। 'ਸਿਧੁ ਗੋਸਟਿ' ਬਾਣੀ ਇਸੇ ਰਾਗ ਵਿਚ ਹੈ। ਗੁਰਬਾਣੀ ਇਸ ਰਾਗ ਵਿਚ ਯੋਗੀ ਨੂੰ ਉਪਦੇਸ਼ ਦਿੰਦੀ ਹੈ;

ਮੁੰਦ੍ਰਾ ਮੋਨਿ ਦਇਆ ਕਰਿ ਝੋਲੀ ਪਤ੍ਰ ਕਾ ਕਰਹੁ ਬੀਚਾਰੁ ਰੇ॥
ਖਿੰਥਾ ਇਹੁ ਤਨੁ ਸੀਅਉ ਅਪਨਾ ਨਾਮੁ ਕਰਉ ਆਧਾਰੁ ਰੇ॥1॥
ਐਸਾ ਜੋਗੁ ਕਮਾਵਹੁ ਜੋਗੀ॥
ਜਪ ਤਪ ਸੰਜਮੁ ਗੁਰਮੁਖਿ ਭੋਗੀ॥1॥ ਰਹਾਉ॥ (ਪੰਨਾ 970)

ਉਸ ਸਮੇਂ ਦੇ ਹਿੰਦੂ ਦੀ ਧਾਰਮਿਕ ਸਥਿਤੀ ਬਹੁਤ ਤਰਸਯੋਗ ਸੀ। ਉਸ ਨੂੰ ਪੁਜਾਰੀਵਾਦ ਕਰਮ-ਕਾਂਡ ਤਿਆਗ ਕੇ ਪਰਮੇਸ਼ਰ ਦੇ ਪਵਿੱਤਰ ਨਾਮ ਨਾਲ ਜੁੜਨ ਵਾਸਤੇ ਵਾਰ-ਵਾਰ ਪ੍ਰੇਰਿਆ ਹੈ। ਪੂਜਾ, ਵਰਤ, ਤਿਲਕ, ਜਨੇਊ, ਦਾਨ-ਪੁੰਨ, ਜਪਤਪ, ਤੀਰਥ-ਯਾਤਰਾਵਾਂ, ਕਸ਼ਟਕਾਰੀ ਸਾਧਨਾ ਤਿਆਗ ਕੇ ਨਾਮ-ਮਾਰਗ ਬਾਰੇ ਗੁਰਬਾਣੀ ਵਿਚ ਅਨੇਕਾਂ ਸ਼ਬਦ ਆਏ ਹਨ, ਉਦਾਹਰਣ ਵਜੋਂ:

ਪੂਜਾ ਵਰਤ ਤਿਲਕ ਇਸਨਾਨਾ ਪੁੰਨ ਦਾਨ ਬਹੁ ਦੈਨ॥
ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ॥1॥
ਪ੍ਰਭ ਜੀ ਕੋ ਨਾਮੁ ਜਪਤ ਮਨ ਚੈਨ॥
ਬਹੁ ਪ੍ਰਕਾਰ ਖੋਜਹਿ ਸਭਿ ਤਾ ਕਉ
ਬਿਖਮੁ ਨ ਜਾਈ ਲੈਨ॥1॥ ਰਹਾਉ॥
ਜਾਪ ਤਾਪ ਭ੍ਰਮਨ ਬਸੁਧਾ ਕਰਿ ਉਰਧ ਤਾਪ ਲੈ ਗੈਨ॥
ਇਹ ਬਿਧਿ ਨਹ ਪਤੀਆਨੋ
ਠਾਕੁਰ ਜੋਗ ਜੁਗਤਿ ਕਰਿ ਜੈਨ॥2॥
ਅੰਮ੍ਰਿਤ ਨਾਮੁ ਨਿਰਮੋਲਕੁ ਹਰਿ ਜਸੁ
ਤਿਨਿ ਪਾਇਓ ਜਿਸੁ ਕਿਰਪੈਨ॥
ਸਾਧਸੰਗਿ ਰੰਗਿ ਪ੍ਰਭ ਭੇਟੇ
ਨਾਨਕ ਸੁਖਿ ਜਨ ਰੈਨ॥3॥ (ਪੰਨਾ 674)

ਵਿਸ਼ਵ ਵਿਚ ਧਰਮ ਦੇ ਨਾਮ 'ਤੇ ਬੇਹਿਸਾਬ ਮਨੁੱਖਾਂ ਦਾ ਕਤਲ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮਜ਼ਬਾਂ ਦੇ ਆਪਸੀ ਵਿਵਾਦਾਂ ਦੀ ਸਖ਼ਤ ਨਿਖੇਧੀ ਕਰਦਿਆਂ ਸਦਭਾਵਨਾ ਸਹਿਤ ਰਹਿਣ ਦੀ ਪ੍ਰੇਰਨਾ ਦਿੱਤੀ ਗਈ ਹੈ। ਇਕ ਗੱਲ ਧਿਆਨ ਦੇਣ ਵਾਲੀ ਹੈ ਕਿ ਉਸ ਵਕਤ ਹਿੰਦੋਸਤਾਨ ਵਿਚ ਹਿੰਦੂ ਅਤੇ ਮੁਸਲਮਾਨ ਦੋ ਹੀ ਪ੍ਰਮੁੱਖ ਧਰਮ ਸਨ। ਜਦੋਂ ਵੀ ਇਨ੍ਹਾਂ ਦੋ ਧਰਮਾਂ ਦਾ ਵਰਣਨ ਆਉਂਦਾ ਹੈ ਤਾਂ ਉਸ ਤੋਂ ਭਾਵ ਸਮੂਹ ਧਰਮ ਲੈਣਾ ਚਾਹੀਦਾ ਹੈ। ਹਿੰਦੂ-ਮੁਸਲਮਾਨਾਂ ਦੀ ਆਪਸੀ ਨਫਰਤ ਨੂੰ ਖ਼ਤਮ ਕਰਨ ਵਾਸਤੇ ਗੁਰਬਾਣੀ ਵਿਚ ਲਿਖਿਆ ਗਿਆ ਹੈ, "ਹੇ ਭਰਾਓ! ਜ਼ਰਾ ਸੋਚੋ, ਹਿੰਦੂ ਅਤੇ ਮੁਸਲਮਾਨ ਕਿੱਥੋਂ ਆਏ ਹਨ? ਕਿਸ ਨੇ ਇਹ ਨਿਆਰੇ-ਨਿਆਰੇ ਪੰਥ ਚਲਾਏ ਹਨ? ਹੇ ਝਗੜਾ ਕਰਨ ਵਾਲਿਓ! ਸੁਰਗ ਅਤੇ ਨਰਕ ਕੌਣ ਪ੍ਰਾਪਤ ਕਰਦਾ ਹੈ?"

ਹਿੰਦੂ ਤੁਰਕ ਕਹਾ ਤੇ ਆਏ
ਕਿਨਿ ਏਹ ਰਾਹ ਚਲਾਈ॥
ਦਿਲ ਮਹਿ ਸੋਚਿ ਬਿਚਾਰਿ ਕਵਾਦੇ
ਭਿਸਤ ਦੋਜਕ ਕਿਨਿ ਪਾਈ॥1॥ (ਪੰਨਾ 477)

ਹਿੰਦੂ ਅਤੇ ਮੁਸਲਮਾਨ ਵਿਚ ਇੱਕੋ ਰੱਬ ਵਸਦਾ ਹੈ। ਜੇ ਵਿਚਾਰ ਕਰ ਕੇ ਵੇਖੋਗੇ ਤਾਂ ਇਹ ਸਮਝ ਆਵੇਗੀ ਕਿ ਉਹ ਸਾਰੇ ਹਿਰਦਿਆਂ ਵਿਚ ਲੁਕਿਆ ਹੋਇਆ ਹੈ;

ਅਲਹੁ ਗੈਬੁ ਸਗਲ ਘਟ ਭੀਤਰਿ
ਹਿਰਦੈ ਲੇਹੁ ਬਿਚਾਰੀ॥
ਹਿੰਦੂ ਤੁਰਕ ਦੁਹੂੰ ਮਹਿ ਏਕੈ
ਕਹੈ ਕਬੀਰ ਪੁਕਾਰੀ॥3॥ (ਪੰਨਾ 483)

ਹਿੰਦੂ ਅਤੇ ਮੁਸਲਮਾਨ ਦਾ ਰੱਬ ਇੱਕੋ ਹੈ। ਇਸ ਸਥਿਤੀ ਨੂੰ ਕੋਈ ਮੁੱਲਾਂ ਜਾਂ ਪੀਰ ਬਦਲ ਨਹੀਂ ਸਕਦਾ;

ਹਿੰਦੂ ਤੁਰਕ ਕਾ ਸਾਹਿਬੁ ਏਕ॥
ਕਹ ਕਰੈ ਮੁਲਾਂ ਕਹ ਕਰੈ ਸੇਖ॥ (ਪੰਨਾ 1158)

ਇੱਕੋ ਪਾਰਬ੍ਰਹਮ ਦੇ ਅਨੇਕਾਂ ਪ੍ਰਗਟਾਵੇ ਹਨ। ਜੋਗੀ ਗੁਰੂ ਗੋਰਖ ਨੂੰ ਜਪਦੇ ਹਨ। ਹਿੰਦੂ ਰਾਮ ਦਾ ਨਾਮ ਉਚਾਰਦੇ ਹਨ। ਮੁਸਲਮਾਨ ਇਕ ਖ਼ੁਦਾ ਦੇ ਉਪਾਸ਼ਕ ਹਨ। ਤਤਵ-ਗਿਆਨੀਆਂ ਵਾਸਤੇ ਸਭ ਨਾਵਾਂ 'ਚ ਇੱਕੋ ਪਰਮ-ਸੱਤਾ ਦਾ ਪ੍ਰਕਾਸ਼ ਹੈ;

ਜੋਗੀ ਗੋਰਖੁ ਗੋਰਖੁ ਕਰੈ॥
ਹਿੰਦੂ ਰਾਮ ਨਾਮੁ ਉਚਰੈ॥
ਮੁਸਲਮਾਨ ਕਾ ਏਕੁ ਖੁਦਾਇ॥
ਕਬੀਰ ਕਾ ਸੁਆਮੀ
ਰਹਿਆ ਸਮਾਇ॥4॥3॥ (ਪੰਨਾ 1160)

ਵਿਸ਼ਵ-ਵਿਆਪੀ ਧਰਮ ਉਹੋ ਹੋ ਸਕਦਾ ਹੈ, ਜੋ ਵਿਭਿੰਨ ਸੰਸਕ੍ਰਿਤੀਆਂ, ਵਿਭਿੰਨ ਰੀਤੀ-ਰਿਵਾਜ਼ਾਂ, ਖਾਣ-ਪੀਣ ਪਹਿਨਣ ਦੇ ਨਿਆਰੇ ਢੰਗਾਂ ਨੂੰ ਸਮਾਨ ਦ੍ਰਿਸ਼ਟੀ ਨਾਲ ਵੇਖਦਾ ਹੋਵੇ। ਗੁਰੂ ਗ੍ਰੰਥ ਸਾਹਿਬ ਕਿਸੇ ਖ਼ਾਸ ਭੇਖ ਵਲ ਝੁਕਾਅ ਨਹੀਂ ਰੱਖਦਾ, ਨਾ ਹੀ ਕਿਸੇ ਵਲ ਦ੍ਵੇਸ਼-ਭਾਵ। ਇਥੇ ਇਕ ਵਿਆਪਕ ਨਿਯਮ ਹੈ ਕਿ ਖਾਣ-ਪੀਣ ਦੀਆਂ ਚੀਜ਼ਾਂ ਸਰੀਰ ਅਤੇ ਮਨ ਵਾਸਤੇ ਸਿਹਤਮੰਦ ਹੋਣ। ਵਸਤਰ ਅਜਿਹੇ ਪਹਿਨੇ ਜਾਣ ਜਿਨ੍ਹਾਂ ਵਿਚ ਤਨ ਸੁਖੈਲਾ ਰਹੇ ਅਤੇ ਲੋਕਾਂ ਦੇ ਮਨ 'ਤੇ ਬੁਰਾ ਪ੍ਰਭਾਵ ਨਾ ਪਵੇ।

ਕਿਸੇ ਵਿਅਕਤੀ ਦੇ ਮਰ ਜਾਣ ਪਿੱਛੋਂ ਵੱਖ-ਵੱਖ ਰੀਤੀਆਂ ਨਾਲ ਸਰੀਰ ਦਾ ਅੰਤਿਮ ਸੰਸਕਾਰ ਕੀਤਾ ਜਾਂਦਾ ਹੈ। ਹਿੰਦੂ ਸਾੜ ਦਿੰਦੇ ਹਨ। ਮੁਸਲਮਾਨ ਅਤੇ ਈਸਾਈ ਕਬਰ ਵਿਚ ਦਫ਼ਨ ਕਰਦੇ ਹਨ। ਕਈ ਪਾਣੀ ਵਿਚ ਰੋੜ੍ਹ ਦਿੰਦੇ ਹਨ। ਗੁਰੂ ਜੀ ਕਹਿੰਦੇ ਹਨ ਕਿ ਸਭ ਆਪਣੇ-ਆਪਣੇ ਢੰਗਾਂ ਨਾਲ ਰੀਤਾਂ ਨਿਭਾ ਰਹੇ ਹਨ, ਜਿਸ ਨਾਲ ਉਸ ਪ੍ਰਾਣੀ ਦੀ ਸਥਿਤੀ ਉਪਰ ਕੋਈ ਫ਼ਰਕ ਨਹੀਂ ਪੈਂਦਾ। ਕਿਉਂਕਿ ਉਹ ਕਿੱਥੇ ਲੀਨ ਹੋਇਆ ਹੈ, ਕਿਸੇ ਨੂੰ ਪਤਾ ਨਹੀਂ। ਗੁਰੂ ਜੀ ਕਿਸੇ ਇਕ ਸੰਸਕਾਰ ਵਿਧੀ ਨੂੰ ਉਤਮ ਕਹਿ ਕੇ ਦੂਜੀਆਂ ਨੂੰ ਛੁਟਿਆਂਦੇ ਨਹੀਂ। ਅਸਲ ਸਮਝਣ ਵਾਲੀ ਗੱਲ ਤਾਂ ਇਹ ਹੈ ਕਿ ਉਹ ਕਿੱਥੋਂ ਆਇਆ ਸੀ, ਕਿੱਥੇ ਚਲਾ ਗਿਆ;

ਇਕ ਦਝਹਿ ਇਕ ਦਬੀਅਹਿ
ਇਕਨਾ ਕੁਤੇ ਖਾਹਿ॥
ਇਕਿ ਪਾਣੀ ਵਿਚਿ ਉਸਟੀਅਹਿ
ਇਕਿ ਭੀ ਫਿਰਿ ਹਸਣਿ ਪਾਹਿ॥
ਨਾਨਕ ਏਵ ਨ ਜਾਪਈ
ਕਿਥੈ ਜਾਇ ਸਮਾਹਿ॥ (ਪੰਨਾ 648)

ਸਪੱਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੀਵਨ ਜੀਣ ਦੀਆਂ ਵਿਭਿੰਨ ਸ਼ੈਲੀਆਂ ਨੂੰ ਇਕ ਸਮਾਨ ਸਵੀਕਾਰ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾਵਾਦੀ ਵਿਚਾਰਧਾਰਾ ਵਿਚ ਸਮਾਜਿਕ, ਧਾਰਮਿਕ, ਸੰਸਕ੍ਰਿਤਕ, ਰੰਗ-ਭੇਦ, ਨਸਲ-ਭੇਦ, ਆਰਥਿਕ ਅਤੇ ਰਾਸ਼ਟਰੀਅਤਾ ਆਧਾਰਿਤ ਦਰਜੇਬੰਦੀਆਂ ਲਈ ਕੋਈ ਸਥਾਨ ਨਹੀਂ ਹੈ। ਇਥੇ ਕੋਈ ਵਿਅਕਤੀ ਪਹਿਲੇ, ਦੂਜੇ ਜਾਂ ਤੀਜੇ ਦਰਜੇ ਦਾ ਨਹੀਂ, ਸਗੋਂ ਇਸ ਬਾਣੀ ਵਿਚ ਇਕ ਅਜਿਹੇ ਗੁਰਮੁਖੀ ਸਮਾਜ ਦੀ ਪਰਿਕਲਪਨਾ ਹੈ, ਜਿਸ ਵਿਚ ਸਾਰੇ ਆਪਣੇ-ਆਪ ਨੂੰ ਸ਼ਰਣਾਗਤ ਅਤੇ ਪਰਮੇਸ਼ਰ ਦੇ ਸੇਵਕ ਜਾਣ ਕੇ ਛੋਟਾ ਸਦਵਾਉਣ ਵਿਚ ਮਾਣ ਮਹਿਸੂਸ ਕਰਦੇ ਹਨ, ਕੋਈ ਵੀ ਵੱਡਾ ਬਣਨ ਦਾ ਜਤਨ ਨਹੀਂ ਕਰਦਾ। ਇਨ੍ਹਾਂ ਨਿਮਰ ਪੁਰਖਾਂ ਦੇ ਸ੍ਰੇਸ਼ਟ ਸਮਾਜ ਵਿਚ ਦੁੱਖ, ਵਿਛੋੜੇ ਅਤੇ ਹੋਰ ਬਿਮਾਰੀਆਂ ਦਾ ਪੂਰਨ ਅਭਾਵ ਹੋ ਜਾਂਦਾ ਹੈ;

ਐ ਜੀ ਨਾ ਹਮ ਉਤਮ ਨੀਚ ਨ ਮਧਿਮ
ਹਰਿ ਸਰਣਾਗਤਿ ਹਰਿ ਕੇ ਲੋਗ॥
ਨਾਮ ਰਤੇ ਕੇਵਲ ਬੈਰਾਗੀ
ਸੋਗ ਬਿਜੋਗ ਬਿਸਰਜਿਤ ਰੋਗ॥1॥ (ਪੰਨਾ 504)

ਵਿਸ਼ਵ ਪਿੰਡ (Global Village) ਦੇ ਜਿਸ ਸੰਕਲਪ ਨੂੰ ਉਤਰ-ਆਧੁਨਿਕ ਕਾਲ (Post-Modernism) ਦੀ ਉਪਜ ਦੱਸਿਆ ਜਾ ਰਿਹਾ ਹੈ, ਇਸ ਦਾ ਪੂਰਨ-ਵਿਕਸਿਤ ਰੂਪ ਕਈ ਸਦੀਆਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅੰਗ ਬਣ ਚੁੱਕਿਆ ਸੀ:

ਬੇਗਮ ਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥1॥
ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾ ਖੈਰਿ ਸਦਾ ਮੇਰੇ ਭਾਈ॥1॥ ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥
ਊਹਾ ਗਨੀ ਬਸਹਿ ਮਾਮੂਰ॥2॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥3॥2॥
(ਪੰਨਾ 345)

ਇਸ ਮੁਕਤ (ਖਲਾਸ) ਸਮਾਜ ਦਾ ਜੋ ਮਾਡਲ ਗੁਰੂ ਗ੍ਰੰਥ ਸਾਹਿਬ ਵਿਚ ਹੈ, ਉਸ ਦੀ ਵਿਸ਼ਵ ਦੇ ਸਮੁੱਚੇ ਸਾਹਿਤ ਵਿਚ ਕਿਤੇ ਵੀ ਮਿਸਾਲ ਮਿਲਣੀ ਮੁਸ਼ਕਿਲ ਹੈ। ਇਹੋ ਜਿਹੀ ਮਾਨਵਤਾਵਾਦੀ ਵਿਚਾਰਧਾਰਾ ਨਾ ਕਿਸੇ ਸ਼ਾਸਤਰ ਵਿਚ ਹੈ ਅਤੇ ਨਾ ਹੀ ਕਿਤੇ ਵਿਵਹਾਰ ਵਿਚ। ਗੁਰੂ-ਕਾਲ ਵਿਚ ਅਜਿਹੇ ਵਿਵਹਾਰ ਦਾ ਪ੍ਰਗਟਾਵਾ ਹੋਇਆ ਸੀ ਜਿਸ ਨੇ ਸਮਸਤ ਭੇਦ-ਭਾਵ ਨੂੰ ਇਸ ਤਰ੍ਹਾਂ ਨਸ਼ਟ ਕੀਤਾ ਸੀ ਕਿ ਯੁੱਧ ਵਿਚ ਵੀ ਦੁਸ਼ਮਣ ਨੂੰ ਆਪਣੇ ਵਰਗਾ ਇਨਸਾਨ ਸਮਝ ਕੇ ਉਸ ਦੀ ਟਹਿਲ-ਸੇਵਾ ਦੀਆਂ ਇਤਿਹਾਸਕ ਮਿਸਾਲਾਂ ਨੇ ਜਨਮ ਲਿਆ। ਗੁਰੂ ਗ੍ਰੰਥ ਸਾਹਿਬ ਵਿਚ ਇਹ ਵੀ ਸਮਝਾਇਆ ਗਿਆ ਹੈ ਕਿ ਧਰਤੀ ਉਹ ਦੇਗ ਹੈ, ਜਿਸ ਦੇ ਗਰਭ ਵਿਚ ਪਏ ਬੇਅੰਤ ਪਦਾਰਥ ਸਾਰੀ ਇਨਸਾਨੀਅਤ ਦੇ ਸਾਂਝੇ ਹਨ ਅਤੇ ਸੁਖਦ ਕਲਿਆਣਕਾਰੀ ਵਾਤਾਵਰਨ ਬਣਾਉਣ ਵਾਸਤੇ ਇਨ੍ਹਾਂ ਸਰਬ-ਸਾਂਝੇ ਸੰਸਾਧਨਾਂ ਦੀ ਵਰਤੋਂ ਸਾਂਝੇ ਤੌਰ ਉਤੇ ਹੋਣੀ ਚਾਹੀਦੀ ਹੈ:

ਖਾਵਹਿ ਖਰਚਹਿ ਰਲਿ ਮਿਲਿ ਭਾਈ॥
ਤੋਟਿ ਨ ਆਵੈ ਵਧਦੋ ਜਾਈ॥ (ਪੰਨਾ 186)

ਸੰਸਾਰ ਵਿਚ ਕਿਤੇ ਅਮੀਰੀ ਹੈ ਅਤੇ ਕਿਤੇ ਗਰੀਬੀ। ਗੁਰਬਾਣੀ ਇਸ ਨਾਬਰਾਬਰੀ ਦਾ ਨਿਖੇਧ ਕਰਦੀ ਹੈ ਅਤੇ ਇਹ ਸੰਦੇਸ਼ ਦਿੰਦੀ ਹੈ ਕਿ ਸਾਰੇ ਇਨਸਾਨ ਭਰਾ-ਭਰਾ ਹਨ। ਇਸ ਕਰਕੇ ਅਮੀਰੀ ਅਤੇ ਗਰੀਬੀ ਦਾ ਜੋ ਅੰਤਰ ਹੈ, ਉਸ ਨੂੰ ਸਮਾਪਤ ਕਰਨ ਦੀ ਲੋੜ ਹੈ;

ਨਿਰਧਨੁ ਸਰਧਨੁ ਦੋਨਉ ਭਾਈ॥
ਪ੍ਰਭ ਕੀ ਕਲਾ ਨ ਮੇਟੀ ਜਾਈ॥ (ਪੰਨਾ 1159)

ਇਸ ਅੰਤਰ ਨੂੰ ਦੂਰ ਕਰਨ ਵਾਸਤੇ ਹੀ ਗੁਰੂ ਗ੍ਰੰਥ ਸਾਹਿਬ ਨੇ 'ਘਾਲਿ ਖਾਇ ਕਿਛੁ ਹਥਹੁ ਦੇਇ' ਭਾਵ 'ਕਿਰਤ ਕਰੋ ਅਤੇ ਵੰਡ ਕੇ ਛਕੋ' ਦਾ ਕ੍ਰਾਂਤੀਕਾਰੀ ਵਿਧਾਨ ਵਿਸ਼ਵ ਨੂੰ ਦਿੱਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਿਸ ਮਾਨਵੀ ਬਰਾਬਰੀ ਦੀ ਗੱਲ ਹੈ, ਉਸ ਵਿਚ ਕਿਸੇ ਪੱਖੋਂ ਵੀ ਅਧੂਰਾਪਨ ਨਹੀਂ ਹੈ। ਜਿਸ ਮੁਕਤ-ਸਮਾਜ ਦੀ ਗੁਰੂ ਗ੍ਰੰਥ ਸਾਹਿਬ ਵਿਚ ਕਲਪਨਾ ਕੀਤੀ ਗਈ ਹੈ, ਉਸ ਵਿਚ ਇਸਤਰੀ ਅਤੇ ਪੁਰਖ ਦੀ ਬਰਾਬਰੀ ਦਾ ਹੀ ਨਹੀਂ ਬਲਕਿ ਅਭੇਦਤਾ ਦਾ ਵਿਚਾਰ ਦਿੱਤਾ ਗਿਆ ਹੈ। ਇਸਤਰੀ ਅਤੇ ਪੁਰਖ ਦੀ ਅਦ੍ਵੈਤ ਸੰਬੰਧੀ ਰਾਮਕਲੀ ਰਾਗ ਵਿਚੋਂ ਗੁਰੂ ਨਾਨਕ ਦੇਵ ਦਾ ਇੱਕੋ ਪ੍ਰਮਾਣ ਦੇਣਾ ਕਾਫੀ ਹੈ, ਜਿਸ ਵਿਚ ਉਹ ਕਹਿੰਦੇ ਹਨ ਕਿ ਇਸਤਰੀ ਅਤੇ ਪੁਰਖ ਨੂੰ ਵੱਖ-ਵੱਖ ਕੀਤਾ ਹੀ ਨਹੀਂ ਜਾ ਸਕਦਾ, ਕਿਉਂਕਿ ਪੁਰਸ਼ ਵਿਚ ਇਸਤਰੀ ਹੈ ਅਤੇ ਇਸਤਰੀ ਵਿਚ ਪੁਰਸ਼;

ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ
ਬੂਝਹੁ ਬ੍ਰਹਮ ਗਿਆਨੀ॥ (ਪੰਨਾ 879)

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਮੁੱਚੀ ਮਨੁੱਖਤਾ ਨੂੰ ਵਿਸ਼ਵ-ਸ਼ਾਂਤੀ ਦਾ ਕਲਿਆਣਕਾਰੀ ਸੁਨੇਹਾ ਦਿੰਦੀ ਹੈ। ਪ੍ਰਭੁਤਾ ਦੀ ਲਾਲਸਾ ਵਿਚ ਰਾਜ ਦੀਆਂ ਹੱਦਾਂ ਦੇ ਵਿਸਤਾਰ ਹਿੱਤ ਸਵਾਰਥੀ ਰਾਜ-ਮੁਖੀ ਦੂਰ ਦੇਸ਼ਾਂ 'ਤੇ ਜਾ ਹਮਲਾ ਕਰਦੇ ਹਨ। ਸ਼ਾਸਕਾਂ ਦੇ ਇਸ ਭੇੜ ਵਿਚ ਨਿਰਦੋਸ਼ ਪਰਜਾ ਉਨ੍ਹਾਂ ਦੇ ਜਮ-ਰੂਪ ਸਿਪਾਹੀਆਂ ਦੇ ਘੋਰ ਅਤਿਆਚਾਰਾਂ ਦਾ ਸ਼ਿਕਾਰ ਹੁੰਦੀ ਹੈ। ਇਹ ਹਥਿਆਰਾਂ ਨਾਲ ਲੈਸ ਦਰਿੰਦੇ ਮਾਸੂਮ ਲੋਕਾਂ ਦਾ ਸ਼ਿਕਾਰ ਕਰ ਕੇ, ਉਨ੍ਹਾਂ ਦੇ ਘਰਾਂ ਅਤੇ ਮਾਨ-ਸਨਮਾਨ ਨੂੰ ਲੁੱਟ ਕੇ ਆਪਣੀ ਹਉਮੈ ਨੂੰ ਪੱਠੇ ਪਾਉਂਦੇ ਹਨ। ਮਨੁੱਖਤਾ ਦੇ ਕਤਲੇਆਮ ਨਾਲ ਦਰਦਨਾਕ ਵਾਤਾਵਰਨ ਬਣਦਾ ਹੈ। ਰਤਨਾਂ ਵਰਗੀਆਂ ਅਨਮੋਲ ਜਿੰਦੜੀਆਂ ਪਲਾਂ ਵਿਚ ਨਸ਼ਟ ਹੋ ਜਾਂਦੀਆਂ ਹਨ। ਬਹੁਤ ਸਾਰੇ ਲੋਕ ਜ਼ਖ਼ਮੀ ਹੋ ਜਾਂਦੇ ਹਨ ਅਤੇ ਬਹੁਤ ਸਾਰਿਆਂ ਦੀਆਂ ਲਾਸ਼ਾਂ ਸ਼ਮਸ਼ਾਨ ਵਿਚ ਪੁੱਜਦੀਆਂ ਹਨ। ਇਸ ਅਤਿਆਚਾਰ ਤੇ ਅੰਨ੍ਹੀ ਹਿੰਸਾ ਵਿਰੁਧ ਤਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਆਪਣੇ ਪਰਮੇਸ਼ਰ ਨਾਲ ਵੀ ਗ਼ਿਲਾ ਕਰਨ ਤੋਂ ਸੰਕੋਚ ਨਹੀਂ ਕਰਦੀ:

ਖੁਰਾਸਾਨ ਖਸਮਾਨਾ ਕੀਆ
ਹਿੰਦੁਸਤਾਨੁ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ
ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕਰਲਾਣੇ
ਤੈਂ ਕੀ ਦਰਦੁ ਨ ਆਇਆ॥1॥ (ਪੰਨਾ 418)

ਸੰਸਾਰ ਵਿਚ ਪਰਮੇਸ਼ਰ ਨੇ ਸਾਨੂੰ ਆਪਣੇ ਕਰਮਾਂ ਨੂੰ ਸੁਧਾਰਨ ਵਾਸਤੇ ਮਨੁੱਖ ਬਣਾ ਕੇ ਭੇਜਿਆ ਹੈ। ਇਥੇ ਆ ਕੇ ਕਿਸੇ ਨੂੰ ਭਲਾ-ਬੁਰਾ ਕਹਿ ਕੇ ਝਗੜੇ ਖੜ੍ਹੇ ਕਰਨੇ ਉਚਿਤ ਨਹੀਂ, ਕਿਉਂਕਿ ਇਹ ਝਗੜਾ ਤਾਂ ਰੱਬ ਪ੍ਰਤੀ ਮੰਨਿਆ ਜਾਵੇਗਾ ਅਤੇ ਇਹ ਆਪਣੀ ਹੀ ਬਰਬਾਦੀ ਦਾ ਰਸਤਾ ਹੋਵੇਗਾ, ਕਿਉਂਕਿ ਮਨੁੱਖਤਾ ਪ੍ਰਤੀ ਅਪਰਾਧ ਵਾਸਤਵ ਵਿਚ ਆਪਣੇ ਪ੍ਰਤੀ ਅਪਰਾਧ ਹੈ;

ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ॥
ਮੰਦਾ ਕਿਸੈ ਨ ਆਖਿ ਝਗੜਾ ਪਾਵਣਾ॥
(ਪੰਨਾ 566)

ਇਸ ਕਰਕੇ ਅਧਿਆਤਮਕ ਰਾਹ 'ਤੇ ਅੱਗੇ ਵਧਣ ਵਾਸਤੇ ਨਾ ਤਾਂ ਕਿਸੇ ਨੂੰ ਇਕ ਬੁਰਾ ਬੋਲ ਬੋਲਣਾ ਉਚਿਤ ਹੈ ਅਤੇ ਨਾ ਹੀ ਕਿਸੇ ਹੋਰ ਮਨੁੱਖ ਦਾ ਦਿਲ ਦੁਖਾਣਾ, ਕਿਉਂਕਿ ਸਾਰੇ ਜੀਵਾਂ ਦੇ ਹਿਰਦਿਆਂ ਵਿਚ ਪਰਮੇਸ਼ਰ ਆਪ ਵੱਸਿਆ ਹੋਇਆ ਹੈ:

ਇਕੁ ਫਿਕਾ ਨ ਗਾਲਾਇ
ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ
ਮਾਣਕ ਸਭ ਅਮੋਲਵੇ॥129॥
ਸਭਨਾ ਮਨ ਮਾਣਿਕ
ਠਾਹਣੁ ਮੂਲਿ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ ਹਿਆਉ
ਨ ਠਾਹੇ ਕਹੀ ਦਾ॥ (ਪੰਨਾ 1384)

ਸੰਸਾਰ ਵਿਚ ਵਿਵਾਦ ਖੜ੍ਹੇ ਕਰਨ ਦਾ ਕੀ ਲਾਭ, ਇਥੇ ਸਦੀਵੀ ਤਾਂ ਰਹਿਣਾ ਨਹੀਂ! ਸਾਰੀਆਂ ਸਮੱਸਿਆਵਾਂ ਦਾ ਹੱਲ ਇਹ ਹੈ ਕਿ ਆਪਣੇ ਵਿਚਾਰ ਦੱਸੇ ਜਾਣ ਅਤੇ ਦੂਜਿਆਂ ਦੇ ਸੁਣੇ ਜਾਣ:

ਜਬ ਲਗੁ ਦੁਨੀਆ ਰਹੀਐ॥
ਨਾਨਕ ਕਿਛੁ ਸੁਣੀਐ ਕਿਛੁ ਕਹੀਐ॥
ਭਾਲਿ ਰਹੇ ਹਮ ਰਹਣੁ ਨ ਪਾਇਆ
ਜੀਵਤਿਆ ਮਰਿ ਰਹੀਐ॥ (ਪੰਨਾ 661)

ਇਸ ਮੁਕਤ (ਖਲਾਸ) ਸਮਾਜ ਦਾ ਜੋ ਮਾਡਲ ਗੁਰੂ ਗ੍ਰੰਥ ਸਾਹਿਬ ਵਿਚ ਹੈ, ਉਸ ਦੀ ਵਿਸ਼ਵ ਦੇ ਸਮੁੱਚੇ ਸਾਹਿਤ ਵਿਚ ਕਿਤੇ ਵੀ ਮਿਸਾਲ ਮਿਲਣੀ ਮੁਸ਼ਕਿਲ ਹੈ। ਇਹੋ ਜਿਹੀ ਮਾਨਵਤਾਵਾਦੀ ਵਿਚਾਰਧਾਰਾ ਨਾ ਕਿਸੇ ਸ਼ਾਸਤਰ ਵਿਚ ਹੈ ਅਤੇ ਨਾ ਹੀ ਕਿਤੇ ਵਿਵਹਾਰ ਵਿਚ। ਗੁਰੂ-ਕਾਲ ਵਿਚ ਅਜਿਹੇ ਵਿਵਹਾਰ ਦਾ ਪ੍ਰਗਟਾਵਾ ਹੋਇਆ ਸੀ ਜਿਸ ਨੇ ਸਮਸਤ ਭੇਦ-ਭਾਵ ਨੂੰ ਇਸ ਤਰ੍ਹਾਂ ਨਸ਼ਟ ਕੀਤਾ ਸੀ ਕਿ ਯੁੱਧ ਵਿਚ ਵੀ ਦੁਸ਼ਮਣ ਨੂੰ ਆਪਣੇ ਵਰਗਾ ਇਨਸਾਨ ਸਮਝ ਕੇ ਉਸ ਦੀ ਟਹਿਲ-ਸੇਵਾ ਦੀਆਂ ਇਤਿਹਾਸਕ ਮਿਸਾਲਾਂ ਨੇ ਜਨਮ ਲਿਆ। ਗੁਰੂ ਗ੍ਰੰਥ ਸਾਹਿਬ ਵਿਚ ਇਹ ਵੀ ਸਮਝਾਇਆ ਗਿਆ ਹੈ ਕਿ ਧਰਤੀ ਉਹ ਦੇਗ ਹੈ, ਜਿਸ ਦੇ ਗਰਭ ਵਿਚ ਪਏ ਬੇਅੰਤ ਪਦਾਰਥ ਸਾਰੀ ਇਨਸਾਨੀਅਤ ਦੇ ਸਾਂਝੇ ਹਨ ਅਤੇ ਸੁਖਦ ਕਲਿਆਣਕਾਰੀ ਵਾਤਾਵਰਨ ਬਣਾਉਣ ਵਾਸਤੇ ਇਨ੍ਹਾਂ ਸਰਬ-ਸਾਂਝੇ ਸੰਸਾਧਨਾਂ ਦੀ ਵਰਤੋਂ ਸਾਂਝੇ ਤੌਰ ਉਤੇ ਹੋਣੀ ਚਾਹੀਦੀ ਹੈ।

ਗੁਰੂ ਗ੍ਰੰਥ ਸਾਹਿਬ ਸਭ ਕਿਸਮ ਦੇ ਮਤਭੇਦ ਦੂਰ ਕਰਕੇ, ਇਕ ਦੂਜੇ ਦਾ ਭਲਾ ਮੰਗਦਿਆਂ ਸਾਰੀ ਮਾਨਵਤਾ ਨੂੰ ਇਕਜੁੱਟ ਹੋਣ ਦਾ ਸੰਦੇਸ਼ ਦਿੰਦਾ ਹੈ। ਮੇਲ ਵੀ ਦਿਲਾਂ ਦਾ ਹੋਵੇ। ਦਿਲੋਂ ਪਿਆਰ ਹੋਵੇਗਾ ਤਾਂ ਝਗੜੇ ਪੈਦਾ ਨਹੀਂ ਹੋਣਗੇ:

ਬਾਬਾ ਆਵਹੁ ਭਾਈਹੋ ਗਲਿ ਮਿਲਹ
ਮਿਲਿ ਮਿਲਿ ਦੇਹ ਆਸੀਸਾ ਹੇ॥
ਬਾਬਾ ਸਚੜਾ ਮੇਲੁ ਨ ਚੁਕਈ
ਪ੍ਰੀਤਮ ਕੀਆ ਦੇਹ ਅਸੀਸਾ ਹੇ॥ (ਪੰਨਾ 582)

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮਾਨਵੀ ਏਕਤਾ ਦਾ ਇਕ ਅਨਮੋਲ ਸੂਤਰ ਇਸ ਤਰ੍ਹਾਂ ਦੱਸਿਆ ਗਿਆ ਹੈ:

ਹਮ ਨਹੀ ਚੰਗੇ ਬੁਰਾ ਨਹੀ ਕੋਇ॥
ਪ੍ਰਣਵਤਿ ਨਾਨਕੁ ਤਾਰੇ ਸੋਇ॥ (ਪੰਨਾ 728)

ਪੂਰੇ ਵਿਸ਼ਵ ਦੀ ਖੁਸ਼ਹਾਲੀ ਅਤੇ ਮਜ਼ਬੂਤੀ ਵਾਸਤੇ ਗੁਣਾਂ ਦਾ ਆਦਾਨ-ਪ੍ਰਦਾਨ ਜ਼ਰੂਰੀ ਹੈ। ਅਸਲ ਵਿਚ ਸਾਂਝੀਵਾਲਤਾ ਦਾ ਸੂਤਰ ਹੀ ਮਾਨਵੀ ਕਦਰਾਂ-ਕੀਮਤਾਂ ਪ੍ਰਤੀ ਜਾਗਰੂਕਤਾ ਹੈ। ਗੁਣਾਂ ਦੀ ਮਹਿਕ ਨਾਲ ਹੀ ਸੰਸਾਰ ਦਾ ਵਾਤਾਵਰਨ ਨਿਰਮਲ ਹੋ ਸਕਦਾ ਹੈ। ਗੁਣਾਂ ਦੀ ਸਾਂਝ ਨੂੰ ਮਾਨਵੀ ਵਿਕਾਸ ਦਾ ਮੂਲ ਮੰਨਣ ਨਾਲ ਜਗਤ ਵਿਚ ਨਿੰਦਾ ਚੁਗਲੀ ਦਾ ਅਭਾਵ ਹੋਵੇਗਾ ਅਤੇ ਪ੍ਰਸ਼ੰਸਾ ਦਾ ਸੁਖਦ ਵਾਤਾਵਰਨ ਨਿਰਮਿਤ ਹੋ ਸਕੇਗਾ, ਜਿੱਥੇ ਲੋਕ ਆਪਣੀ ਮਹਿਮਾ ਨਹੀਂ, ਦੂਜਿਆਂ ਦੀ ਵਡਿਆਈ ਕਰਦੇ ਦਿਸਣਗੇ। ਗੁਰਵਾਕ ਹੈ:

ਗੁਣਾ ਕਾ ਹੋਵੈ ਵਾਸੁਲਾ
ਕਢਿ ਵਾਸੁ ਲਈਜੈ॥
ਜੇ ਗੁਣ ਹੋਵਨਿ ਸਾਜਨਾ
ਮਿਲਿ ਸਾਝ ਕਰੀਜੈ॥
ਸਾਝ ਕਰੀਜੈ ਗੁਣਹ ਕੇਰੀ
ਛੋਡਿ ਅਵਗਣ ਚਲੀਐ॥
ਪਹਿਰੇ ਪਟੰਬਰ ਕਰਿ ਅਡੰਬਰ
ਆਪਣਾ ਪਿੜੁ ਮਲੀਐ॥
ਜਿਥੈ ਜਾਇ ਬਹੀਐ ਭਲਾ
ਕਹੀਐ ਝੋਲਿ ਅੰਮ੍ਰਿਤੁ ਪੀਜੈ॥
ਗੁਣਾ ਕਾ ਹੋਵੈ ਵਾਸੁਲਾ
ਕਢਿ ਵਾਸੁ ਲਈਜੈ॥3॥ (ਪੰਨਾ 765-766)

ਗੁਰਬਾਣੀ ਇਕ ਅਜਿਹਾ ਵਿਸ਼ਵ-ਵਿਆਪੀ ਵਾਤਾਵਰਨ ਸਿਰਜਿਤ ਕਰਨਾ ਚਾਹੁੰਦੀ ਹੈ, ਜਿੱਥੇ 'ਸਰਬ ਜੀਆ ਮਿਹਰਮਤਿ' ਦੇ ਆਦਰਸ਼ ਦੀ ਪ੍ਰਾਪਤੀ ਹੀ ਪਰਮ ਉਦੇਸ਼ ਹੋਵੇ। ਜਿੱਥੇ ਆਪਸੀ ਵੈਰ-ਭਾਵ ਦਾ ਪੂਰਨ ਨਾਸ਼, ਦੁਸ਼ਮਣੀਆਂ ਦਾ ਅੰਤ, ਦੂਰੀਆਂ ਦਾ ਅਭਾਵ ਹੋ ਜਾਵੇ, ਸਾਰੇ ਸਾਡੇ ਮਿੱਤਰ ਹੋ ਜਾਣ ਅਤੇ ਅਸੀਂ ਸਾਰਿਆਂ ਦੇ ਮਿੱਤਰ ਬਣ ਜਾਈਏ। ਗੱਲ ਕੀ ਸਾਰਾ ਕੁਝ ਬ੍ਰਹਮ ਰੂਪ ਪ੍ਰਤੀਤ ਹੋਣ ਲੱਗ ਪਵੇ:

ਨਾ ਕੋ ਮੇਰਾ ਦੁਸਮਨੁ ਰਹਿਆ
ਨਾ ਹਮ ਕਿਸ ਕੇ ਬੈਰਾਈ॥
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ
ਸਤਿਗੁਰ ਤੇ ਸੋਝੀ ਪਾਈ॥2॥
ਸਭੁ ਕੋ ਮੀਤੁ ਹਮ ਆਪਨ ਕੀਨਾ
ਹਮ ਸਭਨਾ ਕੇ ਸਾਜਨ॥
ਦੂਰਿ ਪਰਾਇਓ ਮਨ ਕਾ ਬਿਰਹਾ
ਤਾ ਮੇਲੁ ਕੀਓ ਮੇਰੈ ਰਾਜਨ॥3॥ (ਪੰਨਾ 671)

ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਗੁਰੂ ਅਰਜਨ ਦੇਵ ਜੀ ਆਪ ਕਹਿੰਦੇ ਹਨ ਕਿ ਮੇਰੇ ਅੰਦਰੋਂ ਦੂਸਰਿਆਂ ਪ੍ਰਤੀ ਈਰਖਾ ਗੁਰੂ ਦੀ ਮਿਹਰ ਸਦਕਾ ਖਤਮ ਹੋ ਗਈ ਹੈ। ਮੇਰਾ ਨਾ ਕੋਈ ਵੈਰੀ ਹੈ, ਨਾ ਹੀ ਮੇਰੇ ਵਾਸਤੇ ਕੋਈ ਪਰਾਇਆ ਹੈ। ਮੇਰੀ ਸਭ ਨਾਲ ਸਾਂਝ ਬਣ ਗਈ ਹੈ। ਸਾਰਿਆਂ ਵਿਚ ਇਕੋ ਪਾਰਬ੍ਰਹਮ ਵੱਸਿਆ ਹੋਇਆ ਹੈ ਅਤੇ ਉਸ ਦੀ ਬਣਾਈ ਸਮੁੱਚੀ ਰਚਨਾ ਵਿਚੋਂ ਕੁਝ ਮਾੜਾ ਹੋ ਹੀ ਨਹੀਂ ਸਕਦਾ। ਕਰਤਾਰ ਦੀ ਜੋਤਿ ਨੂੰ ਸਭ ਵਿਚ ਵਿਆਪਤ ਵੇਖ ਕੇ ਹੀ ਮੇਰਾ ਮਨ-ਚਿੱਤ ਆਨੰਦਿਤ ਹੈ:

ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧਸੰਗਤਿ ਮੋਹਿ ਪਾਈ॥1॥ ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ॥1॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ
ਏਹ ਸੁਮਤਿ ਸਾਧੂ ਤੇ ਪਾਈ॥2॥
ਸਭ ਮਹਿ ਰਵਿ ਰਹਿਆ ਪ੍ਰਭੁ ਏਕੈ
ਪੇਖਿ ਪੇਖਿ ਨਾਨਕ ਬਿਗਸਾਈ॥ (ਪੰਨਾ 1299)

ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਹੈ ਕਿ ਗੁਰੂ ਦੀ ਸੇਵਾ ਵਿਚ ਲੱਗੇ ਵਿਅਕਤੀ ਲਈ ਨਾ ਕੋਈ ਵੈਰੀ ਹੁੰਦਾ ਹੈ, ਨਾ ਈਰਖਾ ਕਰਨ ਵਾਲਾ ਅਤੇ ਨਾ ਹੀ ਉਹ ਕਿਸੇ ਨੂੰ ਭੈੜਾ ਸਮਝਦਾ ਹੈ, ਕਿਉਂਕਿ ਉਸ ਨੂੰ ਇਹ ਗਿਆਨ ਹੋ ਗਿਆ ਹੈ ਕਿ ਉਸ ਵਾਂਗ ਹੀ ਸਾਰੇ ਇਨਸਾਨ ਪਰਮੇਸ਼ਰ ਦੇ ਬੰਦੇ ਹਨ:

ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ॥
ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ॥ (ਪੰਨਾ 400)

ਗੁਰਮੁਖ ਮਨੁੱਖ ਸਾਰੇ ਵਿਅਕਤੀਆਂ ਵਿਚ ਇੱਕੋ ਚੇਤਨਤਾ ਦੀ ਵਿਆਪਕਤਾ ਨੂੰ ਮਹਿਸੂਸ ਕਰਦਾ ਹੈ ਅਤੇ ਚੇਤਨਤਾ ਤੋਂ ਖਾਲੀ ਉਸ ਨੂੰ ਕੋਈ ਨਜ਼ਰ ਨਹੀਂ ਆਉਂਦਾ ਭਾਵ ਉਹ ਹੋਰਾਂ ਨੂੰ ਵੀ ਆਪਣੇ ਵਰਗੇ ਹੱਡ-ਮਾਸ ਦੇ ਜੀਵਿਤ ਵਿਅਕਤੀ ਮੰਨ ਕੇ ਉਨ੍ਹਾਂ ਦੇ ਜੀਵਨ ਦੇ ਅਧਿਕਾਰ ਨੂੰ ਸਨਮਾਨ ਦੀ ਨਜ਼ਰ ਨਾਲ ਵੇਖਦਾ ਹੈ। ਉਹ ਜਾਣਦਾ ਹੈ ਕਿ ਜਿਹੋ-ਜਿਹਾ ਕਿਸੇ ਪ੍ਰਾਣੀ ਨੂੰ ਗਿਆਨ ਹੁੰਦਾ ਹੈ, ਉਹ ਉਹੋ-ਜਿਹੇ ਕਰਮ ਕਰਦਾ ਹੈ, ਪਰ ਆਉਣਾ-ਜਾਣਾ ਅਤੇ ਆਪਣੇ ਕਰਮਾਂ ਦਾ ਲੇਖਾ ਦੇਣਾ ਇਸ ਵਿਚ ਕੋਈ ਮੂਲ-ਅੰਤਰ ਨਹੀਂ ਹੁੰਦਾ ਭਾਵ ਉਹ ਸੁਚੇਤ ਹੈ ਕਿ ਜਦੋਂ ਹਰ ਵਿਅਕਤੀ ਆਪਣੇ ਕਰਮਾਂ ਲਈ ਉਤਰਦਾਈ ਹੈ ਤਾਂ ਉਹ ਕਿਸੇ ਨੂੰ ਮਾੜੀ ਦ੍ਰਿਸ਼ਟੀ ਨਾਲ ਕਿਉਂ ਵੇਖੇ;

ਏਕਾ ਸੁਰਤਿ ਜੇਤੇ ਹੈ ਜੀਅ॥
ਸੁਰਤਿ ਵਿਹੂਣਾ ਕੋਇ ਨ ਕੀਅ॥
ਜੇਹੀ ਸੁਰਤਿ ਤੇਹਾ ਤਿਨ ਰਾਹੁ॥
ਲੇਖਾ ਇਕੋ ਆਵਹੁ ਜਾਹੁ॥ (ਪੰਨਾ 24-25)

ਵੈਰ-ਵਿਰੋਧ, ਈਰਖਾ-ਦ੍ਵੇਸ਼ ਕਾਰਨ ਪੂਰੇ ਵਿਸ਼ਵ ਵਿਚ ਧੜੇਬੰਦੀਆਂ ਹਨ, ਜੋ ਮਾਨਵਤਾਵਾਦੀ ਉਦੇਸ਼ਾਂ ਦੀ ਪੂਰਤੀ ਦੇ ਰਾਹ ਦੀ ਵੱਡੀ ਰੁਕਾਵਟ ਹਨ। ਧੜੇਬੰਦੀਆਂ ਤੋਂ ਪੱਖ-ਪਾਤ ਜਨਮ ਲੈਂਦਾ ਹੈ, ਜੋ ਮਾਨਵੀ ਏਕਤਾ ਅਤੇ ਬਰਾਬਰੀ ਦੇ ਸਿਧਾਂਤ ਦੇ ਵਿਰੁਧ ਹੈ। ਗੁਰੂ ਜੀ ਕਹਿੰਦੇ ਹਨ ਕਿ ਸਾਡਾ ਕਿਸੇ ਧੜੇਬੰਦੀ ਨਾਲ ਕੋਈ ਲਗਾਉ ਨਹੀਂ ਹੈ:

ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ
ਹਉ ਹਰਿ ਗੁਣ ਗਾਵਾ ਅਸੰਖ ਅਨੇਕ॥
(ਪੰਨਾ 366)

ਗੁਰੂ ਗ੍ਰੰਥ ਸਾਹਿਬ ਵਿਚ ਪਰਮੇਸ਼ਰ ਦਾ ਇਕ ਸਰਬ ਸਾਂਝਾ ਸਰੂਪ ਹੈ। ਉਹ ਬੇਅੰਤ ਨਾਵਾਂ ਵਾਲਾ ਹੈ। ਇਥੇ ਸਾਰੇ ਧਰਮਾਂ ਦੇ ਪਰਮ-ਸੱਤਾ ਲਈ ਵਰਤੇ ਨਾਵਾਂ ਨੂੰ ਇੱਕੋ ਜਿਹੇ ਆਦਰ-ਭਾਵ ਨਾਲ ਵੇਖਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤਾਂ ਉਸ ਸਰਬ-ਸਾਂਝੇ ਅਕਾਲ ਪੁਰਖ ਦੇ ਸਾਰੇ ਨਾਵਾਂ ਤੋਂ ਬਲਿਹਾਰ ਜਾਂਦੀ ਕਹਿੰਦੀ ਹੈ, 'ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ'। 'ਜਪੁ' ਬਾਣੀ ਵਿਚ ਕੇਵਲ ਉਸ ਪ੍ਰਭੂ ਦੇ ਸਿਮਰਨ ਦੀ ਮੰਗ ਕੀਤੀ ਗਈ ਹੈ, ਜਿਸ ਵਿਚ ਸਾਰੀ ਇਨਸਾਨੀਅਤ ਨੂੰ ਜੋੜਨ ਦੀ ਸਮਰੱਥਾ ਹੋਵੇ। 'ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥' ਵਿਚ ਇਸੇ ਭਾਵ ਨੂੰ ਪ੍ਰਗਟਾਇਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦਾ ਅਸਲ ਨਿਸ਼ਾਨਾ 'ਏਕੁ ਪਿਤਾ ਏਕਸ ਕੇ ਹਮ ਬਾਰਿਕ॥' ਦੇ ਪਰਮ ਵਿਚਾਰ ਨੂੰ ਇਨਸਾਨੀਅਤ ਦੇ ਹਿਰਦੇ ਵਿਚ ਸੰਚਾਰਿਤ ਕਰਨਾ ਹੈ। ਉਹ ਸਾਰੇ ਇਨਸਾਨਾਂ ਦਾ ਸਾਂਝਾ ਪਿਤਾ ਹੈ, ਜੋ ਬਿਨਾਂ ਕਿਸੇ ਭੇਦ-ਭਾਵ ਦੇ ਸਾਰਿਆਂ ਦੀਆਂ ਆਸਾਂ ਪੂਰੀਆਂ ਕਰਦਾ ਹੈ। ਉਹ ਮਾਨਵੀ ਸਾਂਝੀਵਾਲਤਾ ਦਾ ਮੂਲ-ਆਧਾਰ ਹੈ ਅਤੇ ਕੋਈ ਜੀਵ ਉਸ ਤੋਂ ਵੱਖ ਕਰ ਕੇ ਨਹੀਂ ਵੇਖਿਆ ਜਾ ਸਕਦਾ। ਉਸ ਨੇ ਪ੍ਰਿਥਵੀ ਉਪਰ ਸਭ ਦੀ ਵਰਤੋਂ ਲਈ ਅਮੁੱਕ ਪਦਾਰਥ ਉਪਜਾਏ ਹਨ। ਪਰ ਸਮੱਸਿਆਵਾਂ ਅਸੀਮ ਖ਼ਾਹਿਸ਼ਾਂ ਕਾਰਨ ਹਨ। ਆਦਰਸ਼ਕ ਇਨਸਾਨ ਉਹ ਹੈ, ਜੋ ਸਦਾ ਸੰਤੁਸ਼ਟ ਰਹਿੰਦਾ ਹੈ;

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ॥
ਨਉ ਨਿਧਿ ਤੇਰੈ ਅਖੁਟ ਭੰਡਾਰਾ॥
ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ
ਸੋਈ ਭਗਤੁ ਤੁਮਾਰਾ ਜੀਉ॥2॥
ਸਭੁ ਕੋ ਆਸੈ ਤੇਰੀ ਬੈਠਾ॥
ਘਟ ਘਟ ਅੰਤਰਿ ਤੂੰਹੈ ਵੁਠਾ॥
ਸਭੇ ਸਾਝੀਵਾਲ ਸਦਾਇਨਿ
ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥3॥
(ਪੰਨਾ 97)

ਧਰਮ-ਸਥਾਨ ਪਰਮੇਸ਼ਰ ਦੀ ਪੂਜਾ ਭਗਤੀ ਵਾਸਤੇ ਸਥਾਪਿਤ ਕੀਤੇ ਜਾਂਦੇ ਹਨ ਪਰ ਹੌਲੀ-ਹੌਲੀ ਪਰਮੇਸ਼ਰ ਨੂੰ ਇਨ੍ਹਾਂ ਪੂਜਾ-ਸਥਾਨਾਂ ਵਿਚ ਹੀ ਕੈਦ ਕਰ ਦਿੱਤਾ ਜਾਂਦਾ ਹੈ। ਇਨ੍ਹਾਂ ਪੂਜਾ-ਸਥਾਨਾਂ ਉਪਰ ਜਿਨ੍ਹਾਂ ਵਿਅਕਤੀਆਂ ਦਾ ਕਬਜ਼ਾ ਹੁੰਦਾ ਹੈ, ਰੱਬ ਵੀ ਉਨ੍ਹਾਂ ਦੇ ਕਬਜ਼ੇ ਵਿਚ ਆ ਜਾਂਦਾ ਹੈ। ਇੰਵ ਘਟ-ਘਟ ਵਿਚ ਵੱਸਣ ਵਾਲਾ, ਸਰਬ-ਸ਼ਕਤੀਮਾਨ ਮੰਨਿਆ ਜਾਣ ਵਾਲਾ ਪਾਰਬ੍ਰਹਮ ਕੁਝ ਲੋਕਾਂ ਦਾ ਜਾਂ ਵਿਸ਼ੇਸ਼ ਕੌਮਾਂ ਦਾ ਹੋ ਕੇ ਰਹਿ ਜਾਂਦਾ ਹੈ। ਇਸ ਮੰਦਰਾਂ, ਮਸੀਤਾਂ ਵਿਚ ਕੈਦ ਅਸਹਾਇ ਪਰਮਾਤਮਾ, ਜਿਸ ਨੂੰ ਸਥਾਨ ਵਿਸ਼ੇਸ਼ ਦੀਆਂ ਸੀਮਾਵਾਂ ਵਿਚੋਂ ਮੁਕਤ ਕਰਵਾਉਣ ਵਾਸਤੇ ਗੁਰੂ ਨਾਨਕ ਦੇਵ ਨੂੰ ਅਰਬ ਦੇਸ਼ਾਂ ਦੀ ਯਾਤਰਾ ਕਰਨੀ ਪਈ ਸੀ, ਲੋਕਾਂ ਦੇ ਹੱਥਾਂ ਦੀ ਕਠਪੁਤਲੀ ਨਜ਼ਰ ਆਉਣ ਲੱਗ ਜਾਂਦਾ ਹੈ। ਇਸੇ ਕਰਕੇ ਭਗਤ ਕਬੀਰ ਨੂੰ ਗੁਰਬਾਣੀ ਵਿਚ 'ਲੋਗਨ ਰਾਮੁ ਖਿਲਉਨਾ ਜਾਨਾ' ਕਹਿਣਾ ਪਿਆ ਸੀ। ਭਗਤ ਨਾਮਦੇਵ ਮੰਦਰਾਂ ਵਿਚ ਬੰਦ ਇਸ ਪਰਮੇਸ਼ਰ ਉਪਰ ਕੁਝ ਲੋਕਾਂ ਦੇ ਅਧਿਕਾਰ ਦੀ ਗੱਲ ਕਰਦਿਆਂ ਗਿਲ੍ਹੇ ਵਿਚ ਕਹਿੰਦੇ ਹਨ:

ਆਲਾਵੰਤੀ ਇਹੁ ਭ੍ਰਮੁ ਜੋ ਹੈ
ਮੁਝ ਊਪਰਿ ਸਭ ਕੋਪਿਲਾ॥
ਸੂਦੁ ਸੂਦੁ ਕਰਿ ਮਾਰਿ ਉਠਾਇਓ
ਕਹਾ ਕਰਉ ਬਾਪ ਬੀਠੁਲਾ॥1॥
(ਪੰਨਾ 1292)


ਗੁਰਬਾਣੀ ਵਿਚ ਅਜਿਹੇ ਪਰਮੇਸ਼ਰ ਦੀ ਪਰਿਕਲਪਨਾ ਹੈ, ਜਿਸ ਨੂੰ ਕਿਸੇ ਧਰਮ ਸਥਾਨ ਦੀਆਂ ਦੀਵਾਰਾਂ ਤੱਕ ਸੀਮਿਤ ਨਹੀਂ ਕੀਤਾ ਜਾ ਸਕਦਾ:

ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥ (ਪੰਨਾ 875)

ਸ੍ਰੀ ਹਰਿਮੰਦਰ ਸਾਹਿਬ ਚਾਰੇ ਦਿਸ਼ਾਵਾਂ ਵਿਚ ਦੂਰ ਤੱਕ ਵਿਸਤ੍ਰਿਤ ਹੈ। ਹਰਿਮੰਦਰ ਉਹ ਹੈ ਜਿਥੇ ਚਾਰ ਵਰਣਾਂ, ਚਾਰ ਧਰਮਾਂ, ਚਾਰ ਬੋਲੀਆਂ ਨਾਲ ਸੰਬੰਧਿਤ ਸਮੂਹ ਮਨੁੱਖਤਾ ਇਕ ਹੋ ਜਾਂਦੀ ਹੈ ਭਾਵ ਹਰਿਮੰਦਰ ਦੇ ਘੇਰੇ ਵਿਚ ਸਾਰਾ ਸਥੂਲ ਜਗਤ ਹੈ ਜਾਂ ਫਿਰ ਇਕ ਸੂਖਮ ਹਰਿਮੰਦਰ ਹਰ ਪ੍ਰਾਣੀ ਦੇ ਸਰੀਰ ਸਰੋਵਰ ਦੇ ਵਿਚਕਾਰ ਉਸੇ ਤਰ੍ਹਾਂ ਸਥਿਤ ਹੈ, ਜਿਵੇਂ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼-ਸਥਾਨ ਅੰਮ੍ਰਿਤ ਸਰੋਵਰ 'ਚ ਸਥਿਤ ਹੈ। ਵਿਭਿੰਨ ਧਾਰਮਿਕ ਮਾਰਗਾਂ 'ਤੇ ਚਲ ਰਹੇ ਸਮੂਹ ਮਨੁੱਖਾਂ ਦੇ ਦੁੱਖ ਦੂਰ ਕਰ ਕੇ ਪਰਮੇਸ਼ਰ ਦੀਆਂ ਬਖ਼ਸ਼ਿਸ਼ਾਂ ਦੀ ਵਰਖਾ ਮੰਗਣ ਵਾਲੀ ਸਰਬ-ਸਾਂਝੀ ਵਿਸ਼ਵ-ਵਿਆਪੀ ਅਰਦਾਸ ਦਾ ਸਰਵੋਤਮ ਨਮੂਨਾ ਇਸੇ ਮਹਾਨ ਧਾਰਮਿਕ ਗ੍ਰੰਥ ਵਿਚ ਹੈ।

# ਰਾਹੀ ਮਾਸੂਮ ਰਜ਼ਾ ਦੇ ਅੰਦਰਲੇ ਬੰਦੇ ਵਲ ਖਿੱਚੀ ਗਈ ਸਾਂ ਮੈਂ

ਸਫ਼ਰ ਜ਼ਿੰਦਗੀ ਦਾ



**ਰਾਹੀ ਮਾਸੂਮ ਰਜ਼ਾ ਬੇਨਜ਼ੀਰ ਸ਼ਖਸੀਅਤ ਦੇ ਮਾਲਕ ਸਨ। ਬਹੁਤ ਸਾਰੇ ਲੋਕ ਉਨ੍ਹਾਂ ਨੂੰ ਅੱਜ ਤੋਂ 20-25 ਵਰ੍ਹੇ ਪਹਿਲਾਂ ਬਣੇ ਮਹਾਂਭਾਰਤ ਸੀਰੀਅਲ ਦੇ ਲੇਖਕ ਵਜੋਂ ਜਾਣਦੇ ਹਨ। ਹੋਰ ਬਥੇਰੇ ਲੋਕ 'ਆਧਾ ਗਾਓਂ' ਵਰਗੇ ਕਲਾਸਿਕ ਨਾਵਲ ਦੇ ਲੇਖਕ ਵਜੋਂ ਉਨ੍ਹਾਂ ਨਾਲ ਵਾਬਸਤਾ ਹਨ। ਇਸ ਤੋਂ ਵੀ ਵੱਡੀ ਗੱਲ ਹੈ ਕਿ ਉਹ ਇਨਸਾਨ ਬਹੁਤ ਵੱਡੇ ਸਨ। 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ ਉਨ੍ਹਾਂ ਦੀ ਸ਼ਖਸੀਅਤ ਦੇ ਹੁਸੀਨ ਪਹਿਲੂਆਂ ਤੋਂ ਜਾਣੂ ਕਰਵਾਉਣ ਲਈ ਅਸੀਂ ਉਨ੍ਹਾਂ ਦੀ ਪਤਨੀ ਨਈਅਰ ਰਜ਼ਾ ਨਾਲ ਸ੍ਰੀ ਪ੍ਰੇਮ ਕੁਮਾਰ ਵਲੋਂ ਕੀਤੀ ਗਈ ਇੰਟਰਵਿਊ ਪ੍ਰਕਾਸ਼ਤ ਕਰ ਰਹੇ ਹਾਂ। -ਸੰਪਾਦਕ**

**ਇਕ ਸ਼ਤਾਬਦੀ ਤੋਂ ਵੱਧ ਦੀ ਉਮਰ ਜੀਅ ਚੁੱਕੀ ਉਹ ਇਮਾਰਤ ਅਤੇ ਖੱਬੇ ਪਾਸੇ ਸਾਧਾਰਨ ਜਿਹੀ ਇਮਾਰਤ ਦੀ ਲੰਮੀ ਸਫੈਦ ਕੰਧ 'ਤੇ ਲੱਗੀ ਤਾਮਚੀਨੀ ਦੀ ਇਕ ਨੇਮ ਪਲੇਟ। ਉਸ 'ਤੇ ਅੰਗ੍ਰੇਜ਼ੀ ਵਿਚ ਲਿਖਿਆ ਹੈ-ਡਾ. ਰਾਹੀ ਮਾਸੂਮ ਰਜ਼ਾ। ਮਨ ਵਿਚ ਸੁਆਲ ਉਠਦਾ ਹੈ ਕਿ ਇਥੇ ਇਹ ਨੇਮ ਪਲੇਟ ਇਉਂ, ਇਸ ਥਾਂ ਕਿਉਂ?**

-ਉਨ੍ਹਾਂ ਦੇ ਆਉਣ ਦੀ ਉਡੀਕ ਕਰਦੀਆਂ ਮੇਰੀਆਂ ਅੱਖਾਂ ਉਸ ਮਹਿਮਾਨ-ਕਮਰੇ ਦੀ ਇਕ-ਇਕ ਚੀਜ਼ ਨੂੰ ਕਾਹਲੀ ਨਾਲ ਦੇਖ-ਯਾਦ ਕਰ ਲੈਣਾ ਚਾਹ ਰਹੀਆਂ ਸਨ। ਜੀ ਹਾਂ, ਉਥੇ ਉਨ੍ਹਾਂ ਤੋਂ ਮੇਰਾ ਮਤਲਬ ਨਈਅਰ ਰਜ਼ਾ ਰਾਹੀ ਤੋਂ ਹੈ। ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਇਸ ਸ਼ਖਸੀਅਤ ਦੇ ਮਾਸੂਮ ਰਜ਼ਾ ਦੀ ਜ਼ਿੰਦਗੀ ਵਿਚ ਆਉਣ ਦਾ ਸੱਚ ਤੇ ਅਰਥ ਕੀ ਸੀ? ਰਾਹੀ ਤੋਂ ਜੋ ਜਿੰਨਾ ਦੂਰ ਸੀ, ਉਸ ਨੇ ਦੋਹਾਂ ਦੇ ਜੁੜਨ ਨੂੰ ਲੈ ਕੇ ਓਨਾ ਹੀ ਉਲ-ਜਲੂਲ ਸੋਚਿਆ-ਫੈਲਾਇਆ। ਨਜ਼ਦੀਕੀ-ਜਾਣਕਾਰ ਲੋਕ ਆਪੋ-ਆਪਣੇ ਕਾਰਨਾਂ ਕਰਕੇ ਖਾਮੋਸ਼ ਰਹੇ। ਸਿੱਟੇ ਵਜੋਂ ਰਾਹੀ ਦੇ ਜੀਵਨ ਅਤੇ ਲੇਖਨ ਨੂੰ ਲੈ ਕੇ ਅਨੇਕ ਬੇਸਿਰ-ਪੈਰ, ਉਟ-ਪਟਾਂਗ, ਅਪ੍ਰਮਾਣਿਕ, ਪਰਸਪਰ ਵਿਰੋਧੀ ਗੱਲਾਂ ਬਣੀਆਂ, ਪਲੀਆਂ, ਫੈਲੀਆਂ। ਜੀਅ ਕੀਤਾ ਕਿ ਰਾਹੀ ਦੀ ਜ਼ਿੰਦਗੀ ਨਾਲ ਨਈਅਰ ਰਜ਼ਾ ਦੇ ਜੁੜਨ ਦੇ ਸੱਚ ਨੂੰ ਉਨ੍ਹਾਂ ਤੋਂ ਹੀ ਜਾਣਿਆ ਜਾਵੇ।

ਗੁਲਾਬੀ ਕੁੜਤਾ, ਪੀਲੀ ਜਿਹੀ ਸਲਵਾਰ। ਬਿਲਕੁਲ ਸਫੈਦ ਚੁੰਨੀ। ਚਮਕਦਾ ਮੁਸਕਾਉਂਦਾ ਚਿਹਰਾ। ਚਿੱਟੇ ਵਾਲ। ਭਰਪੂਰ ਚੁਸਤੀ-ਫੁਰਤੀ। ਨਾ ਕੋਈ ਸ਼ਿੰਗਾਰ, ਨਾ ਬਨਾਵਟ-ਸਜਾਵਟ। ਸਭ ਕੁਝ ਬਿਲਕੁਲ ਸਾਦਾ-ਸੰਭਿਆ। ਸਾਦਗੀ ਭਰੀ ਖੂਬਸੂਰਤੀ, ਪਿਆਰ-ਭਰੀ ਅਪਣੱਤ। ਫਿਰ ਵੀ ਮਨ ਵਿਚ ਸੰਕੋਚ ਵਰਗਾ ਇਕ ਡਰ ਮੇਰੇ ਨਾਲ ਸੀ, ਜੋ ਪ੍ਰਸ਼ਨ ਮੇਰੇ ਅੰਦਰ ਉਠ ਰਹੇ ਸਨ, ਉਨ੍ਹਾਂ ਨੂੰ ਸੁਣ ਕੇ ਉਹ ਕਿਤੇ ਨਾਰਾਜ਼ ਨਾ ਹੋ ਜਾਣ, ਮਨ੍ਹਾਂ ਨਾ ਕਰ ਦੇਣ। ਹੌਸਲਾ ਕਰਕੇ ਬਾਹਰ ਲੱਗੀ ਰਾਹੀ ਮਾਸੂਮ ਰਜ਼ਾ ਦੀ ਨੇਮ ਪਲੇਟ ਬਾਰੇ ਸੁਆਲ ਕੀਤਾ। ਜ਼ੋਰ ਦਾ ਹਾਸਾ ਸੁਣਾਈ ਦਿੱਤਾ। ਹੱਸਦੇ-ਹੱਸਦੇ ਦੱਸਣ ਲੱਗੀ, "ਇਹਦੀ ਆਪਣੀ ਇਕ ਕਹਾਣੀ ਹੈ। ਜਿਸ ਹਿੱਸੇ ਵਿਚ ਅਸੀਂ ਬੈਠੇ ਹਾਂ, ਇਹਨੂੰ ਮੇਰੇ ਦਾਦੇ ਨੇ ਬਣਾਇਆ ਸੀ। ਜਿਥੇ ਮਾਸੂਮ ਦੀ ਨੇਮ-ਪਲੇਟ ਲੱਗੀ ਹੈ, ਇਸ ਜੁੜੇ ਹਿੱਸੇ ਨੂੰ ਅਸੀਂ ਡੱਬਾ ਕਹਿੰਦੇ ਹਾਂ ਅਤੇ ਨੌਕਰ ਛੋਟੀ ਕੋਠੀ। ਇਸ ਸਾਹਮਣੇ ਵਾਲੇ ਹਿੱਸੇ ਵਿਚ ਉਰਦੂ ਡਿਪਾਰਟਮੈਂਟ ਵਿਚ ਚੇਅਰਮੈਨ ਰਹੇ ਨਸੀਮ ਕੁਰੈਸ਼ੀ ਰਹਿੰਦੇ ਸਨ। ਉਨ੍ਹਾਂ ਦੀ ਮੌਤ ਪਿੱਛੋਂ ਇਸ ਹਿੱਸੇ ਨੂੰ ਕਿਸੇ ਦੇ ਨਾਂ ਅਲਾਟ ਕਰ ਦਿੱਤਾ ਗਿਆ। ਮੈਂ ਦਫ਼ਤਰਾਂ ਵਿਚ ਗਈ, ਅਫਸਰਾਂ ਨੂੰ ਮਿਲੀ। ਉਨ੍ਹਾਂ ਨੇ ਕਿਹਾ ਕਿ ਤੁਹਾਡੇ ਕੋਲ ਤਾਂ ਘਰ ਹੈ, ਇਸ ਲਈ ਇਹ ਤੁਹਾਡੇ ਨਾਂ ਅਲਾਟ ਨਹੀਂ ਹੋ ਸਕਦਾ। ਮੈਂ ਕਿਹਾ ਕਿ ਮੇਰੇ ਹਸਬੈਂਡ ਦੇ ਨਾਂ 'ਤੇ ਘਰ ਨਹੀਂ ਹੈ ਤਾਂ ਉਨ੍ਹਾਂ ਨੇ ਅਲਾਟ ਤਾਂ ਨਹੀਂ ਕੀਤਾ ਪਰ ਛੱਡ ਦਿੱਤਾ ਸੀ। ਨਹੀਂ, ਉਹ ਇਸ ਵਿਚ ਬਿਲਕੁਲ ਨਹੀਂ ਰਹੇ... ਉਨ੍ਹਾਂ ਦਾ ਆਫਿਸ ਬਣਾ ਦਿੱਤਾ ਸੀ ਅਤੇ ਇਹ ਨੇਮ ਪਲੇਟ ਲਗਵਾ ਦਿੱਤੀ ਸੀ। ਨਹੀਂ, ਅਲੀਗੜ੍ਹ ਵਿਚ ਮੈਂ ਹੋਰ ਕਿਤੇ ਨਹੀਂ ਰਹੀ, ਇਥੇ ਹੀ ਰਹੀ।"

**ਰਾਹੀ ਸਾਹਿਬ ਨਾਲ ਤੁਹਾਡੇ ਜੁੜਨ ਅਤੇ ਉਨ੍ਹਾਂ ਤੋਂ ਪਹਿਲਾਂ ਦੀ ਜ਼ਿੰਦਗੀ ਬਾਰੇ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਹੀਆਂ ਜਾਂਦੀਆਂ ਰਹੀਆਂ ਹਨ। ਉਨ੍ਹਾਂ ਸਭ ਕਿਆਸਾਂ, ਅਫਵਾਹਾਂ 'ਤੇ ਰੋਕ ਲਾਉਣ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਉਸ ਬਾਰੇ ਕੁਝ ਕਹੋ?**

ਬੜੇ ਧਿਆਨ ਨਾਲ ਸੁਣਿਆ ਸਭ। ਕਾਫੀ ਚਿਰ ਕੁਝ ਸੋਚਿਆ ਅਤੇ ਫਿਰ ਬੜੇ ਸਹਿਜ ਭਾਵ ਨਾਲ ਦੱਸਣ ਲੱਗੀ "ਜੀ, ਮੇਰੀ ਪਹਿਲੀ ਸ਼ਾਦੀ ਕਰਨਲ ਯੂਸਫ ਖਾਨ ਨਾਲ ਹੋਈ ਸੀ। ਉਹ ਮੇਰੇ ਕਜ਼ਨ ਸਨ। ਬੁਰਾ ਰਿਵਾਜ਼ ਸੀ ਸਾਡੇ ਉਥੇ ਕਜ਼ਨ ਨਾਲ ਸ਼ਾਦੀ ਕਰਨ ਦਾ। ਇਨ੍ਹਾਂ ਦੇ ਫਾਦਰ ਸਰ ਅਬਦੁਲ ਸਮਦ ਖਾਂ, ਹਰੀ ਸਿੰਘ ਦੇ ਜ਼ਮਾਨੇ ਵਿਚ ਕਸ਼ਮੀਰ ਵਿਚ ਹੋਮ-ਮਨਿਸਟਰ ਸਨ। ਉਹ ਮੇਰੇ ਮਾਮਾ ਸਨ। ਜਦੋਂ ਅਸੀਂ ਤਲਾਕ ਦਾ ਫੈਸਲਾ ਕੀਤਾ ਤਾਂ ਮੈਂ ਫੈਸਲਾ ਕੀਤਾ ਕਿ ਮੈਂ ਸ੍ਰੀਨਗਰ ਰਹਾਂ। ਉਥੇ ਬੱਚੇ ਵਨ ਹਾਲ ਸਕੂਲ ਵਿਚ ਪੜ੍ਹ ਰਹੇ ਸਨ। ਮੈਂ ਉਸ ਸਮੇਂ ਤੱਕ ਰਾਹੀ ਮਾਸੂਮ ਰਜ਼ਾ ਨੂੰ ਜਾਣਦੀ ਨਹੀਂ ਸਾਂ। ਮੈਂ ਮਾਸੂਮ ਨੂੰ ਆਪਣੇ ਤਲਾਕ ਤੋਂ ਦੋ ਸਾਲ ਬਾਅਦ ਮਿਲੀ। ਨਹੀਂ, ਉਸ ਤੋਂ ਪਹਿਲਾਂ ਜਾਣਦੀ ਵੀ ਨਹੀਂ ਸਾਂ। ਨਹੀਂ, ਨਹੀਂ...ਭੱਜਣ-ਭਜਾਉਣ ਦਾ ਸੁਆਲ ਹੀ ਕੀ ਸੀ? ਉਦੋਂ ਤੱਕ ਤਾਂ ਦਿਮਾਗ 'ਚ ਵੀ ਨਹੀਂ ਸੀ ਕਿ ਕੋਈ ਮਿਲੇਗਾ ਜਾਂ ਸ਼ਾਦੀ ਕਰਨੀ ਹੈ ਜਾਂ ਨਹੀਂ।

**ਰਾਹੀ ਸਾਹਿਬ ਨੂੰ ਤੁਸੀਂ ਪਹਿਲੀ ਵਾਰੀ ਕਦੋਂ ਤੇ ਕਿਥੇ ਮਿਲੇ? ਇਹ ਮੁਲਾਕਾਤ ਸ਼ਾਦੀ ਤੱਕ ਕਿਵੇਂ ਪਹੁੰਚੀ?**

-ਓਨੀ ਉਸ ਯਾਤਰਾ ਨੂੰ ਤੈਅ ਕਰਨ ਵਿਚ ਜ਼ਿਆਦਾ ਦੇਰ ਨਹੀਂ ਲੱਗੀ ਉਦੋਂ...ਕਰਨਲ ਸਾਹਿਬ ਦੀ ਮੌਤ ਪਿੱਛੋਂ ਕਸ਼ਮੀਰ ਵਿਚ ਰਹਿ ਕੇ ਮੂਨਿਸ ਭਾਈ ਨਾਲ ਮੇਲ ਹੋ ਗਿਆ। ਮਾਸੂਮ ਰਜ਼ਾ ਨਾਲ ਤਾਂ ਇਤਫਾਕ ਨਾਲ ਮੇਲ ਹੋਇਆ। ਉਦੋਂ ਮੂਨਿਸ ਰਜ਼ਾ ਦੀ ਫੈਮਿਲੀ ਵਾਲੀ ਮੰਜ਼ਿਲ ਵਿਚ ਰਹਿੰਦੇ ਸੀ। ਉਸ ਦਿਨ ਮੈਂ ਉਨ੍ਹਾਂ ਨੂੰ ਮਿਲਣ ਗਈ ਸਾਂ ਉਥੇ। ਮੇਰਾ ਚਚੇਰਾ ਭਰਾ, ਜੀਹਦੀ ਡੈਥ ਹੋ ਚੁੱਕੀ ਹੈ, ਮੇਰੇ ਨਾਲ ਸੀ। ਉਥੇ ਪਤਾ ਲੱਗਿਆ ਕਿ ਮੂਨਿਸ ਭਾਈ ਤਾਂ ਜਾ ਚੁੱਕੇ ਹਨ ਤਾਂ ਉਸ ਦਿਨ ਉਥੇ ਪਹਿਲੀ ਵਾਰ ਮੇਰਾ ਮੇਲ ਮਾਸੂਮ ਨਾਲ ਹੋਇਆ। ਭਰਾ ਉਨ੍ਹਾਂ ਨੂੰ ਪਹਿਲਾਂ ਤੋਂ ਜਾਣਦਾ ਸੀ। ਉਸੇ ਨੇ ਦੱਸਿਆ ਕਿ ਜਿਨ੍ਹਾਂ ਨੇ ਦਰਵਾਜ਼ਾ ਖੋਲ੍ਹਿਆ, ਉਹ ਪੜ੍ਹਾਉਂਦੇ ਹਨ, ਬੜੇ ਮਸ਼ਹੂਰ ਸ਼ਾਇਰ ਹਨ। ਨਹੀਂ, ਉਦੋਂ ਬਿਲਕੁਲ ਅਟ੍ਰੈਕਟ ਨਹੀਂ ਹੋਈ। ਫਿਰ ਮਿਲਣਾ-ਗਿਲਣਾ, ਆਉਣਾ-ਜਾਣਾ ਹੁੰਦਾ ਰਿਹਾ। ਫਿਰ ਹੌਲੀ-ਹੌਲੀ ਵਧਦਾ ਰਿਹਾ, ਇਕ ਸਾਲ ਬਾਅਦ ਅਸੀਂ ਸ਼ਾਦੀ ਦਾ ਫੈਸਲਾ ਕੀਤਾ। ਮੈਂ ਉਨ੍ਹਾਂ ਨੂੰ ਆਪਣੀ ਮਾਂ ਨਾਲ ਮਿਲਾਇਆ। ਬਿਲਕੁਲ, ਉਨ੍ਹਾਂ ਦੀ ਇਜਾਜ਼ਤ ਨਾਲ ਹੋਇਆ ਸਭ ਅਤੇ ਅਸੀਂ ਸ਼ਾਦੀ ਕਰ ਲਈ।

**ਕੀ ਖਾਸ ਦਿਸਿਆ ਸੀ ਤੁਹਾਨੂੰ ਉਨ੍ਹਾਂ ਵਿਚ ਅਜਿਹਾ ਕਿ ਤੁਸੀਂ ਸ਼ਾਦੀ ਕਰਨ ਦਾ ਫੈਸਲਾ ਕੀਤਾ?**

-ਖਾਸ ਇਹ ਸੀ ਕਿ ਸਾਡੇ ਖ਼ਿਆਲ ਬਹੁਤ ਮਿਲਦੇ ਸਨ। ਅਸੀਂ ਫੈਸਲਾ ਕੀਤਾ ਕਿ ਮੈਂ ਉਨ੍ਹਾਂ ਦੀ ਪਹਿਲੀ ਜ਼ਿੰਦਗੀ ਬਾਰੇ ਕੁਝ ਨਹੀਂ ਪੁੱਛਾਂਗੀ ਅਤੇ ਉਹ ਮੇਰੀ ਜ਼ਿੰਦਗੀ ਬਾਰੇ ਨਹੀਂ ਪੁੱਛਣਗੇ ਅਤੇ ਸਾਡਾ ਇਹ ਵਾਅਦਾ ਆਖਰ ਤੱਕ ਰਿਹਾ। ਜੀ ਹਾਂ, ਯੂਨਸ ਤੋਂ ਮੇਰੇ ਤਿੰਨ ਲੜਕੇ ਵੀ ਸਨ। ਮਾਸੂਮ ਨੇ ਉਨ੍ਹਾਂ ਤਿੰਨਾਂ ਨੂੰ ਬਹੁਤ ਪਿਆਰ ਦਿੱਤਾ, ਆਪਣੇ ਬੱਚਿਆਂ ਵਾਂਗ। ਹੁਣ ਵੀ ਬਹੁਤਿਆਂ ਨੂੰ ਪਤਾ ਨਹੀਂ ਕਿ ਇਹ ਮਾਸੂਮ ਦੇ ਬੱਚੇ ਨਹੀਂ ਹਨ ਅਤੇ ਬੱਚਿਆਂ ਨੇ ਵੀ ਉਨ੍ਹਾਂ ਨੂੰ ਪਿਤਾ ਵਾਂਗ ਬੇਹੱਦ ਸਤਿਕਾਰ ਦਿੱਤਾ। ਜੀ, ਤਿੰਨ ਬੇਟੇ ਅਤੇ ਇਕ ਬੇਟੀ ਹੈ ਹੁਣ।

**ਲੋਕੀਂ ਕਹਿੰਦੇ ਨੇ ਤੁਹਾਡੇ ਨਾਲ ਸ਼ਾਦੀ ਕਰਨ ਕਰ ਕੇ ਰਾਹੀ ਸਾਹਿਬ ਨੂੰ ਅਲੀਗੜ੍ਹ ਛੱਡਣਾ ਪਿਆ?**

-ਇਹ ਮੈਂ ਕੀ ਕਹਾਂ, ਉਸ ਵੇਲੇ ਮਾਸੂਮ ਏਥੇ ਲੈਕਚਰਾਰ ਸਨ। ਟੈਂਪਰੇਰੀ ਸਨ। ਜਿੱਥੋਂ ਤੱਕ ਮੇਰਾ ਖਿਆਲ ਹੈ ਉਰਦੂ ਡਿਪਾਰਟਮੈਂਟ ਦੇ ਕੁਝ ਲੋਕ ਉਨ੍ਹਾਂ ਦੇ ਖਿਲਾਫ ਸਨ। ਅਸ਼ੋਕ ਚੰਦਰਾ ਨਾਂ ਦਾ ਇਕ ਲੜਕਾ ਪੜ੍ਹਦਾ ਸੀ। ਉਹਦੇ ਪਿਤਾ ਆਸ਼ਾ ਚੰਦਰਾ ਫਿਲਮਾਂ ਦੇ ਮਸ਼ਹੂਰ ਡਾਇਰੈਕਟਰ ਸਨ। ਉਸ ਨਾਲ ਮਾਸੂਮ ਦੀ ਦੋਸਤੀ ਹੋਈ। ਇਹ ਸੱਚ ਹੈ ਕਿ ਇਸ ਨੂੰ ਉਹ ਛੱਡਣਾ ਨਹੀਂ ਚਾਹੁੰਦੇ ਸਨ। ਮਜਬੂਰਨ ਗਏ ਉਹ ਅਲੀਗੜ੍ਹ ਤੋਂ। ਚੰਦਰਾ ਸਾਹਿਬ ਨੇ ਉਨ੍ਹਾਂ ਨੂੰ 'ਮੁਸ਼ਾਇਰਾ' ਨਾਂ ਦੀ ਫਿਲਮ ਲਿਖਣ ਲਈ ਬੁਲਾਇਆ। ਇਤਫਾਕ ਅਜਿਹਾ ਹੋਇਆ ਕਿ ਉਹ ਬਣੀ ਨਹੀਂ। ਬਸ, ਫਿਰ ਚੰਦਰਾ ਜੀ ਨੇ ਭਾਰਤ ਜੀ ਨਾਲ ਮਿਲਾਇਆ, ਭਾਰਤ ਜੀ ਦੇ ਰਾਹੀਂ ਹੋਰ ਫਿਲਮਾਂ ਵਾਲਿਆਂ ਨਾਲ ਮੇਲ ਹੋਇਆ। ਫਿਰ ਇਸ ਤਰ੍ਹਾਂ ਫਿਲਮਾਂ ਬਣਦੀਆਂ ਗਈਆਂ। ਸ਼ੁਰੂ ਦੀਆਂ ਤਾਂ ਕੁਝ ਰਿਲੀਜ਼ ਹੀ ਨਹੀਂ ਹੋਈਆਂ। ਫਿਰ ਅਸੀਂ ਮਾਰਚ, 1966 ਵਿਚ ਪੱਕੇ ਬੰਬਈ ਚਲੇ ਗਏ। ਜੀ, ਵਿਚਕਾਰ ਮਾਸੂਮ ਆਉਂਦੇ ਰਹਿੰਦੇ ਸਨ ਏਥੇ। ਜੀ, ਬੇਟੀ ਮਰੀਅਮ ਉਥੇ ਹੀ ਬੰਬਈ ਵਿਚ ਪੈਦਾ ਹੋਈ। ਹੁਣ ਅਮਰੀਕਾ ਵਿਚ ਹੈ। ਉਹਦੇ ਖਾਵੰਦ ਡਾਕਟਰ ਹਨ। ਉਹ ਮੂਨਿਸ ਰਜ਼ਾ ਸਾਹਿਬ ਦੇ ਬੇਟੇ ਹਨ। ਨਹੀਂ, ਇਹ ਸ਼ਾਦੀ ਇਨ੍ਹਾਂ ਬੱਚਿਆਂ ਨੇ ਨਹੀਂ ਕੀਤੀ, ਵੱਡਿਆਂ ਨੇ ਮਿਲ ਕੇ ਕਰਾਈ ਸੀ।

**ਤੁਸੀਂ ਸ਼ਾਦੀ ਤੋਂ ਪਹਿਲਾਂ ਕੀ ਆਪਣੇ ਬੇਟਿਆਂ ਤੋਂ ਕੁਝ ਪੁੱਛਿਆ ਸੀ? ਤੁਹਾਡੇ ਦੂਜੀ ਸ਼ਾਦੀ ਦੇ ਫੈਸਲੇ ਨੂੰ ਉਨ੍ਹਾਂ ਨੇ ਕਿਵੇਂ ਲਿਆ ਅਤੇ ਉਹ ਬਾਅਦ ਵਿਚ ਕੀ ਤੁਹਾਡੇ ਕੋਲ ਹੀ ਰਹੇ?**

-ਨਹੀਂ, ਬੱਚਿਆਂ ਤੋਂ ਨਹੀਂ ਪੁੱਛਿਆ। ਛੋਟਾ ਤਿੰਨ ਸਾਲ ਦਾ ਸੀ। ਇਕ ਅੱਠਵੀਂ ਵਿਚ ਪੜ੍ਹਦਾ ਸੀ ਅਤੇ ਦੂਜਾ ਨੌਵੀਂ ਵਿਚ ਏਥੇ ਹੀ ਪੜ੍ਹ ਰਿਹਾ ਸੀ। ਬੱਚਿਆਂ ਤੇ ਤਾਂ ਕੋਈ ਪਾਬੰਦੀ ਨਹੀਂ ਸੀ ਕਿ ਉਹ ਮੇਰੇ ਕੋਲ ਰਹਿਣ ਜਾਂ ਯੂਨਸ ਕੋਲ। ਸਾਡੀ ਆਪਸ ਵਿਚ ਚੰਗੀ ਸਮਝ ਸੀ। ਛੋਟਾ ਕਿਉਂਕਿ ਛੋਟਾ ਸੀ, ਇਸ ਲਈ ਮੇਰੇ ਕੋਲ ਹੀ ਰਹਿੰਦਾ ਸੀ। ਉਂਜ ਬੱਚੇ ਦੋਹੀਂ ਥਾਈਂ ਰਹੇ।

**ਉਹ ਕੀ ਸੀ ਜੀਹਨੇ ਤੁਹਾਨੂੰ ਯੂਨਸ ਸਾਹਿਬ ਤੋਂ ਅਲੱਗ ਹੋਣ ਅਤੇ ਰਾਹੀ ਸਾਹਿਬ ਨਾਲ ਜੁੜਨ ਲਈ ਪ੍ਰੇਰਿਤ ਕੀਤਾ?**

-'ਪਤਾ ਨਹੀਂ' ਪਰ ਇਹ ਹੈ ਕਿ ਯੂਨਸ ਦੇ ਖ਼ਿਆਲ ਬਿਲਕੁੱਲ ਅਲੱਗ ਸਨ। ਮੈਂਟਲ ਐਡਜਸਟਮੈਂਟ ਨਹੀਂ ਹੋ ਸਕੀ ਸੀ। ਆਰਮੀ ਦੀ ਨੌਕਰੀ, ਕਦੇ ਕਿਤੇ, ਕਦੇ ਕਿਤੇ। ਕਾਫੀ ਅਲੱਗ ਰਹਿਣਾ ਪੈਂਦਾ ਸੀ। ਬਹੁਤੀ ਖੁਸ਼ਗਵਾਰ ਜ਼ਿੰਦਗੀ ਨਹੀਂ ਗੁਜ਼ਰੀ। ਹਾਲਾਂਕਿ ਉਨ੍ਹਾਂ ਦੇ ਨਾਲ ਰਹਿੰਦੇ ਉਨ੍ਹਾਂ ਲੋਕਾਂ ਨਾਲ ਵੀ ਮੇਲ ਹੋਇਆ, ਜਿਨ੍ਹਾਂ ਬਾਰੇ ਸੋਚ ਵੀ ਨਹੀਂ ਸਕਦੇ ਸਾਂ। ਉਹ ਵੇਖੋ ਸਾਹਮਣੇ ਕੰਧ ਤੇ ਮੇਰੀ ਤਸਵੀਰ ਰਾਜਿੰਦਰ ਬਾਬੂ ਦੇ ਨਾਲ ਹੈ ਅਤੇ ਇਹ ਰਾਜਾ ਜੀ ਹਨ। ਉਹ ਪ੍ਰੈਜ਼ੀਡੈਂਟ ਦੇ ਡਿਪਟੀ ਮਿਲਟਰੀ ਸੈਕ੍ਰੇਟਰੀ ਸਨ। ਉਹ ਰਾਸ਼ਟਰਪਤੀ ਭਵਨ ਵਿਚ ਛੇ ਸਾਲ ਰਹੇ ਅਤੇ ਮੈਂ ਚਾਰ ਸਾਲ। ਉਂਜ ਬੜੇ ਨੇਕ ਇਨਸਾਨ ਸਨ ਯੂਨਸ। ਬਹੁਤ ਧਿਆਨ ਰੱਖਣ ਵਾਲੇ। ਬਚਪਨ ਤੋਂ ਮੇਰੀ ਪਾਲਣਾ-ਪੋਸ਼ਣਾ ਵੱਖਰੇ ਢੰਗ ਨਾਲ ਹੋਈ ਸੀ। ਜ਼ਿੱਦੀ ਤਬੀਅਤ ਦੀ ਸਾਂ ਮੈਂ। ਸ਼ਾਇਦ ਉਸੇ ਕਰ ਕੇ ਹੋਇਆ ਹੋਵੇਗਾ ਉਹ ਸਭ...।

ਆਪਣੀ ਖੂਬਸੂਰਤੀ ਬਾਰੇ ਮੈਂ ਕੀ ਦੱਸਾਂ? ਮੈਨੂੰ ਨਹੀਂ ਲਗਦਾ ਕੁਝ। ਮੇਰੀ ਖਿੱਚ ਰਾਹੀ ਨਾਲ ਨਹੀਂ ਹੋਈ। ਮੈਂ ਜਦੋਂ ਸ਼ੁਰੂ ਵਿਚ ਉਨ੍ਹਾਂ ਨੂੰ ਮਿਲੀ ਤਾਂ ਮੈਨੂੰ ਉਨ੍ਹਾਂ ਦੀਆਂ ਗੱਲਾਂ ਵਿਚ ਸੱਚਾਈ ਨਜ਼ਰ ਆਈ ਅਤੇ ਜਿਵੇਂ-ਜਿਵੇਂ ਮੇਲ-ਜੋਲ ਵਧਿਆ ਤਾਂ ਇਹ ਗੱਲ ਹੋਰ ਵੀ ਪੱਕੀ ਹੋ ਗਈ ਕਿ ਉਸ ਆਦਮੀ ਵਿਚ ਬਨਾਵਟ ਨਹੀਂ ਸੀ। ਇਕ ਸੱਚੇ ਆਦਮੀ, ਜੋ ਦਿਲ ਵਿਚ ਹੁੰਦਾ ਉਹੀ ਕਹਿੰਦੇ। ਕਿਉਂ ਜੁੜੀ-ਮੈਨੂੰ ਖੁਦ ਨਹੀਂ ਪਤਾ। ਪਰ ਮਿਲਦੇ-ਮਿਲਦੇ ਇਹ ਜਾਣ ਕੇ ਕਿ ਸ਼ਰੀਫ ਆਦਮੀ ਹੈ, ਸ਼ਾਇਦ ਇਹੋ ਵੇਖ ਕੇ। ਨਹੀਂ, ਉਨ੍ਹਾਂ ਨੇ ਮੇਰੀ ਕੋਈ ਤਾਰੀਫ-ਤਰੂਫ ਨਹੀਂ ਕੀਤੀ। ਹਾਂ, ਹਾਂ ਵਿਰੋਧ ਤਾਂ ਇੰਨਾ ਕਿ ਅਸੀਂ ਸੁੰਨੀ, ਉਹ ਸ਼ੀਆ, ਪੂਰੇ ਮਾਹੌਲ 'ਚ ਫਰਕ ਸੀ। ਉਨ੍ਹਾਂ ਦੀ ਗੱਲ ਮੈਂ ਕੀ ਦੱਸਾਂ... ਮੈਨੂੰ ਲਗਦਾ ਹੈ ਕਿ ਸ਼ਾਇਦ ਮੇਰੀ ਦਲੇਰੀ ਨੇ ਉਨ੍ਹਾਂ ਨੂੰ ਖਿਚਿਆ ਹੋਵੇਗਾ। ਯੂਨਸ ਅਤੇ ਮਾਸੂਮ ਦੇ ਸੰਬੰਧ ਬਹੁਤ ਚੰਗੇ ਸਨ। ਯੂਨਸ ਫਰਾਖਦਿਲ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਸਾਡਾ ਇਕ ਰਿਸ਼ਤਾ ਖਤਮ ਹੋ ਗਿਆ, ਪਰ ਦੋਸਤਾਂ ਵਾਲਾ ਰਿਸ਼ਤਾ ਤਾਂ ਕਾਇਮ ਹੈ। ਮੈਂ ਉਨ੍ਹਾਂ ਦੇ ਖਾਨਦਾਨ ਨੂੰ ਮਿਲਦੀ ਰਹਿੰਦੀ ਹਾਂ। ਉਨ੍ਹਾਂ ਦੇ ਪਰਿਵਾਰ ਦੇ ਲੋਕਾਂ ਨਾਲ ਮੇਰੀ ਹੁਣ ਵੀ ਨੇੜਤਾ ਹੈ। ਯੂਨਸ, ਮਰੀਅਮ ਨੂੰ ਬਹੁਤ ਚਾਹੁੰਦੇ ਸਨ। ਇਕ ਦਿਨ ਉਨ੍ਹਾਂ ਨੇ ਇਥੇ ਮੈਨੂੰ ਪੁੱਛਿਆ ਕਿ ਮੈਂ ਮਰੀਅਮ ਨੂੰ ਤਿੰਨਾਂ ਬੱਚਿਆਂ ਦੇ ਬਰਾਬਰ ਹਿੱਸਾ ਦੇਣਾ ਚਾਹੁੰਦਾ ਹਾਂ। ਮੈਂ ਕਿਹਾ ਕਿ ਮੈਨੂੰ ਕੋਈ ਇਤਰਾਜ਼ ਨਹੀਂ ਹੈ, ਪਰ ਜੇ ਤੁਸੀਂ ਮਾਸੂਮ ਨੂੰ ਪੁੱਛ ਲਓ ਤਾਂ ਬਿਹਤਰ ਹੋਵੇਗਾ। ਰਾਮਪੁਰ ਵਿਚ ਉਨ੍ਹਾਂ ਦੀ ਜਾਇਦਾਦ ਹੈ। ਯੂਨਸ ਨੇ ਮਾਸੂਮ ਨੂੰ ਚਿੱਠੀ ਲਿਖੀ। ਉਨ੍ਹਾਂ ਨੇ ਕਹਿ ਦਿੱਤਾ ਕਿ ਠੀਕ ਹੈ, ਮੈਨੂੰ ਕੋਈ ਇਤਰਾਜ਼ ਨਹੀਂ ਹੈ। ਅਤੇ ਤੁਸੀਂ ਵੇਖੋ ਕਿ ਮਰੀਅਮ ਉਸ ਜਾਇਦਾਦ ਵਿਚ ਭਰਾਵਾਂ ਦੇ ਬਰਾਬਰ ਦੀ ਹਿੱਸੇਦਾਰ ਹੈ ਅਤੇ ਭਰਾ ਵੀ ਉਹਨੂੰ ਬੇਹੱਦ ਚਾਹੁੰਦੇ ਹਨ।

(ਉਨ੍ਹਾਂ ਦੇ ਬੋਲਣ ਦਾ ਅੰਦਾਜ਼ ਦੱਸ ਰਿਹਾ ਸੀ ਕਿ ਉਨ੍ਹਾਂ ਨੂੰ ਆਪਣੇ ਇਨ੍ਹਾਂ ਦੋਹਾਂ ਸੰਬੰਧਾਂ ਤੇ ਅੱਜ ਵੀ ਮਾਣ ਹੈ। ਮੇਰੀਆਂ ਅੱਖਾਂ ਵਿਚ ਸ਼ਾਇਦ ਉਨ੍ਹਾਂ ਨੇ ਕੁਝ ਹੈਰਾਨੀ ਜਿਹੀ ਵੇਖ ਲਈ ਸੀ।) ਇਸ ਹੈਰਾਨੀ ਨੂੰ ਹੋਰ ਵਧਾਉਂਦਿਆਂ ਉਹ ਦੱਸ ਰਹੀ ਸੀ, 'ਮੇਰਾ ਅਤੇ ਮਾਸੂਮ ਦਾ ਇਹੋ ਹੀ ਕਹਿਣਾ ਸੀ ਕਿ ਇਨਸਾਨੀ ਰਿਸ਼ਤੇ ਟੁੱਟਦੇ ਨਹੀਂ ਹਨ। ਇਹ ਤਾਂ ਦੁਨਿਆਵੀ ਰਿਸ਼ਤੇ ਹਨ ਕਿ ਸ਼ਾਦੀਆਂ ਹੋਈਆਂ ਜਾਂ ਤਲਾਕ ਹੋਏ। ਲੋਕ ਇਕ-ਦੂਜੇ ਵਿਰੁਧ ਤਲਵਾਰਾਂ ਖਿੱਚ ਲੈਂਦੇ ਹਨ। ਤਲਾਕ ਪਿੱਛੋਂ ਯੂਨਸ ਨੂੰ ਇਥੇ ਮੈਡੀਕਲ ਕਾਲਜ ਵਿਚ ਇਕ ਵੱਡੇ ਅਹੁਦੇ ਤੇ ਨੌਕਰੀ ਮਿਲ ਗਈ ਸੀ। ਉਦੋਂ ਮੇਰੀ ਮਾਂ ਅਤੇ ਭੂਆ ਇਸ ਘਰ ਵਿਚ ਇਕੱਲੀਆਂ ਰਹਿੰਦੀਆਂ ਸਨ। ਉਨ੍ਹਾਂ ਨੇ ਯੂਨਸ ਨੂੰ ਲਿਖਿਆ ਕਿ ਤੂੰ ਆਫਤਾਬ ਮੰਜ਼ਿਲ ਵਿਚ ਆ ਕੇ ਰਹਿ। ਉਨ੍ਹਾਂ ਨੂੰ ਜ਼ਰਾ ਝਿਜਕ ਹੋਈ। ਉਨ੍ਹਾਂ ਨੇ ਮੈਨੂੰ ਲਿਖ ਕੇ ਪੁੱਛਿਆ ਕਿ ਤੈਨੂੰ ਜਾਂ ਮਾਸੂਮ ਨੂੰ ਤਾਂ ਕੋਈ ਇਤਰਾਜ਼ ਨਹੀਂ ਹੈ। ਅਸੀਂ ਲਿਖ ਦਿੱਤਾ ਕਿ ਨਹੀਂ ਅਤੇ ਉਹ ਇਥੇ ਹੀ ਰਹਿੰਦੇ ਸਨ।' ਇਸ਼ਾਰਾ ਕਰਦਿਆਂ ਦੱਸਿਆ 'ਉਨ੍ਹਾਂ ਨਾਲ ਵਾਲੇ ਕਮਰਿਆਂ ਵਿਚ। ਜੀ, ਮੈਂ ਹਰ ਰੋਜ਼ ਅੰਮਾ ਕੋਲ ਆਉਂਦੀ ਰਹਿੰਦੀ...ਮਾਸੂਮ ਨੂੰ ਜੇ ਇਤਰਾਜ਼ ਹੁੰਦਾ ਤਾਂ ਮੈਂ ਆਉਂਦੀ ਹੀ ਨਾ। ਸਾਡੀ ਦਿਮਾਗੀ ਸਮਝ ਸੀ, ਇਕ-ਦੂਜੇ 'ਤੇ ਭਰੋਸਾ ਸੀ।

ਮੈਂ ਅਸਚਰਜ ਨਾਲ ਇਹ ਸਭ ਸੁਣ ਰਿਹਾ ਸਾਂ। ਮਨ ਵਿਚ ਆਏ ਸੁਆਲ ਦੇ ਕੁਝ ਸ਼ਬਦ ਹੀ ਬੋਲ ਸਕਿਆ ਸਾਂ ਉਦੋਂ 'ਯੂਨਸ ਜੇ ਇੰਨੇ ਚੰਗੇ ਸਨ ਤਾਂ...?' ਬੜੀ ਸ਼ਾਂਤ ਜਿਹੀ ਆਵਾਜ਼ ਸੁਣਾਈ ਦਿੱਤੀ 'ਹਰ ਵੇਲੇ ਉਲਝਣ ਨਾਲੋਂ ਤਾਂ ਬਿਹਤਰ ਸੀ ਕਿ...।'

**ਤੁਹਾਨੂੰ ਰਾਹੀ ਸਾਹਿਬ ਦੀ ਪਹਿਲੀ ਸ਼ਾਦੀ ਦੀ ਗੱਲ ਪਤਾ ਸੀ? ਤੁਹਾਡੇ ਜਾਂ ਉਨ੍ਹਾਂ ਦੇ ਮਨ ਵਿਚ ਕੀ ਸ਼ਾਦੀ ਪਿੱਛੋਂ ਗੁਲਤੀ ਜਾਂ ਅਪਰਾਧ-ਭਾਵ ਜਿਹਾ ਵੀ ਕਦੇ ਆਇਆ ਸੀ?**

-ਮੈਨੂੰ ਪਤਾ ਸੀ ਕਿ ਮਾਸੂਮ ਦੀ ਪਹਿਲੀ ਸ਼ਾਦੀ ਬਹੁਤ ਛੋਟੀ ਉਮਰ ਵਿਚ ਉਨ੍ਹਾਂ ਦੇ ਪਿਤਾ ਨੇ ਕਰ ਦਿੱਤੀ ਸੀ। ਹਾਂ, ਬਚਪਨ ਵਿਚ ਉਨ੍ਹਾਂ ਦੀ ਲੱਤ ਵਿਚ ਤਕਲੀਫ ਸੀ। ਪਹਿਲੀ ਬੀਵੀ ਸਾਡੀ ਸ਼ਾਦੀ ਸਮੇਂ ਕਿੱਥੇ ਸੀ ਉਦੋਂ? ਉਨ੍ਹਾਂ ਦਾ ਤਲਾਕ ਹੋ ਚੁੱਕਾ ਸੀ ਕਈ ਸਾਲ ਪਹਿਲਾਂ। ਖੁਦ ਰਾਹੀ ਦੱਸ ਚੁੱਕੇ ਸਨ। ਨਹੀਂ, ਉਨ੍ਹਾਂ ਤੋਂ ਕੋਈ ਔਲਾਦ ਨਹੀਂ ਹੈ। ਅਫਸੋਸ ਬਾਰੇ ਮੈਂ ਕੀ ਦੱਸਾਂ? ਮੈਂ ਕਦੇ ਕੁਝ ਪੁੱਛਿਆ ਹੀ ਨਹੀਂ। ਮੈਨੂੰ ਨਹੀਂ ਪਤਾ। ਉਂਜ ਮੈਂ ਕਦੇ ਅਫਸੋਸ ਵਰਗਾ ਕੁਝ ਵੇਖਿਆ ਨਹੀਂ। ਕਦੇ ਕੋਈ ਸੰਬੰਧ ਹੀ ਨਹੀਂ ਸਨ ਉਨ੍ਹਾਂ ਦੇ। ਜਿੱਥੋਂ ਤੱਕ ਮੇਰੀ ਗੱਲ ਹੈ, ਉਨ੍ਹਾਂ ਨਾਲ ਜੁੜਨ ਪਿੱਛੋਂ ਗੁਲਤੀ ਦਾ ਕਦੇ ਅਹਿਸਾਸ ਨਹੀਂ ਹੋਇਆ। ਹਮੇਸ਼ਾਂ ਲੱਗਿਆ ਕਿ ਮੇਰਾ ਫੈਸਲਾ ਸਹੀ ਸੀ।

**ਕਿਸ ਆਧਾਰ 'ਤੇ?**

-ਮਾਨਸਿਕ ਤਸੱਲੀ ਵੇਖ ਕੇ।

**ਰਾਹੀ ਨਾਲ ਬਿਤਾਏ ਸਮੇਂ ਬਾਰੇ ਅੱਜ ਕੀ ਕਹਿਣਾ ਚਾਹੋਗੇ ਤੁਸੀਂ?**

-ਜੋ ਸਮਾਂ ਉਨ੍ਹਾਂ ਨਾਲ ਬਿਤਾਇਆ, ਬਹੁਤ ਚੰਗਾ ਬੀਤਿਆ। ਉਨ੍ਹਾਂ ਨੇ ਮੇਰੀ ਹਰ ਖਾਹਿਸ਼ ਪੂਰੀ ਕੀਤੀ। ਜੋ ਮੈਂ ਚਾਹਿਆ, ਉਹ ਚਾਹੇ ਗੁਲਤ ਸੀ ਜਾਂ ਸਹੀ, ਉਨ੍ਹਾਂ ਨੇ ਪੂਰਾ ਕੀਤਾ। ਦਰਅਸਲ ਮੇਰੇ ਪਿਤਾ ਨੇ ਮੈਨੂੰ ਇੰਨਾ ਬਰਬਾਦ ਕੀਤਾ ਸੀ ਕਿ ਮੇਰੀ ਹਰ ਜ਼ਿੱਦ ਪੂਰੀ ਕਰਦੇ ਸਨ। ਮੈਂ ਜ਼ਿੱਦੀ ਹੁੰਦੀ ਚਲੀ ਗਈ। ਮਾਸੂਮ ਨੇ ਮੇਰੀਆਂ ਜ਼ਿੱਦਾਂ ਕਿਵੇਂ ਸਹੀਆਂ ਇਹ ਉਨ੍ਹਾਂ ਦਾ ਦਿਲ ਹੀ ਜਾਣਦਾ ਹੋਵੇਗਾ ਪਰ ਸਹੀਆਂ ਜ਼ਰੂਰ.... ਕਿਸੇ ਗੱਲੋਂ ਇਨਕਾਰ ਨਹੀਂ ਕੀਤਾ। ਸਾਡੀ ਜ਼ਿੰਦਗੀ ਨਾਰਮਲ ਸੀ। ਆਪਸ ਵਿਚ ਜਿਵੇਂ ਝਗੜੇ ਹੁੰਦੇ ਰਹਿੰਦੇ ਹਨ, ਉਹ ਸਭ ਨਹੀਂ। ਗਿਵ ਐਂਡ ਟੇਕ ਦਾ ਮਾਮਲਾ ਸੀ। ਗਿਵ ਇਨ ਮਾਸੂਮ ਹੀ ਜ਼ਿਆਦਾ ਕਰਦੇ ਸਨ। ਮੇਰਾ ਆਪਣਾ ਖ਼ਿਆਲ ਹੈ, ਜਾਂ ਤਾਂ ਸਾਡੀ ਸੰਭਾਲ ਅਲੱਗ ਤਰ੍ਹਾਂ ਨਾਲ ਹੋਈ ਸੀ, ਇਸ ਲਈ ਸਾਡੀਆਂ ਸੋਚਾਂ ਬਿਲਕੁਲ ਵੱਖ ਸਨ। ਇਹਦੇ ਬਾਵਜੂਦ ਸਾਡੇ ਵਿਚ ਕਦੇ ਵਿਰੋਧ ਜਿਹਾ ਕੁਝ ਨਹੀਂ ਰਿਹਾ। ਦੇਰ ਤਕ ਕੁਝ ਸੁਣਾਈ ਨਹੀਂ ਦਿੱਤਾ ਤਾਂ ਨਜ਼ਰ ਚੁੱਕ ਕੇ ਉਨ੍ਹਾਂ ਵਲ ਵੇਖਿਆ, ਉਨ੍ਹਾਂ ਦੀਆਂ ਅੱਖਾਂ 'ਚੋਂ ਇਕਾਂਤ ਵਿਚ ਜਗਦੇ ਦੀਵੇ ਵਰਗੀ ਰੌਸ਼ਨੀ ਝਲਕ ਰਹੀ ਸੀ। ਅਜਿਹੀ ਰੌਸ਼ਨੀ ਜੋ ਕਿਸੇ ਇਕ ਨੂੰ ਸੰਬੋਧਿਤ ਨਾ ਹੋ ਕੇ ਆਪਣੇ ਸਾਰੇ ਆਲੇ-ਦੁਆਲੇ ਨੂੰ ਰੌਸ਼ਨੀ ਨਾਲ ਭਰ ਦਿੰਦੀ ਹੈ। 'ਇਕ ਦਿਲਚਸਪ ਕਿੱਸਾ ਸੁਣੋ। ਮੈਂ ਤਕਸੀਮ ਤੋਂ ਪਹਿਲਾਂ ਸੀਨ ਫ਼ਿਆਲੀ ਵਿਚ ਕਾਨਵੈਂਟ ਤੋਂ ਸੀਨੀਅਰ ਕੈਂਬ੍ਰਿਜ ਕੀਤੀ। ਉਸ ਜ਼ਮਾਨੇ ਵਿਚ ਅੰਗਰੇਜ਼ੀ ਦਾ ਜ਼ੋਰ ਸੀ। ਮੈਂ ਪੈਂਟਸ ਵਿਚ ਰਹਿੰਦੀ ਸਾਂ। ਮੇਰੇ ਪਿਤਾ ਨੇ ਕਿਹਾ ਕਿ ਤੂੰ ਚਾਰ-ਪੰਜ ਚੀਜ਼ਾਂ ਸਿੱਖ ਲੈ, ਅਰਬੀ, ਹਿੰਦੀ, ਚੈਸ ਅਤੇ ਹੌਰਸ ਰਾਈਡਿੰਗ। ਪਹਿਲੀਆਂ ਤਿੰਨ ਮੈਂ ਖਤਮ ਕਰ ਦਿੱਤੀਆਂ, ਹੌਰਸ ਰਾਈਡਿੰਗ ਜ਼ਰੂਰ ਸਿੱਖੀ। ਮਾਸੂਮ ਨਾਲ ਮੈਂ ਇਕ ਹੀ ਚੀਜ਼ ਤੇ ਸਮਝੌਤਾ ਕੀਤਾ ਸੀ। ਉਨ੍ਹਾਂ ਨੇ ਕਿਹਾ ਮੈਨੂੰ ਇਹ ਜੀਨਜ਼-ਪੈਂਟ ਪਹਿਨਣਾ ਪਸੰਦ ਨਹੀਂ ਅਤੇ ਮੈਂ ਮੰਨ ਲਿਆ। ਜ਼ਿੰਦਗੀ ਵਿਚ ਸਿਰਫ ਇਕ ਇਹੋ ਸਮਝੌਤਾ ਮੈਂ ਜ਼ਰੂਰ ਕੀਤਾ ਸੀ।

**ਰਾਹੀ ਸਾਹਿਬ ਤੁਹਾਨੂੰ ਪਿਆਰ ਦਾ ਅਹਿਸਾਸ ਕਰਾਉਂਦੇ ਸਨ?**

-ਮੈਨੂੰ ਤਾਂ ਸੀ ਹੀ ਅਹਿਸਾਸ। ਖ਼ਤਾਂ ਨਾਲ ਅਹਿਸਾਸ ਕਰਵਾਇਆ। ਖੂਬ ਕਹਿੰਦੇ ਵੀ ਰਹਿੰਦੇ ਸਨ। ਮੈਂ ਬੇਕਾਰ ਦੀ ਜ਼ਿੱਦ ਕਰਦੀ ਤਾਂ ਉਹ ਮੰਨ ਲੈਂਦੇ ਤਾਂ ਅਹਿਸਾਸ ਤਾਂ ਹੋ ਹੀ ਜਾਂਦਾ ਸੀ। ਨਹੀਂ, ਉਨ੍ਹਾਂ ਨੂੰ ਇਹ ਸੀ ਕਿ ਇਥੋਂ ਮੈਂ ਘਰ ਵਗੈਰਾ ਸਭ ਕੁਝ ਛੱਡ ਕੇ ਚਲੀ ਗਈ ਸਾਂ... ਹਾਲਾਂਕਿ ਮਾਂ ਦੀ ਇਜਾਜ਼ਤ ਸੀ... ਫਿਰ ਵੀ ਉਨ੍ਹਾਂ ਨੂੰ ਲਗਦਾ ਸੀ ਕਿ ਮੈਂ ਤੈਨੂੰ ਹਰ ਚੀਜ਼ ਨਹੀਂ ਦੇ ਸਕਿਆ, ਜਿਹੋ ਜਿਹੀ ਤੂੰ ਜ਼ਿੰਦਗੀ ਬਿਤਾਈ ਹੈ। ਹਾਲਾਂਕਿ ਮੈਂ ਕਿਸੇ ਚੀਜ਼ ਦੀ ਆਦੀ ਨਹੀਂ ਸਾਂ।

**ਸ਼ਾਦੀ ਪਿੱਛੋਂ ਪਹਿਲੀ ਵਾਰੀ ਉਨ੍ਹਾਂ ਨੇ ਆਪਣੀ ਭਾਵਨਾ ਕਿਵੇਂ ਪ੍ਰਗਟ ਕੀਤੀ?**

-ਜਜ਼ਬਾਤ ਦਾ ਤਾਂ ਪਹਿਲਾਂ ਇਜ਼ਹਾਰ ਕਰ ਹੀ ਚੁੱਕੇ ਸਨ...ਉਹ ਸਭ ਮੈਨੂੰ ਯਾਦ ਨਹੀਂ। ਹਾਂ, ਸ਼ਾਦੀ ਇਥੇ ਹੀ ਹੋਈ ਅਤੇ ਸ਼ਾਦੀ ਤੋਂ ਬਾਅਦ ਇਥੇ ਹੀ ਰਹੇ।

**ਤੁਹਾਡੇ ਨਾਲ ਸ਼ਾਦੀ ਪਿੱਛੋਂ ਰਾਹੀ ਸਾਹਿਬ ਨੇ ਆਪਣੇ ਜੀਵਨ-ਢੰਗ ਵਿਚ ਕੋਈ ਤਬਦੀਲੀ ਕੀਤੀ?**

-ਜੀ ਹਾਂ, ਉਨ੍ਹਾਂ ਨੇ ਚੇਂਜ ਤਾਂ ਕਾਫੀ ਕੀਤੀ ਸੀ। ਬਹਾਰ ਖਾਣਾ-ਪੀਣ, ਘੁੰਮਣਾ-ਫਿਰਨਾ ਸਭ ਬੰਦ ਕਰ ਦਿੱਤਾ। ਉਥੇ ਇੰਨਾ ਜ਼ਬਰਦਸਤ ਕੰਮ ਸੀ ਕਿ ਚੌਵੀ ਘੰਟਿਆਂ 'ਚੋਂ ਵੀਹ ਘੰਟੇ ਤਾਂ ਉਹ ਕੰਮ 'ਚ ਹੀ ਲੱਗੇ ਰਹਿੰਦੇ। ਦਿਨ ਵਿਚ ਮਿਲਣਾ-ਗਿਲਣਾ ਅਤੇ ਫਿਲਮ ਵਾਲਿਆਂ ਨੂੰ, ਡਾਇਰੈਕਟਰਾਂ ਨਾਲ ਵਿਚਾਰ-ਵਟਾਂਦਰਾ ਆਦਿ। ਸ਼ਾਮ ਤੋਂ ਰਾਤ ਦੇ ਇਕ ਵਜੇ ਤੱਕ ਫਿਲਮਾਂ ਲਿਖਣਾ, ਡਾਇਲਾਗ...। ਫਿਰ ਇਕ ਵਜੇ ਤੋਂ ਤਿੰਨ ਵਜੇ ਤੱਕ ਆਪਣਾ ਅਦਬੀ ਕੰਮ...ਇਹੋ ਲੇਖ...। ਉਦੋਂ ਡੀ. ਲਿਟ. ਵੀ ਕਰ ਰਹੇ ਸਨ। ਇਕ ਹੀ ਚੈਪਟਰ ਰਹਿ ਗਿਆ ਸੀ। ਡੀ. ਲਿਟ., ਮੇਰਾ ਖਿਆਲ ਹੈ ਮੀਰ ਅਨੀਸ 'ਤੇ ਸੀ। ਸ਼ਾਇਰੀ ਤਾਂ ਤੁਰਦੇ-ਫਿਰਦੇ, ਗੱਡੀ ਵਿਚ ਚਲਦੇ ਵੀ ਲਿਖਦੇ ਰਹਿੰਦੇ ਸਨ। ਰਾਤ ਨੂੰ ਤਾਂ ਸਿਰਫ ਲੇਖ। ਹੋਰ ਕੀ ਲਿਖਦੇ ਸਨ, ਮੈਨੂੰ ਪਤਾ ਨਹੀਂ। ਮੈਂ ਸੌਂ ਜਾਂਦੀ ਸਾਂ।

**ਲਿਖਣ ਤੋਂ ਬਾਅਦ ਕੀ ਕਦੇ ਕੁਝ ਤੁਹਾਨੂੰ ਸੁਣਾਉਣ ਦੀ ਜ਼ਿੱਦ ਕਰਦੇ ਸਨ?**

-ਸੁਆਲ ਸੁਣ ਕੇ ਪਹਿਲਾਂ ਤਾਂ ਖੂਬ ਹੱਸੀ। ਫਿਰ ਬੋਲੀ, 'ਉਹ ਮੁਹਾਵਰਾ ਹੈ ਨਾ 'ਮੱਝ ਮੂਹਰੇ ਬੀਨ ਵਜਾਉਣਾ'। ਜਦੋਂ ਕੋਈ ਚੀਜ਼ ਮੇਰੀ ਸਮਝ ਵਿਚ ਹੀ ਨਾ ਆਵੇ ਤਾਂ ਮੈਂ ਕੀ ਕਰਾਂ? ਮੈਂ ਨਹੀਂ ਪੁੱਛਦੀ ਸਾਂ ਕਿ ਕੀ ਲਿਖ ਰਹੇ ਹੋ? ਘਰ ਦਾ ਅਤੇ ਬੱਚਿਆਂ ਦਾ ਕੰਮ ਕਰਦੀ ਸਾਂ। ਸੁਣਾਉਣ ਦੀ ਜ਼ਿੱਦ ਉਹ ਕਰਦੇ ਹੀ ਨਹੀਂ ਸਨ। ਉਨ੍ਹਾਂ ਨੂੰ ਪਤਾ ਸੀ ਕਿ ਸ਼ਾਇਰੀ ਨਾਲ ਮੈਨੂੰ ਕੋਈ ਦਿਲਚਸਪੀ ਨਹੀਂ ਹੈ। ਹਿੰਦੀ ਦੀ ਸ਼ਾਇਰੀ ਦਾ ਮੈਨੂੰ ਬਿਲਕੁਲ ਸ਼ੌਕ ਨਹੀਂ। ਸਮਝ ਵਿਚ ਹੀ ਨਹੀਂ ਆਉਂਦੀ। ਜਦੋਂ ਜ਼ਬਾਨ ਹੀ ਸਮਝ ਨਾ ਆਵੇ ਤਾਂ ਕੀ ਸੁਣਦੀ ਮੈਂ? ਲਿਟਰੇਰੀ ਕੰਮ ਉਨ੍ਹਾਂ ਦਾ ਬਿਲਕੁੱਲ ਨਿੱਜੀ ਸੀ।

**ਲਿਖਣ ਲਈ ਕੀ ਉਨ੍ਹਾਂ ਨੂੰ ਕੁਝ ਖਾਸ ਚੀਜ਼ਾਂ ਜਾਂ ਕਿਸੇ ਵਿਸ਼ੇਸ਼ ਤਰ੍ਹਾਂ ਦੀਆਂ ਮਨੋ-ਸਥਿਤੀਆਂ ਦੀ ਲੋੜ ਹੁੰਦੀ ਸੀ? ਤੁਸੀਂ**

**ਉਨ੍ਹਾਂ ਦੇ ਲਿਖਣ ਵਿਚ ਕਿਵੇਂ ਅਤੇ ਕੀ ਮਦਦ ਕਰਦੇ ਸੀ?**

-ਮੈਂ ਬਿਲਕੁਲ ਮਦਦ ਨਹੀਂ ਕਰਦੀ ਸਾਂ। ਪਰ ਇਕ ਚੀਜ਼ ਤੁਹਾਨੂੰ ਦੱਸਾਂ, ਉਨ੍ਹਾਂ ਦੇ ਕੰਮ ਕਰਨ ਦਾ ਢੰਗ ਇਹ ਸੀ ਕਿ ਜਿਵੇਂ ਤਿੰਨ ਫਿਲਮਾਂ ਦੀ ਸਕ੍ਰਿਪਟ ਰੱਖ ਲਈ ਸਾਹਮਣੇ। ਇਕ ਲਿਖ ਰਹੇ ਹਨ ਹੁਣ... ਫਿਰ ਉਥੋਂ ਦਿਮਾਗ ਦਾ ਸਵਿਚ ਆਫ ਕੀਤਾ ਅਤੇ ਦੂਜੀ ਸਕ੍ਰਿਪਟ ਉਤੇ ਕੰਮ ਸ਼ੁਰੂ। ਇਉਂ ਲਿਖਦੇ ਸਨ। ਫਿਲਮ ਵਾਲਿਆਂ ਵਿਚ ਆਮ ਚੀਜ਼ ਹੈ ਕਿ ਸਾਡੇ ਲਈ ਹੋਟਲ ਵਿਚ ਕਮਰਾ ਬੁੱਕ ਕਰਵਾ ਦਿਓ, ਫਿਰ ਲਿਖਾਂਗੇ ਅਸੀਂ। ਮਾਸੂਮ ਦਾ ਕਹਿਣਾ ਸੀ ਕਿ ਮੈਂ ਸਿਰਫ ਘਰ ਵਿਚ ਹੀ ਲਿਖ ਸਕਦਾ ਹਾਂ, ਜਿਥੇ ਮੇਰੀ ਬੀਵੀ ਅਤੇ ਬੱਚਿਆਂ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਰਹਿਣ। ਉਹ ਕਿਤੇ ਹੋਟਲ-ਹੂਟਲ ਵਿਚ ਲਿਖਦੇ ਹੀ ਨਹੀਂ ਸਨ। ਘਰ ਵਿਚ ਸਾਡੇ ਨਾਲ ਗੱਲਾਂ ਕਰ ਰਹੇ ਹਨ, ਬੱਚੇ ਖੇਡ ਵੀ ਰਹੇ ਹਨ, ਸ਼ੋਰ ਮਚਾ ਰਹੇ ਹਨ, ਮਿਊਜ਼ਿਕ ਵੱਜ ਰਿਹਾ ਹੈ, ਜਦੋਂ ਉਹ ਸਵਿਚ ਆਫ ਕਰ ਲੈਂਦੇ ਸਨ, ਦਿਮਾਗ ਨੂੰ ਤਾਂ ਅਸਰ ਨਹੀਂ ਹੁੰਦਾ ਸੀ ਉਸ ਨਾਲ। ਚਾਹ, ਦਿਨ ਵਿਚ ਘੱਟੋ-ਘੱਟ ਪੰਜਾਹ ਵਾਰੀ ਜਿਸ ਵਿਚ ਨਾ ਚੀਨੀ, ਨਾ ਦੁੱਧ। ਸ਼ਰਾਬ ਨਹੀਂ, ਪਹਿਲਾਂ ਪੀਂਦੇ ਹੋਣਗੇ, ਮੇਰੇ ਸਾਹਮਣੇ ਨਹੀਂ ਪੀਤੀ। ਮੈਂ ਆਪਣਾ ਕੰਮ ਕਰਦੀ ਰਹਿੰਦੀ ਸਾਂ। ਕਿਤੇ ਆਉਣਾ-ਜਾਣਾ ਹੁੰਦਾ, ਚਲੀ ਜਾਂਦੀ। ਮਾਸੂਮ ਬਹੁਤ ਘੱਟ ਲੋਕਾਂ ਨੂੰ ਮਿਲਦੇ। ਮੈਂ ਫਿਲਮੀ ਦੁਨੀਆਂ ਤੋਂ ਬਿਲਕੁਲ ਅਲੱਗ ਰਹੀ। ਉਹ ਸਿਰਫ ਰੋਜ਼ੀ-ਰੋਟੀ ਦਾ ਸੁਆਲ ਸੀ। ਮਾਸੂਮ ਜਾਂਦੇ ਸਨ। ਸੂਟਿੰਗ ਵਗੈਰਾ ਨੂੰ, ਮੈਨੂੰ ਸ਼ੌਕ ਨਹੀਂ ਸੀ।

**ਉਨ੍ਹਾਂ ਦੀਆਂ ਪਸੰਦੀਦਾ, ਉਨ੍ਹਾਂ ਨੂੰ ਖੁਸ਼ ਕਰਨ ਵਾਲੀਆਂ ਚੀਜ਼ਾਂ-ਗੱਲਾਂ?**

-ਮਿੱਠਾ ਜ਼ਰੂਰ ਹੋਣਾ ਚਾਹੀਦਾ ਹੈ ਖਾਣੇ ਪਿੱਛੋਂ, ਕੋਈ ਵੀ ਮਿੱਠਾ ਅਤੇ ਪਾਨ, ਤਮਾਕੂ, ਸਿਗਰੇਟ ਘੱਟ ਪੀਂਦੇ ਸਨ। ...ਇਕ ਇਹ ਖਾਹਿਸ਼ ਹਮੇਸ਼ਾਂ ਤੋਂ ਸੀ ਕਿ ਮੈਂ ਪੈਂਹਠ ਦਾ ਹੋ ਜਾਵਾਂਗਾ ਤਾਂ ਇਹ ਕੰਮ ਛੱਡ ਕੇ ਵਾਪਸ ਅਲੀਗੜ੍ਹ ਜਾਵਾਂਗਾ ਅਤੇ ਉਥੇ ਹੀ ਅਦਬੀ ਕੰਮ ਕਰਾਂਗਾ ਅਤੇ ਡੀ.ਲਿਟ. ਪੂਰੀ ਕਰਾਂਗਾ। ਪਰ ਇਹ ਪੂਰੀ ਨਹੀਂ ਹੋ ਸਕੀ।

**ਉਨ੍ਹਾਂ ਦਾ ਸਭ ਤੋਂ ਵੱਧ ਪਿਆਰ ਕਿਸ ਬੱਚੇ ਨਾਲ ਸੀ?**

-ਸਾਰੇ ਬੱਚਿਆਂ ਨਾਲ। ਮਰੀਅਮ ਨੂੰ ਬਹੁਤ ਪਿਆਰ ਕਰਦੇ ਸਨ।

**ਉਨ੍ਹਾਂ ਦਾ ਗੁੱਸਾ...?**

-ਕੋਈ ਬੇਵਕੂਫੀ ਦੀ ਗੱਲ ਕਰਦਾ ਸੀ ਤਾਂ ਬਹੁਤ ਗੁੱਸੇ ਹੁੰਦੇ ਸਨ। ਨਹੀਂ, ਮੇਰੇ 'ਤੇ ਤਾਂ ਨਹੀਂ ਹੁੰਦੇ ਸਨ, ਪ੍ਰੋਡਿਊਸਰਾਂ 'ਤੇ ਹੁੰਦੇ ਸਨ। ਛੋਟੇ-ਵੱਡੇ ਭਰਾਵਾਂ ਅਤੇ ਭੈਣਾਂ ਤੇ ਵੀ ਗੁੱਸੇ ਹੁੰਦੇ ਸਨ। ਪਰ ਗੁੱਸਾ ਕੁਝ ਚਿਰ ਦਾ ਹੀ ਹੁੰਦਾ ਸੀ। ਚੀਖ-ਚਿੱਲਾ ਕੇ ਥੋੜ੍ਹੀ ਦੇਰ 'ਚ ਹੀ ਠੀਕ ਹੋ ਜਾਂਦਾ ਸੀ। ਮੇਰੇ ਤੇ ਕਦੇ ਨਹੀਂ ਚੀਕੇ। ਮੇਰੀ ਗ਼ਲਤੀ ਤੇ ਉਹ ਜ਼ਰੂਰ ਕਹਿੰਦੇ ਸਨ ਕਿ ਇਹ ਗ਼ਲਤ ਗੱਲ ਹੈ। ਗ਼ਲਤੀ, ਜ਼ਿਆਦਾਤਰ ਬੱਚਿਆਂ ਨੂੰ ਲੈ ਕੇ ਹੀ ਅਜਿਹੀ ਨੌਬਤ ਆਉਂਦੀ ਸੀ। ਅਦਬ ਦੀਆਂ ਗੱਲਾਂ ਤੇ ਅਸਹਿਮਤ ਹੁੰਦੇ ਤਾਂ ਛੇਤੀ ਹੀ ਝੁੰਜਲਾ ਉਠਦੇ। ਉਂਜ ਸ਼ਾਂਤ ਰਹਿੰਦੇ ਸਨ। ਅਦਬ ਵਾਲਿਆਂ ਨਾਲ ਹਿੰਦੀ-ਉਰਦੂ ਨੂੰ ਲੈ ਕੇ ਹਮੇਸ਼ਾਂ ਝਗੜਦੇ ਰਹਿੰਦੇ ਸਨ।

**ਤੁਸੀਂ ਕਦੇ ਗਾਜ਼ੀਪੁਰ ਗਏ ਹੋ?**

-ਜੀ ਨਹੀਂ, ਮੈਂ ਕਦੇ ਗਾਜ਼ੀਪੁਰ ਨਹੀਂ ਗਈ। ਅਲਾਹਾਬਾਦ ਤੋਂ ਅੱਗੇ ਮੈਂ ਗਈ ਹੀ ਨਹੀਂ। ਮਾਸੂਮ ਦੇ ਪਿਤਾ ਗਰਮੀਆਂ ਵਿਚ ਖੁਦ ਚਾਰ ਮਹੀਨੇ ਲਈ ਬੰਬਈ ਆ ਜਾਂਦੇ ਸਨ। ਭੈਣਾਂ ਵੀ ਆ ਜਾਂਦੀਆਂ ਸਨ ਤਾਂ ਬਸ ਮਿਲ-ਗਿਲ ਲੈਂਦੇ ਸਾਂ।

**ਬੰਬਈ ਦੀ ਗਲੈਮਰ ਦਾ ਕਿੰਨਾ ਅਸਰ ਰਿਹਾ ਉਨ੍ਹਾਂ ਉਤੇ?**

-ਬੰਬਈ ਉਨ੍ਹਾਂ ਨੂੰ ਪਸੰਦ ਹੀ ਨਹੀਂ ਸੀ। ਉਹ ਸਿਰਫ ਅਲੀਗੜ੍ਹ, ਅਲੀਗੜ੍ਹ! ਅਲੀਗੜ੍ਹ ਅਤੇ ਗਾਜ਼ੀਪੁਰ ਨੂੰ ਹੀ ਯਾਦ ਕਰਦੇ ਰਹਿੰਦੇ ਸਨ।

**ਬੰਬਈ ਵਿਚ ਕੀ ਕੋਈ ਹੋਰ ਔਰਤ ਵੀ ਉਨ੍ਹਾਂ ਨੂੰ ਆਪਣੇ ਵਲ ਖਿੱਚ ਸਕੀ?**

-ਪ੍ਰਸ਼ਨ ਸੁਣ ਕੇ ਪਹਿਲਾਂ ਸੱਜੇ ਹੱਥ ਦਾ ਪੰਜਾ ਇਨਕਾਰ ਦੇ ਅੰਦਾਜ਼ ਵਿਚ ਹਿਲਾਇਆ। ਫਿਰ ਨਾਂਹ ਵਿਚ ਧੌਣ ਹਿਲਾਈ। ਕਈ ਵਾਰ ਨਹੀਂ, ਨਹੀਂ ਅਤੇ ਕੁਝ ਦੇਰ ਬਾਅਦ ਇਕ ਵਾਕ 'ਇਹ ਸ਼ਿਕਾਇਤ ਤਾਂ ਮੈਨੂੰ ਕਦੇ ਹੋਈ ਹੀ ਨਹੀਂ।'

ਪ੍ਰੇਮ ਦੇ ਬਾਰੇ ਉਨ੍ਹਾਂ ਦਾ ਅਸਲੀ ਮਕਸਦ ਸੀ ਕਿ ਜੋ ਵੀ ਹੋਵੇ ਜਜ਼ਬਾਤ 'ਤੇ...ਹਾਂ, ਸੱਚਾਈ 'ਤੇ ਹੋਵੇ। ਔਰਤ ਦੀ ਬਹੁਤ ਇੱਜ਼ਤ ਸੀ ਉਨ੍ਹਾਂ ਦੇ ਮਨ ਵਿਚ। ਉਹ ਔਰਤ ਨੂੰ ਬਰਾਬਰੀ ਦਾ ਦਰਜਾ ਦਿੱਤੇ ਜਾਣ ਦੀ ਗੱਲ ਕਰਦੇ ਰਹਿੰਦੇ ਸਨ। ਲੜਕੀਆਂ ਨਾਲ ਇੰਨਾ ਲਗਾਓ ਸੀ ਉਨ੍ਹਾਂ ਨੂੰ ਕਿ ਕਿਸੇ ਨੂੰ ਬੱਚਾ ਹੋਣ ਵਾਲਾ ਹੁੰਦਾ ਤਾਂ ਉਹਨੂੰ ਹਮੇਸ਼ਾਂ ਇਹੋ ਦੁਆ ਦਿੰਦੇ ਕਿ ਉਹਦੇ ਲੜਕੀ ਹੋਵੇ। ਨਹੀਂ, ਮਾਡਰਨ ਜ਼ਮਾਨੇ ਨਾਲ ਕੋਈ ਖਾਸ ਲਗਾਓ ਨਹੀਂ ਸੀ। ਪੁਰਾਣੀ ਵਿਰਾਸਤ ਨੂੰ ਲੈ ਕੇ ਹੀ ਜ਼ਿਆਦਾ ਖਿੱਚ-ਲਗਾਓ ਸੀ। ਦੋ-ਤਿੰਨ ਘਟਨਾਵਾਂ ਯਾਦ ਆ ਰਹੀਆਂ ਹਨ। ਉਸ ਨਾਲ ਤੁਹਾਨੂੰ ਉਨ੍ਹਾਂ ਦੀ ਸੋਚ ਦਾ ਪਤਾ ਲੱਗੇਗਾ, ਸਾਡੇ ਬਹੁਤ ਨੇੜੇ ਦਾ ਲੜਕਾ ਹੈ। ਉਹਨੇ ਇਕ ਹਿੰਦੂ ਲੜਕੀ ਨਾਲ ਸ਼ਾਦੀ ਕੀਤੀ। ਉਹਦੇ ਸ਼ਹਿਰ ਵਿਚ ਹੋ-ਹੱਲਾ ਮੱਚਿਆ। ਉਹਨੇ ਮੈਨੂੰ ਦੱਸਿਆ। ਕਿਹਾ ਕਿ ਮੈਂ ਬੰਬਈ ਲੈ ਕੇ ਆ ਰਿਹਾ ਹਾਂ ਲੜਕੀ ਨੂੰ। ਤੁਸੀਂ ਸਾਡਾ ਨਿਕਾਹ ਕਰਵਾ ਦਿਓ। ਮੈਂ ਨਾਂਹ ਨਾ ਕਰ ਸਕੀ। ਮਾਸੂਮ ਨਾਲ ਗੱਲ ਹੋਈ ਤਾਂ ਫੌਰਨ ਬੋਲੇ, 'ਇਸ ਘਰ ਵਿਚ ਉਸ ਹਿੰਦੂ ਲੜਕੀ ਦਾ ਨਿਕਾਹ ਨਹੀਂ ਪੜ੍ਹਾਇਆ ਜਾਏਗਾ।' ਉਸ ਲੜਕੇ ਦੀ ਗੱਲ ਛੱਡੋ, ਆਪਣੇ ਬੇਟੇ ਨਦੀਮ ਦੀ ਸ਼ਾਦੀ ਦਾ ਕਿੱਸਾ ਤੁਹਾਨੂੰ ਸੁਣਾਉਂਦੀ ਹਾਂ। ਨਦੀਮ ਸੂਟਿੰਗ ਦੇ ਸਿਲਸਿਲੇ ਵਿਚ ਇੰਗਲੈਂਡ ਗਿਆ ਹੋਇਆ ਸੀ। ਫਿਲਮ ਦਾ ਨਾਂ ਯਾਦ ਨਹੀਂ ਆ ਰਿਹਾ। ਉਹਨੇ ਉਥੋਂ ਮਾਸੂਮ ਨੂੰ ਫੋਨ ਕੀਤਾ ਕਿ ਇਕ ਲੜਕੀ ਹੈ ਇਥੇ ਪਾਰਬਤੀ ਮਹਾਰਾਜ। ਉਹ ਵੈਸਟ ਇੰਡੀਅਨ ਹੈ। ਮੈਂ ਉਸ ਨਾਲ ਸ਼ਾਦੀ ਕਰਨੀ ਚਾਹੁੰਦਾ ਹਾਂ। ਮਾਸੂਮ ਨੇ ਕਿਹਾ ਕਿ ਮੇਰੇ ਵਲੋਂ ਬਿਲਕੁਲ ਇਜਾਜ਼ਤ ਹੈ। ਪਰ ਇਕ ਸ਼ਰਤ ਹੈ ਕਿ ਉਹ ਕਨਵਰਟ ਨਹੀਂ ਹੋਵੇਗੀ। ਉਹ ਜਿਹੜਾ ਮਜ਼੍ਹਬ ਮੰਨਦੀ ਹੈ, ਉਹ ਆਪਣੇ ਮਜ਼੍ਹਬ 'ਤੇ ਕਾਇਮ ਰਹੇਗੀ। ਮੈਂ ਵੀ ਉਦੋਂ ਅਲੀਗੜ੍ਹ ਸਾਂ ਅਤੇ ਮੈਂ ਤਾਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਤੂੰ ਜਿਸ ਨਾਲ ਚਾਹੇ ਸ਼ਾਦੀ ਕਰ ਲੈ। ਦੋਹਾਂ ਨੇ ਕਰ ਲਈ। ਤੀਜਾ, ਛੋਟਾ ਕਰਦਾ ਹੀ ਨਹੀਂ। ਉਹ ਕਹਿੰਦਾ ਹੈ ਕਿ ਮੈਂ ਇਉਂ ਹੀ ਸੁਖੀ ਹਾਂ। ਜੀ, ਮਰੀਅਮ ਕੋਲ ਇਕ ਬੇਟਾ ਹੈ, ਬਾਰਾਂ ਸਾਲ ਦਾ।

**ਰਾਹੀ ਜੇ ਤੁਹਾਡੇ ਨਾਲ ਨਾ ਜੁੜਦੇ ਤਾਂ ਕੀ ਇੰਨਾ, ਅਜਿਹਾ ਕੁਝ ਕਰ ਸਕਦੇ?**

-ਮੇਰੇ ਖ਼ਿਆਲ ਨਾਲ ਉਦੋਂ ਵੀ ਉਹ ਇਉਂ ਹੀ ਰਹਿੰਦੇ। ਇਹ ਸਭ ਕੁਝ ਜ਼ਰੂਰ ਕਰਦੇ। ਜਿਥੋਂ ਤੱਕ ਮੇਰਾ ਖ਼ਿਆਲ ਹੈ, ਮੇਰੇ ਆਉਣ ਨਾਲ ਜ਼ਿੰਦਗੀ ਵਿਚ ਸੈਟਲ ਜ਼ਿਆਦਾ ਹੋ ਗਏ। ਜ਼ਿੰਦਗੀ 'ਚ ਇਕ ਠਹਿਰਾਓ ਚਾਹੀਦਾ ਹੈ, ਉਹ ਆਇਆ।

**ਤੁਹਾਨੂੰ ਉਨ੍ਹਾਂ ਦੀਆਂ ਲਿਖਤਾਂ ਬਾਰੇ ਕਿੰਨੀ, ਕੀ ਜਾਣਕਾਰੀ ਹੈ?**

-ਨਹੀਂ, ਸਭ ਤਾਂ ਯਾਦ ਨਹੀਂ। ਪਰ ਕਾਫੀ ਕੁਝ ਤਾਂ ਪਤਾ ਹੈ। ਜੀ, ਸਭ ਤੋਂ ਪਹਿਲਾਂ ਉਹ ਅਲਾਹਾਬਾਦ ਵਿਚ ਆਪਣੇ ਇਕ ਦੋਸਤ ਜਿਨ੍ਹਾਂ ਦਾ ਨਿਕਹਤ ਪਬਲੀਕੇਸ਼ਨਜ਼ ਸੀ, ਲਈ ਲਿਖਿਆ ਕਰਦੇ ਸਨ। ਨਹੀਂ, ਨਾਂ ਨਾਲ ਨਹੀਂ। ਅਫਾਕ ਹੈਦਰ ਅਤੇ ਸ਼ਾਹਿਦ ਅਖ਼ਤਰ ਦੇ ਨਾਂ ਹੇਠ ਰੋਮਾਂਟਿਕ ਚੀਜ਼ਾਂ ਲਿਖਦੇ ਸਨ। ਕੋਈ ਚਾਲ੍ਹੀ-ਪੰਤਾਲੀ ਨਾਵਲ ਲਿਖੇ। ਨਹੀਂ, ਪੈਸੇ ਕਿੱਥੇ ਦਿੰਦੇ ਸਨ ਉਹ। ਉਨ੍ਹਾਂ ਦਾ ਨਾਂ ਯਾਦ ਨਹੀਂ ਆ ਰਿਹਾ। ਸਿਰਫ ਦੋਸਤੀ ਖਾਤਰ ਲਿਖਦੇ ਸਨ ਉਨ੍ਹਾਂ ਲਈ। ਉਹ ਕਿਸੇ ਨੂੰ ਮਨ੍ਹਾਂ ਕਰ ਦਿੰਦੇ ਪਰ ਤਕਨੀਸ਼ਨਾਂ ਨੂੰ ਮਨ੍ਹਾਂ ਨਹੀਂ ਕਰਦੇ ਸਨ। ਇਕ ਤਕਨੀਸ਼ਨ ਸਨ, ਉਫ, ਨਾਂ ਉਨ੍ਹਾਂ ਦਾ ਵੀ ਯਾਦ ਨਹੀਂ ਆ ਰਿਹਾ, ਆਏ ਅਤੇ ਬੋਲੇ ਕਿ ਮੇਰੇ ਕੋਲ ਦੇਣ ਨੂੰ ਤਾਂ ਕੁਝ ਹੈ ਨਹੀਂ, ਪੂਰੀ ਫਿਲਮ ਦੋ ਬੀੜਿਆਂ (ਪਾਨ ਦੇ) 'ਤੇ ਲਿਖ ਦਿਓ। ਤੁਸੀਂ ਹਾਂ ਕਹੋ ਤਾਂ ਹੁਣੇ ਲਿਆਉਂਦਾ ਹਾਂ। ਮਾਸੂਮ ਬੋਲੇ ਕਿ ਠੀਕ ਹੈ, ਜਦੋਂ ਡਿਸਕਸ਼ਨ ਨੂੰ ਆਓ ਤਾਂ ਦੋ ਬੀੜੇ ਲੈ ਆਇਆ ਕਰੋ ਅਤੇ ਉਨ੍ਹਾਂ ਲਈ ਪੂਰੀ ਫਿਲਮ ਦੋ ਬੀੜਿਆਂ 'ਤੇ ਲਿਖ ਦਿੱਤੀ। ਪੈਸਿਆਂ ਦੀ ਤਾਂ ਉਨ੍ਹਾਂ ਨੇ ਕਦੇ ਕਿਸੇ ਪ੍ਰੋਡਿਊਸਰ ਨਾਲ ਵੀ ਡਿਸਕਸ਼ਨ ਨਹੀਂ ਕੀਤੀ। ਜੀਹਨੇ ਜੋ ਦਿੱਤਾ, ਲੈ ਲਿਆ।

**ਤੁਸੀਂ ਉਨ੍ਹਾਂ ਦਾ ਲਿਖਿਆ ਕਿੰਨਾ ਕੁ ਪੜ੍ਹਿਆ ਹੈ?**

-ਬਸ 'ਆਧਾ ਗਾਂਵ' ਪੜ੍ਹਿਆ ਹੈ ਅਤੇ 'ਟੋਪੀ ਸ਼ੁਕਲਾ' ਪੜ੍ਹਿਆ ਹੈ। ਨਹੀਂ, ਹਿੰਦੀ ਵਿਚ ਨਹੀਂ-ਇੰਗਲਿਸ਼ ਵਿਚ ਆ ਗਿਆ ਹੈ ਨਾ ਆਕਸਫੋਰਡ ਪਬਲੀਕੇਸ਼ਨਜ਼ ਰਾਹੀਂ। ਪਰ ਮੈਨੂੰ ਉਹ ਇੰਗਲਿਸ਼ ਵਾਲਾ ਠੀਕ ਨਹੀਂ ਲੱਗਿਆ। ਸਿਰਲੇਖ ਹੀ ਗ਼ਲਤ ਲੱਗਿਆ। ਹੁਣ ਦੂਜੀ ਐਡੀਸ਼ਨ ਵਿਚ ਠੀਕ ਕੀਤਾ ਹੈ ਉਹਦਾ ਨਾਂ। ਪਹਿਲਾਂ ਲਿਖਿਆ ਸੀ 'ਫਿਊਡਿੰਗ ਫੈਮਿਲੀਜ਼ ਆਫ ਗੰਗੋਲੀ' ਅਤੇ ਹੁਣ ਆਇਆ ਹੈ 'ਦ ਵਿਲੇਜ ਡਿਵਾਈਡਿਡ' ਦੇ ਨਾਂ ਹੇਠ। ਜੀ, ਉਰਦੂ ਵਿਚ ਵੀ ਆ ਗਿਆ ਹੈ।

'ਆਧਾ ਗਾਂਵ' ਪਹਿਲਾਂ ਉਰਦੂ ਵਿਚ ਲਿਖਿਆ ਸੀ। ਜੀ, ਮੇਰੇ ਕੋਲ ਉਹਦੀ ਸਕ੍ਰਿਪਟ ਹੈ ਅਤੇ ਹਾਂ, ਫਿਰ ਖੁਦ ਹੀ ਉਹਨੂੰ ਹਿੰਦੀ ਵਿਚ ਕੀਤਾ। ਹਾਂ, ਹਿੰਦੀ ਵਿਚ ਉਨ੍ਹਾਂ ਨੇ ਹੀ ਕੀਤਾ ਸੀ।

ਮਹਾਂਭਾਰਤ ਦੇ ਸੰਵਾਦ ਲਿਖੇ ਜਾਣ ਦੇ ਦੌਰ ਦਾ ਜ਼ਿਕਰ ਕੀਤਾ ਤਾਂ ਉਨ੍ਹਾਂ ਦੇ ਚਿਹਰੇ ਦੀ ਚਮਕ ਹੋਰ ਵੀ ਵਧ ਗਈ। ਜੀ, ਮਹਾਂਭਾਰਤ ਮੈਂ ਵੇਖੀ ਹੈ। ਮਹਾਂਭਾਰਤ ਦਾ ਇਹ ਹੋਇਆ ਕਿ ਜਦੋਂ ਚੋਪੜਾ ਸਾਹਿਬ ਨੇ ਮਾਸੂਮ ਤੋਂ ਲਿਖਾਉਣ ਦਾ ਫੈਸਲਾ ਕੀਤਾ ਤਾਂ ਇਤਰਾਜ਼ ਹੋਏ ਕਿ ਤੁਸੀਂ ਮੁਸਲਮਾਨ ਤੋਂ ਮਹਾਂਭਾਰਤ ਕਿਉਂ ਲਿਖਵਾ ਰਹੇ ਹੋ? ਚੋਪੜਾ ਸਾਹਿਬ ਨੇ ਕਿਹਾ ਕਿ ਜੇ ਮੈਂ ਕਰਾਂਗਾ ਮਹਾਂਭਾਰਤ ਤਾਂ ਮਾਸੂਮ ਕਰਨਗੇ, ਨਹੀਂ ਤਾਂ ਤੁਸੀਂ ਕਿਸੇ ਹੋਰ ਤੋਂ ਲਿਖਵਾ ਲਓ। ਤੁਸੀਂ ਵੇਖੋ ਕਿ ਬਾਅਦ ਵਿਚ ਮਹਾਂਭਾਰਤ ਲਿਖਦੇ ਸਮੇਂ ਦੋਹਾਂ ਪਾਸਿਆਂ ਤੋਂ ਖਤ ਆਉਂਦੇ ਸਨ ਕਿ ਸਾਡਾ ਤ੍ਰਿਸੂਲ ਤੇਰੇ ਪੇਟ ਵਿਚ ਜਾਣ ਨੂੰ ਤਿਆਰ ਹੈ, ਉਧਰ ਮੁਹੰਮਦ ਅਲੀ ਰੋਡ ਤੋਂ ਵੀ ਇਸੇ ਤਰ੍ਹਾਂ ਦੇ ਖਤ ਆਉਂਦੇ ਅਤੇ ਫਿਰ ਜਦੋਂ ਮਹਾਂਭਾਰਤ ਚਲ ਪਈ ਤਾਂ, ਤਾਂ ਜੋ ਲੋਕ ਤ੍ਰਿਸੂਲ ਖੁਭਾਉਣਾ ਚਾਹੁੰਦੇ ਸਨ, ਉਹ ਹੀ ਦਰਸ਼ਨ ਕਰਨ ਅਤੇ ਪੈਰ ਛੋਹਣ ਆਉਣ ਲੱਗੇ। ਮੈਨੂੰ ਕੀ ਲਗਦਾ ਸੀ? ਚੰਗਾ ਲਗਦਾ ਸੀ। ਨਹੀਂ, ਉਹ ਹੋਰਨਾਂ ਵਾਂਗ ਆਪਣੀ ਖੁਸ਼ੀ ਨਹੀਂ ਜਤਾਉਂਦੇ ਸਨ। ਬਸ ਸੰਤੁਸ਼ਟ ਦਿਸਦੇ ਸਨ। ਉਨ੍ਹਾਂ ਵਲੋਂ ਤਾਂ ਉਹ ਲਿਖਦੇ ਹੀ ਚੰਗਾ ਸਨ। ਨਹੀਂ, ਕੋਈ ਡਰ ਨਹੀਂ ਲਗਦਾ ਸੀ ਉਦੋਂ ਧਮਕੀ ਮਿਲਣ 'ਤੇ ਸਾਨੂੰ। ਜੀ, ਤਿੰਨ ਸਾਲ ਲੱਗੇ ਸਨ ਰਿਸਰਚ ਕਰਨ ਵਿਚ-ਅਤੇ ਲਿਖਣ ਵਿਚ ਦੋ ਸਾਲ ਲੱਗੇ। ਤਣਾਓ, ਦਬਾਓ...ਜਿਸ ਵੇਲੇ ਨੌਂ ਐਪੀਸੋਡ ਗੀਤਾ ਵਾਲੇ ਲਿਖੇ, ਉਸ ਵੇਲੇ ਜ਼ਰਾ ਤਣਾਓ ਵਿਚ ਰਹਿੰਦੇ ਸਨ ਕਿ ਇਕ ਲਫਜ਼ ਏਧਰੋਂ-ਓਧਰ ਨਾ ਹੋ ਜਾਵੇ। ਤੁਸੀਂ ਵੇਖੀ ਹੈ ਮਹਾਂਭਾਰਤ? ਉਹ ਜੋ ਕ੍ਰਿਸ਼ਨ ਨੇ ਵਿਰਾਟ ਸਰੂਪ ਵਿਖਾਇਆ ਹੈ, ਉਦੋਂ ਤਾਂ ਬਹੁਤ ਟੈਂਸ ਸਨ। ਹਾਂ, ਜ਼ਰਾ ਵੀ ਹਿੱਲ-ਹਿਲਾ ਨਾ ਜਾਏ, ਕੋਈ ਲਫਜ਼ ਹਲਕਾ ਜਾਂ ਗੈਰ-ਜ਼ਰੂਰੀ ਨਾ ਆ ਜਾਏ। ਜੀ, ਜੀ, ਮੈਂ ਪੂਰੀ ਵੇਖੀ ਹੈ। ਇਹ ਹੁਣ ਵਾਲੀ ਜੋ ਆ ਰਹੀ ਹੈ, ਇਹ ਨਹੀਂ, ਇਹ ਤਾਂ ਬੇਕਾਰ ਹੈ।

ਜਦੋਂ ਸ੍ਰੀ ਕ੍ਰਿਸ਼ਨ ਦਾ ਗੀਤਾ ਵਾਲਾ ਹਿੱਸਾ ਲਿਖ ਰਹੇ ਸਨ ਤਾਂ ਇਕ ਦਿਨ ਚੋਪੜਾ ਸਾਹਿਬ ਦਾ ਫੋਨ ਆਇਆ ਕਿ ਰਾਹੀ ਸਾਹਿਬ, ਤੁਹਾਨੂੰ ਰਾਜੀਵ ਜੀ ਨੇ ਬੁਲਾਇਆ ਹੈ। ਉਨ੍ਹਾਂ ਨੇ ਕਿਹਾ ਕਿ ਠੀਕ ਹੈ। ਦੂਜੇ ਦਿਨ ਇਹ ਦਿੱਲੀ ਆ ਗਏ। ਮੁਲਾਕਾਤ ਦੌਰਾਨ ਰਾਜੀਵ ਗਾਂਧੀ ਨੇ ਮਾਸੂਮ ਨੂੰ ਪੁੱਛਿਆ ਕਿ ਇਹ ਜੋ ਤੁਸੀਂ ਜਨਮ ਅਤੇ ਕਰਮ ਦੀ ਗੱਲ ਕੀਤੀ ਹੈ ਤਾਂ ਕੀ ਮੇਰੇ 'ਤੇ ਕੋਈ ਚੋਟ ਕੀਤੀ ਹੈ? ਮਾਸੂਮ ਨੇ ਕਿਹਾ ਕਿ ਪੂਰੀ ਗੀਤਾ ਦਾ ਇਹੋ ਉਪਦੇਸ਼ ਹੈ ਕਿ ਜਨਮ ਕੁਝ ਨਹੀਂ ਹੁੰਦਾ, ਅਸਲੀ ਚੀਜ਼ ਕਰਮ ਅਤੇ ਬਾਅਦ ਵਿਚ ਇਹ ਵੀ ਕਿਹਾ ਕਿ ਰਾਜੀਵ ਜੀ, ਜੇ ਤੁਸੀਂ ਮੇਰੀ ਜਾਨ ਦੀ ਜ਼ਿੰਮੇਵਾਰੀ ਲਓ, ਤਾਂ ਮੈਂ ਦੂਜੀ ਗੀਤਾ ਲਿਖ ਦਿੰਦਾ ਹਾਂ। ਉਨ੍ਹੀਂ ਦਿਨੀਂ ਉਨ੍ਹਾਂ ਦੇ ਬੇਹੱਦ ਪ੍ਰੇਸ਼ਾਨ ਹੋਣ ਨਾਲ ਜੁੜਿਆ ਇਕ ਵਾਕਿਆ ਤੁਹਾਨੂੰ ਸੁਣਾਵਾਂ? ਉਨ੍ਹੀਂ ਦਿਨੀਂ ਬਹੁਤ ਲੋਕ ਆਉਂਦੇ ਸਨ, ਉਨ੍ਹਾਂ ਦੀ ਇੰਟਰਵਿਊ ਲੈਣ। ਲੋਕਾਂ ਨੂੰ ਹੈਰਾਨੀ ਹੁੰਦੀ ਸੀ ਕਿ ਮੁਸਲਮਾਨ ਹੋ ਕੇ ਕੋਈ ਇਹ ਸਭ ਲਿਖ ਰਿਹਾ ਹੈ। ਇਤਫਾਕ ਵੱਸ ਇਕ ਦਿਨ ਮੈਂ ਮਾਸੂਮ ਕੋਲ ਬੈਠੀ ਸਾਂ। ਇੰਟਰਵਿਊ ਦੌਰਾਨ ਉਸ ਪੱਤਰਕਾਰ ਨੇ ਸੁਆਲ ਕੀਤਾ ਕਿ ਮੁਸਲਮਾਨ ਹੋ ਕੇ ਤੁਸੀਂ ਅਜਿਹਾ ਸਭ ਕਿਵੇਂ ਲਿਖ ਰਹੇ ਹੋ? ਅਤੇ ਮੈਂ ਵੇਖਿਆ ਕਿ ਸੁਆਲ ਸੁਣ ਕੇ ਮਾਸੂਮ ਰੋ ਪਏ ਅਤੇ ਉਨ੍ਹਾਂ ਕਿਹਾ ਕਿ ਤੁਸੀਂ ਇਹ ਸੁਆਲ ਮੈਨੂੰ ਕਿਉਂ ਕਰਦੇ ਹੋ। ਮੈਂ ਹਿੰਦੋਸਤਾਨੀ ਪਹਿਲਾਂ ਹਾਂ ਅਤੇ ਮੁਸਲਮਾਨ ਬਾਅਦ ਵਿਚ ਅਤੇ ਇਹ ਜੋ ਮਹਾਂਭਾਰਤ ਹੈ, ਇਹ ਹਰ ਹਿੰਦੋਸਤਾਨ ਦਾ ਖਜ਼ਾਨਾ ਹੈ। ਹਰ ਹਿੰਦੋਸਤਾਨੀ ਦਾ, ਚਾਹੇ ਉਹ ਕਿਸੇ ਮਜ਼੍ਹਬ ਦਾ ਵੀ ਹੋਵੇ, ਇਸ 'ਤੇ ਹੱਕ ਹੈ।

**ਕੀ ਉਹ ਕਦੇ ਤੁਹਾਡੇ ਸਾਹਮਣੇ ਫੁਟ-ਫੁਟ ਕੇ ਵੀ ਰੋਏ? ਅਜਿਹੀ ਕੋਈ ਘਟਨਾ ਜਦੋਂ ਉਨ੍ਹਾਂ ਨੇ ਤੁਹਾਡੀਆਂ ਅੱਖਾਂ ਦੇ ਹੰਝੂ ਪੂੰਝੇ ਹੋਣ?**

-ਫੁਟ-ਫੁਟ ਕੇ ਤਾਂ ਮੈਨੂੰ ਖ਼ਿਆਲ ਨਹੀਂ। ਉਹ ਜ਼ਬਤ ਵਿਚ ਰਹਿੰਦੇ ਸਨ। ਅਜਿਹਾ ਕੋਈ ਮੌਕਾ ਨਹੀਂ ਆਇਆ ਕਿ ਉਨ੍ਹਾਂ ਨੇ ਮੇਰੇ ਹੰਝੂ ਪੂੰਝੇ ਹੋਣ। ਉਨ੍ਹਾਂ ਦੇ ਰੋਣ ਦੀ ਇਕ ਘਟਨਾ ਹੁਣ ਮੈਂ ਦੱਸੀ ਹੈ। ਹਾਂ, ਇਕ ਵਾਰੀ ਉਨ੍ਹਾਂ ਦਾ ਰੋਣਾ ਹੋਰ ਯਾਦ ਆਇਆ। ਉਨ੍ਹਾਂ ਦੇ ਵੱਡੇ ਭਰਾ ਮੂਨਿਸ ਰਜ਼ਾ ਉਨ੍ਹਾਂ ਦੇ ਆਈਡੀਅਲ ਸਨ। ਉਨ੍ਹਾਂ ਦੀ ਡੈਥ ਮਾਸੂਮ ਦੀ ਡੈਥ ਤੋਂ ਪਿੱਛੋਂ ਹੋਈ। ਇਕ ਵਾਰ ਅਚਾਨਕ ਉਹ ਬਹੁਤ ਬਿਮਾਰ ਹੋ ਗਏ। ਅਜਿਹੇ ਬਿਮਾਰ ਕਿ ਬਚਣ ਦੀ ਉਮੀਦ ਹੀ ਨਾ ਰਹੀ। ਉਨ੍ਹਾਂ ਦੀ ਅਚਾਨਕ ਬਿਮਾਰੀ ਦੀ ਖਬਰ ਜਦੋਂ ਮਾਸੂਮ ਨੇ ਸੁਣੀ ਤਾਂ ਉਸ ਸਮੇਂ ਮਾਸੂਮ ਬਹੁਤ ਰੋਏ ਸਨ ਅਤੇ ਇਕ, ਸਿਰਫ ਇਕ ਵਾਕ ਕਿਹਾ ਸੀ ਕਿ ਮੈਥੋਂ ਮੇਰਾ ਵੱਡਾ ਭਰਾ ਵਿਛੜ ਰਿਹਾ ਹੈ ਅਤੇ ਮੈਂ ਉਹਨੂੰ ਬਚਾ ਨਹੀਂ ਸਕਦਾ।

ਇਕ ਯੁਵਤੀ ਨੇ ਪਰਦੇ ਦੇ ਪਿੱਛੋਂ ਝਾਕਿਆ ਤਾਂ ਖਿੜ ਜਿਹੀ ਗਈ 'ਜੀ, ਇਹ ਕਿਰਨ ਹੈ ਬਾਬੂ ਲਾਲ ਦੀ ਬੇਟੀ। ਗਵਾਲੀਅਰ ਤੋਂ ਆਈ ਹੈ।' ਫਿਰ ਜਿਵੇਂ ਮੇਰੇ ਉਥੇ ਹੋਣ ਦਾ ਉਨ੍ਹਾਂ ਨੂੰ ਧਿਆਨ ਹੀ ਨਹੀਂ ਰਿਹਾ ਸੀ। ਇਉਂ ਗੱਲਾਂ ਵਿਚ ਲੱਗ ਗਈ ਜਿਵੇਂ ਉਹ ਕਿਰਨ ਦੀ ਮਾਂ ਹੀ ਹੋਵੇ 'ਓ ਕਿਰਨ', ਨਾਲ ਹੀ ਆਪ ਉਠ ਕੇ ਅੰਦਰ ਚਲੀ ਗਈ। ਮੁੜੀ ਤਾਂ ਉਨ੍ਹਾਂ ਦੇ ਦੋਵੇਂ ਹੱਥਾਂ ਵਿਚ ਫੋਟੋਆਂ ਸਨ। ਮੈਨੂੰ ਵਿਖਾਉਣ ਲਈ ਬੇਹੱਦ ਉਤਸੁਕ, ਗਦਗਦ! ਬਹੁਤ ਕੁਝ ਕਹਿ-ਦੱਸ ਦੇਣ ਨੂੰ ਕਾਹਲੀ।

'ਵੇਖੋ, ਤੁਹਾਨੂੰ ਇਕ ਯਾਦਗਾਰੀ ਚੀਜ਼ ਵਿਖਾਵਾਂ! ਵੇਖੋ, ਇਹ ਮਾਸੂਮ ਦੀ 1943 ਦੀ ਫੋਟੋ ਹੈ ਅਤੇ ਇਹ ਹੈ ਮਰੀਅਮ ਦੇ ਬੇਟੇ ਜ਼ੁਹੇਦ ਦੀ ਫੋਟੋ। ਮੈਂ ਇਹਨੂੰ ਸ਼ੇਖੂ ਕਹਿੰਦੀ ਹਾਂ। ਵੇਖੋ, ਕਿੰਨਾ ਮਿਲਦਾ ਹੈ ਆਪਣੇ ਨਾਨੇ ਨਾਲ। ਤੁਸੀਂ ਵੇਖਿਆ! ਬਿਲਕੁਲ ਉਹੋ ਇੰਪ੍ਰੈਸ਼ਨਜ਼...।'

ਅਚਾਨਕ ਉਹ ਕੰਧ ਤੇ ਟੰਗੀਆਂ ਹੋਰਨਾਂ ਫੋਟੋਆਂ ਬਾਰੇ ਦੱਸਣ ਲੱਗੀ। ਪਤਾ ਨਹੀਂ ਕੀ ਖ਼ਿਆਲ ਆਇਆ ਕਿ ਉਹ ਕਮਰੇ ਵਿਚੋਂ ਗਲੀ ਵਲ ਚੱਲ ਪਈ। 'ਆਓ, ਤੁਹਾਨੂੰ ਘਰ ਵਿਖਾਵਾਂ, ਇਹ ਹੈ ਗਲੀ। ਇਸੇ ਵਿਚ ਖੁਲ੍ਹਦੇ ਹਨ ਦੋਹਾਂ ਪਾਸਿਆਂ ਦੇ ਬੈਡਰੂਮਾਂ ਦੇ ਦਰਵਾਜ਼ੇ।' ਗਲੀ ਦੇ ਦੋਹਾਂ ਪਾਸੇ ਦੀਆਂ ਕੰਧਾਂ ਤੇ ਕਈ ਫੋਟੋਆਂ ਟੰਗੀਆਂ ਹੋਈਆਂ ਹਨ। ਵਿਚਾਲੇ ਕਈ ਥਾਈਂ ਬਹੁਤ ਸਾਰੀਆਂ ਫੋਟੋਆਂ ਰੱਖੀਆਂ ਹਨ। ਉਹ ਗਾਈਡ ਵਾਂਗ ਸਭ ਵਿਖਾ ਰਹੀ ਸੀ। 'ਇਹ ਯੂਨਸ ਹਨ। ਆਪਣੀ ਵਰਦੀ ਵਿਚ....ਮਾਸੂਮ, ਇਹ ਮੇਰੀ ਇਕ ਦੋਸਤ...ਇਹ ਹਾਲ ਹੈ...ਇਹ ਪੜਦਾਦਾ, ਇਹ ਦਾਦਾ, ਇਹ ਪਿਤਾ, ਇਹ ਸਰ ਸੱਯਦ, ਇਹ ਉਨ੍ਹਾਂ ਦੇ ਪੋਤੇ...ਜੀ, ਇਥੋਂ ਇਸ ਪਾਸਿਓਂ ਇਹ ਜ਼ਨਾਨਾ ਅਤੇ ਉਹ ਹਿੱਸਾ, ਜਿਸ ਵਿਚ ਮੈਂ ਰਹਿੰਦੀ ਹਾਂ। ਹਾਂ, ਮਾਸੂਮ ਆਉਂਦੇ ਸਨ ਤਾਂ ਇਸੇ ਵਿਚ ਰਹਿੰਦੇ ਸਨ। ਇਹ ਯੂਨਸ ਦੀ...ਇਹ ਮਾਸੂਮ ਦੀ ਫੋਟੋ।' ਚੁੱਪ ਸੁਣਦਾ ਹੋਇਆ ਮੈਂ ਇਸ ਗੱਲ 'ਤੇ ਹੈਰਾਨ ਸਾਂ ਕਿ ਉਨ੍ਹਾਂ ਦੇ ਘਰ ਦੇ ਗਲਿਆਰੇ ਵਿਚ ਖੱਬੇ ਪਾਸੇ ਦੀ ਕੰਧ ਉਤੇ ਸਭ ਤੋਂ ਪਹਿਲੀ ਫੋਟੋ ਯੂਨਸ ਸਾਹਿਬ ਦੀ ਸੀ। ਇਹ ਵੀ ਕਿ ਰਾਹੀ ਸਾਹਿਬ ਨੂੰ ਬੇਹੱਦ ਲਗਾਓ ਅਤੇ ਸਨਮਾਨ ਨਾਲ ਯਾਦ ਕਰਦਿਆਂ ਵੀ ਉਨ੍ਹਾਂ ਨੇ ਇਕ ਵਾਰ ਵੀ ਯੂਨਸ ਬਾਰੇ ਜ਼ਰਾ ਵੀ ਅਸਤਿਕਾਰ ਜਾਂ ਸ਼ਿਕਾਇਤ ਦੇ ਲਹਿਜ਼ੇ 'ਚ ਗੱਲ ਨਹੀਂ ਕੀਤੀ।

ਮੁੜਦੇ ਸਮੇਂ ਗਲੀ ਦੇ ਖੱਬੇ ਪਾਸੇ ਦੇ ਕਮਰਿਆਂ ਵਲ ਇਸ਼ਾਰਾ ਕੀਤਾ। 'ਇਨ੍ਹਾਂ ਦੋਹਾਂ ਕਮਰਿਆਂ ਵਿਚ ਰਹਿੰਦੇ ਸਨ ਯੂਨਸ..।' ਅਸੀਂ ਹੁਣ ਫਿਰ ਤੋਂ ਆਪੋ-ਆਪਣੀ ਥਾਂ ਆ ਬੈਠੇ ਸਾਂ। ਮੈਂ ਹੁਣ ਝਿਜਕਦੇ ਹੋਏ ਯੂਨਸ ਸਾਹਿਬ ਦੇ ਅੰਤਿਮ ਦਿਨਾਂ ਨਾਲ ਜੁੜੇ ਕੁਝ ਸੁਆਲ ਪੁੱਛੇ। ਜੀ, ਉਨ੍ਹਾਂ ਦੀ ਡੈਥ ਇਥੇ ਹੀ, ਇਸ ਘਰ ਵਿਚ ਹੋਈ-1984 ਵਿਚ। ਮੈਂ ਬੰਬਈ ਵਿਚ ਸਾਂ। ਤੀਜੇ-ਚੌਥੇ ਦਿਨ ਆ ਗਈ ਸਾਂ। ਬੱਚੇ ਪਹਿਲਾਂ ਆ ਗਏ ਸਨ। ਤੁਸੀਂ ਵੇਖਿਆ ਹੋਵੇਗਾ, ਉਹ ਸਾਡਾ ਜੋ ਪੁਸ਼ਤੈਨੀ ਕਬਰਸਤਾਨ ਹੈ, ਉਸੇ ਵਿਚ ਯੂਨਸ ਦੀ ਮਜ਼ਾਰ ਹੈ।'

**ਕਿਹੋ ਜਿਹਾ ਲੱਗਾ ਸੀ ਉਨ੍ਹਾਂ ਦੀ ਮੌਤ ਸੁਣ ਕੇ?**

-ਜਿਸ ਨਾਲ ਲਗਾਓ ਹੋਵੇ, ਤਕਲੀਫ ਤਾਂ ਹੁੰਦੀ ਹੀ ਹੈ।

**ਉਨ੍ਹਾਂ ਦੀ ਮੌਤ ਬਾਰੇ ਸੁਣ ਕੇ ਰਾਹੀ ਸਾਹਿਬ ਨੇ ਕੀ ਕਿਹਾ ਤੁਹਾਨੂੰ? ਕੀ ਉਹ ਆਏ ਸਨ ਉਦੋਂ ਏਥੇ?**

-ਰਾਹੀ ਨੇ ਤੁਰੰਤ ਕਿਹਾ ਕਿ ਬੱਚਿਆਂ ਨੂੰ ਫੌਰਨ ਭੇਜ ਦਿਓ। ਤੂੰ ਜਾਣਾ ਚਾਹੇਂ ਤਾਂ ਚਲੀ ਜਾ। ਏਥੇ ਕੋਈ ਨਹੀਂ ਸੀ। ਮੈਂ ਤਿੰਨ-ਚਾਰ ਦਿਨਾਂ ਬਾਅਦ ਆ ਗਈ। ਰਾਹੀ ਨਹੀਂ ਆ ਸਕੇ ਸਨ। ਮਰੀਅਮ ਦੇ ਐਗਜ਼ਾਮ ਚੱਲ ਰਹੇ ਸਨ, ਉਨ੍ਹਾਂ ਕਰ ਕੇ ਉਨ੍ਹਾਂ ਨੂੰ ਰੁਕਣਾ ਪਿਆ। ਮਰੀਅਮ ਨੂੰ ਅੱਜ ਵੀ ਦੁੱਖ ਹੈ, ਉਦੋਂ ਨਾ ਆ ਸਕਣ ਦਾ। ਲੜਕੇ ਤਿੰਨੇ ਆ ਗਏ ਸਨ।

**ਯੂਨਸ ਸਾਹਿਬ ਅਤੇ ਰਾਹੀ ਸਾਹਿਬ ਦੀ ਮੌਤ ਵਿਚੋਂ ਕੀਹਨੇ ਤੁਹਾਨੂੰ ਵਧੇਰੇ ਝੰਜੋੜਿਆ, ਕੰਬਾਇਆ?**

-ਜ਼ਾਹਿਰ ਹੈ, ਮਾਸੂਮ ਦੀ ਮੌਤ ਨੇ। ਮਾਸੂਮ ਦੀ ਮੌਤ ਪਿੱਛੋਂ ਤਾਂ ਜ਼ਿੰਦਗੀ ਉਲਟ ਹੀ ਗਈ ਸੀ ਨਾ! ਉਹ ਗੱਲ ਹੀ ਨਾ ਰਹੀ। ਠੀਕ ਹੈ, ਬੱਚੇ ਹਨ, ਸਭ ਅੱਛਾ ਹੈ ਪਰ ਉਹ ਗੱਲ ਹੀ ਨਹੀਂ ਰਹੀ...। ਉਨ੍ਹਾਂ ਦੀ ਡੈਥ ਪਿੱਛੋਂ ਇਕ ਖਲਾਅ ਹੈ। ਹੁਣ ਵੀ ਹੈ ਉਹ ਵੈਕਿਊਮ। ਇਸੇ ਲਈ ਮੈਂ ਇਥੇ ਬੰਬਈ ਵਾਪਸ ਆ ਗਈ। ਛੋਟੀਆਂ-ਛੋਟੀਆਂ ਚੀਜ਼ਾਂ 'ਤੇ ਧਿਆਨ ਜਾਂਦਾ ਰਹਿੰਦਾ ਹੈ। ਰੋਜ਼ਾਨਾ ਜ਼ਿੰਦਗੀ ਦੀਆਂ ਬਹੁਤ ਛੋਟੀਆਂ-ਛੋਟੀਆਂ ਚੀਜ਼ਾਂ 'ਤੇ, ਕਿ ਮਾਸੂਮ ਹੁੰਦੇ ਤਾਂ ਅਜਿਹਾ ਨਾ ਹੁੰਦਾ...ਕਿ ਇਉਂ ਹੁੰਦਾ। ਉਂਜ ਮੇਰੇ ਚਾਰੇ ਬੱਚੇ ਮੇਰਾ ਬਹੁਤ ਖਿਆਲ ਰੱਖਦੇ ਹਨ। ਚਾਹੁੰਦੇ ਹਨ ਕਿ ਮੇਰੀ ਹਰ ਖਾਹਿਸ਼ ਪੂਰੀ ਹੋਵੇ। ਮੇਰੀਆਂ ਦੋਵੇਂ ਬਹੂਆਂ ਵੀ ਬਹੁਤ ਖਿਆਲ ਰੱਖਦੀਆਂ ਹਨ।

**ਰਾਹੀ ਸਾਹਿਬ ਦੀ ਮੌਤ ਵਾਲੇ ਹਿੱਸੇ ਨੂੰ ਅੱਜ ਕਿਵੇਂ ਯਾਦ ਕਰੋਗੇ ਤੁਸੀਂ?**

-ਕੀਮੀਓਥੈਰੇਪੀ ਦੇ ਰਿਐਕਸ਼ਨ ਕਰਕੇ ਹਿੰਦੂਜਾ ਹਸਪਤਾਲ ਵਿਚ ਫੌਤ ਹੋਏ ਸਨ। ਮੈਂ ਉਥੇ ਹੀ ਹਸਪਤਾਲ ਵਿਚ ਸਾਂ। ਸਾਲਾਂ ਤੋਂ ਚਿਕ ਉਤੇ ਇਕ ਛੋਟਾ ਜਿਹਾ ਗਲੈਂਡ ਸੀ। ਡਾਕਟਰਾਂ ਨੇ ਕਿਹਾ ਕਿ ਵਾਯੰਮੀ ਕਰਾ ਲਓ। ਨਾਂ ਯਾਦ ਨਹੀਂ ਆ ਰਿਹਾ, ਪਰ ਹਾਂ, ਬਹੁਤ ਖ਼ਤਰਨਾਕ ਕਿਸਮ ਦਾ ਕੈਂਸਰ ਸੀ। ਮੈਂ ਸਮਝਦੀ ਹਾਂ ਜੇ ਇਹਨੂੰ ਨਾ ਛੇੜਿਆ ਜਾਂਦਾ ਤਾਂ ਸ਼ਾਇਦ ਕੁਝ ਹੋਰ ਜ਼ਿੰਦਾ ਰਹਿੰਦੇ ਮਾਸੂਮ। 10 ਦਸੰਬਰ, 1991 ਨੂੰ ਇਹ ਅਪਰੇਸ਼ਨ ਹੋਇਆ। ਅਪਰੇਸ਼ਨ ਸਫਲ ਹੋਇਆ। ਡੈਥ ਹੋਈ ਮਾਰਚ 14-15 ਦੀ ਰਾਤ, 1992 ਨੂੰ। ਘਰ ਆ ਗਏ ਸਨ। ਮਾਰਚ ਦੇ ਸ਼ੁਰੂ ਵਿਚ ਹਸਪਤਾਲ ਵਿਖਾਉਣ ਗਏ ਤਾਂ ਗਲੇ ਦੇ ਹੇਠਾਂ ਫਿਰ ਤੋਂ ਗਲੈਂਡ ਬਣ ਗਿਆ। ਉਸ ਦੀ ਜੋ ਕੀਮੀਓਥੈਰੇਪੀ ਹੋਈ, ਉਹਦੇ ਰੀਐਕਸ਼ਨ ਨਾਲ ਮੌਤ ਹੋਈ। ਜਦੋਂ ਡਾਕਟਰਾਂ ਨੇ ਮਾਸੂਮ ਦੇ ਅਪਰੇਸ਼ਨ ਦੀ ਤਰੀਕ ਤੈਅ ਕੀਤੀ ਤਾਂ ਮੈਂ ਸੁਨੀਲ ਦੱਤ ਸਾਹਿਬ ਨੂੰ ਕਾਂਟੈਕਟ ਕੀਤਾ। ਉਹ ਉਦੋਂ ਦਿੱਲੀ ਸਨ। ਮੈਂ ਕਿਹਾ, 'ਦੱਤ ਸਾਹਿਬ, ਜਦੋਂ ਤੱਕ ਤੁਸੀਂ ਨਹੀਂ ਆਓਗੇ, ਅਪਰੇਸ਼ਨ ਨਹੀਂ ਹੋਵੇਗਾ।' ਦੱਤ ਸਾਹਿਬ 9 ਦਸੰਬਰ ਨੂੰ ਬੰਬਈ ਆ ਗਏ ਅਤੇ ਉਨ੍ਹਾਂ ਨੇ ਮਾਸੂਮ ਨਾਲ ਹਸਪਤਾਲ ਵਿਚ ਬਹੁਤ ਵਕਤ ਬਿਤਾਇਆ। ਦਸ ਦੀ ਸਵੇਰ ਤੋਂ ਆ ਕੇ ਰਾਤ ਤੱਕ ਉਥੇ ਹੀ ਬੈਠੇ ਰਹੇ। ਉਦੋਂ ਤੱਕ ਬੈਠੇ ਰਹੇ, ਜਦੋਂ ਤਕ ਮਾਸੂਮ ਨੂੰ ਹੋਸ਼ ਨਹੀਂ ਆ ਗਈ।

**ਮੌਤ ਤੋਂ ਪਹਿਲਾਂ ਕੀ ਕੁਝ ਕਿਹਾ ਤੁਹਾਨੂੰ ਉਨ੍ਹਾਂ ਨੇ?**

-ਉਸ ਵੇਲੇ ਉਨ੍ਹਾਂ ਨੂੰ ਜੋ ਦਵਾਈਆਂ ਦਿੱਤੀਆਂ ਜਾਂਦੀਆਂ ਸਨ, ਉਸ ਨਾਲ ਪੂਰੀ ਹੋਸ਼ ਨਹੀਂ ਸੀ। ਦਵਾਈਆਂ ਦੇ ਅਸਰ ਕਰ ਕੇ ਹਲਕੀ ਜਿਹੀ ਬੇਹੋਸ਼ੀ ਰਹਿੰਦੀ ਸੀ। ਉਦੋਂ ਕੁਝ ਨਹੀਂ ਕਿਹਾ। ਹਾਂ, ਦੋ ਦਿਨ ਪਹਿਲਾਂ ਮੈਨੂੰ ਇਹ ਜ਼ਰੂਰ ਕਿਹਾ ਕਿ ਜੇ ਤੈਨੂੰ ਪੈਸਿਆਂ ਦੀ ਦਿੱਕਤ ਹੋਵੇ ਤਾਂ ਚੋਪੜਾ ਸਾਹਿਬ ਨੂੰ ਕੰਟੈਕਟ ਕਰ ਲਵੀਂ। ਮੈਂ ਕਿਹਾ ਕਿ ਅਜੇ ਕੋਈ ਦਿੱਕਤ ਨਹੀਂ ਹੈ, ਪਰ ਜੇ ਹੋਵੇਗੀ ਤਾਂ ਜ਼ਾਹਿਰ ਹੈ ਉਨ੍ਹਾਂ ਨੂੰ ਹੀ ਕਰਾਂਗੀ। ਉਨ੍ਹਾਂ ਨੂੰ ਖਿਆਲ ਹੀ ਨਹੀਂ ਸੀ ਕਿ ਉਹ ਇੰਨੀ ਛੇਤੀ ਖਤਮ ਹੋ ਜਾਣਗੇ। ਅਪਰੇਸ਼ਨ ਠੀਕ ਹੋ ਗਿਆ ਸੀ, ਕੋਈ ਗੱਲ ਹੀ ਨਹੀਂ ਸੀ। ਮੈਨੂੰ ਉਨ੍ਹਾਂ ਦੀ ਡੈਡ ਬਾਡੀ ਨੂੰ ਦੋ ਦਿਨ ਹਸਪਤਾਲ ਵਿਚ ਰੱਖਣਾ ਪਿਆ ਕਿ ਉਨ੍ਹਾਂ ਦੇ ਭੈਣ-ਭਰਾ ਸਭ ਲੋਕ ਆ ਜਾਣ। ਜੀ, ਮੈਂ ਘਰ ਆ ਗਈ ਸਾਂ।

**ਉਨ੍ਹਾਂ ਦੀ ਡੈਥ ਅਤੇ ਦਫਨ ਹੋਣ ਦੇ ਵਿਚਲੇ ਦੌਰ ਨੂੰ ਤੁਸੀਂ ਕਿਵੇਂ ਸਹਾਰਿਆ?**

-ਦਿਮਾਗੀ ਪ੍ਰੇਸ਼ਾਨੀ ਤਾਂ ਸੀ ਹੀ। ਲੋਕ ਆਉਂਦੇ-ਜਾਂਦੇ ਰਹਿੰਦੇ ਸਨ। ਖਲਾਅ ਤਾਂ ਅੱਜ ਵੀ ਹੈ। ਮੈਂ ਸਭ ਦੇ ਸਾਹਮਣੇ ਨਹੀਂ ਰੋ ਸਕਦੀ। ਪਿੱਛੋਂ ਚਾਹੇ ਕਿੰਨਾ ਹੀ ਰੋ ਲਵਾਂ। ਇਕੱਲ ਵਿਚ ਜ਼ਾਹਿਰ ਹੈ, ਰੋਣਾ ਆਉਂਦਾ ਸੀ, ਚੀਜ਼ਾਂ ਵੇਖ ਕੇ ਖ਼ਿਆਲ ਆਉਂਦਾ ਸੀ, ਜੁਹੂ ਵਿਚ, ਸਾਂਤਾਕਰੂਜ਼ ਕਬਰਸਤਾਨ ਵਿਚ। ਮਾਸੂਮ ਦਾ ਚਾਲ੍ਹੀਵਾਂ ਅਲੀਗੜ੍ਹ ਵਿਚ ਕੀਤਾ ਸੀ। ਉਨ੍ਹਾਂ ਦੇ ਦੋਸਤਾਂ-ਰਿਸ਼ਤੇਦਾਰਾਂ ਨੂੰ ਸੂਚਨਾ ਦੇ ਦਿੱਤੀ ਸੀ।

ਬਾਹਰ ਆਉਂਦੇ ਹੋਏ ਮੈਂ ਇਸ ਵਿਡੰਬਨਾ ਬਾਰੇ ਸੋਚ ਰਿਹਾ ਸਾਂ ਕਿ ਜਿਸ ਨਾਲ ਤਲਾਕ ਹੋਇਆ, ਉਨ੍ਹਾਂ ਦੀ ਕਬਰ ਆਫਤਾਬ ਮੰਜ਼ਿਲ ਦੇ ਕਬਰਸਤਾਨ ਵਿਚ ਹੈ ਅਤੇ ਜਿਸ ਨਾਲ ਦੂਸਰੀ ਸ਼ਾਦੀ ਹੋਈ ਉਨ੍ਹਾਂ, ਮਾਸੂਮ ਨੂੰ, ਸਾਂਤਾਕਰੂਜ਼ ਕਬਰਸਤਾਨ, ਬੰਬਈ ਵਿਚ ਦਫਨ ਹੋਣਾ ਪਿਆ। ਅਸੀਂ ਬਰਾਂਡੇ ਵਿਚ ਵੱਡੇ ਦਰਵਾਜ਼ੇ ਕੋਲ ਖੜ੍ਹੇ ਸਾਂ। ਅਚਾਨਕ ਸੱਜੇ ਪਾਸੇ ਦੀ ਕੰਧ 'ਤੇ ਲੱਗੀ ਉਸ ਨੇਮ ਪਲੇਟ ਤੇ ਮੇਰੀ ਨਜ਼ਰ ਪਈ ਲੈ. ਕਰਨਲ ਐਸ.ਐਸ. ਯੂਨਸ ਖ਼ਾਨ। ਹੈਰਾਨਕੁੰਨ ਠਠੰਬਰਿਆ ਜਿਹਾ ਮੈਂ ਕਦੇ ਉਸ ਨੂੰ ਤੇ ਕਦੇ ਜ਼ਰਾ ਦੂਰੀ ਤੇ ਲੱਗੀ ਰਾਹੀ ਸਾਹਿਬ ਦੀ ਨੇਮ-ਪਲੇਟ ਨੂੰ ਵੇਖੀ ਜਾ ਰਿਹਾ ਸਾਂ। ਉਨ੍ਹਾਂ ਨੇ ਸ਼ਾਇਦ ਮੇਰੇ ਮਨ ਦੀ ਹੈਰਾਨੀ ਭਾਂਪ ਲਈ ਸੀ, 'ਜੀ, ਇਹ ਯੂਨਸ ਦੀ ਨੇਮ ਪਲੇਟ ਹੈ, ਲੈ. ਕਰਨਲ ਸਾਹਿਬਜ਼ਾਦਾ ਮੁਹੰਮਦ ਯੂਨਸ ਖਾਨ। ਉਹ ਇਸੇ ਪਾਸੇ ਰਹਿੰਦੇ ਸਨ। ਇਹ ਅਜੇ ਤੱਕ ਲੱਗੀ ਹੋਈ ਹੈ। ਇਸੇ ਸਭ ਨੂੰ ਵੇਖ ਕੇ ਇਥੋਂ ਦੇ ਲੋਕ ਦੁਨੀਆਂ ਭਰ ਦੀਆਂ ਗੱਲਾਂ ਬਣਾਉਂਦੇ ਹਨ। ਉਥੋਂ ਵਿਦਾ ਹੁੰਦੇ ਸਮੇਂ ਮੈਂ ਰਿਸ਼ਤਿਆਂ ਨੂੰ ਮੰਨਣ, ਜੀਣ, ਸਨਮਾਨ ਦੇਣ ਦੇ ਉਸ ਅਨੂਠੇ ਅੰਦਾਜ਼, ਉਸ ਦੁਰਲੱਭ ਸਾਹਸ ਅਤੇ ਜਜ਼ਬੇ 'ਤੇ ਹੈਰਾਨ ਸਾਂ ਅਤੇ ਬਾਹਰ ਆ ਕੇ ਲੱਗਿਆ ਕਿ ਰਾਹੀ ਨੂੰ ਭਾਵੇਂ ਮੈਂ ਬਹੁਤ ਪਹਿਲਾਂ ਤੋਂ ਪੜ੍ਹਦਾ ਆ ਰਿਹਾ ਹਾਂ ਪਰ ਅੱਜ ਨੱਈਅਰ ਰਾਹੀ ਦੇ ਮਨ ਦੇ ਮਾਸੂਮ ਤੋਂ ਜਾਣੂ ਹੋਣਾ ਨਿਰਸੰਦੇਹ ਅਦਭੁਤ ਅਤੇ ਮੁੱਲਵਾਨ ਪ੍ਰਾਪਤੀ ਹੈ। ਅੰਦਰੋਂ-ਅੰਦਰ ਕਿਸੇ ਨੇ ਕਿਹਾ, 'ਨੱਈਅਰ ਜੀ ਦੀ ਇਸੇ ਨਿਰਛਲਤਾ, ਸਾਹਸ ਅਤੇ ਵਿਸ਼ਾਲ ਹਿਰਦੇ 'ਤੇ ਹੀ ਤਾਂ ਡੁੱਲ੍ਹੇ ਹੋਣਗੇ ਰਾਹੀ ਸਾਹਿਬ!'

***-ਅਨੁਵਾਦ:ਪ੍ਰੋ. ਨਵਸੰਗੀਤ ਸਿੰਘ***

# ਖੋਖਲੇ ਵਰਤਮਾਨ 'ਚ ਅਤੀਤ ਦੀ ਅਮੀਰੀ ਦੇ ਚਰਚੇ

**ਸਵਰਨ ਸਿੰਘ ਟਹਿਣਾ**

ਵਤਨ ਦੀ ਮਿੱਟੀ ਦਾ ਮੋਹ ਹਰ ਬਾਸ਼ਿੰਦੇ ਨੂੰ ਔਗੁਣ ਦਬਾਉਣ ਤੇ ਗੁਣਾਂ ਨੂੰ ਉਭਾਰਨ ਲਈ ਮਜਬੂਰ ਕਰਦਾ ਏ। 'ਜਿਹੜੇ ਮੁਲਕ ਦਾ ਖਾਈਏ, ਉਸਦਾ ਬੁਰਾ ਨਹੀਂ ਮੰਗੀਦਾ' ਸਤਰਾਂ ਇਸੇ ਗੱਲ ਦੀ ਨਿਸ਼ਾਨਦੇਹੀ ਕਰਦੀਆਂ ਨੇ। ਕਿਹਾ ਜਾਂਦੈ ਕਿ ਪਰਿਵਾਰ ਦਾ ਕੋਈ ਜੀਅ ਗਲਤ ਰਾਹ


ਸਵਰਨ ਸਿੰਘ ਟਹਿਣਾ

## ਕੀ ਮੈਂ ਝੂਠ ਬੋਲਿਐ...

ਪੈ ਜਾਵੇ ਤਾਂ ਉਹਨੂੰ ਘਰੋਂ ਨਹੀਂ ਕੱਢੀਦਾ, ਸਗੋਂ ਉਹਦੇ ਮਾੜੇ 'ਤੇ ਪਰਦੇ ਪਾਈਦੇ ਨੇ। ਸਾਡੇ ਗੀਤ ਤੇ ਬੋਲੀਆਂ ਵੀ ਪਿਛਲੇ ਲੰਮੇ ਸਮੇਂ ਤੋਂ ਹੋ-ਵਾਪਰ ਰਹੇ ਮਾੜੇ 'ਤੇ ਪਰਦੇ ਪਾ ਰਹੇ ਨੇ। ਚਾਹੀਦਾ ਵੀ ਭਾਵੇਂ ਇਹੀ ਹੈ ਕਿ ਆਪਣੀ ਮਿੱਟੀ 'ਤੇ ਅਲਾਮਤਾਂ ਪੈਦਾ ਕਰਨ ਵਾਲਿਆਂ ਦੀਆਂ ਗਲਤੀਆਂ, ਕਮਜ਼ੋਰੀਆਂ, ਘਾਟਾਂ ਨੂੰ ਅਣਦੇਖਿਆ ਕਰਕੇ ਉਨ੍ਹਾਂ ਨੂੰ ਸੁਧਰਨ ਦਾ ਮੌਕਾ ਦਿੱਤਾ ਜਾਵੇ। ਪਰ ਗੌਰ ਨਾਲ ਸੋਚੋ ਕਿ ਜਿਹੜੇ ਭਾਰਤ ਨੂੰ ਅਸੀਂ 'ਸੋਨੇ ਦੀ ਚਿੜੀ' ਕਹਿੰਦੇ ਰਹੇ ਹਾਂ ਜਾਂ ਜਿਸ ਦੀ ਉਸਤਤ ਅਸੀਂ 'ਹਮਾਰਾ ਭਾਰਤ ਬੜਾ ਮਹਾਨ, ਇਸ ਕੀ ਖਾਤਰ ਦੇਂਗੇ ਜਾਨ' ਵਰਗੇ ਗੀਤ ਗਾਉਂਦੇ ਨਹੀਂ ਥੱਕਦੇ, ਕੀ ਇਸ ਦੀ ਅਗਵਾਈ ਕਰਨ ਵਾਲੇ ਸਾਨੂੰ ਤੜਫਾਉਣ ਦੀ ਕੋਈ ਕਸਰ ਜਾਣ ਦਿੰਦੇ ਨੇ, ਕੀ ਇਥੇ ਸਭ ਕੁਝ ਚੰਗਾ ਹੀ ਵਾਪਰਦੈ? ਜਿਹੜੇ ਪੰਜਾਬ ਦੀਆਂ ਤਾਰੀਫ਼ਾਂ ਦੇ ਪੁਲ ਅਸੀਂ ਆਪਣੇ ਗੀਤਾਂ ਜ਼ਰੀਏ ਬੰਨ੍ਹਦੇ ਹਾਂ, ਕੀ ਹਕੀਕਤ ਵਿਚ ਪੰਜਾਬ ਉਹੋ ਜਿਹਾ ਹੈ ਵੀ? ਗੀਤਾਂ ਜ਼ਰੀਏ ਪੰਜਾਬ ਦੇ ਅਤੀਤ ਦੀ ਗੱਲ ਵਰਤਮਾਨ ਵਿਚ ਜਿਸ ਢੰਗ ਨਾਲ ਪੇਸ਼ ਕੀਤੀ ਜਾਂਦੀ ਹੈ, ਉਸ ਨੂੰ ਜਦੋਂ ਰੋਜ਼ਾਨਾ ਦੀਆਂ ਖ਼ਬਰਾਂ ਨਾਲ ਮੇਲ ਕੇ ਦੇਖੀਦਾ ਹੈ ਤਾਂ ਸਿਰ ਸ਼ਰਮ ਨਾਲ ਨੀਵਾਂ ਹੋ ਜਾਂਦੈ।

ਪੰਜਾਬ ਦਾ ਇਕ ਵਰਗ ਪਿਛਲੇ ਥੋੜ੍ਹੇ ਸਮੇਂ ਤੋਂ ਸੱਚ ਪੇਸ਼ ਕਰਦਾ-ਕਰਦਾ ਲੋਕਾਈ ਨੂੰ ਭੜਕਾਉਣ ਦਾ ਯਤਨ ਕਰ ਰਿਹੈ ਤੇ ਦੂਜਾ ਵਰਗ ਉਨ੍ਹਾਂ ਨੂੰ ਅਣਸੁਣਿਆ ਕਰਕੇ ਹਾਲਾਤ ਉਸੇ ਢੰਗ ਨਾਲ ਪੇਸ਼ ਕਰ ਰਿਹੈ, ਜਿਹੋ ਜਿਹੇ ਇਨਸਾਨੀਅਤ ਨਾਤੇ ਕਰਨੇ ਚਾਹੀਦੇ ਨੇ। ਪਰ ਕੀ ਪੰਜਾਬ ਵਿਚ ਇਨਸਾਨੀਅਤ ਜਿਉਂਦੀ ਹੈ, ਕੀ ਪੰਜਾਂ ਦਰਿਆਵਾਂ ਦੀ ਇਸ ਧਰਤੀ ਨੂੰ ਹਾਲੇ ਵੀ ਸਾਫ਼ ਪਾਣੀਆਂ ਦਾ ਆਸ਼ੀਰਵਾਦ ਪ੍ਰਾਪਤ ਹੈ, ਕੀ ਹਾਲੇ ਵੀ ਇਥੇ ਜ਼ਮੀਰਾਂ ਜਿਉਂਦੀਆਂ ਨੇ, ਕੀ ਗੁਰੂਆਂ-ਪੀਰਾਂ ਦੀਆਂ ਸਿੱਖਿਆਵਾਂ 'ਤੇ ਅਸੀਂ ਅਮਲ ਕਰਦੇ ਹਾਂ? ਕੀ ਆਪਣੀ ਰੋਟੀ 'ਚੋਂ ਅੱਧੀ ਕਿਸੇ ਭੁੱਖੇ ਨੂੰ ਢਿੱਡ ਭਰਨ ਲਈ ਦਿੰਦੇ ਹਾਂ?

ਨਹੀਂ, ਅਸੀਂ ਕੁਝ ਵੀ ਨਹੀਂ ਕਰਦੇ। ਸਾਡੇ ਗੀਤ ਪੰਜਾਬ ਪ੍ਰਤੀ ਉਲਾਰਵਾਦੀ ਹਨ, ਅਸੀਂ ਪਾਣੀ ਰੂਪੀ ਅੰਮ੍ਰਿਤ ਦੀ ਗੱਲ ਕਰਦੇ ਹਾਂ ਪਰ ਹਕੀਕਤ ਵਿਚ ਪੰਜਾਬ ਵਿਚ ਸ਼ਰਾਬ ਦੇ ਦਰਿਆ ਵਗਦੇ ਨੇ, ਗੀਤਾਂ ਵਿਚ ਗੱਭਰੂਆਂ ਦੀ ਨਿਡਰਤਾ ਅਤੇ ਤਕੜੇ ਜੁੱਸਿਆਂ ਦੀ ਗੱਲ ਹੁੰਦੀ ਹੈ ਪਰ ਅਸਲ 'ਚ ਉਹ ਨਸ਼ਿਆਂ ਤੇ ਬੇਰੁਜ਼ਗਾਰੀ ਦੇ ਫ਼ਿਕਰਾਂ ਕਾਰਨ ਤੀਲਿਆਂ ਵਰਗੇ ਹੋਏ ਪਏ ਨੇ, ਜਿਹੜੇ ਮੇਲਿਆਂ ਦੀ ਗੱਲ ਅਸੀਂ ਕਰਦੇ ਹਾਂ, ਉਨ੍ਹਾਂ ਮੇਲਿਆਂ ਪ੍ਰਤੀ ਪਹਿਲਾਂ ਵਰਗਾ ਜੋਸ਼ ਕਿਸੇ ਦੇ ਮਨ 'ਚ ਹੈ?

ਇਕ ਵੇਲਾ ਸੀ ਜਦੋਂ ਸਾਡੇ ਗੀਤ ਹਕੀਕਤ ਨਾਲ ਮੇਲ ਖਾਂਦੇ ਸਨ ਪਰ ਅੱਜ ਗੀਤ ਪਹਿਲਾਂ ਵਾਲੀ ਥਾਂ ਖੜ੍ਹੇ ਨੇ ਤੇ ਜ਼ਮਾਨਾ ਬਦਲ ਗਿਐ। ਸਰਬਜੀਤ ਚੀਮੇ ਨੇ ਕਿਸੇ ਵੇਲੇ ਖ਼ੂਬ ਗਾਇਆ ਸੀ:

ਰੰਗਲੇ ਪੰਜਾਬ ਦੀ ਸਿਫਤ ਸੁਣਾਵਾਂ,
ਜਿਸ ਦੀਆਂ ਰੱਬ ਵਰਗੀਆਂ ਮਾਵਾਂ
ਧਰਤੀ ਪੰਜ ਦਰਿਆ ਦੀ ਰਾਣੀ,
ਜਿਸਦਾ ਸ਼ਰਬਤ ਵਰਗਾ ਪਾਣੀ।

ਬੱਚੇ-ਬੱਚੇ ਦੀ ਜ਼ੁਬਾਨ 'ਤੇ ਇਸ ਗੀਤ ਦੀਆਂ ਸਤਰਾਂ ਅੱਜ ਵੀ ਚੜ੍ਹੀਆਂ ਹੋਈਆਂ ਨੇ। ਜਿਉਂ-ਜਿਉਂ ਵਕਤ ਲੰਘੇਗਾ, ਇਹ ਗੀਤ ਇਸ ਕਰਕੇ ਝੰਜੋੜੇਗਾ ਕਿ ਸਾਡੀ ਵਿਰਾਸਤ ਕਿੰਨੀ ਅਮੀਰ ਰਹੀ ਏ। ਚੀਮੇ ਦੀ ਸੋਚ ਨੂੰ ਸਲਾਮ ਕਰਨ ਨੂੰ ਮਨ ਕਰੇਗਾ ਕਿ ਉਸ ਨੇ ਇਹੋ ਜਿਹੇ ਰੰਗਲੇ ਪੰਜਾਬ ਦੀ ਕਾਮਨਾ ਕੀਤੀ, ਪਰ ਦੁੱਖ ਹੋਵੇਗਾ ਕਿ ਰੰਗਲਾ ਪੰਜਾਬ 'ਗੰਧਲਾ ਪੰਜਾਬ' ਬਣ ਚੁੱਕੈ।

ਮਰ ਚੁੱਕੀ ਇਨਸਾਨੀਅਤ ਦੇ ਇਸ ਦੌਰ 'ਚ ਇਸ ਦੀ ਵਿਆਖਿਆ ਕਰਕੇ ਦੇਖੋ। ਰੰਗਲੇ ਪੰਜਾਬ ਦੀ ਸਿਫਤ ਸੁਣਾਉਣ ਲੱਗਿਆਂ ਹਰ ਰੋਜ਼ ਅਖ਼ਬਾਰਾਂ, ਚੈਨਲਾਂ 'ਤੇ ਆਉਂਦੀਆਂ ਲੁੱਟਾਂ-ਖੋਹਾਂ, ਕਤਲੋਗਾਰਤ, ਧਾਰਮਿਕ ਪੁਆੜਿਆਂ ਦੀਆਂ ਖ਼ਬਰਾਂ ਮਨ ਵਲੂੰਧਰ ਦਿੰਦੀਆਂ ਨੇ। ਜਿਹੜੀਆਂ ਮਾਂਵਾਂ ਦੀ ਸਾਨੂੰ ਕਦਰ ਕਰਨੀ ਚਾਹੀਦੀ ਸੀ, ਅੱਜ ਉਹ ਬੁਢਾਪਾ-ਆਸ਼ਰਮਾਂ ਵਿਚ ਧੀਆਂ-ਪੁੱਤਾਂ ਦੀ ਪਥਰੀਲੀ ਸੋਚ 'ਤੇ ਹੰਝੂ ਵਹਾਉਂਦੀਆਂ ਨੇ, ਜਿਹੜੇ ਪੰਜਾਂ ਦਰਿਆਵਾਂ ਦੀ ਗੱਲ ਅਸੀਂ ਕਰਦੇ ਨਹੀਂ ਸਾਂ ਥੱਕਦੇ, ਅੱਜ ਉਥੋਂ ਪਾਣੀ ਭਾਲਿਆਂ ਵੀ ਨਹੀਂ ਲੱਭਦਾ ਤੇ ਜੋ ਮਿਲਦਾ ਹੈ ਤਾਂ ਗੰਧਲਾ। ਪੰਦਰਾਂ ਰੁਪਈਆਂ ਦੀ ਲੀਟਰ ਵਾਲੀ ਬੋਤਲ ਮਿਲਦੀ ਹੈ ਤੇ ਜਿਹੜੇ ਪਾਣੀ ਨੂੰ ਅਸੀਂ ਸ਼ਰਬਤ ਦਾ ਦਰਜਾ ਦਿੰਦੇ ਰਹੇ ਹਾਂ, ਅੱਜ ਉਸ ਦੀ ਤੁਲਨਾ ਜ਼ਹਿਰ ਨਾਲ ਕੀਤੀ ਜਾਂਦੀ ਏ। ਮਾਲਵੇ ਦੀਆਂ ਜ਼ਿੰਦਗੀਆਂ ਤਾਂ ਪੂਰੀ ਤਰ੍ਹਾਂ ਪਾਣੀ ਦੀ ਭੇਟ ਚੜ੍ਹ ਚੁੱਕੀਆਂ ਨੇ।



ਖੁਸ਼ੀ ਹੁੰਦੀ ਹੈ ਜਦੋਂ ਗਾਇਕ ਚੰਗੇ ਸਮਾਜ ਦੀ ਕਾਮਨਾ ਕਰਦੇ ਨੇ ਪਰ ਦੁੱਖ ਹੁੰਦੈ ਜਦੋਂ ਉਹ ਬਿਨਾਂ ਸੋਚੇ ਸਮਝੇ ਝੂਠ ਨੂੰ ਸੱਚ ਤੇ ਸੱਚ ਨੂੰ ਝੂਠ ਬਣਾਉਂਦੇ ਨੇ। ਉਨ੍ਹਾਂ ਦਾ ਹਾਲ ਵੀ ਪੰਜਾਬ ਦੇ ਪਾਣੀਆਂ ਵਾਂਗ 'ਗੰਧਲਾ' ਹੋ ਜਾਂਦੈ, ਨਾ ਪਤਾ ਲੱਗਦੈ ਕਿ ਉਹ ਮਾੜਾ ਸੁਣਨ ਵਾਲਿਆਂ ਦੀ ਪਾਲ 'ਚ ਖੜ੍ਹੇ ਨੇ ਤੇ ਨਾ ਪਤਾ ਲੱਗਦੈ ਉਹ ਚੰਗਿਆਂ ਦੇ।

ਪੰਜਾਬ ਦੇ ਸੈਂਕੜੇ ਗਵੱਈਏ ਅੱਜ ਵੀ ਜੱਟ ਨੂੰ ਹਕੀਕਤ ਤੋਂ ਪਰ੍ਹੇ ਰੱਖ ਊਲ-ਜਲੂਲ ਢੰਗ ਨਾਲ ਪੇਸ਼ ਕਰ ਰਹੇ ਨੇ। ਉਹ ਸਭ ਜਾਣਦੇ ਨੇ ਕਿ ਅੱਜ ਦਾ ਜੱਟ ਕਿਸਾਨ ਤਬਾਹੀ ਕੰਢੇ ਪਹੁੰਚ ਚੁੱਕੈ, ਪਰ ਗੀਤ ਤਾਂ ਗੀਤ ਨੇ। ਗੀਤ ਗਾਉਣ ਵਾਲਿਆਂ ਦਾ ਅਕਲ ਨਾਲ ਕੀ ਤਾਅਲੁਕ? ਕੁਝ ਸਮਾਂ ਪਹਿਲਾਂ ਚੈਨਲਾਂ 'ਤੇ ਗੀਤ ਚੱਲਦਾ ਸੀ;

ਜੱਟ ਰੋਜ਼ ਸਿਰਹਾਣੇ ਰੱਖ
ਸੌਂਦੇ ਨੰਗੀਆਂ ਤਲਵਾਰਾਂ,
ਜੇ ਵੈਰੀ ਆਣ ਖਲੋਵੇ
ਤਾਂ ਸੀਨੇ ਗੋਲੀ ਮਾਰਾਂ।

ਇਹ ਜੱਟਾਂ ਦੀ ਸਿਫਤ ਸੀ ਜਾਂ ਬਦਨਾਮੀ? ਪੰਜਾਬ ਦਾ ਕਿਹੜਾ ਜੱਟ ਹੈ, ਜਿਹੜਾ ਰਾਤ ਨੂੰ ਤਲਵਾਰ ਮਿਆਨ 'ਚੋਂ ਕੱਢ ਸਿਰਹਾਣੇ ਰੱਖ ਸੌਂਦੈ ਤੇ ਬੰਦੇ ਨੂੰ ਇੰਜ ਵੱਢਦੈ, ਜਿਵੇਂ ਤੁੜਕਾ ਲਾਉਣ ਵੇਲੇ ਗੰਢਾ ਚੀਰੀਦੈ? ਪਰ ਦਲੇਰ ਮਹਿੰਦੀ ਦਾ ਭਰਾ ਹੋਣ ਕਰਕੇ ਇਸ ਗਾਇਕ ਦਾ ਹਕੀਕਤ ਨਾਲ ਕੀ ਸਬੰਧ?

ਅਜਿਹੇ ਬੜੇ ਕਲਾਵਾਨ ਨੇ ਜੋ ਆਖਦੇ ਨੇ ਕਿ ਜੇ ਗੀਤਾਂ ਵਿਚ ਸਮਾਜ ਦੀ ਅਸਲ ਹਕੀਕਤ ਪੇਸ਼ ਕੀਤਾ ਜਾਵੇ ਤਾਂ ਸੁਣਨ ਵਾਲਿਆਂ ਨੂੰ ਗੀਤਾਂ ਜਾਂ ਵਤਨ ਦੀ ਮਿੱਟੀ ਨਾਲ ਮੋਹ ਹੋਣ ਦੀ ਥਾਂ ਨਫ਼ਰਤ ਹੋ ਜਾਵੇਗੀ। ਜੇ ਪੰਜਾਬ ਵਿਚ ਹੁੰਦੀ ਭਰੂਣ ਹੱਤਿਆ, ਜੁਰਮਾਂ ਦੀ ਇੰਤਹਾ ਅਤੇ ਪਲੀਤ ਹੁੰਦੇ ਇਨਸਾਨੀ ਰਿਸ਼ਤਿਆਂ ਦੀ ਗੱਲ ਕੀਤੀ ਜਾਵੇ ਤਾਂ ਸੁਣਨ ਵਾਲੇ ਕਹਿਣਗੇ ਇਹ ਸਭ ਤਾਂ ਅਸੀਂ ਖ਼ਬਰਾਂ ਵਿਚ ਵੀ ਸੁਣ ਲੈਂਦੇ ਹਾਂ।

ਗੀਤ ਪੇਸ਼ ਕਰਨ ਦਾ ਨਜ਼ਰੀਆ ਵੱਖਰਾ ਹੁੰਦਾ ਹੈ, ਪਰ ਸੱਚਾਈ ਵੱਖਰੀ। ਬਲਬੀਰ ਚੋਟੀਆਂ ਨੇ ਬੜੀ ਦੇਰ ਪਹਿਲਾਂ ਇਕ ਗੀਤ ਗਾਇਆ ਸੀ ਜੋ ਜਿੰਨੀ ਵਾਰ ਸੁਣੀਦੈ, ਓਨੀ ਵਾਰ ਹੋਰ ਸੋਚਣ ਲਈ ਮਜਬੂਰ ਕਰਦੈ। ਦੁੱਖ ਦੀ ਗੱਲ ਹੈ ਕਿ ਦਮ ਤੋੜਦੇ ਰਿਸ਼ਤਿਆਂ ਵਾਲੇ ਯੁੱਗ ਵਿਚ ਇਸ ਗੀਤ ਨੂੰ ਵਡਿਆਉਣ ਤੋਂ ਪਹਿਲਾਂ ਸੌ ਸਵਾਲ ਘੇਰਾ ਘੱਤ ਲੈਂਦੇ ਨੇ। ਉਹਨੇ ਗਾਇਆ ਸੀ;

ਇਕ ਮਾਂ, ਬੋਹੜ ਦੀ ਛਾਂ ਤੇ ਰੱਬ ਦਾ ਨਾਂ,
ਪਿਆਰੇ ਇੱਕੋ ਜਿਹੇ।

ਪਰ ਅੱਜ ਸੱਚਾਈ ਹੋਰ ਹੀ ਹੈ। ਪਿਛਲੇ ਦਿਨੀਂ ਖ਼ਬਰਾਂ ਛਪੀਆਂ ਸਨ ਕਿ ਫਗਵਾੜੇ ਵਲ ਇੱਕੀ ਸਾਲ ਦੇ ਮੁੰਡੇ ਨੇ ਸੱਤਰ ਸਾਲ ਦੀ ਮਾਤਾ ਨਾਲ ਜਬਰ ਜਿਨਾਹ ਕੀਤਾ, ਜ਼ਮੀਨ ਦੇ ਲਾਲਚ 'ਚ ਪੁੱਤ ਨੇ ਮਾਂ ਮਾਰ ਦਿੱਤੀ ਤੇ ਏਸੇ ਤਰ੍ਹਾਂ ਦੀ ਇਕ ਖ਼ਬਰ ਮਾਂ ਨੂੰ ਘਰੋਂ ਕੱਢਣ ਬਾਰੇ ਸੀ। ਬੋਹੜ ਦੀ ਛਾਂ ਦੀ ਗੱਲ ਕਰਦਿਆਂ ਵਾਤਾਵਰਣ 'ਚ ਆ ਰਹੇ ਵਿਗਾੜ ਸਾਹਮਣੇ ਆ ਖਲੋਂਦੇ ਨੇ। ਭਲਾ ਕਿੰਨੇ ਕੁ ਬੋਹੜ ਰਹਿ ਗਏ ਨੇ ਤੇ ਕਿੰਨਿਆਂ ਨੂੰ ਇਸ ਗੱਲ ਦੀ ਸੂਝ ਹੈ ਕਿ ਪਿਓਆਂ ਵਰਗੇ ਬੋਹੜਾਂ ਨੂੰ ਵੱਢਣਾ ਨਹੀਂ, ਸੰਭਾਲਣਾ ਚਾਹੀਦਾ ਹੈ। ਰਹੀ ਗੱਲ ਰੱਬ ਦੇ ਨਾਂ ਦੀ, ਜਦੋਂ ਤੋਂ ਰੱਬ ਦਾ ਨਾਂ ਮਨੁੱਖ ਲਈ ਮੁਨਾਫ਼ੇ ਦਾ ਸੌਦਾ ਬਣਿਐ ਉਦੋਂ ਤੋਂ ਥਾਂ-ਥਾਂ ਜਿਹੜੇ ਦੰਗੇ ਹੋਣੇ ਸ਼ੁਰੂ ਹੋਏ ਨੇ, ਉਨ੍ਹਾਂ ਬਾਰੇ ਸਭ ਜਾਣਦੇ ਨੇ। ਕੋਈ ਮਹੀਨਾ ਅਜਿਹਾ ਨਹੀਂ ਲੰਘਦਾ ਜਦੋਂ ਰੱਬ ਨੂੰ ਹਿੱਸਿਆਂ 'ਚ ਵੰਡਣ ਵਾਲੇ ਧਰਮ ਦੀ ਰਾਖੀ ਲਈ ਤਲਵਾਰਾਂ ਨਹੀਂ ਚੁੱਕਦੇ।

ਅਸੀਂ ਨਵੇਂ ਦੌਰ 'ਚ ਵੱਡੇ-ਵੱਡੇ ਪੁਲਾਂ ਦਾ ਨਿਰਮਾਣ ਕਰ ਰਹੇ ਹਾਂ, ਪਰ ਸਾਡੇ ਕਿਰਦਾਰ ਦਿਨ-ਬ-ਦਿਨ ਛੋਟੇ ਹੁੰਦੇ ਜਾਂਦੇ ਨੇ, ਅਸੀਂ ਗੁਰਦੁਆਰਿਆਂ ਨੂੰ ਸੰਗਮਰਮਰ ਲਾ ਰਹੇ ਹਾਂ ਪਰ ਸਿੱਖੀ ਗੁੰਮ ਹੋ ਰਹੀ ਹੈ। ਗੀਤ-ਸੰਗੀਤ 'ਤੇ ਮਨੁੱਖ ਇਸ ਕਰਕੇ ਮਾਣ ਕਰਦਾ ਹੈ ਕਿ ਇਹ ਦਰਦ ਨਿਵਾਰਕ ਦਵਾਈਆਂ ਜਿੰਨਾ ਅਸਰ ਕਰਦੈ, ਪਰ ਜੇ ਇਹ ਅਤੀਤ ਦੀ ਅਮੀਰੀ ਪੇਸ਼ ਕਰਦਿਆਂ ਵਰਤਮਾਨ ਹਾਲਤਾਂ ਤੋਂ ਦੂਰ ਹੋਵੇਗਾ ਤਾਂ ਇਸ ਨੂੰ ਵੀ ਲੋਕਾਈ ਨੂੰ ਗੁੰਮਰਾਹ ਕਰਨ ਵਾਲੇ ਸਾਧਨ ਵਜੋਂ ਹੀ ਜਾਣਿਆ ਜਾਵੇਗਾ।

# ਪਾਇਰੇਸੀ ਕਰਕੇ ਆਖ਼ਰੀ ਸਾਹਾਂ 'ਤੇ ਹਨ ਮਿਊਜ਼ਿਕ ਕੰਪਨੀਆਂ

**ਜਰਨੈਲ ਘੁਮਾਣ***

ਪੰਜਾਬੀ ਗੀਤ-ਸੰਗੀਤ ਨੂੰ ਦੁਨੀਆਂ ਭਰ ਵਿਚ ਫੈਲਾਉਣ ਵਾਲੀਆਂ ਪੰਜਾਬ ਦੀਆਂ ਸੰਗੀਤ ਕੰਪਨੀਆਂ ਹੁਣ ਪਾਇਰੇਸੀ ਕਰਕੇ ਲੱਕਵਾਗ੍ਰਸਤ ਹੋ ਗਈਆਂ ਹਨ ਅਤੇ ਹੁਣ ਆਖਰੀ ਸਾਹ ਗਿਣ ਰਹੀਆਂ ਹਨ।


ਜਰਨੈਲ ਘੁਮਾਣ

ਇਨ੍ਹਾਂ ਦੀ ਇਹ ਦੁਰਗਤ ਨਕਲੀ ਸੀ.ਡੀ., ਵੀ.ਸੀ.ਡੀ., ਡੀ.ਵੀ.ਡੀ ਬਣਾਉਣ ਵਾਲਿਆਂ ਅਤੇ ਪੰਜਾਬੀ ਇੰਟਰਨੈਟ ਵੈਬਸਾਈਟਾਂ ਨੇ ਕੀਤੀ ਹੈ।

ਇੱਕ ਸਮਾਂ ਸੀ ਜਦੋਂ ਇਨ੍ਹਾਂ ਕੰਪਨੀਆਂ ਨੇ ਪੰਜਾਬ ਦੇ ਕਲਾਕਾਰਾਂ ਨੂੰ ਦਿੱਲੀ ਤੇ ਬੰਬਈ ਦੀਆਂ ਮਿਊਜ਼ਿਕ ਕੰਪਨੀਆਂ ਦੇ 'ਮਾਇਆਜਾਲ' ਵਿਚੋਂ ਛੁਡਾ ਕੇ ਉਨ੍ਹਾਂ ਦੇ ਆਪਣੇ ਹੀ ਘਰ ਯਾਨਿ ਪੰਜਾਬ ਵਿਚ ਚੰਗੇ ਚੰਗੇ ਪਲੇਟਫਾਰਮ ਬਣਾ ਦਿੱਤੇ ਸਨ। ਦਿੱਲੀ ਦੇ ਦਰਿਆਗੰਜ ਦੀਆਂ ਸੜਕਾਂ 'ਤੇ ਰੁਲਦੀਆਂ ਪੰਜਾਬੀ ਸੁਰੀਲੀਆਂ ਆਵਾਜ਼ਾਂ ਨੂੰ ਇੱਜ਼ਤ ਮਾਣ ਬਖ਼ਸ਼ ਕੇ ਇੱਕ ਰੁਤਬਾ ਪ੍ਰਦਾਨ ਕੀਤਾ ਸੀ। ਉਸ ਵੇਲੇ ਬਾਹਰਲੀਆਂ ਸੰਗੀਤ ਕੰਪਨੀਆਂ ਰਿਕਾਰਡ ਜਾਂ ਕੈਸੇਟ ਦੇ ਰੈਪਰ 'ਤੇ ਗਾਇਕ ਦੀ ਫੋਟੋ ਤੱਕ ਲਾਉਣ ਨੂੰ ਬੋਝ ਸਮਝਦੀਆਂ ਸਨ ਅਤੇ ਗਾਉਣ ਵਾਲੇ ਦਾ ਨਾਂ ਵੀ ਟੁੱਟੀ ਫੁੱਟੀ ਪੰਜਾਬੀ ਵਿਚ ਲਿਖਿਆ ਹੁੰਦਾ ਸੀ। ਪੰਜਾਬ ਵਾਲੀਆਂ ਸੰਗੀਤ ਕੰਪਨੀਆਂ ਨੇ ਆਪਣੇ ਮਹਿਬੂਬ ਕਲਾਕਾਰਾਂ ਦੀਆਂ ਐਲਬਮਾਂ ਰੰਗਦਾਰ ਫੋਟੋਆਂ ਅਤੇ ਵੱਡੇ ਪੋਸਟਰ ਛਪਵਾ ਕੇ ਪੂਰੀ ਤਿਆਰੀ ਨਾਲ ਸ਼ਿੰਗਾਰ ਸ਼ਿੰਗਾਰ ਕੇ ਰਲੀਜ਼ ਕੀਤੀਆਂ। ਪੋਸਟਰਾਂ, ਹੋਰਡਿੰਗ ਬੋਰਡਾਂ ਤੋਂ ਗੱਲ ਗਾਣਿਆਂ ਦੇ ਵੀਡੀਓ ਬਣਨ ਤੱਕ ਅੱਪੜੀ ਅਤੇ ਪੰਜਾਬੀ ਗਾਇਕ ਟੀ.ਵੀ. ਚੈਨਲਾਂ ਦਾ ਸ਼ਿੰਗਾਰ ਬਣੇ। ਪੰਜਾਬੀ ਗਾਇਕਾਂ ਨੂੰ ਬੇਮਿਸਾਲ ਸ਼ੋਹਰਤ ਮਿਲੀ। ਦਿੱਲੀ ਮੁਫ਼ਤ ਵਿਚ ਜਾਂ ਤੁਛ ਛਿੱਲੜਾਂ ਵਾਸਤੇ ਗਲਾ ਪੜਵਾਉਂਦੇ ਗਾਇਕਾਂ ਨੂੰ ਉਨ੍ਹਾਂ ਦੀ ਕਲਾ ਦਾ ਚੰਗਾ ਮਿਹਨਤਾਨਾ ਮਿਲਣ ਲੱਗਾ ਜੋ ਹਜ਼ਾਰਾਂ ਤੋਂ ਸ਼ੁਰੂ ਹੋ ਕੇ ਲੱਖਾਂ ਵਿਚ ਬਦਲ ਗਿਆ। ਨੱਬੇ ਦੇ ਦਹਾਕੇ ਵਿਚ ਇਸ ਪਾਸੇ ਖੂਬ ਤਰੱਕੀ ਹੋਈ। ਵਪਾਰ ਦੇ ਮੌਕੇ ਦਾ ਫਾਇਦਾ ਉਠਾਉਣ ਵਾਸਤੇ ਧੜਾਧੜ ਮਿਊਜ਼ਿਕ ਕੰਪਨੀਆਂ ਅਤੇ ਮਿਊਜ਼ਿਕ ਚੈਨਲ ਖੁੱਲ੍ਹ ਗਏ। ਮਿਊਜ਼ਿਕ ਚੈਨਲਾਂ ਵਾਲੇ ਪੰਜਾਬੀਆਂ ਤੋਂ ਲੱਖਾਂ-ਕਰੋੜਾਂ ਰੁਪਏ ਬਟੋਰ ਕੇ ਲੱਚਰਤਾ ਟੈਲੀਵਿਜ਼ਨਾਂ ਉਪਰ ਪਰੋਸਦੇ ਰਹੇ। ਪੰਜਾਬ ਅਤੇ ਬਾਹਰਲੀਆਂ ਸੰਗੀਤ ਕੰਪਨੀਆਂ ਵਿਚ ਕਲਾਕਾਰਾਂ ਨੂੰ ਰਿਕਾਰਡ ਕਰਨ ਵਾਸਤੇ ਰੱਸਾਕਸ਼ੀ ਵੀ ਚਲਦੀ ਰਹੀ ਜਿਸਦਾ ਸਿੱਧਾ ਫਾਇਦਾ ਕਲਾਕਾਰਾਂ ਨੂੰ ਹੋਇਆ। ਪੰਜਾਬ ਦੀਆਂ ਸੰਗੀਤ ਕੰਪਨੀਆਂ ਨਵੇਂ-ਨਵੇਂ ਕਲਾਕਾਰ ਲੋਕਾਂ ਦੇ ਸਨਮੁੱਖ ਪੇਸ਼ ਕਰਦੀਆਂ ਅਤੇ ਪੰਜਾਬੋਂ ਬਾਹਰ ਵਾਲੇ ਪੈਸੇ ਦੇ ਜ਼ੋਰ ਪੱਕੀ ਪਕਾਈ ਖੀਰ ਖਾਂਦੇ ਰਹੇ। ਬੇਸ਼ੱਕ ਇਹ ਲੁਕਣ ਮੀਟੀ ਕਈ ਵਰ੍ਹੇ ਚੱਲੀ, ਫਿਰ ਵੀ ਸਭ ਦੇ ਘਰ ਦਾ ਚੁੱਲ੍ਹਾ ਕੈਸੇਟਾਂ ਵੇਚ ਵੇਚ ਵਧੀਆ ਬਲਦਾ ਰਿਹਾ।

ਉਨ੍ਹਾਂ ਵੇਲਿਆਂ ਵਿਚ ਭਾਵੇਂ ਕੈਸੇਟਾਂ ਦੀ ਪਾਇਰੇਸੀ ਵੀ ਹੋਇਆ ਕਰਦੀ ਸੀ ਪਰੰਤੂ ਵੱਡੀ ਮਾਰ ਸੀ.ਡੀ. ਦੇ ਆਉਣ ਨਾਲ ਪੈਣ ਲੱਗੀ। ਪਾਇਰੇਸੀ ਨੇ ਕੰਪਨੀਆਂ ਦੇ ਮੁਨਾਫ਼ੇ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਜਿਸਦਾ ਨੁਕਸਾਨ ਕਲਾਕਾਰ ਅਤੇ ਕੰਪਨੀ ਦੋਹਾਂ ਨੂੰ ਹੋਇਆ। ਕਲਾਕਾਰਾਂ ਦੇ ਆਸਮਾਨ ਨੂੰ ਛੋਂਹਦੇ ਮਿਹਨਤਾਨੇ ਮੁੜ ਭੋਇੰ ਆਣ ਲੱਗੇ ਅਤੇ ਪੰਜਾਬ ਦੀਆਂ ਸੌ ਤੋਂ ਵੀ ਵੱਧ ਸੰਗੀਤ ਕੰਪਨੀਆਂ ਇੱਕ ਇੱਕ ਕਰਕੇ ਪਾਇਰੇਸੀ ਦੀ ਮਾਰ ਹੇਠ ਬੰਦ ਹੋਣ ਲੱਗੀਆਂ।

ਅੱਜ ਪੰਜਾਬ ਦੇ ਕਲਾਕਾਰ ਆਪਣੀਆਂ ਐਲਬਮ ਰਲੀਜ਼ ਕਰਵਾਉਣ ਲਈ ਮੁੜ ਦਿੱਲੀ ਜਾਂ ਬੰਬਈਆ ਸੰਗੀਤ ਕੰਪਨੀਆਂ ਦੇ 'ਵੇਟਿੰਗ ਹਾਲ' ਵਿਚ ਜਾ ਬੈਠਣ ਅਤੇ ਆਪਣੀ ਸ਼ੋਹਰਤ ਨੂੰ ਬਰਕਰਾਰ ਰੱਖਣ ਵਾਸਤੇ ਨਾਂ ਅਤੇ ਨਾਵਾਂ ਦੋਨੋਂ ਲੁਟਾਉਣ ਵਾਸਤੇ ਮਜਬੂਰ ਹਨ।

ਪੰਜਾਬੀ ਸਰੋਤਾ ਅੱਜ ਵੀ ਗੀਤ-ਸੰਗੀਤ ਸੁਣਦਾ ਹੈ ਲੇਕਿਨ ਉਸਨੂੰ ਮੁਫ਼ਤ ਜਾਂ ਬਹੁਤ ਘੱਟ ਪੈਸੇ ਖਰਚ ਕੇ ਭੁੱਸ ਪੂਰਾ ਕਰਨ ਦੇ ਰਾਸਤੇ ਲੱਭ ਗਏ ਹਨ। ਡੇਢ ਸੌ ਦੇ ਕਰੀਬ ਗਾਣਿਆਂ ਦੀ 'ਪਾਇਰੇਟਡ ਐਮ ਪੀ ਥਰੀ' ਉਸਨੂੰ ਪੰਦਰਾਂ ਰੁਪਏ ਵਿਚ ਮਿਲ ਜਾਂਦੀ ਹੈ। ਜਿਸਦੇ ਇੱਕ ਗਾਣੇ ਦੀ ਅੰਦਾਜ਼ਨ ਕੀਮਤ ਮੁਸ਼ਕਿਲ ਨਾਲ ਦਸ ਪੈਸੇ ਬੈਠਦੀ ਹੈ। ਦੂਜੇ ਪਾਸੇ ਕੰਪਨੀਆਂ ਅੱਠ ਜਾਂ ਦਸ ਗਾਣਿਆਂ ਦੀ ਸੀ.ਡੀ. ਪੰਜਾਹ ਤੋਂ ਪਚੱਤਰ ਰੁਪਏ ਵਿਚ ਵੇਚਦੀਆਂ ਹਨ ਕਿਉਂਕਿ ਉਨ੍ਹਾਂ ਨੇ ਰਿਕਾਰਡਿੰਗ, ਵੀਡੀਓ ਅਤੇ ਚੈਨਲ ਪਬਲੀਸਿਟੀ ਦੇ ਖਰਚੇ ਵੀ ਕੀਤੇ ਹੁੰਦੇ ਹਨ। ਕੰਪਨੀ ਦਾ ਇੱਕ ਗਾਣਾ ਸੁਣਨ ਵਾਲੇ ਨੂੰ ਲਗਭਗ ਅੱਠ ਦਸ ਰੁਪਏ ਵਿਚ ਪੈਂਦਾ ਹੈ। ਅੱਜ ਦੇ ਮਹਿੰਗਾਈ ਦੇ ਜ਼ਮਾਨੇ ਵਿਚ ਏਨਾ ਵੱਡਾ ਆਰਥਿਕ ਫ਼ਰਕ ਹਰੇਕ ਬੰਦੇ ਨੂੰ ਡੁਪਲੀਕੇਟ ਸੀ.ਡੀ. ਖਰੀਦਣ ਲਈ ਮਜਬੂਰ ਕਰ ਦਿੰਦਾ ਹੈ।

ਕੁਝ ਪੜ੍ਹੇ ਲਿਖੇ ਲੋਕ ਇਹ ਦਸ ਵੀਹ ਪੈਸੇ ਪ੍ਰਤੀ ਗਾਣਾ ਵੀ ਖਰਚਣ ਦੀ ਲੋੜ ਨਹੀਂ ਸਮਝਦੇ, ਉਨ੍ਹਾਂ ਨੂੰ ਇੰਟਰਨੈਟ 'ਤੇ ਪੀ. ਜੈਡ ਟੈਨ ਜਾਂ ਯੂ ਟਿਊਬ ਵਰਗੀਆਂ ਅਣਗਿਣਤ ਵੈਬਸਾਈਟਾਂ ਮੁਫ਼ਤ ਗਾਣੇ ਸੁਣਾਉਣ ਵਾਸਤੇ ਹਾਜ਼ਿਰ ਹਨ। ਰੱਬ ਜਾਣੇ ਇਹ ਵੈਬਸਾਈਟਾਂ ਚਲਾਉਣ ਵਾਲਿਆਂ ਨੂੰ ਕਲਾਕਾਰਾਂ ਅਤੇ ਕੰਪਨੀਆਂ ਦੇ ਪੇਟ ਵਿਚ ਲੱਤ ਮਾਰ ਕੇ ਕੀ ਮਿਲਦਾ ਹੈ ਜਿਹੜਾ ਇਹ ਐਲਬਮ ਰਲੀਜ਼ ਹੋਣ ਤੋਂ ਦੋ ਕੁ ਘੰਟਿਆਂ ਦੇ ਅੰਦਰ ਅੰਦਰ ਹੀ ਪੂਰੀ ਦੁਨੀਆਂ ਦੇ ਸਰੋਤਿਆਂ-ਦਰਸ਼ਕਾਂ ਵਾਸਤੇ 'ਮੁਫ਼ਤ ਸੰਗੀਤ ਭੰਡਾਰ' ਖੋਲ੍ਹ ਦਿੰਦੇ ਹਨ।

ਹੁਣ ਇਸ ਵੱਖ ਵੱਖ ਤਰ੍ਹਾਂ ਦੀ ਪਾਇਰੇਸੀ ਦੇ ਘਾਤਕ ਨਤੀਜੇ ਨਿਕਲਣੇ ਸ਼ੁਰੂ ਹੋ ਗਏ ਹਨ। ਪੰਜਾਬ ਅਤੇ ਬਾਹਰਲੀਆਂ ਕੰਪਨੀਆਂ ਨੇ ਪੰਜਾਬੀ ਕਲਾਕਾਰਾਂ ਦੀਆਂ ਐਲਬਮਾਂ ਰਿਕਾਰਡ ਜਾਂ ਰਲੀਜ਼ ਕਰਨੀਆਂ ਤਕਰੀਬਨ ਬੰਦ ਕਰ ਦਿੱਤੀਆਂ ਹਨ। ਜੇ ਇੱਕ ਅੱਧੀ ਐਲਬਮ ਨਜ਼ਰ ਆਉਂਦੀ ਵੀ ਹੈ ਤਾਂ ਉਹ ਸਿਰਫ਼ ਕਲਾਕਾਰ ਦੇ ਆਪਣੇ ਪੱਲਿਓ ਲੱਗੇ ਪੈਸੇ ਦਾ ਨਤੀਜਾ ਹੈ। ਮਿਊਜ਼ਿਕ ਸ਼ਾਪਾਂ ਵਾਲਿਆਂ ਨੇ ਮਜਬੂਰਨ ਆਪਣੇ ਧੰਦੇ ਬਦਲ ਲਏ ਹਨ।

ਕੀ ਸਾਡੇ ਵਧੀਆ ਵਧੀਆ ਕਲਾਕਾਰ ਗਾਉਣਾ ਛੱਡ ਬੈਠੇ ਹਨ?

ਨਹੀਂ! ਵਧੀਆਂ ਕਲਾਕਾਰ ਅੱਜ ਵੀ ਗਾਉਣਾ ਲੋਚਦੇ ਹਨ ਪਰੰਤੂ ਪਾਇਰੇਸੀ ਦੀ ਮਾਰ ਨਾਲ 'ਲੱਕਵਾਗ੍ਰਸਤ ਸੰਗੀਤ ਕੰਪਨੀਆਂ' ਆਪਣਾ ਘਰ ਫੂਕ ਹੋਰ ਤਮਾਸ਼ਾ ਵੇਖਣ ਤੋਂ ਅਸਮਰੱਥ ਹਨ। ਕੰਪਨੀਆਂ ਦੀ ਇਸ ਕਮਜ਼ੋਰੀ ਦਾ ਫਾਇਦਾ ਹੁਣ ਮਹਿੰਗੀਆਂ ਜ਼ਮੀਨਾਂ ਵੇਚ ਕੇ ਸ਼ੌਕ ਪੂਰਨ ਵਾਲੇ ਜਾਂ ਐਨ.ਆਰ.ਆਈ. ਮੋਟੇ ਪੈਸੇ ਵਾਲੇ 'ਬੇਸੁਰੇ, ਬੇਤਾਲੇ, ਬੇਢੰਗੇ ਜਿਹੇ ਕਲਾਕਾਰ' ਖੂਬ ਉਠਾ ਰਹੇ ਹਨ।

ਗੀਤਕਾਰੀ ਵਿਚ ਆਇਆ ਨਿਘਾਰ ਸਾਡੀ 'ਮਾਂ ਬੋਲੀ ਪੰਜਾਬੀ' ਨਾਲ ਸ਼ਰੇਆਮ ਧੱਕਾ ਹੈ। ਜੇ ਸਾਲ ਦੋ ਸਾਲ ਹੋਰ, ਇਹੋ ਹਾਲ ਰਿਹਾ ਤਾਂ ਪੰਜਾਬੀ ਗੀਤਾਂ ਅਤੇ ਭੋਜਪੁਰੀ ਗੀਤਾਂ ਵਿਚ ਬਹੁਤਾ ਫ਼ਰਕ ਨਹੀਂ ਰਹਿਣਾ। ਪੰਜਾਬੀ ਚੈਨਲਾਂ ਨੂੰ ਵੇਖਣ ਜਾਂ ਪੰਜਾਬੀ ਗੀਤਾਂ ਦੀਆਂ ਸੀ.ਡੀ. ਵਗੈਰਾ ਨੂੰ ਬੱਚਿਆਂ ਅਤੇ ਧੀਆਂ ਭੈਣਾਂ ਦੀ ਪਹੁੰਚ ਤੋਂ ਦੂਰ ਰੱਖਣਾ ਪਿਆ ਕਰੇਗਾ। ਹੁਣ ਸੱਚਮੁੱਚ ਹੀ ਪੰਜਾਬੀ ਗੀਤਾਂ ਅਤੇ ਪੰਜਾਬੀ ਵੀਡੀਓ 'ਤੇ ਤੁਰੰਤ ਸੈਂਸਰ ਲੱਗਣ ਵਰਗੀ ਲੋੜ ਮਹਿਸੂਸ ਹੋ ਰਹੀ ਹੈ।

'ਪਾਇਰੇਸੀ ਲੱਕਵਾਗ੍ਰਸਤ' ਪੰਜਾਬੀ ਸੰਗੀਤਕ ਕੰਪਨੀਆਂ ਅਤੇ ਪੰਜਾਬੀ ਗੀਤ ਸੰਗੀਤ ਨੂੰ ਦੁਰਗਤ ਤੋਂ ਹਾਲੇ ਵੀ ਬਚਾਇਆ ਜਾ ਸਕਦਾ ਹੈ ਬਸ਼ਰਤੇ ਕਿ ਪੰਜਾਬੀ ਸੰਗੀਤ ਨੂੰ ਪਿਆਰ ਕਰਨ ਵਾਲੀਆਂ ਸਭ ਧਿਰਾਂ ਅਤੇ ਪੰਜਾਬ ਸਰਕਾਰ ਸੁਹਿਰਦਤਾ ਨਾਲ ਕੋਈ ਠੋਸ ਉਪਰਾਲੇ ਕਰਨ।

*ਫੋਨ:91-98885-05577



ਗੁਰੂ ਮਾਨਿਓ ਗ੍ਰੰਥ ਵਿਸ਼ਾਲ ਚੇਤਨਾ ਸਮਾਗਮ
Sant Baba Ranjit Singh Ji
DHADRIAN WALE
2010
30 ਸਤੰਬਰ ਅਤੇ 1 ਅਕਤੂਬਰ 2010
ਰਾਜ ਕਰੇਗਾ ਖਾਲਸਾ
ਦੇਗ ਤੇਗ ਫਤਹਿ
ਬੇਕਰਸਫੀਲਡ (ਕੈਲੇਫੋਰਨੀਆ)
ਸੰਤ ਬਾਬਾ ਰਣਜੀਤ ਸਿੰਘ ਜੀ ਢੱਡਰੀਆਂ ਵਾਲੇ
ਗੁਰਮਤਿ ਦੇ ਪ੍ਰਚਾਰ ਵਾਸਤੇ
30 ਸਤੰਬਰ ਅਤੇ 1 ਅਕਤੂਬਰ 2010 ਨੂੰ
ਗੁਰਦੁਆਰਾ ਗੁਰੂ ਦਸਮੇਸ਼ ਦਰਬਾਰ ਸਾਹਿਬ
(7000 ਵਾਈਬਲ ਰੋਡ, ਬੇਕਰਸਫੀਲਡ ਕੈਲੇਫੋਰਨੀਆ 93313)
ਵਿਖੇ ਪਹੁੰਚ ਰਹੇ ਹਨ
ਧਾਰਮਿਕ ਸਮਾਗਮਾਂ ਦਾ ਵੇਰਵਾ ਇਸ ਪ੍ਰਕਾਰ ਹੈ :
ਰਹਿਰਾਸ ਸਾਹਿਬ .................................... ਸ਼ਾਮ 5:00 ਤੋਂ 5:30 ਵਜੇ ਤੱਕ
ਕੀਰਤਨ ਭਾਈ ਅਨੂਪ ਸਿੰਘ ਜੀ ....................... ਸ਼ਾਮ 5:30 ਤੋਂ 6:00 ਵਜੇ ਤੱਕ
ਕੀਰਤਨ ਭਾਈ ਸਰਬਜੀਤ ਸਿੰਘ ਜੀ ਦਾ ਰਾਗੀ ਜੱਥਾ ... ਸ਼ਾਮ 6:00 ਤੋਂ 6:30 ਵਜੇ ਤੱਕ
ਸੰਤ ਬਾਬਾ ਰਣਜੀਤ ਸਿੰਘ ਜੀ ਢੱਡਰੀਆਂ ਵਾਲੇ ......... ਸ਼ਾਮ 6:30 ਤੋਂ 8:30 ਵਜੇ ਤੱਕ
ਹੋਰ ਜਾਣਕਾਰੀ ਲਈ ਫੋਨ ਕਰੋ ਜੀ
ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ ਜੀ - (661) 444-6876
ਭਾਈ ਇਰਵਿਨਜੀਤ ਸਿੰਘ - (661) 301-1147
ਗੁਰੂ ਕੇ ਲੰਗਰ ਅਤੁੱਟ ਵਰਤਣਗੇ, ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਹੁੰਮ ਹੁਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ ।



ਵੀਣਾ ਮਲਿਕ

# ਬਿੱਗ ਬੌਸ 'ਚ ਨੀਤੂ ਤੇ ਵੀਨਾ ਦੀ ਜੰਗ

ਬਾਲੀਵੁੱਡ ਅਦਾਕਾਰਾ ਨੀਤੂ ਚੰਦਰਾ ਦੇ ਪਬਲੀਸਿਟੀ ਇੰਚਾਰਜ ਨੇ ਬੀਤੇ ਦਿਨੀਂ ਕਿਹਾ ਕਿ ਪਾਕਿਸਤਾਨੀ ਅਦਾਕਾਰਾ ਵੀਨਾ ਮਲਿਕ ਅਤੇ ਨੀਤੂ ਦੇ ਆਉਂਦੇ ਬਿੱਗ ਬੌਸ ਸ਼ੋਅ ਵਿਚ ਸਿੰਗ ਫਸਣਗੇ। ਯਾਦ ਰਹੇ ਕਿ ਇਨ੍ਹਾਂ ਸ਼ਰੀਕ ਮੁਲਕਾਂ ਦੀਆਂ ਇਹ ਦੋਵੇਂ ਅਦਾਕਾਰਾਵਾਂ ਪਿਛਲੇ ਦਿਨੀਂ ਮੀਡੀਆ ਵਿਚ ਮੈਚ ਫਿਕਸਿੰਗ ਦੇ ਮਾਮਲੇ 'ਤੇ ਝਗੜ ਕੇ ਹਟੀਆਂ ਹਨ। ਪਾਕਿ ਕ੍ਰਿਕਟ ਖਿਡਾਰੀ ਮੁਹੰਮਦ ਆਸਿਫ ਦੀ ਮੈਚ ਫਿਕਸਿੰਗ ਵਿਚ ਭੂਮਿਕਾ ਨੂੰ ਲੈ ਕੇ ਇਹ ਵਿਵਾਦ ਵਧਿਆ। ਮੁਹੰਮਦ ਆਸਿਫ ਦੀ ਸਾਬਕਾ ਗਰਲ ਫਰੈਂਡ ਵੀਨਾ ਮਲਿਕ ਨੇ ਮੀਡੀਆ ਕੋਲ ਆਖਿਆ ਸੀ ਕਿ ਨੀਤੂ ਚੰਦਰਾ ਨੂੰ ਆਸਿਫ ਦੀ ਮੈਚ ਫਿਕਸਿੰਗ ਵਿਚ ਸ਼ਾਮੂਲੀਅਤ ਬਾਰੇ ਪਹਿਲਾਂ ਹੀ ਪਤਾ ਸੀ ਜਦਕਿ ਨੀਤੂ ਚੰਦਰਾ ਨੇ ਵੀਨਾ ਦੇ ਬਿਆਨ ਨੂੰ ਰੱਦ ਕਰ ਦਿੱਤਾ ਸੀ। ਹੁਣ ਅਖਬਾਰੀ ਰਿਪੋਰਟਾਂ ਹਨ ਕਿ ਮਸ਼ਹੂਰ ਰਿਆਲਿਟੀ ਸ਼ੋਅ ਬਿੱਗ ਬੌਸ ਵਿਚ ਇਸ ਮੁੱਦੇ ਨੂੰ ਲੈ ਕੇ ਦੋਨੋਂ ਅਦਾਕਾਰਾਵਾਂ ਇਕ-ਦੂਜੇ ਦੇ ਆਹਮੋ-ਸਾਹਮਣੇ ਹੋਣਗੀਆਂ। ਕਿਹਾ ਜਾ ਰਿਹਾ ਹੈ ਕਿ ਸ਼ੋਅ ਵਿਚ ਸ਼ਮੂਲੀਅਤ ਦੀ ਸਫਲਤਾ-ਅਸਫਲਤਾ ਨੂੰ ਲੈ ਕੇ ਨੀਤੂ ਜੋਤਸ਼ੀਆਂ ਦੇ ਸੰਪਰਕਾਂ ਵਿਚ ਹੈ। ਇਸ ਗੱਲ ਦੀ ਪੁਸ਼ਟੀ ਹੋ ਚੁੱਕੀ ਹੈ ਕਿ ਵੀਨਾ ਮਲਿਕ ਬਿੱਗ ਬੌਸ ਵਿਚ ਹਿੱਸਾ ਲਵੇਗੀ। ਜੇ ਨੀਤੂ ਵੀ ਇਸ ਵਿਚ ਸ਼ਮੂਲੀਅਤ ਕਰਦੀ ਹੈ ਤਾਂ ਦੋਨਾਂ ਵਿਚਾਲੇ ਤਕੜੀ ਟੱਕਰ ਵੇਖਣ ਨੂੰ ਮਿਲ ਸਕਦੀ ਹੈ।

ਉਂਜ ਨੀਤੂ ਚੰਦਰਾ ਦੀ ਸ਼ੋਅ ਵਿਚ ਸ਼ਮੂਲੀਅਤ ਦੀ ਹਾਲੇ ਤੱਕ ਪੁਸ਼ਟੀ ਨਹੀਂ ਹੋਈ ਹੈ।


ਨੀਤੂ ਚੰਦਰਾ

# 'ਇਕ ਕੁੜੀ ਪੰਜਾਬ ਦੀ' ਵਿਚ ਘੁੱਗੀ ਦੀ ਗੰਭੀਰ ਭੂਮਿਕਾ

ਪੰਜਾਬੀ ਫ਼ਿਲਮ ਪ੍ਰੇਮੀਆਂ ਦੀ ਝੋਲੀ ਸੱਤ ਸਫਲ, ਪਰਿਵਾਰਕ ਤੇ ਮਿਆਰੀ ਫ਼ਿਲਮਾਂ ਪਾ ਚੁੱਕੇ ਨਿਰਮਾਤਾ-ਨਿਰਦੇਸ਼ਕ ਮਨਮੋਹਨ ਸਿੰਘ ਨਵੀਂ ਫ਼ਿਲਮ 'ਇਕ ਕੁੜੀ ਪੰਜਾਬ ਦੀ' 17 ਸਤੰਬਰ ਨੂੰ ਦਰਸ਼ਕਾਂ ਦੇ ਰੂਬਰੂ ਕਰ ਚੁੱਕੇ ਹਨ। ਚੰਡੀਗੜ੍ਹ ਵਿਖੇ ਫ਼ਿਲਮ ਦੇ ਸੰਗੀਤ ਅਰਪਣ ਸਮਾਰੋਹ ਮੌਕੇ ਮਨ ਜੀ ਨਾਲ ਹੋਈ ਮੁਲਾਕਾਤ ਦੇ ਕੁਝ ਅੰਸ਼ ਪਾਠਕਾਂ ਦੇ ਰੂਬਰੂ ਹਨ:

**? 'ਇਕ ਕੁੜੀ ਪੰਜਾਬ ਦੀ' ਫ਼ਿਲਮ ਬਾਰੇ ਚਰਚਾ ਹੈ ਕਿ ਇਹ ਫ਼ਿਲਮ ਲੀਕ ਤੋਂ ਹਟ ਕੇ ਬਣੀ ਹੈ। ਤੁਹਾਡੀ ਨਜ਼ਰ 'ਚ ਕਿਹੜੇ ਪੱਖ ਫ਼ਿਲਮ ਨੂੰ ਵਿਲੱਖਣਤਾ ਪ੍ਰਦਾਨ ਕਰਦੇ ਹਨ?**

-ਪਹਿਲੀ ਵਾਰ ਇਸ ਫ਼ਿਲਮ ਰਾਹੀਂ ਬੁਲੰਦੀਆਂ ਨੂੰ ਛੂਹ ਰਹੀ ਔਰਤ ਨੂੰ ਸਮਾਜਿਕ ਖੇਤਰ 'ਚ ਬਰਾਬਰੀ ਦੇ ਹੱਕ ਤੇ ਮੌਕੇ ਦੇਣ ਦੀ ਆਵਾਜ਼ ਬੁਲੰਦ ਕਰਦੀ ਵਿਖਾਇਆ ਗਿਆ ਹੈ। ਫ਼ਿਲਮ ਦੀ ਨਾਇਕਾ ਜਸਪਿੰਦਰ ਚੀਮਾ ਆਪਣੇ ਨਾਲ ਮਿਲਦੇ-ਜੁਲਦੇ ਵਿਚਾਰਾਂ ਵਾਲੇ ਨੌਜਵਾਨ ਅਮਰਿੰਦਰ ਗਿੱਲ (ਨਾਇਕ) ਨਾਲ ਮਿਲ ਕੇ ਲੜਕੀਆਂ ਨੂੰ ਢੁਕਵਾਂ ਸਤਿਕਾਰ ਤੇ ਰੁਤਬਾ ਦੇਣ ਦੀ ਆਵਾਜ਼ ਉਠਾਉਂਦੀ ਹੈ। ਇਹ ਫ਼ਿਲਮ ਜਿਥੇ ਲੜਕੀਆਂ ਨੂੰ ਬਰਾਬਰੀ ਦੇ ਹੱਕਾਂ ਲਈ ਜੂਝਣ ਦੀ ਪ੍ਰੇਰਨਾ ਦਿੰਦੀ ਹੈ, ਉਥੇ ਵੱਡਿਆਂ ਦੀ ਆਵਾਜ਼ ਦਾ ਸਤਿਕਾਰ ਕਰਨ ਤੇ ਸੰਸਕਾਰਾਂ ਨੂੰ ਕਾਇਮ ਰੱਖਣ ਦਾ ਵੀ ਹੋਕਾ ਦਿੰਦੀ ਹੈ।

**? ਤੁਸੀਂ ਆਪਣੀ ਹਰੇਕ ਫ਼ਿਲਮ 'ਚ ਅਦਾਕਾਰਾਂ ਦੀ ਚੋਣ 'ਚ ਕੋਈ ਨਾ ਕੋਈ**



**ਤਜ਼ਰਬਾ ਜ਼ਰੂਰ ਕਰਦੇ ਹੋ। ਇਸ ਫ਼ਿਲਮ 'ਚ ਵੀ ਇਹ ਪਰੰਪਰਾ ਜਾਰੀ ਰੱਖੀ ਹੈ?**

-ਮੈਂ ਹਮੇਸ਼ਾਂ ਹੀ ਨਾਮਵਰ ਅਦਾਕਾਰਾਂ ਦੇ ਨਾਲ-ਨਾਲ ਥੀਏਟਰ ਰਾਹੀਂ ਪਰਪੱਕ ਹੋ ਰਹੇ ਨਵੇਂ ਅਦਾਕਾਰਾਂ ਨੂੰ ਮੌਕਾ ਦਿੰਦਾ ਰਿਹਾ ਹਾਂ। ਇਸ ਫ਼ਿਲਮ 'ਚ ਜਿਥੇ ਚੋਟੀ ਦਾ ਗਾਇਕ ਤੇ ਅਦਾਕਾਰ ਅਮਰਿੰਦਰ ਗਿੱਲ ਪਹਿਲੀ ਵਾਰ ਨਾਇਕ ਵਜੋਂ ਵੱਡੇ ਪਰਦੇ 'ਤੇ ਆਇਆ ਹੈ, ਉਥੇ ਥੀਏਟਰ ਦੀ ਮੰਝੀ ਹੋਈ ਅਦਾਕਾਰਾ ਜਸਪਿੰਦਰ ਚੀਮਾ (ਮਿਸ ਪੰਜਾਬਣ ਪੀ. ਟੀ. ਸੀ. 2008) ਵੀ ਆਪਣੇ ਫ਼ਿਲਮੀ ਕੈਰੀਅਰ ਦਾ ਆਗਾਜ਼ ਇਸ ਫ਼ਿਲਮ ਦੀ ਨਾਇਕਾ ਵਜੋਂ ਕਰ ਰਹੀ ਹੈ। ਇਸ ਦੇ ਨਾਲ ਕਾਮੇਡੀਅਨ ਵਜੋਂ ਪ੍ਰਸਿੱਧ ਗੁਰਪ੍ਰੀਤ ਘੁੱਗੀ ਪਹਿਲੀ ਵਾਰ ਸੰਜੀਦਗੀ ਵਾਲੀ ਭੂਮਿਕਾ 'ਚ ਦਿਖਾਈ ਦੇਵੇਗਾ। ਇਸ ਦੇ ਉਲਟ ਹਮੇਸ਼ਾਂ ਹੀ ਧੜੱਲੇਦਾਰ ਵਿਅਕਤੀ ਦੀਆਂ ਭੂਮਿਕਾਵਾਂ ਨਿਭਾਉਣ ਵਾਲਾ ਗੁੱਗੂ ਗਿੱਲ ਇਸ ਫ਼ਿਲਮ 'ਚ ਇਕ ਮਜ਼ਾਕੀਆ ਤੇ ਰੁਮਾਂਟਿਕ ਪ੍ਰੋਫੈਸਰ ਦੀ ਭੂਮਿਕਾ ਨਿਭਾਅ ਰਿਹਾ ਹੈ। ਇਸ ਤੋਂ ਇਲਾਵਾ ਥੀਏਟਰ ਦੇ ਅਦਾਕਾਰ ਅਮਨ ਧਾਲੀਵਾਲ, ਰਾਣਾ ਰਣਬੀਰ, ਗਗਨ ਗਿੱਲ ਤੇ ਹਰਿੰਦਰ ਭੁੱਲਰ ਵੀ ਇਸ ਫ਼ਿਲਮ 'ਚ ਦਿਖਾਈ ਦੇਣਗੇ।

**? ਫ਼ਿਲਮ ਦੇ ਨਾਂ ਤੋਂ ਜਾਪਦਾ ਹੈ ਕਿ ਇਹ ਇਕ ਇਸਤਰੀ ਪ੍ਰਧਾਨ ਫ਼ਿਲਮ ਹੈ। ਇਸ ਵਿਚ ਕਿੰਨੀ ਕੁ ਸੱਚਾਈ ਹੈ?**

'ਇਸ ਫ਼ਿਲਮ ਦਾ ਨਾਂ ਵਿਸ਼ੇ ਨੂੰ ਆਧਾਰ ਬਣਾ ਕੇ ਰੱਖਿਆ ਗਿਆ ਹੈ ਨਾ ਕਿ ਕਿਸੇ ਦੀ ਭੂਮਿਕਾ ਨੂੰ। ਇਸ ਫ਼ਿਲਮ 'ਚ ਅਮਰਿੰਦਰ ਗਿੱਲ ਪੂਰੀ ਤਰ੍ਹਾਂ ਨਾਇਕ ਦੇ ਰੂਪ ਵਿਚ ਉਭਰੇਗਾ। ਜਿਥੇ ਗਿੱਲ ਲੜਕੀਆਂ ਨੂੰ ਹਰੇਕ ਖੇਤਰ 'ਚ ਉਤਸ਼ਾਹਤ ਕਰਦਾ ਜਾਂ ਹਮਾਇਤੀ ਦਿਖਾਈ ਦਿੰਦਾ ਹੈ, ਉਥੇ ਜਸਪਿੰਦਰ ਚੀਮਾ (ਨਾਇਕਾ) ਔਰਤਾਂ ਦੀ ਧੜੱਲੇਦਾਰ ਤੇ ਸਵੈ-ਵਿਸ਼ਵਾਸ ਵਾਲੀ ਪ੍ਰਤੀਨਿਧ ਦੇ ਰੂਪ ਵਿਚ ਦਿਖਾਈ ਦਿੰਦੀ ਹੈ। ਇਸ ਕਰਕੇ ਇਹ ਫ਼ਿਲਮ ਔਰਤ ਪ੍ਰਧਾਨ ਨਹੀਂ ਹੈ ਸਗੋਂ ਇਕ ਸਮਾਜਿਕ ਸਮੱਸਿਆ ਦੇ ਦੁਆਲੇ ਘੁੰਮਦੀ ਹੈ।

# ਸਦਾਬਹਾਰ ਕਾਮੇਡੀਅਨ ਮੇਹਰ ਮਿੱਤਲ



ਪੰਜਾਬੀ ਫ਼ਿਲਮ ਜਗਤ 'ਚ ਅਜਿਹੇ ਕਈ ਕਲਾਕਾਰ ਹਨ ਜੋ ਅੱਜ ਵੀ ਪੰਜਾਬੀ ਫ਼ਿਲਮ ਜਗਤ 'ਚ ਖ਼ੂਬ ਚਮਕ ਰਹੇ ਹਨ ਤੇ ਪੰਜਾਬੀ ਫ਼ਿਲਮਾਂ ਨਾਲ ਜੁੜੇ ਦਰਸ਼ਕ ਅੱਜ ਵੀ ਉਨ੍ਹਾਂ ਨੂੰ ਬਾਖ਼ੂਬੀ ਯਾਦ ਕਰਦੇ ਹਨ। ਇਨ੍ਹਾਂ ਵਿਚੋਂ ਇਕ ਨਾਂ ਕਾਮੇਡੀ ਕਿੰਗ ਮੰਨੇ ਜਾਣ ਵਾਲੇ 'ਮੇਹਰ ਮਿੱਤਲ' ਦਾ ਵੀ ਹੈ, ਜਿਸ ਨੂੰ ਅੱਜ ਵੀ ਲੋਕ ਦਿਲ-ਜਾਨ ਨਾਲ ਪਿਆਰ ਕਰਦੇ ਹਨ। ਅੱਜ ਵੀ ਜੇਕਰ ਕਿਸੇ ਸਮਾਰੋਹ 'ਚ ਮੇਹਰ ਮਿੱਤਲ ਆ ਜਾਂਦੇ ਹਨ ਤਾਂ ਲੋਕ ਉਨ੍ਹਾਂ ਦੀ ਇਕ ਝਲਕ ਪਾਉਣ ਨੂੰ ਬੇਤਾਬ ਰਹਿੰਦੇ ਹਨ। ਇਸ ਕਾਮੇਡੀ ਕਿੰਗ ਦਾ ਜਨਮ 1935 'ਚ ਹੋਇਆ ਸੀ ਤੇ ਉਨ੍ਹਾਂ ਨੇ ਵਕਾਲਤ ਕੀਤੇ ਹੋਣ ਦੇ ਬਾਵਜੂਦ 100 ਤੋਂ ਵੱਧ ਪੰਜਾਬੀ ਫ਼ਿਲਮਾਂ 'ਚ ਕੰਮ ਕੀਤਾ ਤੇ ਪਾਲੀਵੁੱਡ ਦੇ ਇਤਿਹਾਸ 'ਚ ਕਾਮੇਡੀ ਕਿੰਗ ਦੇ ਰੂਪ ਵਿਚ ਜਾਣੇ ਜਾਣ ਲੱਗ ਪਏ। ਇਥੇ ਇਹ ਗੱਲ ਜ਼ਿਕਰਯੋਗ ਹੈ ਕਿ ਮੇਹਰ ਮਿੱਤਲ ਵਰਗੀ ਅਦਾਕਾਰੀ ਅੱਜ ਤੱਕ ਨਾ ਕੋਈ ਕਰ ਸਕਿਆ ਹੈ ਤੇ ਨਾ ਹੀ ਕੋਈ ਕਰ ਸਕਦਾ ਹੈ। ਉਨ੍ਹਾਂ ਦਾ ਪ੍ਰਸਿਧ ਡਾਇਲਾਗ 'ਹੈਂ ਕੇ ਨਾ' ਅੱਜ ਵੀ ਨੌਜਵਾਨ ਪੀੜ੍ਹੀ ਦੀ ਜ਼ੁਬਾਨ 'ਤੇ ਰਹਿੰਦਾ ਹੈ। ਮੇਹਰ ਮਿੱਤਲ ਨੇ ਕਾਮੇਡੀ ਤੋਂ ਇਲਾਵਾ ਹਰ ਤਰ੍ਹਾਂ ਦੀ ਅਦਾਕਾਰੀ ਵੀ ਬਾਖ਼ੂਬੀ ਅਦਾ ਕੀਤੀ। ਮੇਹਰ ਮਿੱਤਲ ਨੇ 'ਕਹਿਰ', 'ਕੁਰਬਾਨੀ ਜੱਟ ਦੀ', 'ਲੌਂਗ ਦਾ ਲਿਸ਼ਕਾਰਾ', 'ਜੀਜਾ-ਸਾਲੀ', 'ਦੂਜਾ ਵਿਆਹ', 'ਮਾਮਲਾ ਗੜਬੜ ਹੈ', 'ਨਿੰਮੋ', 'ਰਾਂਝਣ ਮੇਰਾ ਯਾਰ', 'ਸੋਹਣੀ ਮਹੀਵਾਲ', 'ਬਾਬੁਲ ਦਾ ਵਿਹੜਾ', 'ਦੋ ਮਦਾਰੀ', 'ਲਾਜੋ', 'ਪਟਵਾਰੀ', 'ਅਣਖੀਲੀ ਮੁਟਿਆਰ', 'ਗੋਪੀ ਚੰਦ ਜਾਸੂਸ', 'ਸਰਪੰਚ', ਉਚਾ ਦਰ ਬਾਬੇ ਨਾਨਕ ਦਾ', 'ਬਲਬੀਰੋ ਭਾਬੀ', 'ਪੁੱਤ ਜੱਟਾਂ ਦੇ', 'ਵਲਾਇਤੀ ਬਾਬੂ', 'ਚੰਨ ਪ੍ਰਦੇਸੀ', 'ਫੌਜੀ ਚਾਚਾ', 'ਸਰਦਾਰਾ ਕਰਤਾਰਾ', 'ਜੱਟ ਪੰਜਾਬੀ', 'ਤਿਲ ਤਿਲ ਦਾ ਲੇਖਾ', 'ਜਿੰਦੜੀ ਯਾਰ ਦੀ', 'ਸ਼ਹੀਦ ਕਰਤਾਰ ਸਿੰਘ ਸਰਾਭਾ', 'ਦਾਜ', 'ਗਿੱਧਾ', 'ਲੰਬੜਦਾਰਨੀ', 'ਮੈਂ ਪਾਪੀ ਤੂੰ ਬਖਸ਼ਣਹਾਰ', 'ਸੰਤੋ-ਬੰਤੋ', 'ਸਵਾ ਲਾਖ ਸੇ ਏਕ ਲੜਾਊਂ', 'ਟਾਕਰਾ', 'ਯਮਲਾ ਜੱਟ' ਸਮੇਤ ਕਈ ਫ਼ਿਲਮਾਂ 'ਚ ਕਾਮੇਡੀ ਦੀਆਂ ਅਤੇ ਹੋਰ ਦਮਦਾਰ ਭੂਮਿਕਾਵਾਂ ਅਦਾ ਕੀਤੀਆਂ। ਇਹੋ ਨਹੀਂ, ਅੱਜ ਦੇ ਕਾਮੇਡੀ ਕਲਾਕਾਰ ਵੀ ਮੇਹਰ ਮਿੱਤਲ ਦੇ ਪ੍ਰਭਾਵ 'ਚ ਹਨ ਤੇ ਕਈ ਵਾਰ ਉਸ ਦੀ ਨਕਲ ਕਰਨ ਤੋਂ ਜ਼ਰਾ ਵੀ ਗੁਰੇਜ਼ ਨਹੀਂ ਕਰਦੇ। ਜਦੋਂ ਮੇਹਰ ਮਿੱਤਲ ਤੋਂ ਇਸ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਆਪਣੇ ਅੰਦਾਜ਼ 'ਚ ਕਿਹਾ ਕਿ ਇਸੇ ਬਹਾਨੇ ਲੋਕਾਂ ਦੇ ਦਿਲਾਂ 'ਚ ਉਨ੍ਹਾਂ ਦੀ ਯਾਦ ਬਣੀ ਰਹਿੰਦੀ ਹੈ। ਹੁਣ ਭਾਵੇਂ ਉਹ ਫ਼ਿਲਮਾਂ ਨਹੀਂ ਕਰ ਰਹੇ ਪਰ ਉਨ੍ਹਾਂ ਦੇ ਪ੍ਰਸ਼ੰਸਕ ਅੱਜ ਵੀ ਉਨ੍ਹਾਂ ਨੂੰ ਬੜਾ ਪਿਆਰ ਕਰਦੇ ਹਨ। **-ਚੰਦੀਪ ਭੱਲਾ**

# ਬੁੱਢੀ ਹੋਣੋਂ ਡਰਦੀ ਪ੍ਰਿਅੰਕਾ



ਜਨਮ ਦਿਨ 'ਤੇ ਪ੍ਰਿਅੰਕਾ ਚੋਪੜਾ ਨੂੰ ਜੇ ਤੁਸੀਂ ਵਧਾਈ ਦਿੰਦੇ ਹੋ ਤਾਂ ਸਮਝੋ ਉਸ ਨੂੰ ਖ਼ੁਸ਼ ਨਹੀਂ, ਦੁਖੀ ਕਰ ਰਹੇ ਹੋ ਕਿਉਂਕਿ ਪ੍ਰਿਅੰਕਾ ਦਾ ਕਹਿਣਾ ਹੈ ਕਿ ਉਸ ਨੂੰ ਉਸ ਦੀ ਉਮਰ ਯਾਦ ਦਿਵਾਉਣ ਦਾ ਮਤਲਬ ਹੈ ਇਹ ਅਹਿਸਾਸ ਕਿ ਉਹ ਇਕ ਸਾਲ ਹੋਰ ਬੁੱਢੀ ਹੋ ਗਈ ਹੈ। ਪ੍ਰਿਅੰਕਾ ਨਾਲ ਹੀ ਕਹਿ ਦਿੰਦੀ ਹੈ ਕਿ ਇਕ ਕੁੜੀ ਹੋਣ ਦੇ ਨਾਤੇ ਇਹ ਉਸ ਦਾ ਮੁੱਢਲਾ ਅਧਿਕਾਰ ਹੈ ਕਿ ਕੋਈ ਉਸ ਨੂੰ ਉਸ ਦੀ ਉਮਰ ਨਾ ਪੁੱਛੇ।

ਵਿਸ਼ਾਲ ਭਾਰਦਵਾਜ ਦੀ ਫਿਲਮ 'ਸਾਤ ਖ਼ੂਨ ਮਾਫ' ਉਸਦੇ ਕੈਰੀਅਰ ਦੀ ਇਕ ਹੋਰ ਅਹਿਮ ਫ਼ਿਲਮ ਹੈ ਤੇ ਇਸ ਲਈ ਉਸ ਨੇ ਸਖ਼ਤ ਮਿਹਨਤ ਕੀਤੀ ਹੈ। ਫ਼ਿਲਮ 'ਫ਼ੈਸ਼ਨ' ਨੇ ਪ੍ਰਿਅੰਕਾ ਨੂੰ ਰਾਸ਼ਟਰੀ ਐਵਾਰਡ ਦਿਵਾਇਆ ਸੀ, 'ਕਮੀਨੇ' ਹਿੱਟ ਰਹੀ ਸੀ ਤੇ ਹੁਣ ਉਸ ਦਾ ਮੰਨਣਾ ਹੈ ਕਿ 'ਸਾਤ ਖ਼ੂਨ ਮਾਫ' ਉਸ ਲਈ ਦੋਵੇਂ ਹੱਥੀਂ ਲੱਡੂ ਸਾਬਤ ਹੋਵੇਗੀ ਤੇ ਇਹ ਫ਼ਿਲਮ ਉਸ ਨੂੰ ਸਿਫਤ ਤੇ ਐਵਾਰਡ ਦੋਵੇਂ ਦਿਵਾਏਗੀ। ਵੈਸੇ ਦੋ ਸਾਲ ਬਾਅਦ ਤੀਹ ਵਰ੍ਹਿਆਂ ਨੂੰ ਢੁੱਕਣ ਵਾਲੀ ਪ੍ਰਿਅੰਕਾ ਕਹਿੰਦੀ ਹੈ ਕਿ ਇਕ ਸਾਲ 'ਚ 500 ਦਿਨ ਹੋਣ ਤਾਂ ਕਿ ਉਹ ਚਾਰ ਫ਼ਿਲਮਾਂ ਕਰ ਸਕੇ। ਪ੍ਰਿਅੰਕਾ ਕੋਲ ਤਾਂ ਫ਼ਿਲਮਾਂ ਦੀਆਂ ਲਾਈਨਾਂ ਲੱਗੀਆਂ ਰਹਿੰਦੀਆਂ ਹਨ। ਉਹ ਅਜਿਹੀ ਲੜਕੀ ਨਹੀਂ, ਜਿਸ ਨੂੰ ਪਿਆਰ ਦੀ ਭਾਲ ਰਹਿੰਦੀ ਹੈ। ਇਕ ਮਹੀਨਾ ਵੀ ਸੁਸਤ ਹੋ ਕੇ ਬੈਠਣਾ ਉਸ ਨੂੰ ਪਸੰਦ ਨਹੀਂ।

ਛੁੱਟੀਆਂ ਉਸ ਲਈ ਬੋਝ ਹੁੰਦੀਆਂ ਹਨ। ਮਧੁਰ ਭੰਡਾਰਕਰ ਦੀ ਨਵੀਂ ਫ਼ਿਲਮ ਚਾਹੇ ਉਹ ਨਹੀਂ ਕਰ ਰਹੀ ਪਰ ਇਹ ਨਹੀਂ ਕਿ ਮਧੁਰ ਨਾਲ ਉਸ ਦੀ ਅਣਬਣ ਹੋ ਗਈ ਹੈ। ਇਸ ਸਮੇਂ ਪ੍ਰਿਅੰਕਾ ਦੀ ਪਹਿਲ ਉਸ ਦਾ ਫ਼ਿਲਮੀ ਜੀਵਨ ਹੈ ਤੇ ਵਿਆਹ ਸੰਬੰਧੀ ਤਾਂ ਫਿਲਹਾਲ ਕੋਈ ਸੋਚ ਹੀ ਨਹੀਂ ਹੈ।

# ਹੌਂਸਲੇ ਵਾਲੀ ਕੁੜੀ ਈਸ਼ਾ ਦਿਓਲ



ਭਾਵੇਂ ਅਕਸ਼ੈ ਤੇ ਪ੍ਰਿਅੰਕਾ ਟੀ. ਵੀ. ਰਿਆਲਿਟੀ ਸ਼ੋਅ 'ਚ ਆਪਣੇ-ਆਪ ਨੂੰ 'ਖ਼ਤਰੋਂ ਕੇ ਖਿਲਾੜੀ' ਸਮਝਦੇ ਹੋਣ ਪਰ ਖ਼ਤਰਿਆਂ ਦੀ ਅਸਲੀ ਖਿਡਾਰਨ ਤਾਂ ਧਰਮਿੰਦਰ ਤੇ ਹੇਮਾ ਦੀ ਅਭਿਨੇਤਰੀ ਪੁੱਤਰੀ ਈਸ਼ਾ ਦਿਓਲ ਹੈ। ਨਵੀਂ ਫ਼ਿਲਮ 'ਟੈਲ ਮੀ ਓ ਖ਼ੁਦਾ' ਜਿਸ ਨਾਲ ਈਸ਼ਾ ਮੁੜ ਫ਼ਿਲਮੀ ਪਰਦੇ 'ਤੇ ਛਾਲ ਮਾਰਨ ਜਾ ਰਹੀ ਹੈ, 'ਚ ਬਹੁਤ ਸਾਰੇ ਹੱਦੋਂ ਵੱਧ ਖ਼ਤਰਨਾਕ ਐਕਸ਼ਨ ਦ੍ਰਿਸ਼ ਖ਼ੁਦ ਈਸ਼ਾ ਨੇ ਦਿੱਤੇ ਹਨ। ਈਸ਼ਾ ਦਾ ਵੱਡਾ ਜਿਗਰਾ ਦੇਖ ਕੇ ਇਸ ਫ਼ਿਲਮ ਦਾ ਨਾਇਕ ਅਰਜਨ ਬਾਜਵਾ ਵੀ ਹੈਰਾਨ ਹੋ ਗਿਆ।

ਗੋਆ ਜਿਥੇ ਫ਼ਿਲਮ ਦੀ ਸ਼ੂਟਿੰਗ ਹੋਈ, ਦੇ ਵਾਸੀ ਵੀ ਈਸ਼ਾ ਦੀਆਂ ਸਿਫਤਾਂ ਕਰਨ ਲੱਗੇ। ਈਸ਼ਾ ਦੀ ਇਸ ਫ਼ਿਲਮ ਨੂੰ ਉਸ ਦੀ ਅੰਮੀ ਹੇਮਾ ਮਾਲਿਨੀ ਬਣਾ ਰਹੀ ਹੈ ਤੇ ਇਸ 'ਚ ਈਸ਼ਾ ਦੇ ਪਿਤਾ ਧਰਮਿੰਦਰ ਹੀ ਪਿਤਾ ਬਣੇ ਹਨ।

*ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ ਤੋਂ ਨਾ ਭੁਲਾ ਜਾਣਾ*

## ਗਦਰ ਲਹਿਰ ਦੀ ਅਗਲੀ ਕੜੀ ਬੱਬਰ ਲਹਿਰ ਨੂੰ ਸਮਰਪਿਤ

# ਮੇਲਾ ਗਦਰੀ ਬਾਬਿਆਂ ਦਾ


## 3 ਅਕਤੂਬਰ 2010

ਐਤਵਾਰ 12 ਤੋਂ 8 ਵਜੇ ਤੱਕ

ਸਥਾਨ:ਐਸ.ਈ.ਐਸ. ਹਾਲ 10428,
ਈਸਟ ਸਟਾਕਟਨ ਬੁਲੇਵਾਰਡ,
ਐਲਕਗਰੋਵ, ਸੈਕਰਾਮੈਂਟੋ।


ਧੰਨਾ ਸਿੰਘ ਬਹਿਬਲਪੁਰ


ਬੱਬਰ ਕਿਸ਼ਨ ਸਿੰਘ ਗੜ੍ਹਗੱਜ


ਮਾਸਟਰ ਮੋਤਾ ਸਿੰਘ


ਬਾਬੂ ਸੰਤਾ ਸਿੰਘ


ਕਰਮ ਸਿੰਘ ਐਡੀਟਰ

**ਸਤਿਕਾਰਯੋਗ ਭੈਣੋ ਤੇ ਭਰਾਓ**

ਭਾਰਤ ਨੂੰ ਅੰਗਰੇਜ਼ ਸਾਮਰਾਜੀਆਂ ਦੀ ਗੁਲਾਮੀ ਤੋਂ ਮੁਕਤ ਕਰਾਉਣ ਲਈ ਕੈਲੀਫੋਰਨੀਆ ਦੀ ਧਰਤੀ ਤੋਂ ਗੈਰ ਮਜ਼ਹਬੀ, ਗੈਰ ਫਿਰਕੂ ਦੇ ਸਿਧਾਂਤ ਨਾਲ ਜਥੇਬੰਦ ਹੋ ਕੇ ਉਠੀ ਗਦਰ ਲਹਿਰ ਦੇ ਸੂਰਬੀਰਾਂ ਨੇ ਭਾਰਤ ਵਾਸੀਆਂ ਦੀ ਜ਼ਮੀਰ ਨੂੰ ਝੰਜੋੜਿਆ ਸੀ ਤੇ ਉਨ੍ਹਾਂ ਦੀਆਂ ਲੀਹਾਂ 'ਤੇ ਵੀਹਵੀਂ ਸਦੀ ਦੇ ਤੀਜੇ ਦਹਾਕੇ ਦੇ ਸ਼ੁਰੂ ਵਿਚ ਹੀ ਬੱਬਰ ਲਹਿਰ ਦਾ ਜਨਮ ਹੋਇਆ। ਗਦਰ ਪਾਰਟੀ ਵਾਂਗ ਇਹ ਵੀ ਸਿਰਲੱਥ ਯੋਧਿਆਂ ਦੀ ਜਥੇਬੰਦੀ ਸੀ ਜਿਨ੍ਹਾਂ ਸਮੇਂ ਸਮੇਂ ਅੰਗਰੇਜ਼ੀ ਪੁਲਿਸ ਦੀਆਂ ਧਾੜਾਂ ਨਾਲ ਟੱਕਰਾਂ ਲਈਆਂ। ਜੇਲ੍ਹਾਂ ਅੰਦਰ ਘੋਰ ਤਸ਼ੱਦਦ ਝੱਲਿਆ। ਉਮਰ ਕੈਦਾਂ ਕੱਟੀਆਂ, ਫਾਂਸੀਆਂ ਦੇ ਰੱਸੇ ਗਲਾਂ ਵਿਚ ਪਵਾਏ। ਆਜ਼ਾਦੀ ਸੰਗਰਾਮ ਦੇ ਇਸ ਲਹੂ ਭਿੱਜੇ ਵਿਰਸੇ ਨੂੰ ਯਾਦ ਕਰਨ ਲਈ ਮੇਲੇ ਵਿਚ ਹੁੰਮ ਹੁਮਾ ਕੇ ਪਹੁੰਚੋ।

## ਮੇਲੇ ਵਿਚ ਪੁੱਜ ਰਹੇ ਕਲਾਕਾਰ

>ਬਲਜੀਤ ਮਾਲਵਾ (ਨਿਊ ਯਾਰਕ), ਸੁਲਤਾਨ ਅਖ਼ਤਰ, ਪੰਮੀ ਮਾਨ, ਪੂਨਮ ਮਲਹੋਤਰਾ, ਸੁਖਵੰਤ ਸੁੱਖੀ ਅਤੇ ਰਾਜ ਬਰਾੜ

>ਸ. ਗੁਰਨਾਮ ਸਿੰਘ ਭੰਡਾਲ (ਯੂਬਾ ਸਿਟੀ) ਦਾ ਢਾਡੀ ਜਥਾ


ਬਲਜੀਤ ਮਾਲਵਾ


ਸੁਖਵੰਤ ਸੁੱਖੀ


ਸੁਲਤਾਨ ਅਖਤਰ


ਰਾਜ ਬਰਾੜ

**ਭੰਗੜਾ, ਗਿੱਧਾ ਤੇ ਮਲਵਈ ਗਿੱਧਾ ਵਿਸ਼ੇਸ਼ ਖਿੱਚ ਦੇ ਕੇਂਦਰ ਹੋਣਗੇ**


ਮੰਚ ਸੰਚਾਲਨ
ਜਸਵੰਤ ਸਿੰਘ ਸ਼ਾਦ

**ਮੁਫਤ ਖਾਣਾ, ਪਾਰਕਿੰਗ ਤੇ ਦਾਖਲਾ ਵੀ ਮੁਫਤ**

### ਪ੍ਰਬੰਧਕ

ਜਰਨੈਲ ਸਿੰਘ ਸਰਪੰਚ, ਸ਼ਿੰਗਾਰਾ ਸਿੰਘ ਬੋਪਾਰਾਏ, ਸਮਿੱਤਰ ਸਿੰਘ ਉੱਪਲ, ਗਿਆਨ ਸਿੰਘ ਬਿਲਗਾ, ਜਸਵਿੰਦਰ ਸਿੰਘ ਸੰਧੂ, ਸੁਲੱਖਣ ਸਿੰਘ ਸੰਧੂ, ਜਗਜੀਤ ਸਿੰਘ ਗਿੱਲ, ਪਰਮਜੀਤ ਸੰਧੂ ਕਬੱਡੀ ਕੋਚ, ਨਿਰਮਲਜੀਤ ਸਿੰਘ ਭੁੱਲਰ ਕਾਸਤਰੋ ਵੈਲੀ, ਕਸ਼ਮੀਰ ਸਿੰਘ ਕਾਂਗਣਾ, ਰਸ਼ਪਾਲ ਸਿੰਘ ਫਰਵਾਲਾ, ਜਸਚਰਨ ਸਿੰਘ ਗਿੱਲ, ਪ੍ਰੇਮ ਚੁੰਬਰ, ਕਮਲ ਬੰਗਾ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਜੁਝਾਰ ਸਿੰਘ ਗਿੱਲ, ਬਲਵਿੰਦਰ ਸਿੰਘ ਬਾਂਕਾ, ਗੁਰਦਿਆਲ ਚੰਦ, ਕਰਮਜੀਤ ਸਿੰਘ ਕੰਗ, ਸੰਨੀ, ਸੁਰਿੰਦਰ ਸਿੰਘ ਖੈੜਾ, ਹਰਪਾਲ ਸਿੰਘ ਸੰਘਾ, ਬਲਵਿੰਦਰ ਸਿੰਘ ਸੰਧੂ, ਲੂਥਰੋਪ, ਫਰੈਂਕ ਜੌਹਨਸ, ਅਮਰਜੀਤ ਰਾਏ, ਜਸਮੇਲ ਸਿੰਘ ਚਿੱਟੀ, ਅਵਤਾਰ ਸਿੰਘ ਡੌਡ, ਮੱਖਣ ਦੌਲਤਪੁਰੀ।

ਸਪਾਂਸਰ:ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਚੈਂਬਰ ਆਫ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ ਸਟਾਕਟਨ, ਅਮੋਲਕ ਸਿੰਘ ਗਾਖਲ ਚੇਅਰਮੈਨ ਯੂਨਾਈਟਿਡ ਸਪੋਰਟਸ ਕਲੱਬ, ਬਲਵੀਰ ਸਿੰਘ ਭਾਟੀਆ ਪ੍ਰਧਾਨ, ਪੰਜਾਬੀ ਸਾਹਿਤ ਸਭਾ ਬੇ-ਏਰੀਆ ਪ੍ਰਧਾਨ ਤਾਰਾ ਸਾਗਰ, ਜਸਪ੍ਰੀਤ ਸਿੰਘ ਐਡਵੋਕੇਟ, ਅਵਤਾਰ ਸਿੰਘ ਡੂਡ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਜੋਗਾ ਸਿੰਘ ਔਜਲਾ, ਸਵਰਨ ਸਿੰਘ ਔਜਲਾ, ਵਿਨੋਦ ਕੰਬੋਜ਼ (ਆਲ ਇੰਡੀਆ ਸਵੀਟ ਐਂਡ ਸਪਾਈਸਜ਼), ਹਾਕਮ ਸਿੰਘ, ਬੰਤ ਕੰਦੋਲਾ, ਸੁਖਦੇਵ ਲੰਬੜ, ਡਾ. ਚੋਪੜਾ ਮਾਡੈਸਟੋ, ਸੋਨੀ ਸਿੰਘ, ਐਸ.ਪੀ. ਸਿੰਘ, ਸ਼ਿੰਗਾਰਾ ਰਾਮ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਦੇਸੀ ਬਾਜ਼ਾਰ ਸੈਕਰਾਮੈਂਟੋ, ਨੋਰਕਾਲ ਸਕਿਉਰਿਟੀ ਨਰਿੰਦਰਪਾਲ ਸਿੰਘ ਹੁੰਦਲ, ਅਮਰਜੀਤ ਭੁੱਲਰ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾਸਿਟੀ, ਰਾਜਾ ਸਿੰਘ ਫੋਲਸਮ ਲੇਕ (ਟੋਇਟਾ), ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਸਟਾਕਟਨ ਨਾਟਕ ਕਲਾ ਕੇਂਦਰ, ਰਾਜੂ ਭਗਵੰਤ, ਦੇਵਾ ਸਿੰਘ ਧੂਤ, ਦਲਵਿੰਦਰ ਸਿੰਘ ਧੂਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਮਲਕੀਤ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਜੱਸੀ ਪਾਵਰ ਮਾਰਟ, ਚਰਨ ਬਡਵਾਲ, ਅਮਰੀਕ ਪਰਹਾਰ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ।

### ਪੁੱਜ ਰਹੀਆਂ ਸ਼ਖਸੀਅਤਾਂ

ਜਗਮੋਹਨ ਸਿੰਘ ਕੈਨੇਡਾ
*(ਠਾਕਰ ਸਿੰਘ ਬੱਬਰ ਦਾ ਪੋਤਾ)*
ਜਗਜੀਤ ਸਿੰਘ ਖੰਗੂਰਾ
*(ਬਾਬਾ ਕਰਤਾਰ ਸਿੰਘ ਦੁੱਕੀ ਦਾ ਪੋਤਾ)*
ਗੁਰਚਰਨ ਸਿੰਘ ਬੈਂਸ
ਦੇਵਾ ਸਿੰਘ ਧੂਤ
ਤਲਵਿੰਦਰ ਸਿੰਘ ਧੂਤ

ਵਲੋਂ:ਪ੍ਰਧਾਨ ਸੁਰਿੰਦਰ ਬਿੰਦਰਾ (916-420-2390), ਖਜ਼ਾਨਚੀ ਪ੍ਰਿਤਪਾਲ ਸਿੰਘ ਭੋਗਲ (661-978-5100), ਨਾਮਧਾਰੀ ਸੰਗਤ:ਕੇਵਲ ਸਿੰਘ (707-208-4931), ਸਕੱਤਰ ਬਲਜਿੰਦਰ ਸਿੰਘ ਭੱਟੀ (209-480-2275), ਪਰਮਜੀਤ ਸਿੰਘ ਸੰਧੂ (510-387-6997), ਸੁਮਿੱਤਰ ਸਿੰਘ ਉਪਲ (530-695-1716), ਬਲਵੰਤ ਬਾਂਕਾ (916-271-4216)

## ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ

## For Best Home Deals and Lowest Mortgage Rate, Contact:

# Golden State Realty

**Real Estate and Loans Under One Roof**

# Refinance Now

**15 & 30 Yr Fixed Rates Are Getting Better!!!**
**5/1, 7/1 ARM are also attractive**
**Refinance Now At Zero Cost**

**Call Sukhi Gill @ 510-207-9067**
CA DRE Lic.#01180969

# Short Sale Specialist

## We can sell your house in short sale at no cost to you.

**If your house is in foreclosure due to not making payments and you have recieved trustee sale date,even than we can sell your house in short sale and try to get you 2-6 month more time. Selling house in short sale damages your credit less than if you let it go to foreclosure.We can also sell your house in short sale If you are paying mortgage payments on time with difficulty and your house value is lot less than the loan.**

Selling new and old Homes from San Jose to Sacramento

Fremont Office:
86 Pilgrim Loop
Fremont CA 94539
510-440-9292

**Cell: 510-304-9292**
**Cell:408-666-8279**




**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings




**14434 Tiburon Rd, San Leandro CA 94577**
4 B rooms, 2 Full Bath, 2 Car Garage,1464 sq ft




**1512 Sonoma Dr Milpitas CA 95035**
4 Bedroom and 3 full bath
Large family room with wet bar & fireplace




**2370 Picasso Way Stockton 95206**
5 Bedrooms, 3 Baths, 2 Car Garage.
Area 2555 Sq. Ft - Lot 10,454 Sq. Ft




**675 Bel Air Court Morgan Hill CA 95037**
5 Bedrooms, 3 Baths, 2 Car Garage.
Area 2807 Sq. Ft - Lot 6534 Sq. Ft





**304 Pennyhill drive San Jose CA 95127**
4 Bedrooms, 3 Baths, 2 Car Garage.
Area 1933 Sq. Ft - Lot 4500 Sq. Ft




**31446 Brae Burn Ave, Hayward CA 94544**
3 Bedrooms, 2 Baths, Master Bedrm Suite - 1,
Area 1233 SqFt: Lot 6734 Sq Ft.




**950 Silver Court Lathrop, CA 95330**
3 Bedrooms, 2.5 Baths, 2 Car Garage.
Living Area 2448 Sq. Ft




**1231 Cracolice Way, Milpitas 95035**
4 Bedrooms, 2.5 Baths, 2 Car Garage.
Area 1868 Sq. Ft - Lot 4893 Sq. Ft.